ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 26


ਫ਼ੋਨ: +91- 92168-07500
E-mail: news@charhdikala.com
www.charhdikala.com


ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 26 January, 2026) ਸੋਮਵਾਰ, 26 ਜਨਵਰੀ, 2026, 13 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


ਅਦਾਰਾ
**ਚੜ੍ਹਦੀਕਲਾ**
ਵੱਲੋਂ
ਬਾਬਾ ਦੀਪ ਸਿੰਘ ਜੀ ਦੇ
ਜਨਮ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ



# ਪੰਜਾਬ ਵਿੱਚ ਐਸ.ਐਸ.ਐਫ. ਦੇ ਗਠਨ ਤੋਂ ਬਾਅਦ ਸੜਕ ਹਾਦਸਿਆਂ ਦੌਰਾਨ ਹੁੰਦੀਆਂ ਮੌਤਾਂ ਦੀ ਦਰ 'ਚ 48 ਫ਼ੀਸਦੀ ਕਮੀ ਆਈ : ਮਾਨ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਪੰਜਾਬ ਵਿੱਚ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਦੇ ਗਠਨ ਤੋਂ ਬਾਅਦ ਸੜਕ ਸੁਰੱਖਿਆ ਵਿਵਸਥਾ ਵਿੱਚ ਵਿਆਪਕ ਸੁਧਾਰ ਦਰਜ ਕੀਤਾ ਗਿਆ ਹੈ। ਹਾਦਸੇ ਵਾਲੀਆਂ ਥਾਵਾਂ 'ਤੇ ਐਸ.ਐਸ.ਐਫ. ਦਾ ਫੌਰੀ ਪਹੁੰਚਣਾ, ਪੀੜਤਾਂ ਨੂੰ ਮੁਢਲੀ ਸਹਾਇਤਾ ਅਤੇ ਸਮੇਂ ਸਿਰ ਇਲਾਜ ਮਿਲਣ ਨਾਲ ਸੂਬੇ ਵਿੱਚ ਸੜਕ ਹਾਦਸਿਆਂ ਵਿੱਚ ਮੌਤ ਦਰ 'ਚ 48 ਫੀਸਦੀ ਕਮੀ ਆਈ ਹੈ। ਕਿਸੇ ਸਮੇਂ ਸੜਕ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ ਲਈ ਪੰਜਾਬ ਦਾ ਨਾਮ ਦੇਸ਼ ਦੇ ਸਿਖਰਲੇ ਤਿੰਨ ਸੂਬਿਆਂ ਵਿੱਚ ਸ਼ੁਮਾਰ ਸੀ ਪਰ ਪੰਜਾਬ ਵਿੱਚ ਇਹ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ ਅਤੇ ਪੀੜਤਾਂ ਨੂੰ ਫੌਰੀ ਹਸਪਤਾਲ ਪਹੁੰਚਾਉਣ ਅਤੇ ਸਮੇਂ ਸਿਰ ਇਲਾਜ ਮਿਲਣ ਨਾਲ ਕੀਮਤੀ ਮਨੁੱਖੀ ਜ਼ਿੰਦਗੀਆਂ ਬਚ ਰਹੀਆਂ ਹਨ। ਇਸ ਵਿਆਪਕ ਸੁਧਾਰ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੜਕ ਸੁਰੱਖਿਆ ਫੋਰਸ ਨੇ ਖੂਨੀ ਸੜਕ (ਕਿੱਲਰ ਰੋਡ) ਵਜੋਂ ਜਾਣੇ ਜਾਂਦੇ ਸੰਗਰੂਰ-ਪਟਿਆਲਾ ਰੋਡ ਵਰਗੀਆਂ ਹਾਦਸੇ ਦੇ ਖ਼ਤਰੇ ਵਾਲੀਆਂ ਥਾਵਾਂ ਨੂੰ ਜ਼ੋਖਮ ਦੀ ਸਥਿਤੀ ਤੋਂ ਬਾਹਰ ਕੱਢਣ ਵਿੱਚ ਵੱਡੀ ਭੂਮਿਕਾ ਨਿਭਾਈ। ਸੂਬਾ ਭਰ ਵਿੱਚ 43000 ਕਿਲੋਮੀਟਰ




ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੋਰ ਸੂਬਿਆਂ ਨੇ ਇਸ ਮਾਡਲ ਪ੍ਰਤੀ ਦਿਲਚਸਪੀ ਜ਼ਾਹਰ ਕੀਤੀ ਹੈ ਅਤੇ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨੇ ਵੀ 'ਮਨ ਕੀ ਬਾਤ' ਵਿੱਚ ਦੇਸ਼ ਲਈ ਸੜਕ ਸੁਰੱਖਿਆ ਦਾ ਜ਼ਿਕਰ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਮੌਤਾਂ ਦੀ ਦਰ 'ਚ 48 ਫੀਸਦੀ ਕਮੀ ਆਈ ਹੈ ਜਿਸ ਕਰਕੇ ਇਸ ਮਾਡਲ ਪ੍ਰਤੀ ਹੋਰ ਸੂਬਿਆਂ ਨੇ ਦਿਲਚਸਪੀ ਦਿਖਾਈ ਹੈ।' ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸੂਬਿਆਂ ਨੇ ਆਪੋ-ਆਪਣੇ ਸੂਬੇ ਵਿੱਚ ਜਨਤਕ ਸੁਰੱਖਿਆ ਵਾਲੇ ਇਸ ਨਿਵੇਕਲੇ ਉਪਰਾਲੇ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਨਾਲ ਸੰਪਰਕ ਕਾਇਮ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਵਿੱਚ ਸੜਕ ਸੁਰੱਖਿਆ ਬਾਰੇ ਗੱਲ ਕੀਤੀ, ਪਰ ਪੰਜਾਬ ਸੜਕ ਸੁਰਖਿਆ ਫੋਰਸ ਗਠਿਤ ਕਰ ਕੇ ਸਮੁੱਚੇ ਦੇਸ਼ ਲਈ ਚਾਨਣ ਮੁਨਾਰਾ ਬਣਿਆ।

ਮੁੱਖ ਮੰਤਰੀ ਨੇ ਕਿਹਾ ਕਿ ਐਸ.ਐਸ.ਐਫ. ਦੇ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ 1,597 ਕਰਮਚਾਰੀ ਐਸ.ਐਸ.ਐਫ. ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਨਵੀਨਤਮ ਤੇ ਪੂਰੀ ਤਰ੍ਹਾਂ ਲੈਸ 144 ਵਾਹਨ ਪ੍ਰਦਾਨ ਕੀਤੇ ਗਏ ਹਨ। ਪਿਛਲੇ ਸਾਲ ਫਰਵਰੀ ਵਿੱਚ ਇਸ ਦੀ ਸ਼ੁਰੂਆਤ ਤੋਂ ਬਾਅਦ ਇਸ ਫੋਰਸ ਦੇ ਗਠਿਤ ਹੋਣ ਨਾਲ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਦਰ ਵਿੱਚ 48 ਫ਼ੀਸਦ ਕਮੀ ਆਈ ਹੈ। ਇਸ ਤੋਂ ਇਲਾਵਾ ਸੜਕ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਲੋਕਾਂ ਦੀਆਂ ਕੀਮਤੀ ਚੀਜ਼ਾਂ ਅਤੇ ਪੈਸੇ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਇਆ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਹੁਣ ਹਾਦਸੇ ਦੇ ਪੀੜਤਾਂ ਨੂੰ ਹਸਪਤਾਲਾਂ ਵਿੱਚ ਤੁਰੰਤ ਮੁੱਢਲੀ ਸਹਾਇਤਾ ਤੇ ਸਹੀ ਇਲਾਜ ਮਿਲ ਰਿਹਾ ਹੈ। 'ਕਾਤਲ ਸੜਕ' ਵਜੋਂ ਜਾਣੀ ਜਾਂਦੀ ਸੰਗਰੂਰ-ਪਟਿਆਲਾ ਸੜਕ, ਜਿੱਥੇ ਔਸਤਨ ਰੋਜ਼ਾਨਾ ਤਿੰਨ ਮੌਤਾਂ ਹੁੰਦੀਆਂ ਸਨ, ਹੁਣ ਇੱਕ ਸੁਰੱਖਿਅਤ ਸੜਕ ਵਿੱਚ ਤਬਦੀਲ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਨੂੰ ਮੁੱਖ ਕੌਮੀ ਮਾਰਗਾਂ ਨਾਲ ਜੋੜਨ ਲਈ ਪੰਜਾਬ ਭਰ ਵਿੱਚ 43,000 ਕਿਲੋਮੀਟਰ ਉੱਚ-ਗੁਣਵੱਤਾ ਵਾਲੀਆਂ ਸੜਕਾਂ ਦਾ ਨਿਰਮਾਣ ਕਰ ਰਹੀ ਹੈ।

# ਸਰਹੱਦ ਪਾਰੋਂ ਨਾਰਕੋ-ਅੱਤਵਾਦ ਮਾਡਿਊਲ ਨਾਲ ਜੁੜਿਆ ਮੁੱਖ ਵਿਅਕਤੀ ਗ੍ਰਿਫ਼ਤਾਰ; ਪੈਸਿਆਂ ਦਾ ਲੈਣ-ਦੇਣ ਕਰਦਾ ਸੀ ਮੁਲਜ਼ਮ

ਚੰਡੀਗੜ੍ਹ/ਐਸਏਐਸ ਨਗਰ, 25 ਜਨਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਇੱਕ ਇੰਟੈਲੀਜੈਂਸ-ਅਧਾਰਤ ਕਾਰਵਾਈ ਵਿੱਚ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਐਸਏਐਸ ਨਗਰ ਨੇ ਪੈਸਿਆਂ ਦਾ ਲੈਣ-ਦੇਣ ਕਰਨ ਵਾਲੇ ਵਿਅਕਤੀ ਦੀ ਗ੍ਰਿਫ਼ਤਾਰੀ ਨਾਲ ਇੱਕ ਅੰਤਰ-ਰਾਜੀ ਅਤੇ ਸਰਹੱਦ ਪਾਰੋਂ ਨਾਰਕੋ-ਅੱਤਵਾਦ ਮਾਡਿਊਲ ਦੇ ਮੁੱਖ ਵਿੱਤੀ ਲਿੰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸਤਨਾਮ ਸਿੰਘ (22) ਵਜੋਂ ਹੋਈ ਹੈ, ਜੋ ਸੰਗਰੂਰ ਦੇ ਪਿੰਡ ਪੁੰਨੇਵਾਲ ਦਾ ਰਹਿਣ ਵਾਲਾ ਹੈ। ਸਤਨਾਮ ਸਿੰਘ ਪਹਿਲਾਂ ਇੱਕ ਨਿੱਜੀ ਕੰਪਨੀ ਵਿੱਚ ਟੈਕਸੀ ਡਰਾਈਵਰ ਵਜੋਂ ਕੰਮ ਕਰਦਾ ਸੀ ਅਤੇ ਪਿਛਲੇ ਸਾਲ ਜੂਨ ਵਿੱਚ ਟੂਰਿਸਟ ਵੀਜ਼ੇ 'ਤੇ ਅਜ਼ਰਬਾਈਜਾਨ ਚਲਾ ਗਿਆ, ਜਿੱਥੇ ਉਹ ਪਾਕਿਸਤਾਨ ਅਧਾਰਤ ਡਰੱਗ ਤਸਕਰ ਦੇ ਸੰਪਰਕ ਵਿੱਚ ਆਇਆ। ਇਹ ਕਾਰਵਾਈ ਭਾਰਤ-ਨੇਪਾਲ ਸਰਹੱਦ ਦੇ ਨੇੜੇ ਸਥਿਤ ਰਕਸੌਲ ਕਸਬੇ ਤੋਂ ਇੱਕ ਮੁੱਖ ਨਾਰਕੋ-ਅੱਤਵਾਦ ਕਾਰਕੁਨ ਰਾਜਬੀਰ ਸਿੰਘ ਉਰਫ ਫੌਜੀ ਦੀ ਗ੍ਰਿਫਤਾਰੀ, ਜਦੋਂ ਉਹ ਨੇਪਾਲ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ, ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਡੂੰਘਾਈ ਨਾਲ ਕੀਤੀ ਜਾ ਰਹੀ ਜਾਂਚ ਦੌਰਾਨ ਸਾਹਮਣੇ ਆਈ ਹੈ। ਦੋਸ਼ੀ ਰਾਜਬੀਰ, ਜੋ ਫਰਵਰੀ 2025 ਵਿੱਚ ਭਾਰਤੀ ਫੌਜ ਵਿੱਚੋਂ ਭਗੌੜਾ ਹੋ ਗਿਆ ਸੀ, ਬਾਰੇ ਪਤਾ ਲੱਗਾ ਕਿ ਉਹ ਚਿਰਾਗ ਨੂੰ ਹੈਰੋਇਨ ਸਪਲਾਈ ਕਰਦਾ ਸੀ। ਦੱਸਣਯੋਗ ਹੈ ਕਿ ਚਿਰਾਗ ਉਹ ਵਿਅਕਤੀ ਹੈ, ਜਿਸਨੂੰ ਪਹਿਲਾਂ 107 ਗ੍ਰਾਮ ਹੈਰੋਇਨ, ਇੱਕ 9 ਐਮਐਮ ਪਿਸਤੌਲ ਅਤੇ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਦੋਸ਼ੀ ਸਤਨਾਮ ਸਿੰਘ ਨੇ ਪਾਕਿਸਤਾਨ ਅਧਾਰਤ ਡਰੱਗ ਤਸਕਰ ਦੇ ਇਸ਼ਾਰੇ 'ਤੇ ਕੰਮ ਕਰਦਿਆਂ ਹੈਰੋਇਨ ਤਸਕਰੀ ਦੀ ਕਮਾਈ ਨੂੰ ਚੈਨੇਲਾਈਜ਼ ਕਰਨ ਲਈ ਜਾਣਬੁੱਝ ਕੇ ਆਪਣੇ ਬੈਂਕ ਖਾਤੇ ਅਤੇ ਯੂਪੀਆਈ ਵੇਰਵਿਆਂ ਦੀ ਵਰਤੋਂ ਕਰਕੇ ਅੱਤਵਾਦ ਫਾਇਨਾਂਸਿੰਗ ਦੀ ਸਹੂਲਤ ਦਿੱਤੀ। ਡੀਜੀਪੀ ਨੇ ਕਿਹਾ ਕਿ ਇਸ ਨੈੱਟਵਰਕ ਦਾ ਨਾਮ ਹੈਰੋਇਨ ਰਿਕਵਰੀ, ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਅਤੇ ਨਵੰਬਰ 2025 ਵਿੱਚ ਹਰਿਆਣਾ ਦੇ ਸਿਰਸਾ ਵਿੱਚ ਹੋਏ ਗ੍ਰਨੇਡ ਹਮਲੇ ਨਾਲ ਜੁੜਿਆ ਹੋਇਆ ਹੈ। ਹੋਰ ਵੇਰਵੇ ਸਾਂਝੇ ਕਰਦਿਆਂ ਏਆਈਜੀ ਐਸਐਸਓਸੀ ਐਸਏਐਸ ਨਗਰ ਦੀਪਕ ਪਾਰਿਕ ਨੇ ਕਿਹਾ ਕਿ ਰਾਜਬੀਰ ਸਿੰਘ ਉਰਫ ਫੌਜੀ ਦੀ ਲਗਾਤਾਰ ਜਾਂਚ ਅਤੇ ਹਿਰਾਸਤੀ ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਸਤੰਬਰ 2025 ਵਿੱਚ ਭਾਰਤ ਵਾਪਸ ਆਉਣ ਤੋਂ ਬਾਅਦ, ਪਾਕਿਸਤਾਨ ਅਧਾਰਤ ਤਸਕਰ ਨੇ ਸਤਨਾਮ ਨਾਲ ਦੁਬਾਰਾ ਸੰਪਰਕ ਕੀਤਾ ਅਤੇ ਹੌਲੀ-ਹੌਲੀ ਉਸਨੂੰ ਡਰੱਗ ਨੈੱਟਵਰਕ ਲਈ ਕੰਮ ਕਰਨ ਵਾਸਤੇ ਰਾਜੀ ਕਰ ਲਿਆ ਤੇ ਵਿੱਤੀ ਲੈਣ-ਦੇਣ ਲਈ ਉਸਨੂੰ ਕਮਿਸ਼ਨ ਦੀ ਪੇਸ਼ਕਸ਼ ਕੀਤੀ। ਪੁੱਛਗਿੱਛ ਦੌਰਾਨ ਇਹ ਵੀ ਪਤਾ ਲੱਗਾ ਕਿ ਹੈਰੋਇਨ ਦੀ ਵਿਕਰੀ ਤੋਂ ਬਾਅਦ ਸਤਨਾਮ ਸਿੰਘ ਦੇ ਖਾਤੇ ਵਿੱਚ ਪੈਸਾ ਜਮ੍ਹਾ ਕੀਤਾ ਗਿਆ ਅਤੇ ਇਹ ਪੈਸਾ ਬਾਅਦ ਵਿੱਚ ਨੈੱਟਵਰਕ ਦੇ ਹੋਰ ਕਾਰਕੁੰਨਾਂ ਨੂੰ ਭੇਜਿਆ ਗਿਆ ਸੀ। ਉਹਨਾਂ ਅੱਗੇ ਦੱਸਿਆ ਕਿ ਇਹ ਵੀ ਸਾਹਮਣੇ ਆਇਆ ਕਿ ਰਾਜਬੀਰ ਸਿੰਘ ਨੇ ਗੁਰਜੰਟ ਸਿੰਘ ਵਾਸੀ ਤਰਨਤਾਰਨ ਦੇ ਖਾਤੇ ਰਾਹੀਂ ਸਤਨਾਮ ਸਿੰਘ ਦੇ ਖਾਤੇ ਵਿੱਚ ਫੰਡ ਟ੍ਰਾਂਸਫਰ ਕੀਤੇ ਸੀ। ਦੱਸਣਯੋਗ ਹੈ ਕਿ ਦੋਸ਼ੀ ਗੁਰਜੰਟ ਨੂੰ ਹਰਿਆਣਾ ਪੁਲਿਸ ਨੇ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਹੈ।

ਏਆਈਜੀ ਨੇ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਕੇਸ ਥਾਣਾ ਐਸਐਸਓਸੀ ਐਸਏਐਸ ਨਗਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, ਅਸਲਾ ਐਕਟ ਦੀ ਧਾਰਾ 25(1) ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਐਫਆਈਆਰ ਨੰਬਰ 14 ਮਿਤੀ 10.12.2025 ਨੂੰ ਪਹਿਲਾਂ ਹੀ ਦਰਜ ਹੈ।

# 5 ਪੁਲਿਸ ਕਰਮਚਾਰੀਆਂ/ਅਧਿਕਾਰੀਆਂ ਨੂੰ ਮੁੱਖ ਮੰਤਰੀ ਰਕਸ਼ਕ ਪਦਕ ਪੁਰਸਕਾਰ ਨਾਲ ਕੀਤਾ ਜਾਵੇਗਾ ਸਨਮਾਨਤ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਪੰਜਾਬ ਸਰਕਾਰ ਦੀਆਂ ਸਿਫ਼ਾਰਸ਼ਾਂ 'ਤੇ, ਪੰਜਾਬ ਦੇ ਰਾਜਪਾਲ ਨੇ ਅੱਜ ਗਣਤੰਤਰ ਦਿਵਸ-2026 ਦੀ ਪੂਰਵ ਸੰਧਿਆ ਮੌਕੇ ਮੁੱਖ ਮੰਤਰੀ ਰਕਸ਼ਕ ਪਦਕ ਪੁਰਸਕਾਰ ਅਤੇ ਡਿਊਟੀ ਪ੍ਰਤੀ ਸ਼ਾਨਦਾਰ ਸਮਰਪਣ ਲਈ ਮੁੱਖ [illegible] ਸ਼ਾਮਲ ਹਨ, ਦੇ ਨਾਵਾਂ ਦਾ ਐਲਾਨ ਕੀਤਾ।

ਇਸੇ ਤਰ੍ਹਾਂ ਏਆਈਜੀ ਐਸਪੀਯੂ ਬਲਜੀਤ ਸਿੰਘ, ਐਸਪੀ ਹੈੱਡਕੁਆਰਟਰ ਫਰੀਦਕੋਟ ਮਨਵਿੰਦਰਬੀਰ ਸਿੰਘ, ਡੀਐਸਪੀ ਇਨਵੈਸਟੀਗੇਸ਼ਨ ਦਲਜੀਤ ਸਿੰਘ ਤੇ ਐਸਪੀ ਦਵਿੰਦਰ ਸਮੇਤ ਚਾਰ ਪੀਪੀਐਸ ਅਧਿਕਾਰੀ ਉਨ੍ਹਾਂ 19 [illegible] ਗੁਰਜੰਟ ਸਿੰਘ, ਏਐਸਆਈ ਗੁਰਵੀਰ ਸਿੰਘ, ਏਐਸਆਈ ਗੁਰਪ੍ਰੀਤ ਸਿੰਘ, ਏਐਸਆਈ ਕੁਲਜੀਤ ਸਿੰਘ, ਐਚਸੀ ਮਨਦੀਪ ਸਿੰਘ, ਐਚਸੀ ਸੁਖਵਿੰਦਰ ਸਿੰਘ ਅਤੇ ਸੀਨੀਅਰ ਕਾਂਸਟੇਬਲ ਅਨੁ ਬਾਲਾ ਸ਼ਾਮਲ ਹਨ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ [illegible] ਸੀਨੀਅਰ ਕਾਂਸਟੇਬਲ ਧਰਮਪਾਲ ਸਿੰਘ ਭੁਪਿੰਦਰ ਸਿੰਘ, ਏਐਸਆਈ [illegible] ਭੂਮਿਕਾ ਨਿਭਾਉਂਦੀਆਂ ਹਨ।

# ਗਣਤੰਤਰ ਦਿਵਸ ਮੌਕੇ ਪੀ.ਐਮ.ਡੀ.ਐਸ. ਤੇ ਐਮ.ਐਮ.ਐਸ. ਨਾਲ ਸਨਮਾਨਤ ਕੀਤੇ ਜਾਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੇ ਨਾਵਾਂ ਦਾ ਐਲਾਨ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਪੰਜਾਬ ਪੁਲਿਸ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ 77ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ, ਪੰਜਾਬ ਪੁਲਿਸ ਦੇ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਨਾਵਾਂ ਦਾ ਐਲਾਨ ਕੀਤਾ, ਜਿਨ੍ਹਾਂ ਨੂੰ [illegible] ਰਾਸ਼ਟਰਪਤੀ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।

ਇਸੇ ਤਰ੍ਹਾਂ ਇੱਕ ਆਈਪੀਐਸ ਅਧਿਕਾਰੀ ਡੀਆਈਜੀ ਸੁਰੱਖਿਆ ਰਾਜ ਭਵਨ ਜਸਦੇਵ ਸਿੰਘ ਸਿੱਧੂ ਤੇ ਪੰਜ ਪੀਪੀਐਸ ਅਧਿਕਾਰੀਆਂ, ਜਿਨ੍ਹਾਂ ਵਿੱਚ ਏਆਈਜੀ ਐਸਐਸਜੀ ਰਣਦੀਪ ਸਿੰਘ ਮਾਨ, ਡੀਐਸਪੀ ਏਜੀਟੀਐਫ ਰਾਜਨ ਪਰਮਿੰਦਰ ਸਿੰਘ, ਡੀਐਸਪੀ [illegible] ਤਲਵਿੰਦਰ ਸਿੰਘ, ਇੰਸਪੈਕਟਰ ਰਾਜਿੰਦਰ ਕੁਮਾਰ, ਇੰਸਪੈਕਟਰ ਪ੍ਰਿਤਪਾਲ ਸਿੰਘ, [illegible] ਲੇਡੀ ਸਬ-ਇੰਸਪੈਕਟਰ (ਐਸਆਈ) ਧਰਮਜੀਤ ਕੌਰ, ਐਸਆਈ ਭੁਪਿੰਦਰ ਸਿੰਘ ਅਤੇ ਏਐਸਆਈ ਸਵਰਨਜੀਤ ਕੌਰ ਸ਼ਾਮਲ ਹਨ।

ਐਵਾਰਡ ਜੇਤੂਆਂ ਨੂੰ ਵਧਾਈ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ [illegible] ਦਾ ਸਾਹਮਣੇ ਕਰਨ ਵਾਲੇ ਸਰਹੱਦੀ ਸੂਬੇ ਵਿੱਚ ਅਤਿ ਲੋੜੀਂਦੀ ਹੈ।

# ਚਾਈਨਾ ਡੋਰ ਦੀ ਲਪੇਟ ਵਿੱਚ ਆਉਣ ਨਾਲ ਮਹਿਲਾ ਦੀ ਮੌਤ

ਮੁੱਲਾਂਪੁਰ ਦਾਖਾ, 25 ਜਨਵਰੀ (ਦਵਿੰਦਰ ਸਿੰਘ ਲੰਮੇ): ਸਥਾਨਕ ਸ਼ਹਿਰ ਦੇ ਰਾਇਕੋਟ ਰੋਡ 'ਤੇ ਸਥਿਤ [illegible]



ਉਸਨੂੰ ਲੁਧਿਆਣਾ ਹਸਪਤਾਲ ਲਿਜਾਂਦੇ ਸਮੇਂ ਉਸਦੀ ਰਸਤੇ ਵਿੱਚ ਹੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮਹਿਲਾ ਖਰੀਦਦਾਰੀ ਲਈ ਬਾਜ਼ਾਰ ਜਾ ਰਹੀ ਸੀ। ਮ੍ਰਿਤਕਾ ਦੀ ਪਹਿਚਾਣ ਸਰਬਜੀਤ ਕੌਰ ਉਰਫ਼ ਜਸਲੀਨ ਕੌਰ ਪਤਨੀ ਮਨਦੀਪ ਸਿੰਘ ਵਾਸੀ ਪਿੰਡ ਅਕਾਲਗੜ੍ਹ ਵਜੋਂ ਹੋਈ ਹੈ। ਉਹ ਮੁੱਲਾਂਪੁਰ ਦਾਖਾ ਦੇ ਰਾਏਕੋਟ ਰੋਡ 'ਤੇ ਇੱਕ ਖਾਣ ਪੀਣ ਵਾਲਾ ਸਮਾਨ ਵੇਚਣ ਦੀ ਦੁਕਾਨ ਚਲਾਉਂਦੀ ਸੀ। ਜਾਣਕਾਰੀ ਅਨੁਸਾਰ ਸਰਬਜੀਤ ਕੌਰ ਉਰਫ਼ ਜਸਲੀਨ ਕੌਰ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਰਾਏਕੋਟ ਰੋਡ ਬਾਜ਼ਾਰ ਵੱਲ ਜਾ ਰਹੀ ਸੀ। ਜਦੋਂ ਉਹ ਗੁਰਦੁਆਰਾ ਸਾਹਿਬ ਦੇ ਨੇੜਿਓਂ ਲੰਘ ਰਹੀ ਸੀ ਤਾਂ ਅਚਾਨਕ ਹਵਾ ਵਿੱਚ ਉੱਡ ਰਹੀ ਚਾਈਨਾ ਡੋਰ ਉਸਦੇ ਗਲੇ ਵਿੱਚ ਲਿਪਟ ਗਈ। ਤੇਜ਼ ਧਾਰ ਵਾਲੀ ਇਸ ਡੋਰ ਨਾਲ ਉਸਦਾ ਗਲਾ ਬੁਰੀ ਤਰ੍ਹਾਂ ਕੱਟ ਗਿਆ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਅਤੇ ਸਕੂਟਰੀ ਤੋਂ ਡਿੱਗ ਪਈ। ਘਟਨਾ ਤੋਂ ਤੁਰੰਤ ਬਾਅਦ ਮੌਕੇ 'ਤੇ ਮੌਜੂਦ ਦੀਪਾ ਢੱਟ ਅਤੇ ਮਨਦੀਪ ਢੱਟ ਨੇ ਮਨੁੱਖਤਾ ਦਾ ਫ਼ਰਜ਼ ਨਿਭਾਉਂਦੇ ਹੋਏ ਉਸਨੂੰ ਆਪਣੀ ਗੱਡੀ ਵਿੱਚ ਇੱਕ [illegible] ਨਿੱਜੀ ਹਸਪਤਾਲ ਪਹੁੰਚਾਇਆ। ਪਰ ਉੱਥੇ ਡਾਕਟਰ ਮੌਜੂਦ ਨਾ ਹੋਣ ਕਾਰਨ ਉਸਨੂੰ ਲੁਧਿਆਣਾ ਦੇ ਇੱਕ ਵੱਡੇ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਹੀ ਉਸਦੀ ਹਾਲਤ ਹੋਰ ਵਿਗੜ ਗਈ ਅਤੇ ਹਸਪਤਾਲ ਪਹੁੰਚਣ 'ਤੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।ਇਸ ਹਾਦਸੇ ਨਾਲ ਇਲਾਕੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ ਹੈ। ਮ੍ਰਿਤਕਾ ਆਪਣੇ ਪਿੱਛੇ ਦੋ ਸਾਲ ਦਾ ਮਾਸੂਮ ਬੱਚਾ ਯੁਵਰਾਜ ਛੱਡ ਗਈ ਹੈ, ਜਿਸ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ।ਪਰਿਵਾਰਕ ਮੈਂਬਰਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚਾਈਨਾ ਡੋਰ ਦੀ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ ਅਤੇ ਇਸ ਖ਼ਤਰਨਾਕ ਧਾਗੇ ਨਾਲ ਪਤੰਗ ਉਡਾਉਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਚਾਈਨਾ ਡੋਰ ਪਹਿਲਾਂ ਵੀ ਕਈ ਜਾਨਾਂ ਲੈ ਚੁੱਕੀ ਹੈ, ਫਿਰ ਵੀ ਇਸ 'ਤੇ ਪ੍ਰਭਾਵਸ਼ਾਲੀ ਰੋਕ ਨਾ ਲਗਣਾ ਬਹੁਤ ਚਿੰਤਾਜਨਕ ਹੈ।

# FSFTI ਨੇ 2040 ਤੱਕ ਭਾਰਤ ਨੂੰ ਗਲੋਬਲ ਗਿਆਨ ਸੁਪਰਪਾਵਰ ਬਣਾਉਣ ਲਈ ਸਾਰੀਆਂ ਤਕਨੀਕੀ ਸੰਸਥਾਵਾਂ ਨੂੰ ਇੱਕ ਪਲੇਟਫਾਰਮ 'ਤੇ ਆਉਣ ਦਾ ਸੱਦਾ ਦਿੱਤਾ



ਮੋਹਾਲੀ, 25 ਜਨਵਰੀ (ਚ.ਨ.ਸ.): ਭਾਰਤ ਭਰ ਦੇ ਲਗਭਗ 10,000 ਸਵੈ-ਵਿੱਤੀ ਗੈਰ-ਸਹਾਇਤਾ ਪ੍ਰਾਪਤ ਤਕਨੀਕੀ ਕਾਲਜਾਂ ਨੂੰ ਇੱਕ ਰਾਸ਼ਟਰੀ ਪਲੇਟਫਾਰਮ 'ਤੇ ਇੱਕਜੁੱਟ ਹੋਣ ਦਾ ਸੱਦਾ ਦਿੰਦੇ ਹੋਏ, FSFTI (ਆਲ ਇੰਡੀਆ) ਅਤੇ PUCA ਦੇ ਪ੍ਰਧਾਨ ਡਾ. ਅੰਸ਼ੂ ਕਟਾਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਇੱਕ ਗਲੋਬਲ ਗਿਆਨ ਅਤੇ ਤਕਨੀਕੀ ਸਿੱਖਿਆ ਹੱਬ ਵਿੱਚ ਬਦਲਣ ਲਈ ਸਮੂਹਿਕ ਯਤਨ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਸੰਸਥਾਵਾਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਅਤੇ ਇੱਕ ਗਲੋਬਲ ਗਿਆਨ ਸੁਪਰਪਾਵਰ ਵਜੋਂ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ।

ਮਹਾਰਾਸ਼ਟਰ ਦੇ ਪੇਂਡੂ ਖੇਤਰ ਵਿੱਚ ਗੈਰ-ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਪ੍ਰਬੰਧਨ ਐਸੋਸੀਏਸ਼ਨ ਦੁਆਰਾ ਅਭਿਨਵ ਕਾਲਜ ਆਫ਼ ਲਾਅ (ਅਭਿਨਵ ਚੈਰੀਟੇਬਲ ਟਰੱਸਟ) ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਤੇ ਰਾਜੀਵ ਪ੍ਰਤਾਪ ਤੇ ਰਾਮਦਾਸ ਜ਼ੋਲ, ਜਿਨ੍ਹਾਂ ਨੇ ਡਾ. ਅੰਸ਼ੂ ਕਟਾਰੀਆ ਤੇ ਡਾ. ਕੇ. ਵੀ. ਕੇ. ਰਾਓ, ਜਨਰਲ ਸਕੱਤਰ, ਐਫਐਸਐਫਟੀਆਈ ਤੇ ਦੇਸ਼ ਭਰ ਦੇ ਹੋਰ ਸਿੱਖਿਆ ਸ਼ਾਸਤਰੀਆਂ ਤੇ ਸੰਸਥਾਗਤ ਪ੍ਰਤੀਨਿਧੀਆਂ ਦਾ ਸਵਾਗਤ ਕੀਤਾ। ਡਾ. ਕਟਾਰੀਆ ਨੇ ਕਿਹਾ ਕਿ ਸਵੈ-ਵਿੱਤੀ ਸੰਸਥਾਵਾਂ ਭਾਰਤ ਦੀ ਉੱਚ ਅਤੇ ਤਕਨੀਕੀ ਸਿੱਖਿਆ ਦੀ ਰੀੜ੍ਹ ਦੀ ਹੱਡੀ ਬਣਦੀਆਂ ਹਨ ਤੇ ਵਿਦਿਆਰਥੀ ਭਲਾਈ ਅਤੇ ਸੰਸਥਾਗਤ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਸਮੇਂ ਸਿਰ ਸਕਾਲਰਸ਼ਿਪ ਸਹਾਇਤਾ ਦੇ ਨਾਲ-ਨਾਲ ਨਿਰਪੱਖ, ਪਾਰਦਰਸ਼ੀ ਅਤੇ ਸਥਿਰ ਨੀਤੀਆਂ ਦੀ ਮੰਗ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਲਜਾਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ (ਪੀਐਮਐਸ) ਫੰਡਾਂ ਦੀ ਸਿੱਧੀ ਵੰਡ ਅਕਾਦਮਿਕ ਨਿਰੰਤਰਤਾ ਤੇ ਵਿੱਤੀ ਸਥਿਰਤਾ ਬਣਾਈ ਰੱਖਣ ਲਈ ਜ਼ਰੂਰੀ ਹੈ।

ਡਾ. ਕੇ. ਵੀ. ਕੇ. ਰਾਓ, ਜਨਰਲ ਸਕੱਤਰ, ਐਫਐਸਐਫਟੀਆਈ ਨੇ ਤੁਰੰਤ ਨੀਤੀ ਸੁਧਾਰਾਂ ਦੀ ਜ਼ਰੂਰਤ ਨੂੰ ਉਜਾਗਰ ਕੀਤਾ, ਖਾਸ ਕਰਕੇ ਦਾਖਲੇ ਦੀਆਂ ਕੱਟ-ਆਫ ਤਾਰੀਖਾਂ 'ਤੇ, ਅਤੇ ਅਕਾਦਮਿਕ ਹਿੱਤਾਂ ਦੀ ਰੱਖਿਆ ਲਈ ਪਾਰਸਵਨਾਥ ਫੈਸਲੇ ਨੂੰ ਚੁਣੌਤੀ ਦੇਣ ਦਾ ਸਮਰਥਨ ਕੀਤਾ।

ਡਾ. ਕਟਾਰੀਆ ਗੈਰ-ਸਹਾਇਤਾ ਪ੍ਰਾਪਤ ਸਵੈ-ਵਿੱਤੀ ਕਾਲਜਾਂ ਲਈ ਇੱਕ ਮੋਹਰੀ ਰਾਸ਼ਟਰੀ ਆਵਾਜ਼ ਵਜੋਂ ਉੱਭਰੇ ਹਨ, ਵਿਦਿਆਰਥੀ-ਕੇਂਦ੍ਰਿਤ ਨੀਤੀਆਂ, ਸਿੱਧੇ ਸਕਾਲਰਸ਼ਿਪ ਟ੍ਰਾਂਸਫਰ, ਤੇ ਸਰਕਾਰਾਂ ਤੇ ਰੈਗੂਲੇਟਰਾਂ ਦੇ ਸਾਹਮਣੇ ਮਜ਼ਬੂਤ ਸੰਸਥਾਗਤ ਪ੍ਰਤੀਨਿਧਤਾ ਦੀ ਵਕਾਲਤ ਕਰਦੇ ਹਨ।

ਇਹ ਦੱਸਣਾ ਜ਼ਰੂਰੀ ਹੈ ਕਿ ਭਾਰਤ ਵਿੱਚ ਇਸ ਸਮੇਂ 10,000 ਤੋਂ ਵੱਧ ਉੱਚ ਸਿੱਖਿਆ ਸੰਸਥਾਵਾਂ ਹਨ ਜੋ 4.33 ਕਰੋੜ ਵਿਦਿਆਰਥੀਆਂ ਦੀ ਸੇਵਾ ਕਰਦੀਆਂ ਹਨ, ਜਿਨ੍ਹਾਂ ਵਿੱਚੋਂ 79% ਅੰਡਰਗ੍ਰੈਜੁਏਟ ਅਤੇ 12% ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲ ਹਨ (AISHE ਡੇਟਾ), ਜੋ ਭਾਰਤ ਦੇ ਹੁਨਰਮੰਦ ਕਾਰਜਬਲ, ਨਵੀਨਤਾ ਵਾਤਾਵਰਣ ਪ੍ਰਣਾਲੀ ਅਤੇ ਆਰਥਿਕ ਵਿਕਾਸ ਦੇ ਨਿਰਮਾਣ ਵਿੱਚ ਗੈਰ-ਸਹਾਇਤਾ ਪ੍ਰਾਪਤ ਸੰਸਥਾਵਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦਾ ਹੈ।

# ਪੰਜਾਬ 'ਚ ਮੁੱਖ ਮੰਤਰੀ ਸਿਹਤ ਯੋਜਨਾ ਸਬੰਧੀ ਰਜਿਸਟ੍ਰੇਸ਼ਨ ਮੁਹਿੰਮ ਤੀਜੇ ਦਿਨ ਵੀ ਜਾਰੀ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਰਾਜਪੁਰਾ (ਪਟਿਆਲਾ) ਦੇ ਸਿਵਲ ਹਸਪਤਾਲ ਵਿਖੇ ਅਤੇ ਟਰਾਂਸਪੋਰਟ ਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਪੱਟੀ ਸ਼ਹਿਰ ਤੇ ਵੱਖ-ਵੱਖ ਪਿੰਡਾਂ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਮੁਹਿੰਮ ਦੀ ਅਗਵਾਈ ਕੀਤੀ। ਇਸ ਮੌਕੇ ਉਨ੍ਹਾਂ ਨੇ ਆਮ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਰੁਪਏ ਤਕ ਮੁਫ਼ਤ ਇਲਾਜ ਦੇ ਲਾਭਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸਿਹਤ ਕਾਰਡ ਬਣਾਉਣ ਦੀ ਪੂਰੀ ਪ੍ਰਕਿਰਿਆ ਨੂੰ ਅਸਾਨ ਸ਼ਬਦਾਂ ਵਿੱਚ ਸਮਝਾਇਆ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਮਹੱਤਵਪੂਰਨ ਸਿਹਤ ਯੋਜਨਾ 22 ਜਨਵਰੀ ਤੋਂ ਪੂਰੇ ਪੰਜਾਬ ਵਿੱਚ ਲਾਗੂ ਹੋ ਚੁੱਕੀ ਹੈ। ਇਸ ਯੋਜਨਾ ਤਹਿਤ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕੀਤਾ ਜਾ ਰਿਹਾ ਹੈ, ਜਿਸ ਨਾਲ ਕਰੀਬ 3 ਕਰੋੜ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਆਪਣੇ ਆਪ ਵਿੱਚ ਇੱਕ ਨਵੇਕਲੀ ਸ਼ੁਰੂਆਤ ਹੈ, ਜੋ ਪੰਜਾਬ ਦੇ ਸਿਹਤ ਖੇਤਰ ਨੂੰ ਮਜ਼ਬੂਤ ਕਰਨ ਵਿੱਚ ਮੀਲ ਪੱਥਰ ਸਾਬਤ ਹੋਵੇਗਾ।



ਸਿਹਤ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਯੋਜਨਾ ਅਧੀਨ ਸਿਹਤ ਕਾਰਡ ਬਣਵਾਉਣ ਲਈ ਕਿਸੇ ਵੀ ਕਿਸਮ ਦੀ ਫੀਸ ਨਹੀਂ ਦੇਣੀ ਪਵੇਗੀ। ਸਰਕਾਰ ਵੱਲੋਂ ਬੀਮਾ ਕੰਪਨੀ ਨੂੰ ਪਹਿਲਾਂ ਹੀ ਰਕਮ ਅਦਾ ਕੀਤੀ ਜਾ ਚੁੱਕੀ ਹੈ, ਤਾਂ ਜੋ ਆਮ ਲੋਕ ਬਿਨਾਂ ਕਿਸੇ ਵਿੱਤੀ ਬੋਝ ਦੇ ਉੱਚ-ਪੱਧਰੀ ਸਿਹਤ ਸੇਵਾਵਾਂ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਸਰਕਾਰੀ ਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਇਸ ਕਾਰਡ ਦੇ ਜ਼ਰੀਏ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਟਰਾਂਸਪੋਰਟ ਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਹੁਣ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ ਅਤੇ ਸਮਾਜ ਦੇ ਆਰਥਿਕ ਤੌਰ 'ਤੇ ਗਰੀਬ ਵਰਗ ਦੇ ਲੋਕ ਹੁਣ ਨਿੱਜੀ ਹਸਪਤਾਲਾਂ ਵਿੱਚ ਵੀ ਇਲਾਜ ਲੈ ਸਕਣਗੇ।

ਕੈਬਨਿਟ ਮੰਤਰੀ ਭੁੱਲਰ ਨੇ ਅੱਗੇ ਕਿਹਾ ਕਿ ਇਸ ਯੋਜਨਾ ਅਧੀਨ ਸਾਰੀਆਂ ਦਵਾਈਆਂ ਦੇ ਨਾਲ-ਨਾਲ ਡਾਇਗਨੋਸਟਿਕ ਟੈਸਟ ਵੀ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤਹਿਤ ਨਾਗਰਿਕਾਂ ਨੂੰ ਆਰਥੋਪੈਡਿਕਸ, ਜਨਰਲ ਮੈਡੀਸਨ, ਕਾਰਡੀਓਲੋਜੀ, ਨਿਊਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਓਨਕੋਲੋਜੀ ਤੇ ਹੋਰ ਉੱਨਤ ਮੈਡੀਕਲ ਸ਼੍ਰੇਣੀਆਂ ਵਿੱਚ ਵਿਸ਼ੇਸ਼ ਇਲਾਜ ਸੇਵਾਵਾਂ ਮਿਲਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਯੋਜਨਾ ਅਧੀਨ ਹਸਪਤਾਲਾਂ ਵਿੱਚ ਇਲਾਜ ਦੀ ਪੂਰੀ ਲਾਗਤ ਦੇ ਨਾਲ-ਨਾਲ ਡਾਇਗਨੋਸਟਿਕ ਸੇਵਾਵਾਂ ਨੂੰ ਪੂਰੀ ਤਰ੍ਹਾਂ ਕਵਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਇਹ ਇਤਿਹਾਸਕ ਕਦਮ ਸੂਬੇ ਦੇ ਲੋਕਾਂ ਨੂੰ ਮਿਆਰੀ ਤੇ ਮੁਫ਼ਤ ਮੈਡੀਕਲ ਸੇਵਾਵਾਂ ਦੇਣ ਵਿੱਚ ਅਹਿਮ ਸਾਬਤ ਹੋਵੇਗਾ।

# ਵਿਜੀਲੈਂਸ ਬਿਊਰੋ ਵੱਲੋਂ 5.2 ਲੱਖ ਰਿਸ਼ਵਤ ਲੈਂਦਾ ਹੈੱਡ ਕਾਂਸਟੇਬਲ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਸੀ.ਆਈ.ਏ. ਖੰਨਾ ਵਿਖੇ ਤਾਇਨਾਤ ਹੈੱਡ ਕਾਂਸਟੇਬਲ ਰਮੇਸ਼ ਕੁਮਾਰ ਨੂੰ 5 ਲੱਖ 20 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਮਾਸਟਰ ਕਲੋਨੀ ਖੰਨਾ, ਜ਼ਿਲ੍ਹਾ ਲੁਧਿਆਣਾ ਦੇ ਇੱਕ ਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਜਾਇਦਾਦ ਦੀ ਖਰੀਦੋ-ਫਰੋਖਤ ਦੇ ਕਾਰੋਬਾਰ ਵਿੱਚ ਲੱਗਾ ਹੋਇਆ ਹੈ ਅਤੇ ਉਸਨੇ ਸ਼ਿਕਾਇਤ ਕੀਤੀ ਕਿ ਮੁਲਜ਼ਮ ਹੈੱਡ ਕਾਂਸਟੇਬਲ ਰਮੇਸ਼ ਕੁਮਾਰ ਉਸ ਨੂੰ ਮਿਲਿਆ ਅਤੇ ਉਸ 'ਤੇ ਦੋਸ਼ ਲਗਾਇਆ ਕਿ ਸ਼ਿਕਾਇਤਕਰਤਾ ਜੂਏ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੈ। ਮੁਲਜ਼ਮ ਕਾਂਸਟੇਬਲ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਖੰਨਾ ਦੇ ਸੀਆਈਏ ਇੰਚਾਰਜ ਨਰਪਿੰਦਰਪਾਲ ਸਿੰਘ ਨੇ ਉਸਨੂੰ ਬੁਲਾਇਆ ਹੈ। ਸ਼ਿਕਾਇਤਕਰਤਾ ਨੇ ਕਿਹਾ ਕਿ ਉਹ ਅਜਿਹੀ ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੈ, ਉਸਨੂੰ ਸੀਆਈਏ ਇੰਚਾਰਜ ਨਾਲ ਸੰਪਰਕ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਦਫ਼ਤਰ ਗਿਆ ਅਤੇ ਸੀਆਈਏ ਇੰਚਾਰਜ ਨਰਪਿੰਦਰਪਾਲ ਸਿੰਘ ਨੂੰ ਮਿਲਿਆ, ਜਿਸਨੇ ਸ਼ਿਕਾਇਤਕਰਤਾ 'ਤੇ ਸੱਟੇਬਾਜ਼ੀ ਅਤੇ ਗੈਰ-ਕਾਨੂੰਨੀ ਲਾਟਰੀ ਸਬੰਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਅਤੇ ਹੈੱਡ ਕਾਂਸਟੇਬਲ ਰਮੇਸ਼ ਕੁਮਾਰ ਰਾਹੀਂ 5 ਲੱਖ ਰੁਪਏ ਦੀ ਮੰਗ ਕੀਤੀ। ਉਸਨੇ ਸ਼ਿਕਾਇਤਕਰਤਾ ਵਿਰੁੱਧ ਝੂਠਾ ਕੇਸ ਦਰਜ ਕਰਕੇ ਉਸਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਵੀ ਦਿੱਤੀ।


ਇਸ ਤੋਂ ਬਾਅਦ ਹੈੱਡ ਕਾਂਸਟੇਬਲ ਰਮੇਸ਼ ਕੁਮਾਰ ਨਾਲ ਗੱਲਬਾਤ ਦੌਰਾਨ, ਰਿਸ਼ਵਤ ਦੀ ਰਕਮ 5 ਲੱਖ ਰੁਪਏ ਤੋਂ ਵਧਾ ਕੇ 5 ਲੱਖ 20 ਹਜ਼ਾਰ ਰੁਪਏ ਕਰ ਦਿੱਤੀ ਗਈ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਜਿਸ ਕਾਰਨ ਉਸਨੇ ਵਿਜੀਲੈਂਸ ਬਿਊਰੋ ਯੂਨਿਟ, ਹੁਸ਼ਿਆਰਪੁਰ ਨਾਲ ਸੰਪਰਕ ਕੀਤਾ। ਇਸ ਤੋਂ ਬਾਅਦ ਖੰਨਾ ਦੇ ਸੀਆਈਏ ਇੰਚਾਰਜ ਨਰਪਿੰਦਰਪਾਲ ਸਿੰਘ ਅਤੇ ਹੈੱਡ ਕਾਂਸਟੇਬਲ ਰਮੇਸ਼ ਕੁਮਾਰ ਵਿਰੁੱਧ ਕੇਸ ਦਰਜ ਕੀਤਾ ਗਿਆ। ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 5.2 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।

ਵਿਜੀਲੈਂਸ ਬਿਊਰੋ ਨੇ ਵੱਖ-ਵੱਖ ਟੀਮਾਂ ਬਣਾ ਕੇ ਖੰਨਾ ਦੇ ਸੀਆਈਏ ਇੰਚਾਰਜ ਨਰਪਿੰਦਰਪਾਲ ਸਿੰਘ ਨੂੰ ਜਲਦ ਗ੍ਰਿਫ਼ਤਾਰ ਕਰਨ ਲਈ ਉਸ ਦੇ ਘਰ ਅਤੇ ਹੋਰ ਥਾਵਾਂ 'ਤੇ ਛਾਪੇਮਾਰੀ ਕਰ ਰਹੀ ਹੈ। ਇਸ ਸਬੰਧੀ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਪੰਜਾਬ ਪੁਲਿਸ ਵੱਲੋਂ ਸੂਬੇ ਭਰ 'ਚ ਫ਼ਲੈਗ ਮਾਰਚ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਗਣਤੰਤਰ ਦਿਵਸ ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਸਖ਼ਤ ਸੁਰੱਖਿਆ ਪ੍ਰਬੰਧਾਂ ਦਰਮਿਆਨ ਪੰਜਾਬ ਪੁਲਿਸ ਦੀਆਂ ਟੀਮਾਂ ਨੇ ਅੱਜ ਸੂਬੇ ਭਰ ਦੇ ਸੰਵੇਦਨਸ਼ੀਲ ਖੇਤਰਾਂ ਵਿੱਚ ਫਲੈਗ ਮਾਰਚ ਕੀਤਾ। ਜ਼ਿਕਰਯੋਗ ਹੈ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਪੁਲਿਸ ਕਮਿਸ਼ਨਰਾਂ (ਸੀਪੀਜ਼) ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀਜ਼) ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਇਸਦੇ ਨਾਲ ਹੀ ਉਨ੍ਹਾਂ ਨੇ ਸਾਰੇ ਸਟੇਸ਼ਨ ਹਾਊਸ ਅਫ਼ਸਰਾਂ (ਐਸਐਚਓਜ਼) ਅਤੇ ਗਜ਼ਟਿਡ ਅਫ਼ਸਰਾਂ ਨੂੰ ਗਣਤੰਤਰ ਦਿਵਸ ਸਮਾਗਮ ਦੀ ਸਮਾਪਤੀ ਤੱਕ ਫੀਲਡ ਵਿੱਚ ਰਹਿਣ ਲਈ ਵੀ ਕਿਹਾ ਹੈ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਸੀਪੀਜ਼/ਐਸਐਸਪੀਜ਼ ਦੀ ਅਗਵਾਈ ਵਿੱਚ ਪੁਲਿਸ ਟੀਮਾਂ ਵੱਲੋਂ ਆਪਣੇ-ਆਪਣੇ ਜ਼ਿਲ੍ਹਿਆਂ ਦੇ ਸੰਵੇਦਨਸ਼ੀਲ ਖੇਤਰਾਂ ਵਿੱਚ ਫਲੈਗ ਮਾਰਚ



ਕੀਤੇ ਗਏ। ਉਨ੍ਹਾਂ ਕਿਹਾ ਕਿ ਇਸ ਅਭਿਆਸ ਦਾ ਉਦੇਸ਼ ਆਮ ਲੋਕਾਂ ਦਾ ਵਿਸ਼ਵਾਸ ਵਧਾਉਣ ਦੇ ਨਾਲ-ਨਾਲ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਪੁਲਿਸ ਕਰਮੀਆਂ ਨੂੰ ਤਿਆਰ ਕਰਨਾ ਸੀ। ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ ਸੁਰੱਖਿਆ ਪਹਿਲਾਂ ਹੀ ਵਧਾ ਦਿੱਤੀ ਗਈ ਹੈ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਅਤੇ ਗਣਤੰਤਰ ਦਿਵਸ ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ 20 ਹਜ਼ਾਰ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੀਪੀਜ਼/ਐਸਐਸਪੀਜ਼ ਨੂੰ ਸੂਬੇ ਭਰ ਦੇ ਸਾਰੇ ਭੀੜ-ਭੜੱਕੇ ਵਾਲੇ ਸਥਾਨਾਂ 'ਤੇ ਐਸਪੀ-ਰੈਂਕ ਦੇ ਅਧਿਕਾਰੀ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਚਲਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ ਜਿਸ ਵਿੱਚ ਰੇਲਵੇ ਸਟੇਸ਼ਨ, ਬੱਸ ਸਟੈਂਡ, ਬਾਜ਼ਾਰ, ਸ਼ਾਪਿੰਗ ਮਾਲ, ਜਨਤਕ ਪਾਰਕ ਆਦਿ ਸ਼ਾਮਲ ਹਨ। ਉਨ੍ਹਾਂ ਅੱਗੇ ਦੱਸਿਆ ਕਿ ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਸੀ ਕਿ ਇਸ ਕਾਰਵਾਈ ਦੌਰਾਨ ਤਲਾਸ਼ੀ ਲੈਣ ਸਮੇਂ ਹਰ ਵਿਅਕਤੀ ਨਾਲ ਨਿਮਰਤਾ ਨਾਲ ਪੇਸ਼ ਆਇਆ ਜਾਵੇ। ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 330ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 50 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 150 ਗ੍ਰਾਮ ਹੈਰੋਇਨ ਅਤੇ 376 ਨਸ਼ੀਲੀਆਂ ਗੋਲੀਆਂ/ਕੈਪਸੂਲ ਬਰਾਮਦ ਕੀਤੇ ਹਨ। ਇਸ ਨਾਲ ਸਿਰਫ਼ 330 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 46,443 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ ਅੱਠ ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ।

# ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਹੋਏ ਨਤਮਸਤਕ



ਨਾਂਦੇੜ, 25 ਜਨਵਰੀ (ਅੰਮਰੀਤ ਪਾਲ ਸਿੰਘ): ਤਖਤ ਸੱਚਖੰਡ ਸ੍ਰੀ ਹਜ਼ੂਰ ਅਬਲਾਚਲ ਨਗਰ ਸਾਹਿਬ ਜੀ ਗੁਰਦੁਆਰਾ ਸਾਹਿਬ ਵਿਖੇ ਸੂਬੇ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਦਰਸ਼ਨ ਕੀਤੇ। ਉਨ੍ਹਾਂ ਦੇ ਨਾਲ ਆਂਧਰਾ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੋਨਿਦਲਾ ਪਵਨ ਕਲਿਆਣ, ਮਹਾਰਾਸ਼ਟਰ ਰਾਜ ਹੋਰ ਮਾਗਾਸ ਬਹੁਜਨ ਕਲਿਆਣ ਮੰਤਰੀ ਅਤੇ ਨਾਂਦੇੜ ਪ੍ਰਦੇਸ਼ ਦੇ ਸਰਪ੍ਰਸਤ ਮੰਤਰੀ ਅਤੁਲ ਸੇਵ, ਵਾਤਾਵਰਣ ਮੰਤਰੀ ਪੰਕਜਾ ਮੁੰਡੇ, ਸੰਸਦ ਮੈਂਬਰ ਅਸ਼ੋਕ ਚਵਾਨ, ਸੰਸਦ ਮੈਂਬਰ ਡਾ: ਅਜੀਤ ਗੋਪਚੜੇ, ਵਿਧਾਇਕ ਤੁਸ਼ਾਰ ਰਾਠੌੜ, ਵਿਧਾਇਕ ਰਾਜੇਸ਼ ਪਵਾਰ, ਵਿਧਾਇਕ ਬਾਲਾਜੀ ਕਲਿਆਣਕਰ, ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਸਮੇਤ ਸਾਰੇ ਮੰਤਰੀਆਂ, ਜਨਤਕ ਨੁਮਾਇੰਦਿਆਂ ਅਤੇ ਪਤਵੰਤਿਆਂ ਨੂੰ ਗੁਰਦੁਆਰਾ ਬੋਰਡ ਵੱਲੋਂ ਸਨਮਾਨਿਤ ਕੀਤਾ ਗਿਆ। ਅਜਿਹੇ ਸਮਾਗਮਾਂ ਵਿੱਚ ਗੁਰਦੁਆਰਾ ਬੜੌਦੇ ਦੇ ਪ੍ਰਬੰਧਕ ਡਾ: ਵਿਜੇ ਸਤਬੀਰ ਸਿੰਘ ਜੀ ਨੇ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। **ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

## ਪਾਕਿਸਤਾਨ-ਅਧਾਰਤ ਅੱਤਵਾਦੀ ਸ਼ਹਿਜ਼ਾਦ ਭੱਟੀ ਦਾ ਮੁੱਖ ਸਾਥੀ ਪਿਸਤੌਲ ਸਮੇਤ ਕਾਬੂ

ਚੰਡੀਗੜ੍ਹ/ਐਸਏਐਸ ਨਗਰ, 25 ਜਨਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਪਾਕਿਸਤਾਨ-ਅਧਾਰਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫ਼ਲਤਾ ਹਾਸਲ ਕਰਦਿਆਂ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਐਸਏਐਸ ਨਗਰ ਨੇ ਪਾਕਿਸਤਾਨ-ਅਧਾਰਤ ਅੱਤਵਾਦੀ ਸ਼ਹਿਜ਼ਾਦ ਭੱਟੀ ਦੇ ਮੁੱਖ ਸਾਥੀ ਨੂੰ .30 ਬੋਰ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਮਨ ਕੁਮਾਰ ਉਰਫ਼ ਗੋਲੂ ਵਾਸੀ ਗੰਗਿਆਲ, ਜੰਮੂ ਵਜੋਂ ਹੋਈ ਹੈ। ਰਮਨ ਕੁਮਾਰ ਉਰਫ਼ ਗੋਲੂ ਨੂੰ ਅੰਬਾਲਾ ਪੁਲਿਸ ਨੇ ਲਗਭਗ ਇੱਕ ਹਫ਼ਤਾ ਪਹਿਲਾਂ ਅੰਬਾਲਾ ਦੇ ਥਾਣੇ ਵਿੱਚ ਹੋਏ ਧਮਾਕੇ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ, ਜੋ ਕਿ ਸ਼ਹਿਜ਼ਾਦ ਭੱਟੀ ਦੇ ਨਿਰਦੇਸ਼ਾਂ 'ਤੇ ਕੀਤਾ ਗਿਆ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਇੰਸਟਾਗ੍ਰਾਮ ਤੇ ਵਟਸਐਪ ਸਮੇਤ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਸ਼ਹਿਜ਼ਾਦ ਭੱਟੀ ਨਾਲ ਸਿੱਧੇ ਸੰਪਰਕ ਵਿੱਚ ਸੀ ਤੇ ਅੰਬਾਲਾ ਥਾਣਾ ਧਮਾਕੇ ਦੇ ਮਾਮਲੇ ਵਿੱਚ ਸ਼ਾਮਲ ਸੀ ਅਤੇ ਉਸਨੇ ਦੋਸ਼ੀਆਂ ਨੂੰ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਸੀ।

ਏਆਈਜੀ ਐਸਐਸਓਸੀ ਐਸਏਐਸ ਨਗਰ ਦੀਪਕ ਪਾਰਿਕ ਨੇ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਪੁਲਿਸ ਟੀਮਾਂ ਨੇ ਜੰਮੂ ਦੇ ਗੌਰਵ ਸਿੰਘ, ਜੋ ਕਿ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਿਹਾ ਸੀ।

# ਸ਼ਿਵਰਾਜ ਸਿੰਘ ਚੌਹਾਨ ਨੇ "ਖੁਸ਼ਹਾਲ ਦੀਦੀ ਤੋਂ ਖੁਸ਼ਹਾਲ ਰਾਸ਼ਟਰ: ਗਣਤੰਤਰ ਦਿਵਸ ਵਧਾਈ ਸਮਾਰੋਹ-2026" ਸਮਾਗਮ 'ਚ ਭਾਗ ਲਿਆ

ਨਵੀਂ ਦਿੱਲੀ, 25 ਜਨਵਰੀ (ਚ.ਨ.ਸ.): ਸ਼ਾਮ 5:41 ਵਜੇ ਪੀਆਈਬੀ ਦਿੱਲੀ ਦੁਆਰਾ ਕੇਂਦਰੀ ਪੇਂਡੂ ਵਿਕਾਸ, ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਨਵੀਂ ਦਿੱਲੀ ਦੇ ਪੂਸਾ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ "ਸਮਰਿੱਧੀ ਦੀਦੀ ਸੇ ਸਮ੍ਰਿੱਧੀ ਰਾਸ਼ਟਰ: ਗਣਤੰਤਰ ਦਿਵਸ ਸਵਾਗਤ ਸਮਾਰੋਹ 2026" ਵਿੱਚ ਗਣਤੰਤਰ ਦਿਵਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਆਈਆਂ ਦੇਸ਼ ਭਰ ਦੀਆਂ ਲਗਭਗ 400 ਜੀਵਿਕਾ ਦੀਦੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਕੇਂਦਰੀ ਪੇਂਡੂ ਵਿਕਾਸ ਅਤੇ ਸੰਚਾਰ ਰਾਜ ਮੰਤਰੀ ਡਾ. ਚੰਦਰਸ਼ੇਖਰ ਪੇਮਾਸਾਨੀ ਵੀ ਮੌਜੂਦ ਸਨ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਜੀਵਿਕਾ ਦੀਦੀਆਂ ਦਾ ਸਨਮਾਨ ਕਰਦੇ ਹੋਏ ਕਿਹਾ, "ਮੇਰੀਆਂ ਦੀਦੀਆਂ ਜੀਵਤ ਅਤੇ ਜਾਗ੍ਰਿਤ ਦੇਵੀ ਹਨ - ਅਤੇ ਜਦੋਂ ਉਹ ਇਸ 'ਤੇ ਆਪਣਾ ਮਨ ਲਗਾਉਂਦੀਆਂ ਹਨ, ਤਾਂ ਉਹ ਚਮਤਕਾਰ ਕਰਦੀਆਂ ਹਨ।" ਉਨ੍ਹਾਂ ਕਿਹਾ ਕਿ ਇਨ੍ਹਾਂ ਦੀਦੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਕਮਜ਼ੋਰ ਨਹੀਂ ਹਨ, ਸਗੋਂ ਸੱਚਮੁੱਚ ਮਜ਼ਬੂਤ ਹਨ। ਉਨ੍ਹਾਂ ਨੇ ਜੀਵਿਕਾ ਦੀਦੀਆਂ ਨੂੰ ਅੱਗੇ ਕਿਹਾ, "ਤੁਸੀਂ ਦੁਰਗਾ, ਲਕਸ਼ਮੀ ਅਤੇ ਸਰਸਵਤੀ ਹੋ - ਸਭ ਤੋਂ ਵੱਡੇ ਚਮਤਕਾਰ ਕਰਨ ਦੇ ਸਮਰੱਥ। ਅਤੇ ਜਦੋਂ ਤੋਂ ਤੁਸੀਂ ਇੱਥੇ ਆਏ ਹੋ, ਇਹ ਘਰ ਸੱਚਮੁੱਚ ਤੁਹਾਡੀ ਮਾਂ ਦਾ ਘਰ ਬਣ ਗਿਆ ਹੈ। ਭੈਣਾਂ ਦੀ ਮੌਜੂਦਗੀ ਭਰਾ ਦੇ ਵਿਹੜੇ ਨੂੰ ਖੁਸ਼ੀ ਨਾਲ ਭਰ ਦਿੰਦੀ ਹੈ।" ਚੌਹਾਨ ਨੇ ਆਪਣੀਆਂ ਭੈਣਾਂ, ਧੀਆਂ ਅਤੇ ਦੀਦੀਆਂ (ਦੀਦੀਆਂ) ਦੀ ਦੇਖਭਾਲ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨੇ ਔਰਤਾਂ ਦੀ ਸ਼ਕਤੀ ਨੂੰ ਪਛਾਣਿਆ, ਅਤੇ ਆਜੀਵਿਕਾ ਮਿਸ਼ਨ ਨੇ ਅਚੰਭੇ ਦਾ ਕੰਮ ਕੀਤਾ ਹੈ। ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਨੇ ਅੱਗੇ ਕਿਹਾ ਕਿ ਅੱਜ 10 ਕਰੋੜ ਔਰਤਾਂ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਹੋਈਆਂ ਹਨ। ਪ੍ਰਧਾਨ ਮੰਤਰੀ ਨੇ ਸਾਨੂੰ 30 ਮਿਲੀਅਨ ਦੀਦੀਆਂ ਨੂੰ "ਲਖਪਤੀ ਦੀਦੀਆਂ" ਬਣਾਉਣ ਦਾ ਟੀਚਾ ਦਿੱਤਾ ਹੈ। ਤੇ ਮੈਂ ਮਾਣ ਨਾਲ ਕਹਿੰਦਾ ਹਾਂ ਕਿ



ਇਹ ਟੀਚਾ ਸਾਡਾ ਮੰਤਰ ਹੈ, ਅਤੇ ਅਸੀਂ ਇਸਨੂੰ ਬਹੁਤ ਜਲਦੀ ਪ੍ਰਾਪਤ ਕਰਾਂਗੇ। ਉਨ੍ਹਾਂ ਕਿਹਾ ਕਿ ਆਜੀਵਿਕਾ ਮਿਸ਼ਨ ਹੁਣ ਸਿਰਫ਼ ਇੱਕ ਯੋਜਨਾ ਨਹੀਂ ਹੈ, ਸਗੋਂ ਇੱਕ ਕ੍ਰਾਂਤੀ ਅਤੇ ਇੱਕ ਲਹਿਰ ਬਣ ਗਈ ਹੈ। ਇਸਨੇ ਨਾ ਸਿਰਫ਼ ਸਾਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਇਆ ਹੈ, ਸਗੋਂ ਉਨ੍ਹਾਂ ਜ਼ੰਜੀਰਾਂ ਨੂੰ ਵੀ ਤੋੜ ਦਿੱਤਾ ਹੈ ਜੋ ਔਰਤਾਂ ਨੂੰ ਪਿੱਛੇ ਰੱਖਦੀਆਂ ਸਨ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਅੱਗੇ ਕਿਹਾ ਕਿ ਅੱਜ, ਦੀਦੀਆਂ ਸਵੈ-ਨਿਰਭਰ ਅਤੇ ਆਤਮਵਿਸ਼ਵਾਸ ਨਾਲ ਭਰਪੂਰ ਹਨ। ਜੇਕਰ ਕੋਈ ਦੀਦੀਆਂ ਨਿੱਜੀ ਕਰਜ਼ਾ ਲੈਣਾ ਚਾਹੁੰਦੀਆਂ ਹਨ, ਤਾਂ ਸਾਨੂੰ ਉਸ ਰਸਤੇ ਨੂੰ ਵੀ ਆਸਾਨ ਬਣਾਉਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਦੀ ਆਰਥਿਕ ਤਾਕਤ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਮਹਿਲਾ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ, ਪੇਂਡੂ ਵਿਕਾਸ ਮੰਤਰਾਲੇ ਨੇ ਇੱਕ ਐਂਡ-ਟੂ-ਐਂਡ ਔਨਲਾਈਨ ਕਰਜ਼ਾ ਪ੍ਰਣਾਲੀ ਬਣਾਈ ਹੈ, ਜਿਸ ਨਾਲ ਸਵੈ-ਸਹਾਇਤਾ ਸਮੂਹਾਂ ਵਿੱਚ ਔਰਤਾਂ ਸਮੇਂ ਸਿਰ ਅਤੇ ਸੁਵਿਧਾਜਨਕ ਢੰਗ ਨਾਲ ਕਰਜ਼ਿਆਂ ਤੱਕ ਪਹੁੰਚ ਕਰ ਸਕਣਗੀਆਂ। ਸਵੈ-ਸਹਾਇਤਾ ਸਮੂਹ ਦੇ ਮੈਂਬਰ ਹੁਣ ਕਿਸੇ ਵੀ ਬੈਂਕ ਵਿੱਚ ਕਰਜ਼ਿਆਂ ਲਈ ਔਨਲਾਈਨ ਅਰਜ਼ੀ ਦੇ ਸਕਣਗੇ, ਅਤੇ ਬੈਂਕ ਡਿਜੀਟਲ ਰੂਪ ਵਿੱਚ ਕਰਜ਼ਿਆਂ ਨੂੰ ਮਨਜ਼ੂਰੀ ਅਤੇ ਵੰਡ ਦੇਣਗੇ। ਇਹ ਪਹਿਲ ਮਹਿਲਾ ਉੱਦਮੀਆਂ ਲਈ ਕਰਜ਼ਿਆਂ ਤੱਕ ਪਹੁੰਚ ਪ੍ਰਦਾਨ ਕਰਨ ਅਤੇ ਡਿਜੀਟਲ ਰੂਪ ਵਿੱਚ ਸਸ਼ਕਤ ਭਾਰਤ ਦੇ ਵਿਆਪਕ ਟੀਚੇ ਨੂੰ ਅੱਗੇ ਵਧਾਉਣ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਸਰਸ ਮੇਲੇ ਇਸ ਵੇਲੇ ਘੱਟ ਗਿਣਤੀ ਵਿੱਚ ਆਯੋਜਿਤ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦਾ ਮੁੱਲ ਬਹੁਤ ਵੱਡਾ ਹੈ। ਇਸ ਲਈ, ਹੁਣ ਸਿਰਫ਼ ਦਿੱਲੀ ਵਿੱਚ ਹੀ ਇਨ੍ਹਾਂ ਦਾ ਆਯੋਜਨ ਕਰਨਾ ਕਾਫ਼ੀ ਨਹੀਂ ਹੋਵੇਗਾ; ਅਸੀਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਸਰਸ ਮੇਲੇ ਆਯੋਜਿਤ ਕਰਾਂਗੇ ਤਾਂ ਜੋ ਔਰਤਾਂ ਨੂੰ ਆਪਣੇ ਉਤਪਾਦਾਂ ਨੂੰ ਵੇਚਣ ਲਈ ਇੱਕ ਵਧੇਰੇ ਢੁਕਵਾਂ ਅਤੇ ਵੱਡਾ ਬਾਜ਼ਾਰ ਪ੍ਰਦਾਨ ਕੀਤਾ ਜਾ ਸਕੇ। ਰਾਜ ਮੰਤਰੀ ਚੰਦਰਸ਼ੇਖਰ ਪੇਮਾਸਾਮੀ, ਜੋ ਇਸ ਸਮਾਗਮ ਵਿੱਚ ਮੌਜੂਦ ਸਨ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁੰਟੂਰ ਵਿੱਚ ਹਾਲ ਹੀ ਵਿੱਚ ਆਯੋਜਿਤ ਸਰਸ ਮੇਲੇ ਵਿੱਚ ਔਰਤਾਂ ਦੀ ਉੱਦਮੀ ਭਾਵਨਾ ਸਪੱਸ਼ਟ ਤੌਰ 'ਤੇ ਦਿਖਾਈ ਦਿੱਤੀ। ਜਦੋਂ ਕਿ ਖੁਸ਼ਹਾਲੀ ਅਕਸਰ ਸਿਰਫ਼ GDP ਨਾਲ ਜੁੜੀ ਹੁੰਦੀ ਹੈ, ਕਿਸੇ ਦੇਸ਼ ਦੀ ਅਸਲ ਤਾਕਤ ਉਸਦੀਆਂ ਔਰਤਾਂ ਵਿੱਚ ਹੈ। ਔਰਤਾਂ ਭਾਰਤ ਦੇ GDP ਵਿੱਚ 18% ਯੋਗਦਾਨ ਪਾਉਂਦੀਆਂ ਹਨ, ਤੇ 10% ਸਟਾਰਟਅੱਪ ਔਰਤਾਂ ਦੁਆਰਾ ਚਲਾਏ ਜਾਂਦੇ ਹਨ, ਅਤੇ ਔਰਤਾਂ ਦੇਸ਼ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ।

# "ਕੌਮੀ ਵੋਟਰ ਦਿਵਸ 2026" ਚੰਡੀਗੜ੍ਹ ਵਿੱਚ ਰਾਜ ਪੱਧਰੀ ਸੈਰ




ਚੰਡੀਗੜ੍ਹ, 25 ਜਨਵਰੀ(ਅੰਮ੍ਰਿਤਪਾਲ ਸਿੰਘ): ਰਾਸ਼ਟਰੀ ਵੋਟਰ ਦਿਵਸ 2026 ਦੇ ਮੌਕੇ 'ਤੇ, ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਅਧੀਨ ਮਾਈ ਭਾਰਤ ਚੰਡੀਗੜ੍ਹ ਨੇ ਪੰਜਾਬ ਯੂਨੀਵਰਸਿਟੀ ਦੀ ਐਨਐਸਐਸ ਯੂਨਿਟ ਦੇ ਸਹਿਯੋਗ ਨਾਲ ਇੱਕ ਰਾਜ ਪੱਧਰੀ ਵੋਟਰ ਜਾਗਰੂਕਤਾ ਸੈਰ ਦਾ ਆਯੋਜਨ ਕੀਤਾ। 756 ਨੌਜਵਾਨ ਵੋਟਰਾਂ ਨੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਵੋਟਰਜ਼ ਪਲੈਜ, ਪਲੈਜ ਸਰਕਲ, ਅਤੇ ਪਹਿਲੀ ਵਾਰ ਵੋਟਰਾਂ ਨੂੰ ਬੈਜ ਪੇਸ਼ ਕਰਨ ਵਰਗੀਆਂ ਗਤੀਵਿਧੀਆਂ ਰਾਹੀਂ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਲੋਕਤੰਤਰ ਦੀ ਪ੍ਰਤੀਕਾਤਮਕ ਮਸ਼ਾਲ (ਡੰਡਾ) ਦੇ ਤਬਾਦਲੇ ਨੇ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ। ਪ੍ਰੋਗਰਾਮ ਦੀਆਂ ਮੁੱਖ ਗੱਲਾਂ ਵਿੱਚ 2.5 ਕਿਲੋਮੀਟਰ ਦੀ ਇੱਕ ਜੀਵੰਤ ਸੈਰ, ਰੰਗੋਲੀ ਗਤੀਵਿਧੀਆਂ, ਅਤੇ ਉਨ੍ਹਾਂ ਭਾਗੀਦਾਰਾਂ ਲਈ ਯੋਗਾ ਅਤੇ ਜ਼ੁੰਬਾ ਸੈਸ਼ਨ ਸ਼ਾਮਲ ਸਨ ਜਿਨ੍ਹਾਂ ਨੇ ਵਾਕ ਵਿੱਚ ਹਿੱਸਾ ਨਹੀਂ ਲਿਆ, ਜੋ ਨੌਜਵਾਨਾਂ ਦੇ ਉਤਸ਼ਾਹ ਅਤੇ ਸਰਗਰਮ ਭਾਗੀਦਾਰੀ ਦਾ ਪ੍ਰਦਰਸ਼ਨ ਕਰਦੇ ਹਨ। ਇਸ ਪ੍ਰੋਗਰਾਮ ਦੀ ਅਗਵਾਈ ਪੰਜਾਬ ਯੂਨੀਵਰਸਿਟੀ ਦੇ ਮਾਨਯੋਗ ਵਾਈਸ-ਚਾਂਸਲਰ, ਪ੍ਰੋਫੈਸਰ (ਡਾ.) ਰੇਨੂੰ ਵਿੱਗ ਨੇ ਕੀਤੀ, ਜਦੋਂ ਕਿ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ, ਪ੍ਰੋਫੈਸਰ ਵਾਈ. ਪੀ. ਵਰਮਾ ਨੇ ਇਸ ਪ੍ਰੋਗਰਾਮ ਦੀ ਸ਼ੋਭਾ ਵਧਾਈ।

ਆਪਣੇ ਸੰਬੋਧਨਾਂ ਵਿੱਚ, ਮਹਿਮਾਨਾਂ ਨੇ ਨੈਤਿਕ ਵੋਟਿੰਗ ਦੀ ਮਹੱਤਤਾ, ਸੂਚਿਤ ਭਾਗੀਦਾਰੀ ਅਤੇ ਇੱਕ ਮਜ਼ਬੂਤ ਲੋਕਤੰਤਰ ਦੇ ਨਿਰਮਾਣ ਵਿੱਚ ਨੌਜਵਾਨਾਂ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਇਸ ਪ੍ਰੋਗਰਾਮ ਦਾ ਸਫਲਤਾਪੂਰਵਕ ਤਾਲਮੇਲ ਸ਼੍ਰੀ ਵਿਨੇ ਕੁਮਾਰ, ਜ਼ਿਲ੍ਹਾ ਯੁਵਾ ਅਧਿਕਾਰੀ, ਮਾਈ ਭਾਰਤ ਚੰਡੀਗੜ੍ਹ, ਅਤੇ ਡਾ. ਪਰਵੀਨ ਗੋਇਲ, ਐਨਐਸਐਸ ਪ੍ਰੋਗਰਾਮ ਕੋਆਰਡੀਨੇਟਰ, ਪੰਜਾਬ ਯੂਨੀਵਰਸਿਟੀ ਦੁਆਰਾ ਕੀਤਾ ਗਿਆ। ਮਾਈ ਭਾਰਤ ਵਲੰਟੀਅਰਾਂ ਅਤੇ ਉਤਸ਼ਾਹੀ ਭਾਗੀਦਾਰਾਂ ਦਾ ਸਰਗਰਮ ਸਹਿਯੋਗ ਸ਼ਲਾਘਾਯੋਗ ਸੀ। ਇਹ ਸਮਾਗਮ ਪਹਿਲੀ ਵਾਰ ਵੋਟਰਾਂ ਨੂੰ ਸਸ਼ਕਤ ਬਣਾਉਣ ਅਤੇ "ਹਰ ਵੋਟ ਮਾਇਨੇ ਰੱਖਦੀ ਹੈ" ਦੇ ਸੰਦੇਸ਼ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸੀ।

77ਵੇਂ ਗਣਤੰਤਰ ਦਿਵਸ ਦੀ ਪੂਰਬਲੀ ਸ਼ਾਮ ਰਾਸ਼ਟਰਪਤੀ ਵੱਲੋਂ ਦੇਸ਼ ਨੂੰ ਸੰਬੋਧਨ

# ਜਲਦ ਹੀ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣੇਗਾ ਭਾਰਤ: ਦ੍ਰੌਪਦੀ ਮੁਰਮੂ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਜਨਵਰੀ :: ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗਣਤੰਤਰ ਦਿਵਸ ਦੀ ਪੂਰਵ ਸੰਧਿਆ ’ਤੇ ਰਾਸ਼ਟਰ ਨੂੰ ਸੰਬੋਧਨ ਕੀਤਾ। ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰ ਨੂੰ ਗਣਤੰਤਰ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਗਣਤੰਤਰ ਦਿਵਸ ਦਾ ਪਵਿੱਤਰ ਤਿਉਹਾਰ ਸਾਡੇ ਦੇਸ਼ ਦੀ ਸਥਿਤੀ ਅਤੇ ਦਿਸ਼ਾ, ਅਤੀਤ, ਵਰਤਮਾਨ ਅਤੇ ਭਵਿੱਖ ’ਤੇ ਵਿਚਾਰ ਕਰਨ ਦਾ ਮੌਕਾ ਹੈ। 15 ਅਗਸਤ, 1947 ਨੂੰ, ਆਜ਼ਾਦੀ ਸੰਗਰਾਮ ਦੇ ਬਲ ’ਤੇ, ਸਾਡੇ ਦੇਸ਼ ਦੀ ਕਿਸਮਤ ਬਦਲ ਗਈ। ਭਾਰਤ ਆਜ਼ਾਦ ਹੋਇਆ, ਅਤੇ ਅਸੀਂ ਆਪਣੀ ਰਾਸ਼ਟਰੀ ਨੀਤੀ ਦੇ ਆਰਕੀਟੈਕਟ ਬਣ ਗਏ। 26 ਜਨਵਰੀ, 1950 ਤੋਂ, ਅਸੀਂ ਆਪਣੇ ਗਣਰਾਜ ਨੂੰ ਸੰਵਿਧਾਨਕ ਆਦਰਸ਼ਾਂ ਵੱਲ ਅੱਗੇ ਵਧਾ ਰਹੇ ਹਾਂ। ਉਸ ਦਿਨ, ਅਸੀਂ ਆਪਣੇ ਸੰਵਿਧਾਨ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ।

ਉਨ੍ਹਾਂ ਕਿਹਾ ਕਿ ਭਾਰਤ, ਲੋਕਤੰਤਰ ਦੀ ਜਨਮ ਭੂਮੀ, ਬਸਤੀਵਾਦੀ ਸ਼ਾਸਨ ਤੋਂ ਮੁਕਤ ਹੋਇਆ ਅਤੇ ਸਾਡਾ ਲੋਕਤੰਤਰੀ ਗਣਰਾਜ ਹੋਂਦ ਵਿੱਚ ਆਇਆ। ਸਾਡਾ ਸੰਵਿਧਾਨ ਵਿਸ਼ਵ ਇਤਿਹਾਸ ਦੇ ਸਭ ਤੋਂ ਵੱਡੇ ਗਣਰਾਜ ਦੀ ਨੀਂਹ ਹੈ। ਸਾਡੇ ਸੰਵਿਧਾਨ ਵਿੱਚ ਦਰਜ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਆਦਰਸ਼ ਸਾਡੇ ਗਣਰਾਜ ਨੂੰ ਪਰਿਭਾਸ਼ਿਤ ਕਰਦੇ ਹਨ।

ਸੰਵਿਧਾਨ ਨਿਰਮਾਤਾਵਾਂ ਨੇ ਸੰਵਿਧਾਨਕ ਪ੍ਰਬੰਧਾਂ ਰਾਹੀਂ ਰਾਸ਼ਟਰਵਾਦ ਅਤੇ ਦੇਸ਼ ਦੀ ਏਕਤਾ ਦੀ ਭਾਵਨਾ ਨੂੰ ਇੱਕ ਮਜ਼ਬੂਤ ਨੀਂਹ ਪ੍ਰਦਾਨ ਕੀਤੀ ਹੈ।ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਅੱਜ ਦੇਸ਼ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਜਲਦੀ ਹੀ ਭਾਰਤ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਸਾਡੇ ਮਿਹਨਤੀ ਭਰਾ ਅਤੇ ਭੈਣਾਂ ਦੇਸ਼ ਦਾ ਪੁਨਰ ਨਿਰਮਾਣ ਕਰ ਰਹੇ ਹਨ। ਸਾਡੇ ਹੋਣਹਾਰ ਨੌਜਵਾਨ ਅਤੇ ਬੱਚੇ, ਆਪਣੀ ਪ੍ਰਤਿਭਾ ਨਾਲ, ਦੇਸ਼ ਦੇ ਸੁਨਹਿਰੀ ਭਵਿੱਖ ਨੂੰ ਮਜ਼ਬੂਤ ਕਰਦੇ ਹਨ। 77ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ ’ਤੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਲੋਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਨੇ ਸਾਡੇ ਦੇਸ਼ ਨੂੰ ਇੱਕ ਕੀਤਾ। ਪਿਛਲੇ ਸਾਲ, 31 ਅਕਤੂਬਰ ਨੂੰ, ਸ਼ੁਕਰਗੁਜ਼ਾਰ ਨਾਗਰਿਕਾਂ ਨੇ ਉਨ੍ਹਾਂ ਦੀ 150ਵੀਂ ਜਨਮ ਵਰ੍ਹੇਗੰਢ ਉਤਸ਼ਾਹ ਨਾਲ ਮਨਾਈ। ਉਨ੍ਹਾਂ ਦੀ 150ਵੀਂ ਜਨਮ ਵਰ੍ਹੇਗੰਢ ਦੇ ਸ਼ੁਭ ਮੌਕੇ ’ਤੇ ਯਾਦਗਾਰੀ ਸਮਾਰੋਹ ਆਯੋਜਿਤ ਕੀਤੇ ਜਾ ਰਹੇ ਹਨ। ਇਹ ਸਮਾਰੋਹ ਦੇਸ਼ ਵਾਸੀਆਂ ਵਿੱਚ ਰਾਸ਼ਟਰੀ ਏਕਤਾ ਅਤੇ ਮਾਣ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ, ਸਾਡੇ ਪੁਰਖਿਆਂ ਨੇ ਸਾਡੀ ਪ੍ਰਾਚੀਨ ਸੱਭਿਆਚਾਰਕ ਏਕਤਾ ਦਾ ਤਾਣਾ-ਬਾਣਾ ਬੁਣਿਆ। ਰਾਸ਼ਟਰੀ ਏਕਤਾ ਦੇ ਪ੍ਰਤੀਕਾਂ ਨੂੰ ਜ਼ਿੰਦਾ ਰੱਖਣ ਲਈ ਹਰ ਕੋਸ਼ਿਸ਼ ਬਹੁਤ ਸ਼ਲਾਘਾਯੋਗ ਹੈ। ਪਿਛਲੇ ਸਾਲ 7 ਨਵੰਬਰ ਤੋਂ ਸਾਡੇ ਰਾਸ਼ਟਰੀ ਗੀਤ, ਵੰਦੇ ਮਾਤਰਮ ਦੀ ਰਚਨਾ ਦੀ 150ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਇਹ ਗੀਤ, ਭਾਰਤ ਮਾਤਾ ਦੇ ਬ੍ਰਹਮ ਰੂਪ ਦਾ ਭਜਨ, ਹਰ ਦਿਲ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦਾ ਹੈ।

ਪ੍ਰਧਾਨ ਮੰਤਰੀ ਵੱਲੋਂ ‘ਮਨ ਕੀ ਬਾਤ’

# ਭਾਰਤ ਬਣਿਆ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਕੇਂਦਰ: ਮੋਦੀ

## ‘ਦੇਸ਼ ਭਰ ’ਚ ਚਲਾਈ ਜਾ ਰਹੀ ਹੈ ‘ਮਾਂ ਦੇ ਨਾਮ ’ਤੇ ਇੱਕ ਰੁੱਖ’ ਮੁਹਿੰਮ’

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਜਨਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਦੀ ਪਹਿਲੀ ਮਨ ਕੀ ਬਾਤ ਦੌਰਾਨ ਸੰਬੋਧਨ ਕਰਦਿਆਂ ਸਟਾਰਟ-ਅੱਪ ਇੰਡੀਆ ਪਹਿਲਕਦਮੀ ਦੀ 10ਵੀਂ ਵਰ੍ਹੇਗੰਢ ’ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਰਤ ਇਸ ਵੇਲੇ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਕੇਂਦਰ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਟਾਰਟ-ਅੱਪ ਪ੍ਰਣਾਲੀ ਸਾਲ 2016 ਵਿੱਚ ਸ਼ੁਰੂ ਹੋਈ ਸੀ ਜਿਸ ਵਿਚ 500 ਤੋਂ ਘੱਟ ਸਟਾਰਟ-ਅੱਪ ਸੀ ਪਰ ਇਹ ਅੱਜ ਵਧ ਕੇ 200,000 ਤੋਂ ਵੱਧ ਮਾਨਤਾ ਪ੍ਰਾਪਤ ਸੰਸਥਾਵਾਂ ਤੱਕ ਪਹੁੰਚ ਗਈ ਹੈ। ਸ੍ਰੀ ਮੋਦੀ ਨੇ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਦੇ 130ਵੇਂ ਐਪੀਸੋਡ ਦੌਰਾਨ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਇੱਕ ਸੋਸ਼ਲ ਮੀਡੀਆ ਰੁਝਾਨ ਦਾ ਹਵਾਲਾ ਦਿੱਤਾ ਜਿਸ ਵਿੱਚ ਲੋਕ 2016 ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ।ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਵੀ ਦੇਸ਼ ਨਾਲ ਇੱਕ ਅਜਿਹੀ ਯਾਦ ਸਾਂਝੀ ਕਰਨਾ ਚਾਹੁੰਦੇ ਹਨ।



ਪ੍ਰਧਾਨ ਮੰਤਰੀ ਮੋਦੀ ਨੇ ਯਾਦ ਕੀਤਾ ਕਿ ਇੱਕ ਦਹਾਕਾ ਪਹਿਲਾਂ ਨੌਜਵਾਨਾਂ ਨੇ ਦੇਸ਼ ਲਈ ਸਟਾਰਟ-ਅੱਪ ਇੰਡੀਆ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ।ਉਸ ਵੇਲੇ ਵੱਡੀ ਗਿਣਤੀ ਲੋਕਾਂ ਨੂੰ ਪਤਾ ਨਹੀਂ ਸੀ ਕਿ ਇਹ ਕੀ ਹੈ ਪਰ ਇਹ ਦੇਸ਼ ਦਾ ਅਹਿਮ ਹਿੱਸਾ ਬਣ ਗਏ ਹਨ ਤੇ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਕਾਬਲੀਅਤ ਜ਼ਰੀਏ ਹੀ ਦੇਸ਼ ਵਿਕਾਸ ਕਰ ਰਿਹਾ ਹੈ।ਉਨ੍ਹਾਂ ਕਿਹਾ, ’ਇਨ੍ਹੀਂ ਦਿਨੀਂ ਮੈਂ ਸੋਸ਼ਲ ਮੀਡੀਆ ’ਤੇ ਇਕ ਦਿਲਚਸਪ ਰੁਝਾਨ ਦੇਖ ਰਿਹਾ ਹਾਂ। ਲੋਕ ਸਾਲ 2016 ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ। ਇਸੇ ਭਾਵਨਾ ਨਾਲ, ਅੱਜ ਮੈਂ ਵੀ ਤੁਹਾਡੇ ਨਾਲ ਆਪਣੀ ਇਕ ਯਾਦ ਸਾਂਝੀ ਕਰਨਾ ਚਾਹੁੰਦਾ ਹਾਂ। ਦਸ ਸਾਲ ਪਹਿਲਾਂ, ਜਨਵਰੀ 2016 ਵਿਚ, ਅਸੀਂ (ਬਾਕੀ ਸਫ਼ਾ 9 ’ਤੇ)





# ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਨਾਂਦੇੜ ਵਿਖੇ ਹੋਏ ਸੰਪੰਨ

## ਗੁਰੂ ਸਾਹਿਬ ਸਿਰਫ਼ ਸਿੱਖ ਧਰਮ ਦੇ ਨਹੀਂ ਸਗੋਂ ਸਰਵ ਭਾਰਤੀ ਧਰਮਾਂ ਦੇ ਰੱਖਿਅਕ ਸਨ: ਫੜਨਵੀਸ

ਬਲਰਾਜ ਸਿੰਘ ਰਾਜਾ/ਬਲਜਿੰਦਰ ਸਿੰਘ ਰੰਧਾਵਾ

ਚੌਕ ਮਹਿਤਾ, 25 ਜਨਵਰੀ: ‘ਹਿੰਦ ਦੀ ਚਾਦਰ’ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮਨਾਏ ਜਾ ਰਹੇ ਦੋ ਦਿਨਾਂ ਸ਼ਤਾਬਦੀ ਸਮਾਗਮਾਂ ਦੇ ਅੱਜ ਦੂਸਰੇ ਦਿਨ ਵੀ ਨਿਰੰਤਰ ਸ਼ਬਦ ਕੀਰਤਨ ਦਾ ਪ੍ਰਵਾਹ ਚੱਲਿਆ ਤੇ ਬਹੁਤ ਸਾਰੀਆਂ ਪ੍ਰਮੁੱਖ ਧਾਰਮਿਕ ,ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕਰਦੇ ਹੋਏ ‘ਹਿੰਦ ਦੀ ਚਾਦਰ’ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ,ਭਾਈ ਸਤੀ ਦਾਸ,ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਲਾ-ਮਿਸਾਲ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਸਹਿਤ ਨਮਨ ਭੇਟ ਕੀਤਾ।



ਮਹਾਂਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਦੀ ਅਗਵਾਈ ਹੇਠ ਹੋ ਰਹੇ ਸ਼ਹੀਦੀ ਸ਼ਤਾਬਦੀ ਸਮਾਗਮ ਦੌਰਾਨ ਨਾਂਦੇੜ ਦੇ ਮੋਦੀ ਮੈਦਾਨ ਵਾਘਾਲਾ ਵਿਖੇ 92 ਏਕੜ ’ਚ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਸਜੇ ਸੁੰਦਰ ਤੇ ਵਿਸ਼ਾਲ ਪੰਡਾਲ ‘ਸ੍ਰੀ ਗੁਰੂ ਤੇਗ ਬਹਾਦਰ ਦਰਬਾਰ’ ਵਿਖੇ ਅੱਜ ਦੇ ਸਮਾਗਮ ਦੌਰਾਨ ਭਾਈ ਗੁਰਲਾਲ ਸਿੰਘ ਹਜ਼ੂਰੀ ਰਾਗੀ ਦਮਦਮੀ ਟਕਸਾਲ , ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਓਂਕਾਰ ਸਿੰਘ ਤੇ ਭਾਈ ਕੁਲਦੀਪ ਸਿੰਘ,ਪੰਥ ਪ੍ਰਸਿੱਧ ਕੀਰਤਨੀਏ ਭਾਈ ਚਮਨਜੀਤ ਸਿੰਘ ਲਾਲ ਤੇ (ਬਾਕੀ ਸਫ਼ਾ 9 ’ਤੇ)

# ਭਾਰਤ ਨੂੰ ਸਮਝਣ ਵਾਲੇ ਅਤੇ ਭਾਰਤੀ ਪੱਤਰਕਾਰੀ ਦੀ ਪਛਾਣ ਮਾਰਕ ਟੂਲੀ ਨਹੀਂ ਰਹੇ

## ਆਪਣੀਆਂ ਯਾਦਾਂ ਦੇ ਝਰੋਖੇ ’ਚੋਂ ਮਾਰਕ ਟੂਲੀ ਨੂੰ ਯਾਦ ਕਰਦਿਆਂ ਉੱਘੇ ਮੀਡੀਆ ਵਿਸ਼ਲੇਸ਼ਕ ਤੇ ਦੂਰਦਰਸ਼ਨ ਦੇ ਉਪ ਮਹਾਨਿਦੇਸ਼ਕ ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ ਨੇ ਦਿੱਤੀ ਸ਼ਰਧਾਂਜਲੀ

ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਮੇਰੇ ਲਈ ਅੱਜ ਦਾ ਦਿਨ ਭਾਰਤੀ ਪੱਤਰਕਾਰੀ ਅਤੇ ਭਾਰਤ ਨੂੰ ਸਮਝਣ ਵਾਲੇ ਨਿਰਪੱਖ ਨਜ਼ਰੀਏ ਲਈ ਬਹੁਤ ਦੁਖਦਾਈ ਹੈ। ਮੀਡੀਆ ਦੀ ਦੁਨੀਆਂ ਵਿੱਚ ਮੇਰੇ ਪਰਮ ਮਿੱਤਰ ਰਹੇ ਸ੍ਰੀ ਸਰ ਵਿਲੀਅਮ ਮਾਰਕ ਟੂਲੀ, ਜਿਨ੍ਹਾਂ ਨੂੰ ਦੁਨੀਆਂ ਭਰ ਵਿੱਚ ਬੀਬੀਸੀ ਦੀ ‘ਭਾਰਤ ਦੀ ਆਵਾਜ਼’ ਵਜੋਂ ਜਾਣਿਆ ਜਾਂਦਾ ਸੀ, ਅੱਜ 25 ਜਨਵਰੀ 2026 ਨੂੰ ਦਿੱਲੀ ਦੇ ਮੈਕਸ ਹਸਪਤਾਲ ਸਾਕੇਤ ਵਿੱਚ 90 ਸਾਲ ਦੀ ਉਮਰ ਵਿੱਚ ਸਦਾ ਲਈ ਵਿਛੜ ਗਏ ਹਨ ।



ਇੱਕ ਦੂਰਦਰਸ਼ਨ ਮੁਲਾਕਾਤ ’ਚ ਸਰ ਮਾਰਕ ਟੂਲੀ ਤੇ ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ

ਹਸਪਤਾਲ ਦੇ ਅਧਿਕਾਰੀਆਂ ਅਨੁਸਾਰ, ਉਨ੍ਹਾਂ ਨੂੰ 21 ਜਨਵਰੀ ਨੂੰ ਦਾਖਲ ਕੀਤਾ ਗਿਆ ਸੀ ਅਤੇ ਦੁਪਹਿਰ 2:35 ਵਜੇ ਮਲਟੀ-ਆਰਗਨ ਫੇਲਿਅਰ (ਸਟਰੋਕ ਤੋਂ ਬਾਅਦ) ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਹ ਖ਼ਬਰ ਨਾ ਸਿਰਫ਼ ਇੱਕ ਪੱਤਰਕਾਰ ਦੀ ਮੌਤ ਹੈ, ਸਗੋਂ ਇੱਕ ਯੁੱਗ ਦਾ ਅੰਤ ਹੈ - ਉਸ ਯੁੱਗ ਦਾ ਜਿੱਥੇ ਪੱਤਰਕਾਰੀ ਸੱਚ, ਨੈਤਿਕਤਾ ਅਤੇ ਡੂੰਘੀ ਸਮਝ ਨਾਲ ਜੁੜੀ ਹੋਈ ਸੀ।ਮਾਰਕ ਟੂਲੀ ਦਾ ਜਨਮ 24 ਅਕਤੂਬਰ 1935 ਨੂੰ ਕੋਲਕਾਤਾ (ਤਦ ਕਲਕੱਤਾ) ਦੇ ਟਾਲੀਗੰਜ ਵਿੱਚ ਹੋਇਆ ਸੀ। ਉਨ੍ਹਾਂ ਦਾ ਬਚਪਨ ਭਾਰਤ ਵਿੱਚ ਹੀ ਬੀਤਿਆ, ਜਿਸ ਨੇ ਉਨ੍ਹਾਂ ਨੂੰ ਭਾਰਤ ਨਾਲ ਡੂੰਘਾ ਰਿਸ਼ਤਾ ਜੋੜਿਆ। ਸਿਰਫ਼ 4 ਸਾਲ ਦੀ ਉਮਰ ਵਿੱਚ ਦਾਰਜੀਲਿੰਗ ਦੇ ਬ੍ਰਿਟਿਸ਼ ਬੋਰਡਿੰਗ ਸਕੂਲ ਅਤੇ (ਬਾਕੀ ਸਫ਼ਾ 9 ’ਤੇ)

# 131 ਪਦਮ ਪੁਰਸਕਾਰਾਂ ਦਾ ਐਲਾਨ

## ਧਰਮਿੰਦਰ ਨੂੰ ਮਰਨ ਉਪਰੰਤ ‘ਪਦਮ ਵਿਭੂਸ਼ਣ’



ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਜਨਵਰੀ :ਕੇਂਦਰ ਸਰਕਾਰ ਨੇ ਐਤਵਾਰ ਨੂੰ 2026 ਲਈ ਪਦਮ ਪੁਰਸਕਾਰਾਂ ਦਾ ਐਲਾਨ ਕੀਤਾ, ਜਿਸ ਵਿੱਚ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਸ਼੍ਰੇਣੀਆਂ ਵਿੱਚ 131 ਨਾਗਰਿਕ ਸਨਮਾਨਾਂ ਨੂੰ ਮਨਜ਼ੂਰੀ ਦਿੱਤੀ ਗਈ। ਇਸ ਸਾਲ ਪੰਜ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ਼੍ਰੀ ਪੁਰਸਕਾਰਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਪਦਮ ਸ਼੍ਰੀ ਵੀ ਸ਼ਾਮਲ ਹੈ। ਦਿੱਗਜ ਅਦਾਕਾਰ ਧਰਮਿੰਦਰ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੇ ਛੇ ਦਹਾਕੇ ਭਾਰਤੀ ਸਿਨੇਮਾ ਨੂੰ ਸਮਰਪਿਤ ਕੀਤੇ ਹਨ ਅਤੇ 300 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਹੈ। ਧਰਮਿੰਦਰ ਸਿੰਘ ਦਿਓਲ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਮਰਨ ਉਪਰੰਤ ਇਹ ਸਨਮਾਨ ਦਿੱਤਾ ਗਿਆ ਹੈ। ਹੋਰ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਕੇ.ਟੀ. ਥਾਮਸ (ਜਨਤਕ ਮਾਮਲੇ), ਪ੍ਰਸਿੱਧ ਸ਼ਾਸਤਰੀ ਵਾਇਲਨਵਾਦਕ ਐਨ. ਰਾਜਮ (ਕਲਾ), ਸਿੱਖਿਆ ਸ਼ਾਸਤਰੀ ਅਤੇ ਅਕਾਦਮਿਕ ਪੀ. ਨਾਰਾਇਣਨ (ਸਾਹਿਤ ਅਤੇ ਸਿੱਖਿਆ) ਅਤੇ ਸੀਨੀਅਰ ਰਾਜਨੀਤਿਕ ਨੇਤਾ ਵੀ.ਐਸ. ਅਚੂਤਾਨੰਦਨ (ਜਨਤਕ ਮਾਮਲੇ), ਜਿਨ੍ਹਾਂ ਨੂੰ ਮਰਨ ਉਪਰੰਤ ਸਨਮਾਨਿਤ ਕੀਤਾ ਗਿਆ ਹੈ।ਇਨ੍ਹਾਂ ਸਿਤਾਰਿਆਂ ਲਈ (ਬਾਕੀ ਸਫ਼ਾ 9 ’ਤੇ)

### ਗਣਤੰਤਰ ਦਿਵਸ ਮੌਕੇ ਛੁੱਟੀ ਦਾ ਐਲਾਨ

77ਵੇਂ ਗਣਤੰਤਰ ਦਿਵਸ ਮੌਕੇ ਰੋਜ਼ਾਨਾ ਚੜ੍ਹਦੀਕਲਾ ਦੇ ਦਫ਼ਤਰ ’ਚ 26 ਜਨਵਰੀ, ਦਿਨ ਸੋਮਵਾਰ ਨੂੰ ਛੁੱਟੀ ਰਹੇਗੀ। ਇਸ ਲਈ 27 ਜਨਵਰੀ, 2026 ਦਿਨ ਮੰਗਲਵਾਰ ਦਾ ਪਰਚਾ ਪ੍ਰਕਾਸ਼ਤ ਨਹੀਂ ਹੋਵੇਗਾ। ਪਾਠਕ ਤੇ ਏਜੰਟ ਸਾਹਿਬਾਨ ਨੋਟ ਕਰਨ।

-ਮੈਨੇਜਰ



## ਸੰਪਾਦਕੀ

# ਗਣਤੰਤਰ ਦਿਵਸ ਤੇ ਭਾਰਤ ਦੇ ਲੋਕ

ਗਣਤੰਤਰ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਭਾਰਤ ਇੱਕ ਲੋਕਤੰਤਰੀ ਦੇਸ਼ ਹੈ ਜਿੱਥੇ ਸ਼ਕਤੀ ਜਨਤਾ ਦੇ ਹੱਥਾਂ ਵਿੱਚ ਹੈ। ਇਹ ਸਾਨੂੰ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਅਤੇ ਫ਼ਰਜ਼ਾਂ ਬਾਰੇ ਸੋਚਣ ਦਾ ਮੌਕਾ ਦਿੰਦਾ ਹੈ। ਇਹ ਦਿਨ ਸਾਨੂੰ ਨਿਆਂ, ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਰਗੇ ਸੰਵਿਧਾਨਕ ਮੁੱਲਾਂ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਾ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਦੇਸ਼ ਅਨੇਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਗਣਤੰਤਰ ਦਿਵਸ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਯਾਦ ਕਰਵਾਉਂਦਾ ਹੈ। ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਲੋਕਤੰਤਰੀ ਅਧਿਕਾਰਾਂ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰੀਏ ਅਤੇ ਸਮਾਜ ਦੀ ਭਲਾਈ ਲਈ ਕੰਮ ਕਰੀਏ। ਭ੍ਰਿਸ਼ਟਾਚਾਰ, ਗ਼ਰੀਬੀ, ਅਨਪੜ੍ਹਤਾ ਅਤੇ ਭੇਦਭਾਵ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਸਾਡਾ ਸਾਂਝਾ ਯਤਨ ਜ਼ਰੂਰੀ ਹੈ। ਹਰ ਨਾਗਰਿਕ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਕਾਨੂੰਨ ਦਾ ਪਾਲਣ ਕਰੇ, ਰਾਸ਼ਟਰੀ ਸੰਪੱਤੀ ਦੀ ਰੱਖਿਆ ਕਰੇ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰੇ। ਸਾਨੂੰ ਧਰਮ, ਜਾਤ, ਖੇਤਰ ਅਤੇ ਭਾਸ਼ਾ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਇੱਕ ਮਜ਼ਬੂਤ ਅਤੇ ਏਕੀਕ੍ਰਿਤ ਰਾਸ਼ਟਰ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। ਅੱਜ ਦਾ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਵਿਗਿਆਨ, ਤਕਨਾਲੋਜੀ, ਸਪੇਸ ਰਿਸਰਚ ਅਤੇ ਹੋਰ ਖੇਤਰਾਂ ਵਿੱਚ ਭਾਰਤ ਨੇ ਬਹੁਤ ਤਰੱਕੀ ਕੀਤੀ ਹੈ। ਪਰ ਇਸ ਤਰੱਕੀ ਦੇ ਨਾਲ-ਨਾਲ ਸਾਨੂੰ ਆਪਣੀਆਂ ਜੜ੍ਹਾਂ ਅਤੇ ਸੰਵਿਧਾਨਕ ਮੁੱਲਾਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ। ਗਣਤੰਤਰ ਦਿਵਸ ਉਹਨਾਂ ਸਾਰੇ ਸੁਤੰਤਰਤਾ ਸੈਨਾਨੀਆਂ ਅਤੇ ਮਹਾਨ ਨੇਤਾਵਾਂ ਨੂੰ ਸ਼ਰਧਾਂਜਲੀ ਦੇਣ ਦਾ ਦਿਨ ਵੀ ਹੈ, ਜਿਨ੍ਹਾਂ ਨੇ ਆਜ਼ਾਦ ਅਤੇ ਲੋਕਤੰਤਰੀ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ। ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਵੱਲਭਭਾਈ ਪਟੇਲ, ਡਾਕਟਰ ਅੰਬੇਡਕਰ ਅਤੇ ਅਣਗਿਣਤ ਹੋਰ ਦੇਸ਼-ਭਗਤਾਂ ਦੀ ਕੁਰਬਾਨੀ ਕਾਰਨ ਹੀ ਅੱਜ ਅਸੀਂ ਇੱਕ ਆਜ਼ਾਦ ਗਣਤੰਤਰ ਵਿੱਚ ਸਾਹ ਲੈ ਰਹੇ ਹਾਂ। ਹਰ ਸਾਲ 26 ਜਨਵਰੀ ਨੂੰ ਭਾਰਤ ਵਿੱਚ ਗਣਤੰਤਰ ਦਿਵਸ ਬੜੇ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਦਿਨ ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੋੜ ਦੀ ਯਾਦ ਦਿਵਾਉਂਦਾ ਹੈ ਜਦੋਂ 1950 ਵਿੱਚ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ ਅਤੇ ਭਾਰਤ ਇੱਕ ਪੂਰਨ ਗਣਤੰਤਰ ਬਣ ਗਿਆ ਸੀ। 15 ਅਗਸਤ 1947 ਨੂੰ ਭਾਰਤ ਨੂੰ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਤਾਂ ਮਿਲ ਗਈ ਸੀ, ਪਰ ਦੇਸ਼ ਅਜੇ ਵੀ ਬ੍ਰਿਟਿਸ਼ ਕ੍ਰਾਊਨ ਦੇ ਅਧੀਨ ਇੱਕ ਡੋਮੀਨੀਅਨ ਸੀ। ਡਾਕਟਰ ਭੀਮਰਾਓ ਅੰਬੇਡਕਰ ਦੀ ਅਗਵਾਈ ਹੇਠ ਸੰਵਿਧਾਨ ਸਭਾ ਨੇ ਲਗਭਗ ਤਿੰਨ ਸਾਲਾਂ ਦੀ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ। 26 ਨਵੰਬਰ 1949 ਨੂੰ ਸੰਵਿਧਾਨ ਨੂੰ ਅਪਣਾਇਆ ਗਿਆ ਅਤੇ 26 ਜਨਵਰੀ 1950 ਨੂੰ ਇਸਨੂੰ ਲਾਗੂ ਕੀਤਾ ਗਿਆ। 26 ਜਨਵਰੀ ਦੀ ਤਾਰੀਖ ਦੀ ਚੋਣ ਵੀ ਇਤਿਹਾਸਕ ਮਹੱਤਤਾ ਰੱਖਦੀ ਹੈ। 1930 ਵਿੱਚ ਇਸੇ ਦਿਨ ਭਾਰਤੀ ਰਾਸ਼ਟਰੀ ਕਾਂਗਰਸ ਨੇ ਪੂਰਨ ਸਵਰਾਜ ਦਾ ਐਲਾਨ ਕੀਤਾ ਸੀ। ਇਸ ਯਾਦਗਾਰੀ ਤਾਰੀਖ ਨੂੰ ਸਨਮਾਨਿਤ ਕਰਨ ਲਈ ਸੰਵਿਧਾਨ ਨੂੰ ਵੀ ਇਸੇ ਦਿਨ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ। ਭਾਰਤੀ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਇਸ ਵਿੱਚ ਮੂਲ ਰੂਪ ਵਿੱਚ 395 ਧਾਰਾਵਾਂ ਅਤੇ 8 ਅਨੁਸੂਚੀਆਂ ਸਨ। ਇਹ ਸੰਵਿਧਾਨ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ-ਨਿਰਪੱਖ, ਲੋਕਤੰਤਰੀ ਗਣਰਾਜ ਘੋਸ਼ਿਤ ਕਰਦਾ ਹੈ। ਇਸ ਵਿੱਚ ਹਰ ਨਾਗਰਿਕ ਨੂੰ ਬੋਲਣ ਦੀ ਆਜ਼ਾਦੀ, ਧਰਮ ਦੀ ਆਜ਼ਾਦੀ, ਸਮਾਨਤਾ ਦਾ ਅਧਿਕਾਰ ਅਤੇ ਨਿਆਂ ਦਾ ਅਧਿਕਾਰ ਦਿੱਤਾ ਗਿਆ ਹੈ। ਸੰਵਿਧਾਨ ਨੇ ਭਾਰਤ ਨੂੰ ਇੱਕ ਸੰਘੀ ਢਾਂਚਾ ਦਿੱਤਾ, ਜਿਸ ਵਿੱਚ ਕੇਂਦਰ ਅਤੇ ਰਾਜਾਂ ਦੋਵਾਂ ਦੀਆਂ ਸਰਕਾਰਾਂ ਹੁੰਦੀਆਂ ਹਨ। ਇਸਨੇ ਇੱਕ ਸੁਤੰਤਰ ਨਿਆਂਪਾਲਿਕਾ ਦੀ ਸਥਾਪਨਾ ਕੀਤੀ ਅਤੇ ਮੌਲਿਕ ਅਧਿਕਾਰਾਂ ਦੀ ਗਰੰਟੀ ਦਿੱਤੀ। ਗਣਤੰਤਰ ਦਿਵਸ ਦਾ ਮੁੱਖ ਸਮਾਗਮ ਦਿੱਲੀ ਵਿੱਚ ਰਾਜਪਥ 'ਤੇ ਹੁੰਦਾ ਹੈ। ਰਾਸ਼ਟਰਪਤੀ ਰਾਸ਼ਟਰੀ ਝੰਡਾ ਫਹਿਰਾਉਂਦੇ ਹਨ ਅਤੇ ਰਾਸ਼ਟਰਗਾਨ ਗਾਇਆ ਜਾਂਦਾ ਹੈ। ਇਸ ਤੋਂ ਬਾਅਦ ਇੱਕ ਸ਼ਾਨਦਾਰ ਪਰੇਡ ਹੁੰਦੀ ਹੈ, ਜਿਸ ਵਿੱਚ ਤਿੰਨੋਂ ਸੈਨਾਵਾਂ-ਥਲ ਸੈਨਾ, ਜਲ ਸੈਨਾ ਅਤੇ ਵਾਯੂ ਸੈਨਾ-ਆਪਣੀ ਤਾਕਤ ਅਤੇ ਸਮਰੱਥਾ ਦਾ ਪ੍ਰਦਰਸ਼ਨ ਕਰਦੀਆਂ ਹਨ। ਪਰੇਡ ਵਿੱਚ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦੀਆਂ ਝਾਕੀਆਂ ਵੀ ਸ਼ਾਮਲ ਹੁੰਦੀਆਂ ਹਨ। ਹਰ ਰਾਜ ਆਪਣੀ ਖਾਸ ਸੱਭਿਆਚਾਰ, ਪਰੰਪਰਾ ਅਤੇ ਵਿਕਾਸ ਯੋਜਨਾਵਾਂ ਨੂੰ ਝਾਕੀਆਂ ਰਾਹੀਂ ਪੇਸ਼ ਕਰਦਾ ਹੈ। ਸਕੂਲੀ ਬੱਚੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਹਨ ਜੋ ਭਾਰਤ ਦੀ ਏਕਤਾ ਅਤੇ ਵਿਭਿੰਨਤਾ ਨੂੰ ਦਰਸਾਉਂਦੇ ਹਨ। ਪਰੇਡ ਦੇ ਅੰਤ ਵਿੱਚ ਵਾਯੂ ਸੈਨਾ ਦੇ ਜਹਾਜ਼ ਤਿਰੰਗੇ ਦੇ ਰੰਗਾਂ ਵਿੱਚ ਧੂੰਆਂ ਛੱਡਦੇ ਹੋਏ ਅਸਮਾਨ ਵਿੱਚ ਉੱਡਦੇ ਹਨ। ਇਹ ਦ੍ਰਿਸ਼ ਹਰ ਭਾਰਤੀ ਦੇ ਦਿਲ ਵਿੱਚ ਦੇਸ਼-ਭਗਤੀ ਦੀ ਭਾਵਨਾ ਜਗਾਉਂਦਾ ਹੈ। ਗਣਤੰਤਰ ਦਿਵਸ ਸਿਰਫ਼ ਦਿੱਲੀ ਤੱਕ ਹੀ ਸੀਮਿਤ ਨਹੀਂ ਹੈ। ਦੇਸ਼ ਭਰ ਵਿੱਚ ਸਕੂਲਾਂ, ਕਾਲਜਾਂ, ਸਰਕਾਰੀ ਦਫ਼ਤਰਾਂ ਅਤੇ ਸਭ ਥਾਵਾਂ 'ਤੇ ਝੰਡਾ ਫਹਿਰਾਇਆ ਜਾਂਦਾ ਹੈ। ਸਕੂਲਾਂ ਵਿੱਚ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ, ਜਿੱਥੇ ਬੱਚੇ ਦੇਸ਼-ਭਗਤੀ ਦੇ ਗੀਤ ਗਾਉਂਦੇ ਹਨ, ਨਾਟਕ ਪੇਸ਼ ਕਰਦੇ ਹਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ। ਇਸ ਦਿਨ ਹਰ ਭਾਰਤੀ ਦੇ ਦਿਲ ਵਿੱਚ ਆਪਣੇ ਦੇਸ਼ ਪ੍ਰਤੀ ਮਾਣ ਅਤੇ ਸਨਮਾਨ ਦੀ ਭਾਵਨਾ ਹੁੰਦੀ ਹੈ। ਲੋਕ ਆਪਣੇ ਘਰਾਂ, ਗੱਡੀਆਂ ਅਤੇ ਦੁਕਾਨਾਂ ਨੂੰ ਤਿਰੰਗੇ ਨਾਲ ਸਜਾਉਂਦੇ ਹਨ। ਟੈਲੀਵਿਜ਼ਨ 'ਤੇ ਦਿੱਲੀ ਦੀ ਪਰੇਡ ਦਾ ਸਿੱਧਾ ਪ੍ਰਸਾਰਣ ਦੇਖਿਆ ਜਾਂਦਾ ਹੈ।

**-ਜਗਜੀਤ ਸਿੰਘ ਦਰਦੀ**

### ਅੱਜ ਭਾਰਤੀ ਗਣਤੰਤਰ ਦੀ 76 ਵੀਂ ਵਰ੍ਹੇਗੰਢ

# ਭਾਰਤ ਦੇ ਆਮ ਆਦਮੀ ਲਈ ਉਮੀਦਾਂ ਦਾ ਇਕ ਦਿਨ

## ਵਿਕਸਿਤ ਭਾਰਤ 2047 ਵੱਲ ਕਦਮ ਪਰ ਆਮ ਆਦਮੀ ਦੀਆਂ ਮੁਸੀਬਤਾਂ ਦਾ ਹੱਲ ਬੇਹੱਦ ਜ਼ਰੂਰੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ




ਭਾਰਤੀ ਰਿਪਬਲਿਕ ਡੇ ਦੀ ਸਭ ਨੂੰ ਵਧਾਈ। ਵਿਕਾਸ ਦੀਆਂ ਉਚਾਈਆਂ, ਅਜੇ ਵੀ ਬਾਕੀ ਹਨ। ਅੱਜ ਵੀ ਚੁਣੌਤੀਆਂ ਅਤੇ ਆਮ ਆਦਮੀ ਦੀ ਅਟੱਲ ਆਸ 26 ਜਨਵਰੀ 1950 ਨੂੰ ਭਾਰਤ ਦੇ ਸੰਵਿਧਾਨ ਨੇ ਅਮਲ ਵਿੱਚ ਆ ਕੇ ਭਾਰਤ ਨੂੰ ਇੱਕ ਸੰਪੂਰਨ ਸੰਪ੍ਰਭੂ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਸੀ।

ਇਹ ਨਾ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਸੀ, ਸਗੋਂ ਇੱਕ ਵਿਜ਼ਨ ਸੀ, ਜਿੱਥੇ ਹਰ ਨਾਗਰਿਕ, ਭਾਵੇਂ ਅਮੀਰ ਹੋਵੇ ਜਾਂ ਗਰੀਬ, ਸ਼ਹਿਰੀ ਹੋਵੇ ਜਾਂ ਪੇਂਡੂ, ਜਾਤ-ਪਾਤ ਤੋਂ ਉੱਪਰ ਉੱਠ ਕੇ ਬਰਾਬਰੀ, ਸੁਤੰਤਰਤਾ, ਨਿਆਂ ਅਤੇ ਮੌਲਿਕ ਅਧਿਕਾਰਾਂ ਨਾਲ ਜੀਅ ਸਕੇ।

ਅੱਜ, ਜਦੋਂ ਅਸੀਂ ਜਨਵਰੀ 2026 ਵਿੱਚ ਖੜ੍ਹੇ ਹਾਂ ਅਤੇ 77ਵਾਂ ਗਣਤੰਤਰ ਦਿਵਸ ਮਨਾਉਣ ਜਾ ਰਹੇ ਹਾਂ, ਤਾਂ ਪਿਛਲੇ 75 ਸਾਲਾਂ ਦੀ ਯਾਤਰਾ ਨੂੰ ਵੇਖ ਕੇ ਮਨ ਵਿੱਚ ਮਿਸ਼ਰਤ ਭਾਵਨਾਵਾਂ ਉੱਠਦੀਆਂ ਹਨ। ਇੱਕ ਪਾਸੇ ਅਸੀਂ ਵਿਸ਼ਵ ਦੀ ਸਭ ਤੋਂ ਵੱਡੀ ਲੋਕਤੰਤਰੀ ਕੌਮ ਬਣ ਚੁੱਕੇ ਹਾਂ, ਅਰਥ ਵਿਵਸਥਾ ਵਿੱਚ ਤੇਜ਼ੀ ਨਾਲ ਅੱਗੇ ਵਧੇ ਹਾਂ, ਗਰੀਬੀ ਘਟਾਈ ਹੈ, ਸਿੱਖਿਆ ਅਤੇ ਸਿਹਤ ਵਿੱਚ ਤਰੱਕੀ ਕੀਤੀ ਹੈ। ਦੂਜੇ ਪਾਸੇ, ਆਮ ਆਦਮੀ- ਜੋ ਕਿਸਾਨ, ਮਜ਼ਦੂਰ, ਛੋਟੇ ਵਪਾਰੀ, ਅਨੁਸੂਚਿਤ ਜਾਤੀ/ਜਨਜਾਤੀ ਦੇ ਵਿਅਕਤੀ ਹੈ, ਅਜੇ ਵੀ ਰੋਜ਼ਗਾਰ, ਗੁਣਵੱਤਾ ਵਾਲੀ ਸਿੱਖਿਆ, ਸਿਹਤ ਸੇਵਾਵਾਂ ਅਤੇ ਸਮਾਜਿਕ ਨਿਆਂ ਤੱਕ ਪੂਰੀ ਪਹੁੰਚ ਨਹੀਂ ਰੱਖਦਾ।

ਅੱਜ ਇਹਨਾਂ ਸਾਰੇ ਪਹਿਲੂਆਂ ਨੂੰ ਵਿਸਥਾਰ ਨਾਲ ਛੂਹਦਿਆਂ ਅਤੇ ਅੰਕੜਿਆਂ ਤੇ ਤੱਥਾਂ ਨਾਲ ਚਰਚਾ ਕਰਦਿਆਂ ਜੋ ਅਸੀਂ ਸਮਝ ਸਕੀਏ ਕਿ ਅਸੀਂ ਕਿੱਥੇ ਪਹੁੰਚੇ ਹਾਂ ਅਤੇ ਅਜੇ ਕਿੱਥੇ ਜਾਣਾ ਬਾਕੀ ਹੈ। ਅੱਜ ਲੋਕਤੰਤਰ ਦੀਆਂ ਉਚਾਈਆਂ ਛੋਹ ਗਿਆ ਹੈ ਅਤੇ ਵਿਸ਼ਵ ਦੀ ਸਭ ਤੋਂ ਵੱਡੀ ਚੋਣ ਪ੍ਰਕਿਰਿਆ ਭਾਰਤ ਦਾ ਲੋਕਤੰਤਰ ਵਿਸ਼ਵ ਵਿੱਚ ਸਭ ਤੋਂ ਵੱਡਾ ਅਤੇ ਸਭ ਤੋਂ ਜਟਿਲ ਹੈ।

1951-52 ਵਿੱਚ ਪਹਿਲੀਆਂ ਆਮ ਚੋਣਾਂ ਵਿੱਚ ਲਗਭਗ 17 ਕਰੋੜ ਮਤਦਾਤਾ ਸਨ, ਜਦਕਿ 2024 ਦੀਆਂ ਚੋਣਾਂ ਵਿੱਚ 96 ਕਰੋੜ ਤੋਂ ਵੱਧ ਮਤਦਾਤਾ ਸਨ। ਇਹ ਵਧੇਰੇ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਦਾ ਪ੍ਰਤੀਕ ਹੈ। ਔਰਤਾਂ ਦੀ ਵੋਟਿੰਗ ਵਿੱਚ ਵੀ ਵੱਡਾ ਵਾਧਾ ਹੋਇਆ ਹੈ - 1950ਵਿਆਂ ਵਿੱਚ ਔਰਤਾਂ ਦੀ ਵੋਟਿੰਗ ਦਰ ਘੱਟ ਸੀ, ਪਰ ਅੱਜ ਉਹ ਪੁਰਸ਼ਾਂ ਨਾਲੋਂ ਵੀ ਵੱਧ ਹੁੰਦੀ ਹੈ ਕਈ ਰਾਜਾਂ ਵਿੱਚ। ਇਹ ਲੋਕਤੰਤਰ ਨੂੰ ਸੱਚਮੁੱਚ ਸ਼ਾਮਲ ਕਰਨ ਵਾਲਾ ਬਣਾਉਂਦਾ ਹੈ ਪਰ ਚੁਣੌਤੀਆਂ ਵੀ ਹਨ।

ਅੱਜ ਪ੍ਰੈੱਸ ਦੀ ਆਜ਼ਾਦੀ 'ਤੇ ਸਵਾਲ ਉੱਠਦੇ ਰਹਿੰਦੇ ਹਨ। Reporters Without Borders ਦੇ 2025 ਵਰਲਡ ਪ੍ਰੈੱਸ ਫ੍ਰੀਡਮ ਇੰਡੈਕਸ ਵਿੱਚ ਭਾਰਤ ਦਾ ਸਥਾਨ ਅਜੇ ਵੀ ਘੱਟ ਹੈ (ਲਗਭਗ 150 ਆਲੇ-ਦੁਆਲੇ), ਜੋ ਪੱਤਰਕਾਰਾਂ 'ਤੇ ਦਬਾਅ ਅਤੇ ਫੇਕ ਨਿਊਜ਼ ਦੀ ਸਮੱਸਿਆ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਵੋਟਰ ਲਿਸਟ ਵਿੱਚ ਨਾਂ ਸ਼ਾਮਲ ਕਰਨਾ, EVM 'ਤੇ ਵਿਵਾਦ ਅਤੇ ਧਨ-ਬਲ ਦੀ ਵਰਤੋਂ ਵਰਗੇ ਮੁੱਦੇ ਅਜੇ ਵੀ ਚਰਚਾ ਵਿੱਚ ਹਨ। ਫਿਰ ਵੀ, ਭਾਰਤ ਨੇ ਲਗਾਤਾਰ ਚੋਣਾਂ ਕਰਵਾ ਕੇ ਲੋਕਤੰਤਰ ਨੂੰ ਜਿਉਂਦਾ ਰੱਖਿਆ ਹੈ - ਇਹ ਆਪਣੇ ਆਪ ਵਿੱਚ ਇੱਕ ਵੱਡੀ ਉਪਲਬਧੀ ਹੈ।ਆਰਥਿਕ ਵਿਕਾਸ: 1950 ਤੋਂ 2026 ਤੱਕ ਦੀ ਯਾਤਰਾ 1950 ਵਿੱਚ ਭਾਰਤ ਦੀ ਅਰਥ ਵਿਵਸਥਾ ਬਹੁਤ ਕਮਜ਼ੋਰ ਸੀ।

ਭਾਰਤ ਦੀ ਵੰਡ ਤੋਂ ਬਾਅਦ ਗਰੀਬੀ, ਭੁੱਖਮਰੀ ਅਤੇ ਬੇਰੁਜ਼ਗਾਰੀ ਨੇ ਦੇਸ਼ ਨੂੰ ਝੰਜੋੜਿਆ ਸੀ। GDP ਪ੍ਰਤੀ ਵਿਅਕਤੀ ਲਗਭਗ 619 ਅਮਰੀਕੀ ਡਾਲਰ (constant prices ਵਿੱਚ) ਸੀ, ਜੋ ਅੱਜ 2024-25 ਵਿੱਚ ਲਗਭਗ 2,500-2,700 ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ (World Bank ਅਤੇ IMF ਡੇਟਾ ਅਨੁਸਾਰ)। ਇਹ ਲਗਭਗ 4-5 ਗੁਣਾ ਵਾਧਾ ਹੈ, ਪਰ ਅਸਲ ਵਿੱਚ purchasing power parity (PPP) ਵਿੱਚ ਵਧੇਰੇ ਹੈ।1991 ਦੇ ਆਰਥਿਕ ਸੁਧਾਰਾਂ ਨੇ ਭਾਰਤ ਨੂੰ ਨਵੀਂ ਰਫ਼ਤਾਰ ਦਿੱਤੀ। ਉਦਾਰੀਕਰਨ, ਨਿੱਜੀਕਰਨ ਅਤੇ ਵਿਦੇਸ਼ੀ ਨਿਵੇਸ਼ ਨੇ ਉਘਦਦਯੋਗ ਅਤੇ ਸੇਵਾ ਖੇਤਰ ਨੂੰ ਵਧਾਇਆ।

ਅੱਜ ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੈ ਅਤੇ IMF ਅਨੁਸਾਰ 2025-26 ਵਿੱਚ 7.3% ਤੋਂ 7.4% ਵਿਕਾਸ ਦੀ ਉਮੀਦ ਹੈ। QB FY 2025-26 ਵਿੱਚ 8.2% ਵਿਕਾਸ ਹੋਇਆ, ਜੋ ਦੇਸ਼ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ।ਪਰ ਇਹ ਵਿਕਾਸ ਸਾਰਿਆਂ ਤੱਕ ਨਹੀਂ ਪਹੁੰਚ ਰਿਹਾ। ਅਸਮਾਨਤਾ ਵਧੀ ਹੈ - ਟੌਪ 1% ਅਮੀਰਾਂ ਕੋਲ ਦੇਸ਼ ਦੀ ਕਾਫੀ ਜਾਇਦਾਦ ਹੈ। Gini coefficient ਅਜੇ ਵੀ ਉੱਚਾ ਹੈ। ਇਸ ਲਈ 'ਸਭ ਕਾ ਸਾਥ, ਸਭ ਕਾ ਵਿਕਾਸ' ਵਰਗੇ ਨਾਅਰੇ ਅਹਿਮ ਹਨ।ਗਰੀਬੀ ਘਟਾਉਣ ਵਿੱਚ ਸਫਲਤਾ ਅਤੇ ਬਾਕੀ ਰਹਿੰਦੀ ਚੁਣੌਤੀ ਪਿਛਲੇ 75 ਸਾਲਾਂ ਵਿੱਚ ਗਰੀਬੀ ਵਿੱਚ ਵੱਡੀ ਕਮੀ ਆਈ ਹੈ।

1950ਵਿਆਂ ਵਿੱਚ ਲਗਭਗ 60-70% ਆਬਾਦੀ ਗਰੀਬੀ ਰੇਖਾ ਹੇਠਾਂ ਸੀ। World Bank ਅਨੁਸਾਰ, ਅੱਜ extreme poverty 2-3% ਤੱਕ ਘੱਟ ਗਈ ਹੈ (2022-23 ਡੇਟਾ)। Multidimensional Poverty Index 2025 ਅਨੁਸਾਰ, ਭਾਰਤ ਨੇ 2005-06 ਤੋਂ 2019-21 ਤੱਕ 415 ਮਿਲੀਅਨ ਤੋਂ ਵੱਧ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਹੈ। NITI Aayog ਦੇ ਅਨੁਸਾਰ, 2015-16 ਤੋਂ 2019-21 ਤੱਕ 13.5 ਕਰੋੜ ਲੋਕ ਮਲਟੀਡਾਇਮੈਂਸ਼ਨਲ ਗਰੀਬੀ ਤੋਂ ਬਾਹਰ ਆਏ।ਯੋਜਨਾਵਾਂ ਜਿਵੇਂ MNREGA, PM Garib Kalyan Anna Yojana, Ujjwala, PM Awas, Jal Jeevan Mission ਅਤੇ Ayushman Bharat ਨੇ ਇਸ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਅੱਜ ਕਰੋੜਾਂ ਘਰਾਂ ਵਿੱਚ ਬਿਜਲੀ, ਪਾਣੀ, ਟਾਇਲੇਟ, ਗੈਸ ਅਤੇ ਰੋਜ਼ਾਨਾ ਰਾਸ਼ਨ ਪਹੁੰਚ ਰਿਹਾ ਹੈ। ਪਰ ਅਜੇ ਵੀ ਗਰੀਬੀ ਦੀ ਗੰਭੀਰਤਾ ਬਾਕੀ ਹੈ - ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਅਤੇ ਅਨੁਸੂਚਿਤ ਜਾਤੀ/ਜਨਜਾਤੀ ਵਿੱਚ।ਸਿੱਖਿਆ ਅਤੇ ਸਿਹਤ: ਤਰੱਕੀ ਅਤੇ ਅੰਤਰਸਾਖਰਤਾ ਦਰ 1951 ਵਿੱਚ 18% ਸੀ, 2011 ਵਿੱਚ 73%, ਅਤੇ 2025 ਵਿੱਚ ਅੰਦਾਜ਼ਨ 77-80% ਤੱਕ ਪਹੁੰਚ ਗਈ ਹੈ (ਵੱਖ-ਵੱਖ ਸਰਵੇ ਅਨੁਸਾਰ)। NEP 2020 ਨੇ ਸਿੱਖਿਆ ਨੂੰ ਨਵਾਂ ਰੂਪ ਦਿੱਤਾ ਹੈ। ਔਰਤਾਂ ਦੀ ਸਾਖਰਤਾ ਵਿੱਚ ਵੱਡਾ ਵਾਧਾ ਹੋਇਆ ਹੈ।ਸਿਹਤ ਵਿੱਚ IMR (Infant Mortality Rate) 1950 ਵਿੱਚ 146/1000 ਸੀ, ਅੱਜ 25-30/1000 ਤੱਕ ਘੱਟ ਗਿਆ ਹੈ। Ayushman Bharat ਨੇ 50 ਕਰੋੜ ਤੋਂ ਵੱਧ ਲੋਕਾਂ ਨੂੰ ਮੁਫਤ ਇਲਾਜ ਦਿੱਤਾ ਹੈ। ਪਰ ਗੁਣਵੱਤਾ ਵਾਲੀ ਸਿੱਖਿਆ ਅਤੇ ਸਿਹਤ ਸੇਵਾਵਾਂ ਅਜੇ ਵੀ ਅਸਮਾਨ ਹਨ - ਪ੍ਰਾਈਵੇਟ ਸੈਕਟਰ ਮਹਿੰਗਾ ਹੈ ਅਤੇ ਸਰਕਾਰੀ ਸਿਸਟਮ ਵਿੱਚ ਕਮੀਆਂ ਹਨ।

ਅੱਜ ਰੋਜ਼ਗਾਰ ਅਤੇ ਬੇਰੁਜ਼ਗਾਰੀ ਵਿਚ ਸਭ ਤੋਂ ਵੱਡੀ ਚੁਣੌਤੀ ਭਾਰਤ ਵਿੱਚ ਨੌਜਵਾਨ ਆਬਾਦੀ ਵੱਧ ਹੈ (65% 35 ਸਾਲ ਤੋਂ ਘੱਟ), ਪਰ ਰੋਜ਼ਗਾਰ ਦੀ ਘਾਟ ਹੈ। PLFS ਅਤੇ CMIE ਅਨੁਸਾਰ, 2025 ਵਿੱਚ unemployment rate 4.7-6.8% ਵਿਚਕਾਰ ਰਹੀ ਹੈ, ਪਰ ਯੂਥ unemployment (15-29 ਸਾਲ) 10-15% ਤੱਕ ਹੈ। ਨੌਕਰੀਆਂ ਦੀ ਕੁਆਲਿਟੀ ਵੀ ਮੁੱਦਾ ਹੈ - ਬਹੁਤ ਸਾਰੀਆਂ ਅਸੁਰੱਖਿਅਤ ਅਤੇ ਘੱਟ ਤਨਖਾਹ ਵਾਲੀਆਂ ਹਨ।Make in India, Startup India ਅਤੇ Skill India ਵਰਗੀਆਂ ਯੋਜਨਾਵਾਂ ਨੇ ਨੌਕਰੀਆਂ ਪੈਦਾ ਕੀਤੀਆਂ ਹਨ, ਪਰ ਅਜੇ ਵੀ ਡਿਗਰੀਧਾਰੀ ਅਤੇ ਸਕਿੱਲ ਵਿਚਕਾਰ ਅੰਤਰ ਹੈ।

ਅੱਜ ਆਮ ਆਦਮੀ ਲਈ ਰਿਪਬਲਿਕ ਡੇ ਇਕ ਆਸ ਅਤੇ ਉਮੰਗ ਹਨ ਅਤੇ ਆਮ ਆਦਮੀ ਲਈ ਇਹ ਦਿਨ ਸਿਰਫ਼ ਪਰੇਡ ਅਤੇ ਝੰਡੇ ਨਹੀਂ, ਸਗੋਂ ਇੱਕ ਯਾਦ ਦਿਵਾਉਣ ਵਾਲਾ ਹੈ ਕਿ ਸੰਵਿਧਾਨ ਨੇ ਉਸ ਨੂੰ ਅਧਿਕਾਰ ਦਿੱਤੇ ਹਨ। ਉਹ ਜੋ ਹਾਸ਼ੀਏ 'ਤੇ ਹੈ, ਉਸ ਲਈ ਇਹ ਆਸ ਹੈ ਕਿ ਭਵਿੱਖ ਵਿੱਚ ਰੋਜ਼ੀ-ਰੋਟੀ, ਸਨਮਾਨ ਅਤੇ ਨਿਆਂ ਮਿਲੇਗਾ। ਪਿਛਲੇ 75 ਸਾਲਾਂ ਵਿੱਚ ਜੋ ਬਦਲਾਅ ਆਏ ਹਨ, ਉਹ ਅਸੰਭਵ ਲੱਗਦੇ ਸਨ ਅਤੇ ਅਜੇ ਵੀ ਬਹੁਤ ਕੁਝ ਬਾਕੀ ਹੈ।ਅਸੀਂ ਡਿਜੀਟਲ ਇੰਡੀਆ, ਆਤਮਨਿਰਭਰ ਭਾਰਤ ਅਤੇ Viksit Bharat 02047 ਵੱਲ ਵਧ ਰਹੇ ਹਾਂ।

ਜੇ ਅਸੀਂ ਸਮਾਜਿਕ ਨਿਆਂ, ਅਸਮਾਨਤਾ ਘਟਾਉਣ ਅਤੇ ਸਾਰਿਆਂ ਤੱਕ ਵਿਕਾਸ ਪਹੁੰਚਾਉਣ 'ਤੇ ਧਿਆਨ ਦੇਈਏ, ਤਾਂ ਭਵਿੱਖ ਬਹੁਤ ਚਮਕਦਾਰ ਹੋ ਸਕਦਾ ਹੈ। ਰਿਪਬਲਿਕ ਡੇ ਆਮ ਆਦਮੀ ਨੂੰ ਯਾਦ ਕਰਾਉਂਦਾ ਹੈ।ਅਸੀਂ ਲੋਕ ਹੀ ਸੰਵਿਧਾਨ ਹਾਂ, ਅਤੇ ਅਸੀਂ ਹੀ ਇਸ ਨੂੰ ਸੱਚ ਕਰ ਸਕਦੇ ਹਾਂ।

**ਜੈ ਹਿੰਦ! ਜੈ ਭਾਰਤ!**

### 26 ਜਨਵਰੀ ਭਾਰਤ ਦਾ ਗਣਤੰਤਰ ਦਿਵਸ

# ਸੰਵਿਧਾਨ, ਲੋਕਤੰਤਰ ਅਤੇ ਰਾਸ਼ਟਰੀ ਗੌਰਵ ਦਾ ਪ੍ਰਤੀਕ



ਵਿੰਕਲਜੀਤ ਸਿੰਘ ਸਰਾ
9501477889

**ਇੱਕ ਮਹਾਨ ਰਾਸ਼ਟਰ ਦਾ ਸੰਵਿਧਾਨਕ ਸਫ਼ਰ** : ਭਾਰਤ, ਜੋ ਕਿ ਵਿਸ਼ਵ ਦੀ ਸਭ ਤੋਂ ਪ੍ਰਾਚੀਨ ਸਭਿਅਤਾਵਾਂ ਵਿੱਚੋਂ ਇੱਕ ਹੈ 26 ਜਨਵਰੀ ਨੂੰ ਆਪਣੇ 'ਗਣਤੰਤਰ ਦਿਵਸ' ਵਜੋਂ ਮਨਾਉਂਦਾ ਹੈ। ਇਹ ਦਿਨ ਮਹਿਜ਼ ਇੱਕ ਸਰਕਾਰੀ ਸਮਾਗਮ ਨਹੀਂ ਸਗੋਂ ਹਰ ਭਾਰਤੀ ਦੇ ਸਵੈ-ਮਾਨ, ਆਜ਼ਾਦੀ ਅਤੇ ਸੰਵਿਧਾਨਕ ਹੱਕਾਂ ਦਾ ਜਸ਼ਨ ਹੈ। 15 ਅਗਸਤ 1947 ਨੂੰ ਦੇਸ਼ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਤਾਂ ਹੋ ਗਿਆ ਸੀ ਪਰ ਇੱਕ ਪੂਰਨ ਪ੍ਰਭੂਸੱਤਾ ਸੰਪੰਨ ਲੋਕਤੰਤਰੀ ਗਣਰਾਜ ਬਣਨ ਦਾ ਸੁਪਨਾ 26 ਜਨਵਰੀ 1950 ਨੂੰ ਪੂਰਾ ਹੋਇਆ। ਇਸ ਦਿਨ ਭਾਰਤ ਨੇ ਆਪਣਾ ਲਿਖਤੀ ਸੰਵਿਧਾਨ ਅਪਣਾਇਆ ਅਤੇ ਡਾ. ਰਾਜਿੰਦਰ ਪ੍ਰਸਾਦ ਦੇ ਰੂਪ ਵਿੱਚ ਦੇਸ਼ ਨੂੰ ਪਹਿਲਾ ਰਾਸ਼ਟਰਪਤੀ ਮਿਲਿਆ।

**ਇਤਿਹਾਸਕ ਪਿਛੋਕੜ, ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤੀ ਤੱਕ** : ਭਾਰਤ ਲਗਭਗ ਦੋ ਸਦੀਆਂ ਤੱਕ ਬ੍ਰਿਟਿਸ਼ ਸਾਮਰਾਜ ਦੇ ਅਧੀਨ ਰਿਹਾ। 1857 ਦੀ ਬਗਾਵਤ ਤੋਂ ਬਾਅਦ ਆਜ਼ਾਦੀ ਦੀ ਜੋ ਲਾਟ ਬਾਲੀ ਗਈ ਸੀ, ਉਹ 1947 ਤੱਕ ਲਗਾਤਾਰ ਮਘਦੀ ਰਹੀ।

**ਪੂਰਨ ਸਵਰਾਜ ਦੀ ਗੂੰਜ (1930)**: 26 ਜਨਵਰੀ ਦੀ ਇਤਿਹਾਸਕ ਮਹੱਤਤਾ 1930 ਤੋਂ ਸ਼ੁਰੂ ਹੁੰਦੀ ਹੈ। ਲਾਹੌਰ ਵਿੱਚ ਰਾਵੀ ਦਰਿਆ ਦੇ ਕੰਢੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਨੇ 'ਪੂਰਨ ਸਵਰਾਜ' (ਮੁਕੰਮਲ ਆਜ਼ਾਦੀ) ਦਾ ਮਤਾ ਪਾਸ ਕੀਤਾ ਸੀ। ਉਸ ਦਿਨ ਪਹਿਲੀ ਵਾਰ ਤਿਰੰਗਾ ਲਹਿਰਾਇਆ ਗਿਆ ਅਤੇ ਸਹੁੰ ਖਾਧੀ ਗਈ ਕਿ ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ ਹਰ ਸਾਲ 26 ਜਨਵਰੀ ਨੂੰ 'ਆਜ਼ਾਦੀ ਦਿਵਸ' ਵਜੋਂ ਮਨਾਇਆ ਜਾਵੇਗਾ। ਆਜ਼ਾਦੀ ਤੋਂ ਬਾਅਦ ਇਸੇ ਇਤਿਹਾਸਕ ਤਾਰੀਖ਼ ਨੂੰ ਅਮਰ ਕਰਨ ਲਈ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਕੀਤਾ ਗਿਆ।

**ਭਾਰਤ ਦੇ ਅਣਮੋਲ ਹੀਰੇ, ਆਜ਼ਾਦੀ ਘੁਲਾਟੀਏ (Freedom Fighters)** : ਇਸ ਦਿਨ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਅਤੇ ਆਗੂਆਂ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਖੂਨ ਨਾਲ ਦੇਸ਼ ਦੀ ਆਜ਼ਾਦੀ ਦੀ ਇਬਾਰਤ ਲਿਖੀ।

**ਗਣਤੰਤਰ ਦੀ ਨੀਂਹ ਇਨ੍ਹਾਂ ਦੀਆਂ ਕੁਰਬਾਨੀਆਂ 'ਤੇ ਟਿਕੀ ਹੋਈ ਹੈ**: ਸ਼ਹੀਦ-ਏ-ਆਜ਼ਮ ਭਗਤ ਸਿੰਘ: ਨੌਜਵਾਨਾਂ ਦੇ ਪ੍ਰੇਰਨਾ ਸਰੋਤ, ਜਿਨ੍ਹਾਂ ਨੇ ਹੱਸਦੇ-ਹੱਸਦੇ ਫਾਂਸੀ ਦਾ ਰੱਸਾ ਚੁੰਮਿਆ। ਮਹਾਤਮਾ ਗਾਂਧੀ: ਅਹਿੰਸਾ ਅਤੇ ਸੱਤਿਆਗ੍ਰਹਿ ਦੇ ਪੁੰਜ, ਜਿਨ੍ਹਾਂ ਨੇ ਜਨ-ਅੰਦੋਲਨ ਖੜ੍ਹਾ ਕੀਤਾ। ਨੇਤਾਜੀ ਸੁਭਾਸ਼ ਚੰਦਰ ਬੋਸ: 'ਆਜ਼ਾਦ ਹਿੰਦ ਫੌਜ' ਰਾਹੀਂ ਅੰਗਰੇਜ਼ਾਂ ਦੀਆਂ ਨੀਂਹਾਂ ਹਿਲਾਉਣ ਵਾਲੇ ਸੂਰਬੀਰ। ਸਰਦਾਰ ਵੱਲਭਭਾਈ ਪਟੇਲ: 'ਲੋਹ ਪੁਰਸ਼' ਜਿਨ੍ਹਾਂ ਨੇ ਖਿੰਡੇ ਹੋਏ ਭਾਰਤ ਨੂੰ ਇੱਕ ਸੂਤਰ ਵਿੱਚ ਪਰੋਇਆ। ਡਾ. ਬੀ.ਆਰ. ਅੰਬੇਡਕਰ: ਸੰਵਿਧਾਨ ਦੇ ਨਿਰਮਾਤਾ, ਜਿਨ੍ਹਾਂ ਨੇ ਸਮਾਜ ਦੇ ਪਛੜੇ ਵਰਗਾਂ ਨੂੰ ਹੱਕ ਦਿਵਾਏ। ਲਾਲਾ ਲਾਜਪਤ ਰਾਏ: 'ਸ਼ੇਰ-ਏ-ਪੰਜਾਬ', ਜਿਨ੍ਹਾਂ ਨੇ ਸਾਈਮਨ ਕਮਿਸ਼ਨ ਵਿਰੁੱਧ ਲੜਦਿਆਂ ਸ਼ਹਾਦਤ ਦਿੱਤੀ। ਚੰਦਰ ਸ਼ੇਖਰ ਆਜ਼ਾਦ: ਜਿਨ੍ਹਾਂ ਨੇ ਆਖਰੀ ਸਾਹ ਤੱਕ ਗੁਲਾਮ ਨਾ ਹੋਣ ਦਾ ਅਹਿਦ ਨਿਭਾਇਆ। ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ: ਪੰਜਾਬ ਦੀ ਧਰਤੀ ਦੇ ਉਹ ਯੋਧੇ ਜਿਨ੍ਹਾਂ ਦੀ ਕੁਰਬਾਨੀ ਅੱਜ ਵੀ ਰੂਹਾਂ ਨੂੰ ਜਗਾਉਂਦੀ ਹੈ। ਰਾਣੀ ਲਕਸ਼ਮੀ ਬਾਈ, ਅਸ਼ਫਾਕੁੱਲਾ ਖਾਨ, ਸੁਖਦੇਵ, ਰਾਜਗੁਰੂ, ਬਾਲ ਗੰਗਾਧਰ ਤਿਲਕ, ਬਿਪਿਨ ਚੰਦਰ ਪਾਲ, ਚਿਤਰੰਜਨ ਦਾਸ, ਖੁਦੀਰਾਮ ਬੋਸ, ਬੀਕਾਜੀ ਕਾਮਾ, ਸਰੋਜਨੀ ਨਾਇਡੂ, ਮਦਨ ਲਾਲ ਢੀਂਗਰਾ, ਡਾ. ਸੈਫੂਦੀਨ ਕਿਚਲੂ, ਬਾਬਾ ਸੋਹਣ ਸਿੰਘ ਭਕਨਾ ਅਤੇ ਗਣੇਸ਼ ਸ਼ੰਕਰ ਵਿਦਿਆਰਥੀ।

**ਸੰਵਿਧਾਨ, ਰਾਸ਼ਟਰ ਦੀ ਆਤਮਾ** : ਭਾਰਤੀ ਸੰਵਿਧਾਨ ਵਿਸ਼ਵ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਇਸ ਨੂੰ ਤਿਆਰ ਕਰਨ ਲਈ ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਦਾ ਸਮਾਂ ਲਿਆ।

**ਡਾ. ਅੰਬੇਡਕਰ ਦੀ ਭੂਮਿਕਾ**: ਸੰਵਿਧਾਨਕ ਮਸੌਦਾ ਕਮੇਟੀ ਦੇ ਚੇਅਰਮੈਨ ਵਜੋਂ ਉਨ੍ਹਾਂ ਨੇ ਯਕੀਨੀ ਬਣਾਇਆ ਕਿ ਭਾਰਤ ਇੱਕ ਅਜਿਹਾ ਦੇਸ਼ ਬਣੇ ਜਿੱਥੇ ਜਾਤ, ਧਰਮ ਜਾਂ ਲਿੰਗ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਹੋਵੇ।

**ਮੁੱਖ ਵਿਸ਼ੇਸ਼ਤਾਵਾਂ**: ਸਾਡਾ ਸੰਵਿਧਾਨ ਸਾਨੂੰ 'ਮੌਲਿਕ ਅਧਿਕਾਰ' ਦਿੰਦਾ ਹੈ ਪਰ ਨਾਲ ਹੀ 'ਮੌਲਿਕ ਫਰਜ਼ਾਂ' ਦੀ ਯਾਦ ਵੀ ਦਿਵਾਉਂਦਾ ਹੈ। ਇਹ ਭਾਰਤ ਨੂੰ ਇੱਕ ਧਰਮ-ਨਿਰਪੱਖ ਅਤੇ ਸਮਾਜਵਾਦੀ ਗਣਰਾਜ ਘੋਸ਼ਿਤ ਕਰਦਾ ਹੈ।

**ਦਿੱਲੀ ਦੀ ਸ਼ਾਨਦਾਰ ਪਰੇਡ, ਸ਼ਕਤੀ ਅਤੇ ਸੱਭਿਆਚਾਰ ਦਾ ਸੁਮੇਲ** : ਗਣਤੰਤਰ ਦਿਵਸ ਦਾ ਸਭ ਤੋਂ ਆਕਰਸ਼ਕ ਹਿੱਸਾ ਨਵੀਂ ਦਿੱਲੀ ਦੇ 'ਕਰਤੱਵਿਆ ਪਥ' 'ਤੇ ਹੋਣ ਵਾਲੀ ਪਰੇਡ ਹੈ।




**ਸੈਨਿਕ ਸ਼ਕਤੀ**: ਭਾਰਤੀ ਫੌਜ, ਹਵਾਈ ਫੌਜ ਅਤੇ ਜਲ ਸੈਨਾ ਆਪਣੇ ਆਧੁਨਿਕ ਹਥਿਆਰਾਂ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕਰਦੀਆਂ ਹਨ। ਹਵਾਈ ਫੌਜ ਦਾ 'ਫਲਾਈ ਪਾਸਟ' ਅਸਮਾਨ ਵਿੱਚ ਤਿਰੰਗਾ ਬਣਾ ਕੇ ਹਰ ਭਾਰਤੀ ਦਾ ਸੀਨਾ ਮਾਣ ਨਾਲ ਚੌੜਾ ਕਰ ਦਿੰਦਾ ਹੈ।

**ਸੱਭਿਆਚਾਰਕ ਝਾਕੀਆਂ**: ਹਰ ਰਾਜ ਆਪਣੀ ਵਿਰਾਸਤ ਪੇਸ਼ ਕਰਦਾ ਹੈ। ਪੰਜਾਬ ਦੀ ਝਾਕੀ ਵਿੱਚ ਅਕਸਰ ਸਿੱਖ ਇਤਿਹਾਸ, ਭੰਗੜਾ ਅਤੇ ਪੰਜਾਬ ਦੀ ਖੇਤੀਬਾੜੀ ਦੀ ਝਲਕ ਦੇਖਣ ਨੂੰ ਮਿਲਦੀ ਹੈ।

**ਬਹਾਦਰੀ ਪੁਰਸਕਾਰ**: ਰਾਸ਼ਟਰਪਤੀ ਉਨ੍ਹਾਂ ਜਵਾਨਾਂ ਅਤੇ ਬੱਚਿਆਂ ਨੂੰ ਸਨਮਾਨਿਤ ਕਰਦੇ ਹਨ, ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਬਹਾਦਰੀ ਦਿਖਾਈ ਹੁੰਦੀ ਹੈ।

**ਪੰਜਾਬ ਅਤੇ ਗਣਤੰਤਰ ਦਿਵਸ** : ਪੰਜਾਬ ਦਾ ਭਾਰਤ ਦੇ ਗਣਤੰਤਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਸਭ ਤੋਂ ਵੱਧ ਜਵਾਨ ਪੰਜਾਬ ਦੀ ਧਰਤੀ ਤੋਂ ਹਨ। ਇਸ ਤੋਂ ਇਲਾਵਾ ਦੇਸ਼ ਦਾ ਢਿੱਡ ਭਰਨ ਵਾਲਾ 'ਅੰਨਦਾਤਾ' ਵੀ ਪੰਜਾਬ ਹੀ ਹੈ। ਗਣਤੰਤਰ ਦਿਵਸ ਮੌਕੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਕੂਲਾਂ ਵਿੱਚ ਤਿਰੰਗਾ ਲਹਿਰਾਇਆ ਜਾਂਦਾ ਹੈ ਅਤੇ ਦੇਸ਼ ਭਗਤੀ ਦੇ ਗੀਤ ਗਾਏ ਜਾਂਦੇ ਹਨ।

**ਅਜੋਕੀਆਂ ਚੁਣੌਤੀਆਂ ਅਤੇ ਸਾਡਾ ਫਰਜ਼** : ਗਣਤੰਤਰ ਦਾ ਅਸਲ ਮਤਲਬ ਉਦੋਂ ਹੀ ਸਾਰਥਕ ਹੋਵੇਗਾ ਜਦੋਂ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ ਅਤੇ ਭ੍ਰਿਸ਼ਟਾਚਾਰ ਖ਼ਤਮ ਹੋਵੇਗਾ। ਅੱਜ ਦੇ ਨੌਜਵਾਨਾਂ ਨੂੰ ਸੰਵਿਧਾਨਕ ਮੁੱਲਾਂ ਨੂੰ ਸਮਝਣ ਦੀ ਲੋੜ ਹੈ। ਸਾਨੂੰ ਸਿਰਫ਼ ਹੱਕਾਂ ਦੀ ਗੱਲ ਨਹੀਂ ਕਰਨੀ ਚਾਹੀਦੀ, ਸਗੋਂ ਆਪਣੇ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਨੂੰ ਵੀ ਪਛਾਣਨਾ ਚਾਹੀਦਾ ਹੈ।

26 ਜਨਵਰੀ ਸਾਨੂੰ ਇੱਕ ਅਜਿਹਾ ਮੌਕਾ ਦਿੰਦੀ ਹੈ ਜਦੋਂ ਅਸੀਂ ਪਿੱਛੇ ਮੁੜ ਕੇ ਆਪਣੀਆਂ ਪ੍ਰਾਪਤੀਆਂ ਨੂੰ ਦੇਖੀਏ ਅਤੇ ਭਵਿੱਖ ਲਈ ਨਵੇਂ ਸੁਪਨੇ ਸਿਰਜੀਏ। ਇਹ ਦਿਨ 'ਏਕਤਾ ਵਿੱਚ ਅਨੇਕਤਾ' ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਆਓ, ਅਸੀਂ ਸਾਰੇ ਮਿਲ ਕੇ ਪ੍ਰਣ ਕਰੀਏ ਕਿ ਅਸੀਂ ਭਾਰਤ ਨੂੰ ਇੱਕ ਖੁਸ਼ਹਾਲ, ਸ਼ਾਂਤੀਪੂਰਨ ਅਤੇ ਮਜ਼ਬੂਤ ਰਾਸ਼ਟਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਵਾਂਗੇ।

### ਬਰਸੀ 'ਤੇ ਵਿਸ਼ੇਸ਼

# ਢਾਡੀ ਕਲਾ ਦਾ ਸਿਖਰ-ਢਾਡੀ ਗਿ. ਦਇਆ ਸਿੰਘ ਦਿਲਬਰ



ਭਗਵਾਨ ਸਿੰਘ ਜੌਹਲ
ਮੋ. 98143-24040

ਢਾਡੀ ਕਲਾ ਪੰਜਾਬੀ ਲੋਕ-ਸੰਗੀਤ ਦਾ ਇਕ ਅਹਿਮ ਅੰਗ ਹੀ ਨਹੀਂ, ਸਗੋਂ ਪੰਜਾਬ ਦਾ ਕੀਮਤੀ ਵਿਰਸਾ ਵੀ ਹੈ। ਇਸ ਕਲਾ ਨੂੰ ਅਤੇ ਵਿਰਸੇ ਨੂੰ ਸੰਭਾਲਣ ਲਈ ਛੇਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਵੱਡਮੁੱਲਾ ਯੋਗਦਾਨ ਪਾਇਆ। ਢਾਡੀ ਪ੍ਰਸੰਗ ਅਤੇ ਢਾਡੀ ਵਾਰਾਂ ਸੁਣ ਕੇ ਹਰ ਪੰਜਾਬੀ ਦਾ ਲਹੂ ਖੌਲ ਉੱਠਦਾ ਹੈ। ਲਹਿੰਦੇ ਅਤੇ ਚੜ੍ਹਦੇ ਪੰਜਾਬ ਨੇ ਗੁਰੂ ਕਾਲ ਤੋਂ ਹੁਣ ਤੱਕ ਅਨੇਕਾਂ ਨਾਮਵਰ ਢਾਡੀ ਪੈਦਾ ਕੀਤੇ ਹਨ। ਢਾਡੀ ਕਲਾ ਨੂੰ ਸੰਭਾਲਣ ਲਈ ਜਿਹੜਾ ਯੋਗਦਾਨ ਗੁਰਪੁਰ ਵਾਸੀ ਢਾਡੀ ਦਇਆ ਸਿੰਘ ਦਿਲਬਰ ਨੇ ਪਾਇਆ, ਉਹ ਸ਼ਬਦਾਂ ਦਾ ਮੁਹਤਾਜ ਨਹੀਂ। ਗਿਆਨੀ ਦਇਆ ਸਿੰਘ ਦਿਲਬਰ ਇਕੋ ਸਮੇਂ ਅਨੇਕਾਂ ਗੁਣ ਲੈ ਕੇ ਇਸ ਸਾਂਝੇ ਪੰਜਾਬ ਦੀ ਧਰਤੀ ਦਾ ਸ਼ਿੰਗਾਰ ਹੋ ਨਿਬੜਿਆ। ਗਿਆਨੀ ਦਇਆ ਸਿੰਘ ਦਿਲਬਰ ਜਿਥੇ ਗੁਰਮਤਿ ਸਿਧਾਂਤਾਂ ਦੀ ਸੋਝੀ ਰੱਖਣ ਵਾਲਾ ਵਿਦਵਾਨ ਤੇ ਬੇਧੜਕ ਵਕਤਾ ਸੀ। ਇਸ ਤੋਂ ਇਲਾਵਾ ਉਹ ਕਲਮ ਦਾ ਧਨੀ, ਢਾਡੀ ਕਲਾ ਦਾ ਬੇਤਾਜ ਬਾਦਸ਼ਾਹ ਅਤੇ ਪੰਥਕ ਸਟੇਜਾਂ ਦਾ ਸ਼ਿੰਗਾਰ ਵੀ ਸੀ। ਅਸਲ ਵਿੱਚ ਸ਼ਬਦਾਂ ਦਾ ਉਹ ਸਫ਼ਲ ਜਾਦੂਗਰ ਸੀ।

ਘੰਟਿਆਂਬੱਧੀ ਸਿੱਖ ਸੰਗਤ ਮੰਤਰ ਮੁਗਧ ਹੋ ਕੇ ਜੈਕਾਰੇ ਗੁੰਜਾਊਂਦੀ, ਆਪਾ ਭੁੱਲ ਕੇ ਉਸ ਨੂੰ ਸੁਣਦੀ ਅਤੇ ਭਰਪੂਰ ਦਾਦ ਦਿੰਦੀ ਸੀ। ਉਸ ਦੀ ਕਲਾ ਦੀ ਹਰ ਕੋਈ ਸਰਾਹਣਾ ਕਰਦਾ ਸੀ। ਅਸਲ ਵਿੱਚ ਭਾਸ਼ਨ ਕਲਾ ਲਈ ਸ਼ਬਦ-ਭੰਡਾਰ ਦਾ ਹੋਣਾ ਜ਼ਰੂਰੀ ਹੁੰਦਾ ਹੈ। ਉਸ ਉੱਪਰ ਕਰਤੇ ਦੀ ਬਖ਼ਸ਼ਿਸ਼ ਸੀ।

ਢਾਡੀ ਦਇਆ ਸਿੰਘ ਦਿਲਬਰ ਦਾ ਜਨਮ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਸਹਾਰੀ ਵਿਖੇ ਪਿਤਾ ਸ. ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਹੋਇਆ। ਜਦੋਂ ਦਿਲਬਰ ਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਿਆ ਤਾਂ 17 ਕੁ ਸਾਲ ਦੀ ਉਮਰ ਵਿੱਚ ਦੇਸ਼ ਵੰਡਿਆ ਗਿਆ। ਦਿਲਬਰ ਵੀ ਆਪਣੇ ਮਾਤਾ-ਪਿਤਾ ਨਾਲ ਦੇਸ਼ ਦੀ ਵੰਡ ਦੇ ਦੁੱਖਾਂ ਦਾ ਝੰਬਿਆ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂ ਸ਼ਹਿਰ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਸਲੋਅ ਵਿਖੇ ਆ ਵਸਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਮਰਹੂਮ ਲੇਖਕ ਤੇ ਢਾਡੀ ਕਲਾ ਦੇ ਧਰੂ ਤਾਰੇ ਗਿਆਨੀ ਸੋਹਣ ਸਿੰਘ ਸੀਤਲ ਨੂੰ ਸਟੇਜਾਂ ਤੋਂ ਬੋਲਦਿਆਂ ਸੁਣ ਕੇ ਅੰਤਰ ਆਤਮਾ ਤੋਂ ਢਾਡੀ ਬਣਨ ਦਾ ਨਿਰਣਾ ਕਰ ਲਿਆ। ਕਵੀਸ਼ਰੀ ਵਿੱਚ ਪਰਪੱਕ ਹੋਣ ਲਈ ਗਿਆਨੀ ਕਰਤਾਰ ਸਿੰਘ ਬੀਰਮਪੁਰ ਨੂੰ ਉਸਤਾਦ ਧਾਰ ਲਿਆ। ਹੁਣ ਚੜ੍ਹਦੇ ਪੰਜਾਬ ਦੇ ਦੁਆਬੇ ਦੀ ਇਸ ਧਰਤੀ ਤੋਂ ਢਾਡੀ ਜਥਾ ਬਣਕੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਮਰ ਕੱਸੇ ਕਰ ਲਏ। ਇਕ ਸਫ਼ਲ ਕਵੀ ਵਜੋਂ ਬੀਰ ਰਸੀ ਵਾਰਾਂ ਦੀ ਰਚਨਾ ਕਰਕੇ ਢਾਡੀ ਵਾਰਾਂ ਤੇ ਪ੍ਰਸੰਗ ਲਿਖ ਕੇ ਢਾਡੀ ਸਾਹਿਤ ਦੇ ਖਜ਼ਾਨੇ ਨੂੰ ਭਰਪੂਰ ਕੀਤਾ। ਲਗਭਗ ਚਾਲੀ ਪੁਸਤਕਾਂ ਢਾਡੀ ਕਲਾ ਦੇ ਚਹੇਤੇ ਪਾਠਕਾਂ ਦੀ ਝੋਲੀ ਪਾਈਆਂ। ਜਦੋਂ ਇਲੈਕਟਰਾਨਿਕ ਯੁੱਗ ਦੀ ਸ਼ੁਰੂਆਤ ਹੋਈ ਤਾਂ ਸੀ.ਡੀ. ਅਤੇ ਵੀ.ਸੀ.ਡੀ ਦੀਆਂ 50 ਤੋਂ 60 ਐਲਬਮਾਂ ਵੱਖਰੀਆਂ-ਵੱਖਰੀਆਂ ਕੰਪਨੀਆਂ ਤੋਂ ਰਿਕਾਰਡ ਕਰਵਾ ਕੇ ਦੇਸ਼-ਵਿਦੇਸ਼ ਵਿੱਚ ਵੱਸਦੇ ਸਰੋਤਿਆਂ ਤੋਂ ਭਰਪੂਰ ਵਾਹ-ਵਾਹ ਖੱਟੀ। ਅੱਜ ਇਹੋ ਸੀ.ਡੀ ਅਤੇ ਵੀ.ਸੀ.ਡੀ ਨੇ ਯੂ-ਟਿਊਬ ਤੇ ਫੇਸਬੁੱਕ ਤੋਂ ਸਰੋਤਿਆਂ ਦੀ ਢਾਡੀ ਕਲਾ ਦੀਆਂ ਵੰਨਗੀਆਂ ਸੁਣ ਕੇ ਨਵੀਂ ਪੀੜ੍ਹੀ ਨੂੰ ਬੀਰ ਰਸ ਨਾਲ ਜੋੜਨ ਲਈ ਯੋਗਦਾਨ ਪਾ ਕੇ ਢਾਡੀ ਕਲਾ ਦਾ ਇਹ ਹੀਰਾ ਹਾਜ਼ਰ-ਨਾਜ਼ਰ ਨਜ਼ਰ ਆਉਂਦਾ ਹੈ।

ਆਪਣੀ ਹਯਾਤੀ ਦੌਰਾਨ ਗਿਆਨੀ ਦਇਆ ਸਿੰਘ ਦਿਲਬਰ ਨੇ ਦੇਸ਼-ਵਿਦੇਸ਼ ਦੀਆਂ ਨਾਮਵਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਤੋਂ ਸੈਂਕੜੇ ਮਾਣ ਸਨਮਾਨ ਪ੍ਰਾਪਤ ਕੀਤੇ। 1979 ਈ: ਵਿੱਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੋਨੇ ਦਾ ਢਾਈ ਤੋਲੇ ਦਾ ਮੈਡਲ, ਦੁਸ਼ਾਲਾ ਤੇ ਨਕਦੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਿੱਛੋਂ 1994 ਈ: ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼ਰੋਮਣੀ ਢਾਡੀ ਪੁਰਸਕਾਰ ਪ੍ਰਾਪਤ ਕੀਤਾ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਚਾਰ ਸੌ ਸਾਲਾ ਸਮਾਗਮਾਂ ਸਮੇਂ ਪੰਜਾਬ ਸਰਕਾਰ ਵੱਲੋਂ ਮਿਲਿਆ ਸਨਮਾਨ ਵੀ ਉਨ੍ਹਾਂ ਦੀ ਵਿਸ਼ੇਸ਼ ਪ੍ਰਾਪਤੀ ਸੀ। ਜਦੋਂ ਵੀ ਪੰਜਾਬੀਆਂ ਅਤੇ ਸਿੱਖਾਂ ਨੂੰ ਕਿਸੇ ਸੰਘਰਸ਼ ਵਿੱਚ ਕੁੱਦਣਾ ਪਿਆ, ਉਸ ਸਮੇਂ ਜੇਲ੍ਹ ਯਾਤਰਾਵਾਂ ਵੀ ਗਿਆਨੀ ਦਇਆ ਸਿੰਘ ਦਿਲਬਰ ਦੇ ਜੀਵਨ ਦਾ ਹਿੱਸਾ ਬਣੀਆਂ। ਸਮੇਂ-ਸਮੇਂ ਸਿੱਖ ਆਗੂਆਂ ਤੇ ਪੰਥਕ ਸਫ਼ਾਂ ਵਿੱਚ ਗਿਆਨੀ ਦਇਆ ਸਿੰਘ ਦਿਲਬਰ ਨੂੰ ਜਿਹੜਾ ਸਤਿਕਾਰ ਮਿਲਿਆ ਉਹ ਵਿਰਲੇ ਲੋਕਾਂ ਨੂੰ ਹੀ ਮਿਲਦਾ ਹੈ।

26 ਜਨਵਰੀ, 2006 ਨੂੰ ਜਦੋਂ ਸਮੁੱਚਾ ਦੇਸ਼ ਗਣਤੰਤਰ ਦਿਵਸ ਦੀ ਵਰ੍ਹੇਗੰਢ ਮਨਾ ਰਿਹਾ ਸੀ, ਉਸ ਸਮੇਂ ਸਿੱਖ ਕੌਮ ਦਾ ਹੀਰਾ ਪੁੱਤਰ ਜ਼ਿੰਦਗੀ ਦਾ ਸਫ਼ਰ ਮੁਕਾ ਕੇ ਗੁਰੂ ਦੀ ਗੋਦ ਵਿੱਚ ਬਿਰਾਜ ਰਿਹਾ ਸੀ।

ਅੱਜ ਢਾਡੀ ਕਲਾ ਦੇ ਇਸ ਵੱਡਮੁੱਲੇ ਹੀਰੇ ਅਤੇ ਭਾਸ਼ਨ ਕਲਾ ਦੇ ਸਿਖਰ ਵਜੋਂ ਸਤਿਕਾਰੇ ਗਿਆਨੀ ਦਇਆ ਸਿੰਘ ਦਿਲਬਰ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪਿਆਰੇ ਅਤੇ ਢਾਡੀ ਕਲਾ ਪ੍ਰਸ਼ੰਸਕ ਤੇ ਗਹਿਰ-ਗੰਭੀਰ ਸਰੋਤੇ ਹਿਰਦੇ ਦੀਆਂ ਗਹਿਰਾਈਆਂ ਤੋਂ ਯਾਦ ਕਰ ਰਹੇ ਹਨ। ਅਜਿਹੇ ਗੁਣੀ ਇਨਸਾਨਾਂ ਦੀ ਘਾਟ ਕੌਮਾਂ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੁੰਦਾ ਹੈ। ਅੱਜ ਉਨ੍ਹਾਂ ਨਾਲ ਪਿਆਰ ਕਰਨ ਵਾਲੇ ਅਨੇਕਾਂ ਢਾਡੀ ਅਤੇ ਬੁਲਾਰੇ ਉਨ੍ਹਾਂ ਦੀ ਥਾਂ ਲੈਣ ਲਈ ਯਤਨਸ਼ੀਲ ਨਜ਼ਰ ਆ ਰਹੇ ਹਨ। ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸਾਡਾ ਪ੍ਰਣਾਮ।

# ਅਸੀਂ, ਭਾਰਤ ਦੇ ਲੋਕ ਅਤੇ ਸਾਡੀ ਸਦੀਵੀਂ ਜ਼ਿੰਮੇਵਾਰੀ

ਰਾਜਨਾਥ ਸਿੰਘ, ਕੇਂਦਰੀ ਰੱਖਿਆ ਮੰਤਰੀ

ਭਾਰਤ ਦੇ ਪਹਿਲੇ ਰਾਸ਼ਟਰਪਤੀ, ਡਾ. ਰਾਜੇਂਦਰ ਪ੍ਰਸਾਦ ਨੇ 16 ਮਈ, 1952 ਨੂੰ ਪਹਿਲੀ ਲੋਕ ਸਭਾ ਨੂੰ ਸੰਬੋਧਨ ਕਰਦੇ ਹੋਏ, ਸੰਸਦ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਲੋਕਤੰਤਰੀ ਜ਼ਿੰਮੇਵਾਰੀਆਂ ਦੀ ਗੰਭੀਰਤਾ ਦੀ ਯਾਦ ਦਿਲਵਾਈ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸੰਵਿਧਾਨ ਦੇ ਲਾਗੂ ਹੁੰਦੇ ਹੀ ਰਾਸ਼ਟਰਪਤੀ ਦੀ ਚੋਣ ਅਤੇ ਪਹਿਲੀਆਂ ਆਮ ਚੋਣਾਂ ਦੇ ਨਾਲ, ਸੁਤੰਤਰ ਭਾਰਤ ਦੀ ਲੋਕਤੰਤਰੀ ਯਾਤਰਾ ਦਾ ਪਹਿਲਾ ਪੜਾਅ ਪੂਰਾ ਹੋ ਗਿਆ ਹੈ ਅਤੇ ਦੇਸ਼ ਹੁਣ ਦੂਜੇ ਪੜਾਅ ਵਿੱਚ ਦਾਖਲ ਹੋ ਰਿਹਾ ਹੈ, ਜਿਸ ਵਿੱਚ ਕੋਈ ਵਿਰਾਮ ਨਹੀਂ ਹੋਵੇਗਾ। ਉਨ੍ਹਾਂ ਦੇ ਅਨੁਸਾਰ ਦੂਜੇ ਪੜਾਅ ਦੀ ਲੋਕਤੰਤਰੀ ਯਾਤਰਾ ਉਦੋਂ ਹੀ ਸਫਲ ਹੋਵੇਗੀ, ਜਦੋਂ ਰਾਜ ਅਤੇ ਸ਼ਾਸਨ ਪ੍ਰਣਾਲੀ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੋਵੇਗੀ। ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਸ਼ਾਸਨ ਪ੍ਰਣਾਲੀ ਦੇ ਕੇਂਦਰ ਵਿੱਚ ਇਸ ਨੈਤਿਕ ਜ਼ਿੰਮੇਵਾਰੀ ਨੂੰ ਰੱਖ ਕੇ, ਰਾਜ ਅਤੇ ਇਸ ਦੇ ਨਾਗਰਿਕਾਂ ਦੇ ਦਰਮਿਆਨ ਸਬੰਧਾਂ ਨੂੰ ਮੁੜ ਤੋਂ ਪਰਿਭਾਸ਼ਿਤ ਕੀਤਾ। ਹੁਣ ਭਾਰਤ ਦੇ ਲੋਕ ਕਿਸੇ ਸ਼ਾਸਕ ਦੇ ਅਧੀਨ ਨਹੀਂ ਸਨ, ਸਗੋਂ ਅਧਿਕਾਰਾਂ ਨਾਲ ਲੈਸ ਨਾਗਰਿਕ ਬਣ ਚੁੱਕੇ ਸਨ। ਲੋਕਤੰਤਰ ਦੀ ਇੱਕ ਪਰਿਭਾਸ਼ਾ ਦੇ ਅਨੁਸਾਰ, ਲੋਕਤੰਤਰ ਦਾ ਅਰਥ ਹੈ ਲੋਕਾਂ ਦਾ, ਲੋਕਾਂ ਦੁਆਰਾ ਅਤੇ ਲੋਕਾਂ ਲਈ ਯਾਨੀ ਲੋਕਾਂ ਦਾ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸ਼ਾਸਨ।

ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਇਹ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਸਾਡੇ ਦੇਸ਼ ਵਿੱਚ ਪ੍ਰਭੂਸੱਤਾ ਜਨਤਾ ਦੇ ਹੱਥਾਂ ਵਿੱਚ ਹੈ ਅਤੇ ਇਹ ਸੰਵਿਧਾਨ ਭਾਰਤ ਦੇ ਲੋਕਾਂ ਦੁਆਰਾ ਆਪਣੇ ਲਈ ਘੜਿਆ ਗਿਆ ਹੈ। ਇਸ ਲਈ, ਸੰਵਿਧਾਨ ਨੂੰ ਅਪਣਾਉਣ ਦੇ ਨਾਲ ਹੀ 'ਆਫ ਦਿ ਪੀਪੁਲ' ਦਾ ਸਿਧਾਂਤ ਸਾਕਾਰ ਹੋ ਗਿਆ ਸੀ।

**ਦੂਜਾ ਸਿਧਾਂਤ - 'ਬਾਏ ਦਿ ਪੀਪੁਲ'** - ਸਾਲ 1952 ਵਿੱਚ ਪਹਿਲੀਆਂ ਆਮ ਚੋਣਾਂ ਦੇ ਨਾਲ ਸਥਾਪਿਤ ਹੋਇਆ ਸੀ ਜਦੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੇ ਮੈਂਬਰ ਬਾਲਗ ਵੋਟ ਅਧਿਕਾਰ ਦੇ ਅਧਾਰ 'ਤੇ ਚੁਣੇ ਗਏ ਸਨ।

**ਪਰ ਲੋਕਤੰਤਰ ਦਾ ਤੀਜਾ ਅਹਿਮ ਸਿਧਾਂਤ - ਫੌਰ ਦਿ ਪੀਪੁਲ** - ਇੱਕ ਨਿਰੰਤਰ ਪ੍ਰਕਿਰਿਆ ਹੈ। ਇਸੇ ਨਿਰੰਤਰ ਪ੍ਰਕਿਰਿਆ ਦੀ ਗੱਲ ਡਾ. ਰਾਜੇਂਦਰ ਪ੍ਰਸਾਦ ਨੇ ਕੀਤੀ ਸੀ ਜਦੋਂ ਉਨ੍ਹਾਂ ਨੇ ਦੂਜੇ ਪੜਾਅ ਦੀ ਯਾਤਰਾ ਵਿੱਚ ਕੋਈ ਵਿਰਾਮ ਨਾ ਹੋਣ ਦੀ ਗੱਲ ਨਹੀਂ ਕੀਤੀ ਸੀ। ਇਨ੍ਹਾਂ ਸਾਰੇ ਤੱਥਾਂ ਤੋਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਵਿਧਾਨ ਅਤੇ ਲੋਕਤੰਤਰ ਦੀ ਸਮੁੱਚੀ ਪ੍ਰਣਾਲੀ ਦੇ ਕੇਂਦਰ ਵਿੱਚ 'ਅਸੀਂ ਭਾਰਤ ਦੇ ਲੋਕ' ਹਾਂ ਅਤੇ ਉਨ੍ਹਾਂ ਦਾ ਸਮਾਜਿਕ ਅਤੇ ਆਰਥਿਕ ਉੱਨਤੀ ਟੀਚਾ ਹੈ।

ਇਹ ਟੀਚਾ ਹਮੇਸ਼ਾ ਭਾਰਤ ਦੀ ਰਾਜਨੀਤਿਕ ਚੇਤਨਾ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਪ੍ਰਾਚੀਨ ਭਾਰਤ ਵਿੱਚ, ਯੋਗ-ਸ਼ੇਮ ਦਾ ਸਿਧਾਂਤ ਵਿਅਕਤੀ ਦੇ ਕਲਿਆਣ ਅਤੇ ਸੁਰੱਖਿਆ ਨਾਲ ਜੁੜਿਆ ਹੋਇਆ ਸੀ। ਮਹਾਤਮਾ ਗਾਂਧੀ ਦੇ ਸਰਵੋਦਯ ਦੇ ਵਿਚਾਰ ਦੇ ਕੇਂਦਰ ਵਿੱਚ ਵੀ ਸਭ ਦਾ ਉਥਾਨ ਹੈ। ਪੰਡਿਤ ਦੀਨਦਿਆਲ ਉਪਾਧਿਆਏ ਦੇ ਅਖੰਡ ਮਾਨਵਤਾਵਾਦ ਅਤੇ ਅੰਤਯੋਦਯ ਦੇ ਸਿਧਾਂਤ ਵੀ ਵਿਅਕਤੀ ਦੇ ਸੰਪੂਰਣ ਵਿਕਾਸ ਅਤੇ ਵੰਚਿਤ ਵਰਗਾਂ ਦੇ ਉਥਾਨ 'ਤੇ ਕੇਂਦ੍ਰਿਤ ਹਨ। ਨਾਗਰਿਕਾਂ ਨੂੰ ਵਿਕਾਸ ਦੇ ਕੇਂਦਰ ਵਿੱਚ ਰੱਖਣ ਦੀ ਇਹ ਪਰੰਪਰਾ ਵਰਤਮਾਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨੀਤੀ ਸਬਕਾ ਸਾਥ, ਸਬਕਾ ਵਿਕਾਸ ਵਿੱਚ ਵੀ ਸ਼ਾਮਲ ਹੈ।

ਸਾਲ 2014 ਤੋਂ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ, ਲੋਕ-ਕੇਂਦ੍ਰਿਤ ਸ਼ਾਸਨ ਪ੍ਰਣਾਲੀ ਦਾ ਇਹ ਦ੍ਰਿਸ਼ਟੀਕੋਣ ਸਰਕਾਰ ਦੀਆਂ ਨੀਤੀਆਂ ਅਤੇ ਕਾਰਜਾਂ ਵਿੱਚ ਸਪਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ। ਇਸ ਨਾਲ ਸੰਵਿਧਾਨਕ ਉਦੇਸ਼ਾਂ ਦੀ ਪੂਰਤੀ ਨੂੰ ਗਤੀ ਅਤੇ ਤਾਕਤ ਮਿਲੀ ਹੈ। ਸੰਵਿਧਾਨ ਵਿੱਚ ਮੌਜੂਦ ਨੀਤੀ ਨਿਰਦੇਸ਼ਕ ਸਿਧਾਂਤਾਂ ਦੇ ਤਹਿਤ, ਰਾਜ ਦੀ ਮਜ਼ਦੂਰਾਂ ਲਈ ਮਨੁੱਖੀ ਅਤੇ ਨਿਆਂਪੂਰਨ ਹਾਲਾਤ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ। ਇਸੇ ਦਿਸ਼ਾ ਵਿੱਚ ਕੰਮ ਕਰਦੇ ਹੋਏ, ਕੇਂਦਰ ਸਰਕਾਰ ਨੇ ਹਾਲ ਹੀ ਵਿੱਚ 29 ਕਿਰਤ ਕਾਨੂੰਨਾਂ ਨੂੰ ਚਾਰ ਕਿਰਤ ਕੋਡਾਂ ਵਿੱਚ ਜੋੜਿਆ ਹੈ। ਇਹ ਮਜ਼ਦੂਰਾਂ ਲਈ ਬਿਹਤਰ ਆਰਥਿਕ ਅਤੇ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ। ਸੰਵਿਧਾਨ ਰਾਜ ਨੂੰ ਇਹ ਨਿਰਦੇਸ਼ ਦਿੰਦਾ ਹੈ ਕਿ ਉਹ ਆਰਥਿਕ ਅਸਮਾਨਤਾਵਾਂ ਨੂੰ ਘਟਾਉਣ ਲਈ ਨਿਰੰਤਰ ਯਤਨ ਕਰਦਾ ਰਹੇ। ਇਸ ਉਦੇਸ਼ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ, ਜਦੋਂ ਸਮਾਜ ਦੇ ਹਰ ਵਰਗ ਲਈ ਸਿੱਖਿਆ ਅਤੇ ਰੁਜ਼ਗਾਰ ਦੇ ਬਰਾਬਰ ਮੌਕੇ ਉਪਲਬਧ ਹੋਣ। ਅੱਜ, ਪਿਛਲੇ ਵਰ੍ਹਿਆਂ ਵਿੱਚ ਲਏ ਗਏ ਕਈ ਮਹੱਤਵਪੂਰਨ ਨੀਤੀਗਤ ਫੈਸਲਿਆਂ ਦੇ ਕਾਰਨ, ਹਰ ਪੱਧਰ 'ਤੇ ਮੌਕਿਆਂ ਦੀ ਇਹ ਸਮਾਨਤਾ ਵਧੀ ਹੈ।

ਇਸ ਦੀ ਇੱਕ ਮਹੱਤਵਪੂਰਨ ਉਦਾਹਰਣ ਸਟਾਰਟਅੱਪ ਇੰਡੀਆ ਪਹਿਲਕਦਮੀ ਹੈ, ਜਿਸ ਦੇ ਹਾਲ ਹੀ ਵਿੱਚ ਦਸ ਸਾਲ ਪੂਰੇ ਹੋਏ ਹਨ। ਇਸ ਦੇ ਤਹਿਤ ਪ੍ਰਦਾਨ ਕੀਤੀ ਜਾਣ ਵਾਲੀ ਨੀਤੀ ਸਹਾਇਤਾ, ਵਿੱਤੀ ਸਹਾਇਤਾ ਅਤੇ ਮੈਂਟਰਸ਼ਿਪ ਦੁਆਰਾ, ਅੱਜ ਕਿਸੇ ਵੀ ਵਿਅਕਤੀ ਲਈ ਉਦਯੋਗ ਸ਼ੁਰੂ ਕਰਨਾ ਬਹੁਤ ਅਸਾਨ ਹੋ ਗਿਆ ਹੈ। ਦਸੰਬਰ 2025 ਤੱਕ ਦੇਸ਼ ਵਿੱਚ ਦੋ ਲੱਖ ਤੋਂ ਵੱਧ DPIIT-ਮਾਨਤਾ ਪ੍ਰਾਪਤ ਸਟਾਰਟਅੱਪਸ ਦੀ ਸਥਾਪਨਾ, ਇਸ ਗੱਲ ਦਾ ਪ੍ਰਮਾਣ ਹੈ ਕਿ ਇੱਕ ਬਰਾਬਰ ਮੌਕਿਆਂ ਦੀ ਨੀਤੀ ਕਿਵੇਂ ਸਮਾਵੇਸ਼ੀ ਆਰਥਿਕ ਵਿਕਾਸ ਨੂੰ ਗਤੀ ਦੇ ਸਕਦੀ ਹੈ। ਇਸ ਪੂਰੀ ਪ੍ਰਕਿਰਿਆ ਵਿੱਚ ਸਭ ਤੋਂ ਵੱਧ ਪ੍ਰੇਰਨਾਦਾਇਕ ਗੱਲ ਇਹ ਹੈ ਕਿ ਇਨ੍ਹਾਂ ਸਟਾਰਟਅੱਪਸ ਨੂੰ ਸ਼ੁਰੂ ਕਰਨ ਵਾਲਿਆਂ ਵਿੱਚ ਵੱਡੀ ਗਿਣਤੀ ਵਿੱਚ ਪਹਿਲੀ ਪੀੜ੍ਹੀ ਦੇ ਉੱਦਮੀ ਹਨ।

ਆਰਥਿਕ ਤਰੱਕੀ ਉਦੋਂ ਹੀ ਸਮਾਵੇਸ਼ੀ ਬਣਦੀ ਹੈ, ਜਦੋਂ ਮੌਕਿਆਂ ਦੀ ਸਮਾਨਤਾ ਹੋਵੇ। ਇਹ ਆਮਦਨ ਅਸਮਾਨਤਾ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪਿਛਲੇ 12 ਵਰ੍ਹਿਆਂ ਵਿੱਚ ਸਾਰੀਆਂ ਆਰਥਿਕ ਨੀਤੀਆਂ ਇਸੇ ਵਿਚਾਰ ਤੋਂ ਪ੍ਰੇਰਿਤ ਰਹੀਆਂ ਹਨ। ਇਸੇ ਦਾ ਨਤੀਜਾ ਹੈ ਕਿ ਅੱਜ ਭਾਰਤ ਦੀ ਆਰਥਿਕ ਤਰੱਕੀ ਦਾ ਲਾਭ ਹਰ ਨਾਗਰਿਕ ਤੱਕ ਬਰਾਬਰ ਪਹੁੰਚ ਰਿਹਾ ਹੈ। ਵਰਲਡ ਬੈਂਕ ਦੇ ਸਪ੍ਰਿੰਗ 2025 ਪਾਵਰਟੀ ਐਂਡ ਇਕੁਵਿਟੀ ਬ੍ਰੀਫ ਦੇ ਅਨੁਸਾਰ, ਭਾਰਤ ਨੇ ਪਿਛਲੇ ਦਹਾਕੇ ਵਿੱਚ 17.1 ਕਰੋੜ ਲੋਕਾਂ ਨੂੰ 'ਅਤਿਅਧਿਕ ਗ਼ਰੀਬੀ' (Extreme Poverty) ਵਿੱਚੋਂ ਬਾਹਰ ਕੱਢਿਆ ਹੈ। ਸਮਾਜਿਕ ਤੌਰ 'ਤੇ ਪਿਛੜੇ ਵਿਅਕਤੀਆਂ ਦੇ ਨਾਲ-ਨਾਲ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਵੀ ਰਾਖਵੇਂਕਰਣ ਦਾ ਲਾਭ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਸਮਾਵੇਸ਼ੀ ਵਿਕਾਸ ਦੇ ਨਾਲ-ਨਾਲ ਲੋਕਾਂ ਲਈ ਇੱਕ ਸਨਮਾਨਜਨਕ ਜੀਵਨ ਅਤੇ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣ 'ਤੇ ਵੀ ਲਗਾਤਾਰ ਧਿਆਨ ਕੇਂਦ੍ਰਿਤ ਕੀਤਾ ਹੈ। ਦਿਵਯਾਂਗਜਨ ਅਧਿਕਾਰ ਕਾਨੂੰਨ, 2016 ਅਤੇ ਮੁਸਲਿਮ ਮਹਿਲਾ (ਵਿਆਹ ਦੇ ਅਧਿਕਾਰਾਂ ਦੀ ਸੁਰੱਖਿਆ) ਕਾਨੂੰਨ, 2019 ਵਰਗੇ ਕਾਨੂੰਨਾਂ ਰਾਹੀਂ ਸਮਾਜਿਕ ਨਿਆਂ ਨੂੰ ਹੋਰ ਵੀ ਮਜ਼ਬੂਤੀ ਮਿਲੀ ਹੈ।

ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣ ਦੀ ਇਸੇ ਭਾਵਨਾ ਦੀ ਇੱਕ ਵਧੀਆਂ ਉਦਾਹਰਣ ਸਵੱਛ ਭਾਰਤ ਮਿਸ਼ਨ (SBM) ਵੀ ਹੈ। ਇਸ ਮਿਸ਼ਨ ਦੀ ਅਗਵਾਈ ਲੋਕ ਖੁਦ ਕਰ ਰਹੇ ਹਨ ਅਤੇ ਉਨ੍ਹਾਂ ਨੇ ਇਸ ਨੂੰ ਇੱਕ ਜਨਤਕ ਅੰਦੋਲਨ ਦਾ ਸਰੂਪ ਦਿੱਤਾ ਹੈ। ਇਹ ਸਿਰਫ਼ ਸਵੱਛਤਾ 'ਤੇ ਕੇਂਦ੍ਰਿਤ ਇੱਕ ਪਹਿਲਕਦਮੀ ਨਹੀਂ ਸੀ, ਸਗੋਂ ਉਨ੍ਹਾਂ ਕਰੋੜਾਂ ਲੋਕਾਂ ਦੇ ਮਾਣ ਨੂੰ ਮੁੜ ਬਹਾਲ ਕਰਨ ਦਾ ਯਤਨ ਵੀ ਸੀ, ਜੋ ਦਹਾਕਿਆਂ ਤੱਕ ਖੁੱਲ੍ਹੇ ਵਿੱਚ ਸ਼ੌਚ ਕਰਨ ਲਈ ਮਜਬੂਰ ਸਨ।

ਜਨਤਕ ਭਲਾਈ ਦੀ ਇਹੋ ਭਾਵਨਾ 'ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ' ਅਤੇ 'ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ' ਵਰਗੀਆਂ ਪਹਿਲਕਦਮੀਆਂ ਵਿੱਚ ਵੀ ਸਾਫ ਦਿਖਾਈ ਦਿੰਦੀ ਹੈ। ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਦੇ ਤਹਿਤ, 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫ਼ਤ ਅਨਾਜ ਉਪਲੱਬਧ ਕਰਵਾਇਆ ਜਾ ਰਿਹਾ ਹੈ। ਉੱਥੇ ਹੀ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ' ਔਖੇ ਸਮੇਂ ਵਿੱਚ ਲੱਖਾਂ ਭਾਰਤੀ ਪਰਿਵਾਰਾਂ ਲਈ ਉਮੀਦ ਦੀ ਕਿਰਨ ਬਣ ਕੇ ਉੱਭਰੀ ਹੈ। ਇਸ ਯੋਜਨਾ ਦੀਆਂ 53 ਪ੍ਰਤੀਸ਼ਤ ਲਾਭਪਾਤਰੀ ਮਹਿਲਾਵਾਂ ਹਨ ਅਤੇ 72 ਪ੍ਰਤੀਸ਼ਤ ਤੋਂ ਵੱਧ ਪੇਂਡੂ ਭਾਰਤ ਤੋਂ ਆਉਂਦੇ ਹਨ। ਇਹ ਸਮਾਜਿਕ ਸੁਰੱਖਿਆ ਦੇ ਸਮਾਵੇਸ਼ੀ ਹੋਣ ਦਾ ਪ੍ਰਮਾਣ ਹੈ।

ਜਦੋਂ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ 'ਆਤਮ-ਨਿਰਭਰ ਭਾਰਤ' ਦਾ ਸੱਦਾ ਦਿੱਤਾ ਸੀ, ਤਾਂ ਇਹ ਸਿਰਫ਼ ਆਰਥਿਕ ਪੱਧਰ ਤੱਕ ਹੀ ਸੀਮਤ ਨਹੀਂ ਸੀ, ਸਗੋਂ ਨਾਗਰਿਕਾਂ ਵਿੱਚ ਆਤਮ-ਨਿਰਭਰਤਾ ਦੀ ਭਾਵਨਾ ਨੂੰ ਵਧਾਉਣ ਦਾ ਯਤਨ ਵੀ ਸੀ। ਇਸ ਲਈ, ਮੁਦਰਾ ਯੋਜਨਾ ਅਤੇ ਸਕਿੱਲ ਇੰਡੀਆ ਮਿਸ਼ਨ ਵਰਗੀਆਂ ਪਹਿਲਕਦਮੀਆਂ ਰਾਹੀਂ, ਨਾਗਰਿਕਾਂ ਨੂੰ ਆਤਮ-ਨਿਰਭਰ ਅਤੇ ਉੱਦਮਸ਼ੀਲ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਨ੍ਹਾਂ ਯੋਜਨਾਵਾਂ ਦੇ ਕੇਂਦਰ ਵਿੱਚ 'ਆਤਮ-ਨਿਰਭਰ ਨਾਗਰਿਕਾਂ' ਬਣਾਉਣਾ ਹੈ ਜੋ 'ਆਤਮ-ਨਿਰਭਰ ਭਾਰਤ' ਦੀ ਨੀਂਹ ਵੀ ਬਣ ਰਹੇ ਹਨ।

ਇਸ ਸੰਦਰਭ ਵਿੱਚ, ਆਯੂਸ਼ਮਾਨ ਭਾਰਤ ਯੋਜਨਾ ਇੱਕ ਮਹੱਤਵਪੂਰਨ ਪਹਿਲ ਸਾਬਤ ਹੋਈ ਹੈ। ਇਸ ਨੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਬਹੁਤ ਲਾਭ ਪਹੁੰਚਾਇਆ ਹੈ ਜੋ ਪੈਸੇ ਦੀ ਘਾਟ ਕਾਰਨ ਚੰਗੀ ਸਿਹਤ ਸੰਭਾਲ ਤੋਂ ਵਾਂਝੇ ਰਹਿ ਗਏ ਸਨ। ਇਸੇ ਤਰ੍ਹਾਂ, ਜਨ ਧਨ ਯੋਜਨਾ ਨੇ ਵੱਡੀ ਗਿਣਤੀ ਵਿੱਚ ਨਾਗਰਿਕਾਂ ਨੂੰ ਰਸਮੀ ਬੈਂਕਿੰਗ ਨਾਲ ਜੋੜ ਕੇ ਵਿੱਤੀ ਸੁਰੱਖਿਆ ਪ੍ਰਦਾਨ ਕੀਤੀ ਹੈ।

ਨਾਰੀ ਸ਼ਕਤੀ ਵੰਦਨ ਅਧਿਨਿਯਮ ਰਾਹੀਂ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਲਈ 33 ਫੀਸਦੀ ਰਾਖਵੇਂਕਰਨ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਅਧਿਨਿਯਮ ਵਿੱਚ ਲੋਕਤੰਤਰ ਦੇ ਤਿੰਨੋਂ ਸਿਧਾਂਤ ਜ਼ੋਰਦਾਰ ਢੰਗ ਨਾਲ ਪ੍ਰਗਟ ਕੀਤੇ ਗਏ ਹਨ ਕਿਉਂਕਿ ਵਿਧਾਨਿਕ ਸੰਸਥਾਵਾਂ ਵਿੱਚ ਮਹਿਲਾਵਾਂ ਦੀ ਪ੍ਰਤੀਨਿੱਧਤਾ ਵਧਣ ਨਾਲ ਪ੍ਰਭੂਸੱਤਾ ਦੇ ਸਮਾਜਿਕ ਅਧਾਰ ਤਾਂ ਵਧੇਗਾ ਹੀ ਸਗੋਂ ਨੀਤੀ-ਨਿਰਮਾਣ ਹੋਰ ਵੀ ਜ਼ਿਆਦਾ ਸਮਾਵੇਸ਼ੀ ਹੋਵੇਗਾ।













## ਕਾਤਲ ਬਣਦੀ ਜਾ ਰਹੀ ਚਾਈਨਾ ਡੋਰ

ਸੰਜੀਵ ਸੈਣੀ
78889-66168



ਪੁਰਾਣੇ ਸਮੇਂ ਵਿਚ ਰਾਜੇ ਮਹਾਰਾਜੇ ਵੀ ਪਤੰਗਬਾਜ਼ੀ ਦਾ ਬਹੁਤ ਸ਼ੌਂਕ ਰੱਖਦੇ ਸਨ ਤੇ ਸੂਤ ਦੇ ਧਾਗਿਆਂ ਨਾਲ ਪਤੰਗਾਂ ਉਡਾਈਆਂ ਜਾਂਦੀਆਂ ਸਨ। ਲੋਕ ਕੱਚ, ਸਿੰਥੈਟਿਕ ਡੋਰਾਂ ਨਾਲ ਪਤੰਗ ਉਡਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਆਨੰਦ ਮਾਣਦੇ ਹਨ। ਘਰ ਦੀਆਂ ਛੱਤਾਂ ਤੇ ਲੋਕ ਡੀਜੇ ਲਗਾਉਂਦੇ ਹਨ ਤੇ ਭੰਗੜੇ ਪਾਉਂਦੇ ਹਨ।ਪਰ ਅੱਜ ਕੱਲ੍ਹ ਤਾਂ ਚਾਈਨਾ ਡੋਰ ਨਾਲ ਲੋਕ ਪਤੰਗ ਉਡਾਉਂਦੇ ਹਨ, ਜੋ ਬਹੁਤ ਹੀ ਜਿਆਦਾ ਨੁਕਸਾਨਦਾਇਕ ਹੈ। ਹਾਲ ਹੀ ਵਿੱਚ ਸਮਰਾਲਾ ਵਿਖੇ ਸਕੂਲ ਤੋਂ ਵਾਪਸ ਆ ਰਹੇ ਬੱਚੇ ਦੀ ਮੋਟਰਸਾਈਕਲ ਤੇ ਗਰਦਨ ਵੱਢੀ ਗਈ ਤੇ ਉਸਦੀ ਮੌਤ ਹੋ ਗਈ। ਬੱਚਾ ਮਾਪਿਆਂ ਦਾ ਇਕਲੌਤਾ ਪੁੱਤ ਸੀ। ਹੁਸ਼ਿਆਰਪੁਰ ਵਿਖੇ ਵੀ ਰਾਹ ਜਾਂਦੇ ਨੌਜਵਾਨ ਦੀ ਗਰਦਨ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਏ ਤੇ 25 ਟਾਂਕੇ ਲੱਗੇ। ਹਰ ਰੋਜ਼ ਸੂਬੇ ਵਿੱਚ ਕਿਸੇ ਨਾ ਕਿਸੇ ਥਾਂ ਤੇ ਚਾਈਨਾ ਡੋਰ ਕਾਰਨ ਅਜਿਹੀ ਅਣਹੋਣੀ ਘਟਨਾਵਾਂ ਆਮ ਸੁਣਨ ਨੂੰ ਮਿਲ ਰਹੀਆਂ ਹਨ। ਦਹਾਕਿਆਂ ਤੋਂ ਪੰਜਾਬ ਤੇ ਗੁਆਂਢੀ ਸੂਬਿਆਂ ਵਿੱਚ ਪਾਬੰਦੀ ਦੇ ਬਾਵਜੂਦ ਧੜੱਲੇ ਨਾਲ ਚਾਈਨਾ ਡੋਰ ਵਿਕ ਰਹੀ ਹੈ।ਰਾਹਗੀਰਾਂ ਦੇ ਜ਼ਖਮੀ ਹੋਣ ਦਾ ਸਿਲਸਿਲਾ ਲਗਾਤਾਰ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ। ਕੁੱਝ ਕੁ ਦਿਨ ਪਹਿਲਾਂ ਕੁਰਾਲੀ ਵਿਖੇ ਸਬਜ਼ੀ ਲੈ ਕੇ ਮੋਟਰਸਾਈਕਲ ਤੇ ਜਾ ਰਿਹਾ ਨੌਜਵਾਨ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਿਆ। ਉਸ ਦੀ ਥਾਂ ਤੇ ਹੀ ਮੌਤ ਹੋ ਗਈ।ਜਲੰਧਰ ਦੇ ਇੱਕ ਨੌਜਵਾਨ ਦੀ ਪੀਜੀਆਈ ਵਿੱਚ ਮੌਤ ਹੋਈ ਸੀ। ਅਜਨਾਲਾ ਦੇ 20 ਸਾਲਾਂ ਨੌਜਵਾਨ ਦੀ ਗਰਦਨ ਚਾਈਨਾ ਡੋਰ ਨਾਲ ਬੁਰੀ ਤਰ੍ਹਾਂ ਕੱਟੀ ਗਈ। ਜ਼ਖ਼ਮੀ ਹਾਲਤ ਵਿੱਚ ਉਹ ਮੋਟਰਸਾਈਕਲ ਤੋਂ ਸੜਕ ਤੇ ਡਿੱਗ ਗਿਆ ।ਹਸਪਤਾਲ ਵਿੱਚ ਹੀ ਉਸਦੀ ਮੌਤ ਹੋ ਗਈ।ਪਿਛਲੇ ਸਾਲ ਸਮਰਾਲਾ ਦੇ ਚਾਰ ਸਾਲਾ ਬੱਚੇ ਦਾ ਚਿਹਰਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਚੀਰਿਆ ਗਿਆ। ਜਿਸ ਕਾਰਨ ਉਸ ਦੇ 70 ਟਾਂਕੇ ਮੂੰਹ ਤੇ ਲੱਗੇ। ਦੂਜੀ ਖਬਰ ਜਗਰਾਉਂ ਵਿਖੇ ਕਿਸੇ ਪਿੰਡ ਦੀ ਹੈ, ਜਿਥੇ ਇਕ ਵਿਅਕਤੀ ਦਾ ਮੂੰਹ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਛਿਲਿਆ ਗਿਆ, ਜਿਸ ਕਾਰਨ 45 ਟਾਂਕੇ ਮੂੰਹ ਤੇ ਲੱਗੇ ਤੇ 11 ਟਾਂਕੇ ਹੱਥ ਤੇ ਲੱਗੇ। ਬਠਿੰਡਾ ਵਿਖੇ ਇਕ ਬੱਚੇ ਦਾ ਕੰਨ ਚਾਇਨਾ ਡੋਰ ਕਰਕੇ ਕੱਟਿਆ ਗਿਆ । ਐਕਟਿਵਾ ਸਵਾਰ ਮਹਿਲਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਜਾਣ ਕਾਰਨ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਇਹ ਸਿੰਥੈਟਿਕ ਧਾਗਾ, ਮਨੁੱਖ ਤੇ ਪੰਛੀਆਂ ਲਈ ਵਧੇਰੇ ਘਾਤਕ ਹੈ। ਕਈ ਦੱਸਦੇ ਹਨ ਕਿ ਇਹ ਧਾਗਾ ਚੀਨ @ਚ ਨਹੀਂ ,ਭਾਰਤ ਵਿੱਚ ਹੀ ਵੱਡੀ ਮਾਤਰਾ ਵਿੱਚ ਵਿਕਦਾ ਹੈ। ਇਹ ਪਲਾਸਟਿਕ ਤੇ ਹੋਰ ਕੈਮੀਕਲ ਪਦਾਰਥਾਂ ਤੋਂ ਤਿਆਰ ਕੀਤੀ ਜਾਂਦੀ ਹੈ। ਨਾਈਲੋਨ ਦੀ ਵੀ ਇਸ ਵਿੱਚ ਵਰਤੋਂ ਕੀਤੀ ਜਾਂਦੀ ਹੈ। ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ ,ਸੁਣਦੇ ਹਾਂ ਕਿ ਚਾਈਨਾ ਡੋਰ ਨਾਲ ਕਿੰਨੇ ਪੰਛੀਆਂ ਦੀ ਮੌਤ ਹੋ ਗਈ । ਕਈ ਮਨੁੱਖ ਵੀ ਇਸ ਦਾ ਸ਼ਿਕਾਰ ਹੋਏ, ਕਈਆਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ ।ਹੁਣ ਤਾਂ ਲੋਕ ਆਨਲਾਈਨ ਵੀ ਚਾਈਨਾ ਡੋਰ ਨੂੰ ਮੰਗਵਾ ਲੈਂਦੇ ਹਨ।ਜੋ ਚਾਈਨਾ ਡੋਰ ਹੁੰਦੀ ਹੈ ਇਹ ਸਿੰਥੈਟਿਕ , ਨਾਈਲੋਨ ਧਾਗੇ ਦੀ ਬਣੀ ਹੁੰਦੀ ਹੈ।ਪਿਛਲੇ ਸਾਲ ਖੰਨਾ ਸ਼ਹਿਰ ਵਿਚ ਅਜਿਹੀ ਵਾਰਦਾਤ ਹੋਈ ਕਿ ਬੱਚੇ ਦੀ ਗਰਦਨ ਵਢੀ ਗਈ। ਹਾਲਾਂਕਿ ਉਸ ਦੀ ਜਾਨ ਬਚ ਗਈ ,ਫਿਰ ਵੀ ਉਸਦੀ ਗਰਦਨ ਤੇ 40 ਦੇ ਕਰੀਬ ਟਾਂਕੇ ਲੱਗੇ। ਪੰਛੀਆਂ ਲਈ ਵੀ ਇਹ ਮੌਤ ਦਾ ਕਾਰਨ ਬਣਨ ਲੱਗ ਪਈ ਹੈ।ਲੋਕ ਇਸ ਨੂੰ ਅਜਿਹੀ ਜਗ੍ਹਾ ਸੁੱਟ ਦਿੰਦੇ ਹਨ ਤੇ ਕਈ ਵਾਰ ਪੰਛੀ ਚੋਗਾ ਚੁਗਦੇ ਹੋਏ ਇਸ ਵਿੱਚ ਫਸ ਜਾਂਦੇ ਹਨ ਤੇ ਉਨ੍ਹਾਂ ਦੇ ਪੈਰਾਂ ਤੇ ਗਰਦਨ ਵਿੱਚ ਡੋਰ ਫਸਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਕਈ ਵਾਰ ਅਸੀਂ ਜ਼ਖਮੀ ਹੋਏ ਪੰਛੀ ਵੀ ਦੇਖਦੇ ਹਨ।ਅਕਸਰ ਜਦੋਂ ਸ਼ਾਮ ਦਾ ਵੇਲਾ ਹੁੰਦਾ ਹੈ ਤਾਂ ਪੰਛੀ ਆਪਣੇ ਘਰਾਂ ਨੂੰ ਪਰਤ ਰਹੇ ਹੁੰਦੇ ਹਨ ਤਾਂ ਜਦੋਂ ਪਤੰਗ ਉਡ ਰਹੀ ਹੁੰਦੀ ਹੈ ਤਾਂ ਉਹ ਪੰਛੀ ਡੋਰ ਦੀ ਲਪੇਟ ਵਿੱਚ ਆ ਜਾਂਦੇ ਹਨ। ਜਿਸ ਕਾਰਨ ਉਹ ਝੁਲਸ ਜਾਂਦੇ ਹਨ। ਇਹ ਜੋ ਨਾਈਲੋਨ ਦਾ ਧਾਗਾ ਹੁੰਦਾ ਹੈ ਇਹ ਆਸਾਨੀ ਨਾਲ ਟੁੱਟਦਾ ਵੀ ਨਹੀਂ ਹੈ। ਅਕਸਰ ਜਦੋਂ ਪਤੰਗ ਚੜਾਏ ਜਾਂਦੇ ਹਨ ਤਾਂ ਇੱਕ ਦੂਜੇ ਨਾਲ ਮੁਕਾਬਲਾ ਹੁੰਦਾ ਹੈ। ਇੱਕ ਦੂਜੇ ਨੂੰ ਇਹ ਹੁੰਦਾ ਹੈ ਕਿ ਮੈਂ ਦੂਜੇ ਦੀ ਪਤੰਗ ਕੱਟਾਂ। ਕੱਚ ਵਰਗੀ ਇਹ ਡੋਰ ਹੁੰਦੀ ਹੈ।

ਪ੍ਰਸ਼ਾਸ਼ਨ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਜਿਹੇ ਦੁਕਾਨਦਾਰ ਜੋ ਡੋਰ ਵੇਚਦੇ ਹਨ, ਉਨਾਂ ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਸਾਲ 2016 ਵਿੱਚ ਚਾਈਨਾ ਡੋਰ ਦੇ ਉਤਪਾਦਨ , ਵਿਕਰੀ ਤੇ ਮੁਕੰਮਲ ਪਾਬੰਦੀ ਲਗਾਈ ਸੀ। ਐਨਜੀਟੀ ਮੁਤਾਬਕ ਜੇ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਪੰਜ ਸਾਲ ਦੀ ਸਜ਼ਾ ਤੇ ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰਾਹੀਂ ਵੀ ਜੇ ਕੋਈ ਚਾਈਨਾ ਡੋਰ ਦੀ ਵਿਕਰੀ ਕਰਦਾ ਹੈ ਤਾਂ ਉਸ ਖਿਲਾਫ ਵੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ ਸੂਬੇ ਦੇ ਮੁੱਖ ਮੰਤਰੀ ਵੱਲੋਂ ਸਾਰੇ ਹੀ ਜਿਲ੍ਹਿਆਂ ਦੇ ਉੱਚ ਅਧਿਕਾਰੀ, ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਆਦੇਸ਼ ਦਿੱਤੇ ਹਨ ਕਿ ਜੋ ਹੁਕਮਾਂ ਦੇ ਖ਼ਿਲਾਫ਼ ਚਲਦੇ ਹਨ, ਉਹਨਾਂ ਖ਼ਿਲਾਫ਼ ਕਾਰਵਾਈ ਕਰੋ।ਸਮਾਜਿਕ ਜਥੇਬੰਦੀਆਂ ਵਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਡੋਰ ਵੇਚਣ ਵਾਲਿਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਹੈ । ਅਜਿਹੇ ਦੁਕਾਨਦਾਰਾਂ ਨੂੰ ਬਿਲਕੁਲ ਵੀ ਅਸਰ ਨਹੀਂ ਹੁੰਦਾ।ਜ਼ਿਲ੍ਹਾ ਪੱਧਰ ਤੇ ਜਾਂ ਸਕੂਲਾਂ ਵਿੱਚ ਪ੍ਰਿੰਸੀਪਲਾਂ ਵੱਲੋਂ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨੁਮਾਇੰਦਿਆਂ ਵੱਲੋਂ ਵੀ ਲੋਕ ਸਭਾ ਵਿੱਚ ਇਹ ਮੁੱਦਾ ਬੜੇ ਹੀ ਜ਼ੋਰ ਸ਼ੋਰ ਨਾਲ ਚੁੱਕਣਾ ਚਾਹੀਦਾ ਹੈ।



# ਸੀਸ ਤਲੀ 'ਤੇ ਰੱਖ ਕੇ ਲੜਨ ਵਾਲੇ : ਬਾਬਾ ਦੀਪ ਸਿੰਘ ਜੀ

ਕਰਨੈਲ ਸਿੰਘ ਐੱਮ.ਏ.
karnailsinghma@gmail.com

**ਮਹਾਨ** ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸ਼ਹਾਦਤ ਦੇਣ ਵਾਲਾ, ਗਵਾਹ, ਸਾਕੀ (ਸਾਖੀ), ਸੰਗਿਆ--ਅਜਿਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ। ਧਰਮ ਯੁੱਧ ਵਿੱਚ ਜਿਸ ਨੇ ਜੀਵਨ ਅਰਪਿਆ ਹੈ। ਡਾ: ਐਮ.ਐਸ.ਅੰਮ੍ਰਿਤ ਅਨੁਸਾਰ 'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸ਼ਹਾਦਤ, ਗਵਾਹੀ ਜਾਂ ਸਾਖੀ ਭਰਨ ਵਾਲਾ। ਇੰਜ ਹੀ Martyr ਸ਼ਬਦ ਜੋ ਲੇਟਿਨ ਗ੍ਰੀਕ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸ਼ਹੀਦ, ਕੁਰਬਾਨੀ ਵਾਲਾ ਵਿਅਕਤੀ, ਪਵਿੱਤਰ ਕੁਰਾਨ ਵਿੱਚ 'ਸ਼ਹੀਦ' ਸ਼ਬਦ ਦੀ ਵਰਤੋਂ 35 ਵਾਰ ਹੋਇਆ ਹੈ। ਬ੍ਰਹਮ-ਗਿਆਨੀ, ਪੂਰਨ ਮਹਾਂਪੁਰਖ, ਮਹਾਨ ਯੋਧਾ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ ਸੰਨ 1682 ਈ: ਨੂੰ ਪਿਤਾ ਭਾਈ ਭਗਤਾ ਜੀ ਅਤੇ ਮਾਤਾ ਜਿਉਣੀ ਜੀ ਦੇ ਘਰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ (ਪੰਜਾਬ) ਵਿਖੇ ਹੋਇਆ। ਦੋਵੇਂ ਗੁਰੂ ਘਰ ਦੇ ਬੜੇ ਪ੍ਰੇਮੀ ਸਨ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਰਹੇ ਤੇ ਸੇਵਾ ਕਰਦੇ ਰਹੇ। ਉਹ ਆਪਣੇ ਆਪ ਨੂੰ ਗੁਰੂ ਘਰ ਦਾ ਨਿਮਾਣਾ ਸਿੱਖ ਸਮਝਦੇ ਸਨ। ਮਾਤਾ-ਪਿਤਾ ਨੇ ਬਚਪਨ ਵਿੱਚ ਉਹਨਾਂ ਦਾ ਨਾਂ 'ਦੀਪਾ' ਰੱਖਿਆ। ਬਾਬਾ ਦੀਪ ਸਿੰਘ ਚੜ੍ਹਦੀ ਜਵਾਨੀ 'ਚ ਤਕਰੀਬਨ 18 ਸਾਲ ਦੀ ਉਮਰ ਵਿੱਚ ਆਪਣੇ ਮਾਤਾ-ਪਿਤਾ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਮਨਾਉਣ ਲਈ ਪਹੁੰਚੇ। ਗੁਰੂ ਸਾਹਿਬ ਨੇ ਉਹਨਾਂ ਨੂੰ ਅਨੰਦਪੁਰ ਸਾਹਿਬ ਹੀ ਰੱਖ ਲਿਆ ਤੇ ਮਾਤਾ-ਪਿਤਾ ਆਪਣੇ ਪਿੰਡ ਵਾਪਸ ਆ ਗਏ ਆਪ ਤਿੰਨ ਸਾਲ ਗੁਰੂ ਜੀ ਦੇ ਚਰਨਾਂ ਵਿੱਚ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿੱਚ ਜਦ ਖ਼ਾਲਸੇ ਦੀ ਸਿਰਜਣਾ ਕੀਤੀ ਤਾਂ ਉਸ ਸਮੇਂ ਵੱਡੀ ਤਾਦਾਦ ਵਿੱਚ ਸੰਗਤਾਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ। ਬਾਬਾ ਦੀਪ ਸਿੰਘ ਜੀ ਵੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਨਾਂ ਦੀਪ ਸਿੰਘ ਰੱਖ ਦਿੱਤਾ ਗਿਆ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਦੀ ਰਹਿਨੁਮਾਈ ਹੇਠ ਗੁਰਬਾਣੀ ਦਾ ਅਧਿਐਨ ਕੀਤਾ ਅਤੇ ਸ਼ਸਤਰ ਵਿੱਦਿਆ ਗ੍ਰਹਿਣ ਕੀਤੀ। ਬਾਬਾ ਜੀ ਨੇ ਸੰਸਕ੍ਰਿਤ, ਬ੍ਰਿਜ, ਫ਼ਾਰਸੀ ਅਤੇ ਗੁਰਮੁਖੀ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰਕੇ ਜਿੱਥੇ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ, ਉੱਥੇ ਹੀ ਬਾਣੀ ਦਾ ਪ੍ਰਚਾਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ। 1704 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਦੇ ਹੁਕਮ ਨਾਲ ਅਨੰਦਪੁਰ ਸਾਹਿਬ ਛੱਡਣਾ ਪਿਆ। ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ, ਦੀਨਾ ਕਾਂਗੜ, ਆਲਮਗੀਰ, ਕੋਟਕਪੂਰਾ, ਮੁਕਤਸਰ, ਲੱਖੀ-ਜੰਗਲ ਤੋਂ ਹੁੰਦੇ ਹੋਏ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚੇ। ਗੁਰੂ ਸਾਹਿਬ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਪੂਰਨ ਰੂਪ ਦੇਣ ਦਾ ਕਾਰਜ ਭਾਈ ਮਨੀ ਸਿੰਘ ਦੁਆਰਾ ਨੇਪਰੇ ਚਾੜ੍ਹਿਆ। ਇਸ ਮਹਾਨ ਕਾਰਜ ਵਿੱਚ ਭਾਈ ਮਨੀ ਸਿੰਘ ਜੀ ਦੇ ਸਹਾਇਕ ਬਾਬਾ ਦੀਪ ਸਿੰਘ ਜੀ ਸਨ। ਉਹਨਾਂ ਇਸ ਸੇਵਾ ਨੂੰ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਨਿਭਾਇਆ। ਬਾਬਾ ਦੀਪ ਸਿੰਘ ਜੀ ਜਿੱਥੇ ਨਿਧੜਕ ਯੋਧੇ ਸਨ ਉੱਥੇ ਗੁਰਬਾਣੀ ਦੇ ਮਹਾਨ ਵਿਦਵਾਨ ਅਤੇ ਲਿਖਾਰੀ ਵੀ ਸਨ। ਉਹ ਸੰਗਤਾਂ ਨੂੰ ਗੁਰਬਾਣੀ ਦੇ ਅਰਥ ਕਰਕੇ ਵੀ ਦੱਸਦੇ ਰਹੇ ਅਤੇ ਆਦਿ ਗ੍ਰੰਥ ਦੇ ਹੱਥ ਲਿਖਤ ਉਤਾਰੇ ਵੀ ਕਰਦੇ ਰਹੇ। ਬਾਬਾ ਦੀਪ ਸਿੰਘ ਜੀ ਨੇ 1705 ਈ: ਵਿੱਚ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਤਿਆਰ ਕੀਤੀਆਂ। ਬਾਬਾ ਦੀਪ ਸਿੰਘ ਜੀ ਵੱਲੋਂ ਤਿਆਰ ਕੀਤੇ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵੱਖ-ਵੱਖ ਤਖ਼ਤ ਸਾਹਿਬਾਨ ਤੇ ਭੇਜੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਹੀ ਬਾਬਾ ਦੀਪ ਸਿੰਘ ਜੀ ਨੇ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਧਰਮ ਯੁੱਧਾਂ ਵਿੱਚ ਮਦਦ ਕੀਤੀ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰ: ਦਰਬਾਰਾ ਸਿੰਘ ਜੀ ਅਤੇ ਨਵਾਬ ਕਪੂਰ ਸਿੰਘ ਜੀ ਨੇ ਸਿੱਖ ਕੌਮ ਨੂੰ ਜਥਿਆਂ ਵਿੱਚ ਵੰਡ ਕੇ ਲਾਮਬੰਦ ਕੀਤਾ। ਇਹਨਾਂ ਜਥਿਆਂ ਨੂੰ ਮਿਸਲਾਂ ਦਾ ਨਾਂ ਦਿੱਤਾ ਗਿਆ। ਬਾਬਾ ਦੀਪ ਸਿੰਘ ਜੀ ਨੂੰ 12 ਮਿਸਲਾਂ ਵਿੱਚੋਂ 'ਸ਼ਹੀਦ ਮਿਸਲ' ਦੇ ਜਥੇਦਾਰ ਦੀ ਸੇਵਾ ਵੀ ਸੌਂਪੀ ਗਈ। ਅਹਿਮਦਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਸਿੱਖਾਂ ਦੀ ਚੜ੍ਹਦੀ ਕਲਾ ਤੋਂ ਪ੍ਰੇਸ਼ਾਨ ਸੀ। ਉਸ ਦੇ ਹੁਕਮ ਤੇ ਹੀ ਜਹਾਨ ਖਾਂ ਨੇ ਸਿੱਖਾਂ ਦਾ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਇਹ ਵੀ ਦੱਸਿਆ ਗਿਆ ਕਿ ਜਦ ਤੱਕ ਸਿੱਖਾਂ ਦੀ ਸ਼ਕਤੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਨੂੰ ਖ਼ਤਮ ਨਹੀ ਕੀਤਾ ਜਾਂਦਾ, ਉਦੋਂ ਤੱਕ ਸਿੱਖ ਨਾ ਆਪ ਚੈਨ ਨਾਲ ਬੈਠਣਗੇ ਅਤੇ ਨਾ ਹੀ ਹਾਕਮਾਂ ਨੂੰ ਸੁੱਖ ਦਾ ਸਾਹ ਲੈਣ ਦੇਣਗੇ। ਇਹ ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਦਰਬਾਰ ਸਾਹਿਬ ਵਿੱਚ ਮੱਥਾ ਟੇਕ ਕੇ ਨਵਾਂ ਜੀਵਨ ਤੇ ਉਤਸ਼ਾਹ ਪ੍ਰਾਪਤ ਕਰ ਲੈਂਦੇ ਹਨ। ਜਹਾਨ ਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਢਹਿ-ਢੇਰੀ ਕਰਵਾ ਦਿੱਤਾ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ (ਭਰ) ਦਿੱਤਾ। ਬੇਪਤੀ ਦੀ ਇਹ ਖ਼ਬਰ ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਮਿਲ ਗਈ। ਉਹਨਾਂ ਖੰਡਾ ਹੱਥ ਵਿੱਚ ਚੁੱਕ ਕੇ ਅਕਾਲ ਪੁਰਖ ਅੱਗੇ ਸ਼ਕਤੀ ਪ੍ਰਦਾਨ ਕਰਨ ਦੀ ਅਰਦਾਸ ਕੀਤੀ। ਬਾਬਾ ਦੀਪ ਸਿੰਘ ਜੀ ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ ਤਾਂ ਉਹਨਾਂ ਨਾਲ 20 ਸਿੰਘ ਸਨ। ਜਦ ਉਹ ਮਾਲਵੇ ਦੇ ਇਲਾਕੇ ਵਿੱਚੋਂ ਲੰਘੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਦੀਪ ਸਿੰਘ ਜੀ ਜਥੇ ਸਮੇਤ ਤਰਨਤਾਰਨ ਸਾਹਿਬ ਪਹੁੰਚੇ। ਸ੍ਰੀ ਤਰਨਤਾਰਨ ਸਾਹਿਬ ਪਹੁੰਚ ਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਅਰਦਾਸ ਕੀਤੀ। ਪੁਸ਼ਾਕੇ ਬਦਲੇ, ਸ਼ਹੀਦੀ ਗਾਨੇ ਬੰਨ੍ਹ ਲਏ। ਬਾਬਾ ਜੀ ਨੇ ਇੱਕ ਲਕੀਰ ਖਿੱਚ ਕੇ ਕਿਹਾ ਕਿ ਜੋ ਸਿੰਘ ਸ਼ਹੀਦ ਹੋਣ ਲਈ ਤਿਆਰ ਹਨ ਸਿਰਫ਼ ਉਹੀ ਲਕੀਰ ਟੱਪਣ, ਬਾਕੀ ਵਾਪਸ ਚਲੇ ਜਾਣ। ਸਾਰੇ ਸਿੰਘ ਗੁਰਧਾਮਾਂ ਦੀ ਰਾਖੀ ਲਈ ਆਪਾ ਕੁਰਬਾਨ ਕਰਨ ਦੇ ਚਾਉ ਨਾਲ ਜੈਕਾਰੇ ਛੱਡਦੇ ਲਕੀਰ ਲੰਘ (ਟੱਪ) ਗਏ। ਸ੍ਰੀ ਤਰਨਤਾਰਨ ਸਾਹਿਬ ਤੋਂ 8 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਪਿੰਡ ਗੋਹਲਵੜ ਵਿਖੇ ਘਮਸਾਣ ਦਾ ਯੁੱਧ ਹੋਇਆ। ਜਹਾਨ ਖਾਂ ਨੇ 20,000 ਦੀ ਸ਼ਕਤੀਸ਼ਾਲੀ ਸੈਨਾ ਲੈ ਕੇ ਸਿੰਘਾਂ ਉੱਤੇ ਹਮਲਾ ਕਰ ਦਿੱਤਾ। ਬਾਬਾ ਦੀਪ ਸਿੰਘ ਜੀ ਨੇ ਸਿੰਘਾਂ ਨੂੰ ਦੁਸ਼ਮਣ ਦੀਆਂ ਫ਼ੌਜਾਂ 'ਤੇ ਟੁੱਟ ਪੈਣ ਲਈ ਲਲਕਾਰਿਆ। ਇਸ ਜੰਗ ਵਿੱਚ ਬਾਬਾ ਦੀਪ ਸਿੰਘ ਜੀ ਆਪਣੇ 18 ਸੇਰ ਦੇ (ਦੋ ਧਾਰੇ) ਖੰਡੇ ਨਾਲ ਜ਼ਾਲਮਾਂ ਦੇ ਆਹੂ ਲਾਹੁੰਦਿਆਂ ਅੱਗੇ ਵੱਧ ਰਹੇ ਸਨ। ਜਹਾਨ ਖਾਂ ਦੇ ਬਹੁਤ ਸਾਰੇ ਸਿਪਾਹੀ ਦੌੜ ਗਏ ਤੇ ਵੱਡੀ ਗਿਣਤੀ ਵਿੱਚ ਮਾਰੇ ਗਏ। ਬਾਬਾ ਦੀਪ ਸਿੰਘ ਜੀ ਦੇ ਕਈ ਸਾਥੀ ਜੰਗ ਦੌਰਾਨ ਸ਼ਹਾਦਤ ਦਾ ਜਾਮ ਪੀ ਗਏ। ਅਮਾਨ ਖਾਂ ਨਾਲ ਆਹਮਣੇ-ਸਾਹਮਣੇ ਦੀ ਜੰਗ ਦੌਰਾਨ ਦੋਹਾਂ ਦੇ ਸਾਂਝੇ ਵਾਰ ਨਾਲ ਦੋਨਾਂ ਦੇ ਸੀਸ ਧੜ ਨਾਲੋਂ ਅੱਡ ਹੋ ਗਏ। ਅਮਾਨ ਖਾਂ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਪਰ ਬਾਬਾ ਦੀਪ ਸਿੰਘ ਜੀ ਨੇ ਇੱਕ ਹੱਥ ਦੀ ਤਲੀ ਨਾਲ ਆਪਣੇ ਸੀਸ ਨੂੰ ਸੰਭਾਲਿਆ ਅਤੇ ਦੂਜੇ ਹੱਥ ਨਾਲ ਖੰਡਾ ਚਲਾਉਂਦੇ (ਵਾਹੁੰਦੇ) ਹੋਏ ਅੱਗੇ ਵਧਦੇ ਗਏ। ਬਾਬਾ ਜੀ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ ਉਹ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਉਪਰੰਤ ਆਪਣਾ ਸੀਸ ਗੁਰੂ ਜੀ ਦੇ ਚਰਨਾਂ ਵਿੱਚ ਭੇਟ ਕਰਕੇ ਹੀ ਸ਼ਹੀਦੀ ਪ੍ਰਾਪਤ ਕਰਨਗੇ। ਬਾਬਾ ਦੀਪ ਸਿੰਘ ਜੀ ਨੂੰ ਪ੍ਰਣ ਚੇਤੇ ਆਇਆ, ਉਹਨਾਂ ਆਪਣਾ ਸੀਸ ਖੱਬੇ ਹੱਥ ਦੀ ਤਲੀ ਨਾਲ ਸੰਭਾਲਦੇ ਹੋਏ, ਜ਼ਾਲਮਾਂ ਨਾਲ ਲੜਦੇ ਹੋਏ, ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਆਪਣਾ ਸੀਸ ਭੇਟ ਕਰਕੇ 11 ਨਵੰਬਰ ਸੰਨ 1757 ਈ: ਨੂੰ 75 ਸਾਲ ਦੀ ਉਮਰ ਬਤੀਤ ਕਰਕੇ ਸ਼ਹੀਦੀ ਪ੍ਰਾਪਤ ਕੀਤੀ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬਾਬਾ ਦੀਪ ਸਿੰਘ ਜੀ ਸੰਮਤ 1817, ਸੰਨ 1760 ਈਸਵੀ ਵਿੱਚ ਰਾਮਸਰ ਪਾਸ ਧਰਮ ਯੁੱਧ ਕਰਦੇ ਹੋਏ ਸ਼ਹੀਦ ਹੋਏ। ਇਹ ਸ਼ਹੀਦਾਂ ਦੀ ਮਿਸਲ ਦੇ ਮੁਖੀਏ ਸਿੰਘਾਂ ਵਿੱਚੋਂ ਸਨ। ਬਾਬਾ ਦੀਪ ਸਿੰਘ ਜੀ ਅਤੇ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ।

* ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
* ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
* ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨਜ਼ਦੀਕ ਹੈ। ਜਿੱਥੇ ਅੱਜ-ਕੱਲ੍ਹ "ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ" ਸ਼ਸ਼ੋਭਿਤ ਹੈ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ ਵਿੱਚ ਜਿੱਥੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ ਧਾਰਾ ਖੰਡਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਰੋਜ਼ਾਨਾ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟ੍ਰਸਟ ਅੰਮ੍ਰਿਤਸਰ ਵੱਲੋਂ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ-ਦਿਹਾੜਾ ਮਿਤੀ 27 ਜਨਵਰੀ ਦਿਨ ਮੰਗਲਵਾਰ ਨੂੰ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਪ੍ਰਚਾਰਕ, ਉੱਘੀਆਂ ਸ਼ਖ਼ਸੀਅਤਾਂ ਗੁਰਮਤਿ ਵਿਚਾਰਾਂ ਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।



# ਅਜੋਕਾ ਭਾਰਤ ਨਹੀਂ ਹੈ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
97816-46008

**ਸ.**ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਸਣੇ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਦੇਣ ਵਾਲੇ ਅਨੇਕਾਂ ਹੀ ਹੋਰ ਸਿਰਲੱਥ ਯੋਧਿਆਂ ਨੇ ਆਜ਼ਾਦ ਭਾਰਤ ਦੀ ਉਹ ਤਸਵੀਰ ਕਦੇ ਵੀ ਨਹੀ ਚਿਤਵੀ ਸੀ ਜੋ ਅਸੀ ਅੱਜ ਦੇ ਭਾਰਤ ਦੀ ਬਣਾ ਛੱਡੀ ਹੈ। ਇਸ ਭ੍ਰਿਸ਼ਟਾਚਾਰ, ਵਿਭਚਾਰ, ਕਾਲਾ ਬਜ਼ਾਰੀ, ਅਪਰਾਧ, ਸ਼ਰ੍ਹੇਆਮ ਗੁੰਡਾਗਰਦੀ, ਕਤਲੋਗ਼ਾਰਤ, ਧਰਮ ਦੇ ਨਾਂ 'ਤੇ ਹਿੰਸਾ,ਮੌਬ ਲਿੰਚਿੰਗ, ਫ਼ਿਰਕੂ ਕੱਟੜਵਾਦ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਬਦਨੁਮਾ ਧੱਬਿਆਂ ਨਾਲ ਭਰੀ ਅਜੋਕੇ ਭਾਰਤ ਦੀ ਤਸਵੀਰ ਸਚਮੁੱਚ ਹੀ ਬਹੁਤ ਹੀ ਘਿਨਾਉਣੀ ਹੈ। ਅਜੋਕਾ ਭਾਰਤ ਦੇਸ਼ ਭਗਤ ਸ਼ਹੀਦਾਂ ਦੇ ਸੁਫ਼ਨਿਆਂ ਦਾ ਭਾਰਤ ਤਾਂ ਹਰਗ਼ਿਜ਼ ਵੀ ਨਹੀ ਹੈ। ਅਜੋਕੇ ਭਾਰਤਵਾਸੀਆਂ ਨੂੰ ਮਿਲ ਬੈਠ ਕੇ ਤੇ ਆਪੋ ਆਪਣੇ ਗਿਰੇਬਾਨ ਵਿਚ ਝਾਕ ਕੇ ਪੜਚੋਲ ਕਰਨੀ ਪਏਗੀ ਕਿ ਕੀ ਵਰਤਮਾਨ ਭਾਰਤ ਲਈ ਹੀ ਸਾਡੇ ਆਜ਼ਾਦੀ ਘੁਲਾਟੀਆਂ ਨੇ ਆਪਣੇ ਪ੍ਰਾਣ ਨਿਛਾਵਰ ਕੀਤੇ ਸਨ?

ਅੱਜ ਅਸਮਾਨ ਛੂੰਹਦੀ ਮਹਿੰਗਾਈ ਦੇ ਦੌਰ ਵਿਚ ਗ਼ਰੀਬਾਂ ਦੇ ਚੁੱਲ੍ਹੇ ਠੰਡੇ ਪਏ ਹਨ ਤੇ ਆਪਣੇ ਅਤੇ ਆਪਣੇ ਵਪਾਰੀ ਮਿੱਤਰਾਂ ਦੇ ਘਰ ਭਰਨ ਲਈ ਵੱਡੇ ਰਾਜਨੇਤਾ ਦਿਨ-ਰਾਤ ਕੰਮ ਕਰ ਰਹੇ ਹਨ। ਗ਼ਰੀਬ ਦੀ ਆਮਦਨ ਦਿਨ ਪ੍ਰਤੀ ਦਿਨ ਘੱਟ ਰਹੀ ਹੈ ਤੇ ਰਾਜਨੇਤਾਵਾਂ,ਅਫ਼ਸਰਾਂ ਅਤੇ ਵਪਾਰੀ ਮਿੱਤਰਾਂ ਦੀ ਆਮਦਨ ਅਤੇ ਜਾਇਦਾਦ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਮੁਫ਼ਤ ਦੀਆਂ ਰਿਉੜੀਆਂ ਵੰਡਣ ਦੇ ਨਾਂ 'ਤੇ ਰਾਜਨੇਤਾ ਆਮ ਲੋਕਾਂ ਨੂੰ ਕਿਰਤ ਜਾਂ ਰੁਜ਼ਗਾਰ ਦੇਣ ਦੀ ਥਾਂ ਨਿਕੰਮੇ ਤੇ ਨਿਠੱਲੇ ਬਣਾ ਰਹੇ ਹਨ। ਅਸਲ ਮੁੱਦਾ ਲੋਕਾਂ ਦੀ ਆਮਦਨੀ ਵਧਾ ਕੇ ਉਨ੍ਹਾਂ ਨੂੰ ਆਪਣੇ ਪੈਸੇ ਨਾਲ ਵਸਤਾਂ ਖ਼ਰੀਦਣ ਦੇ ਸਮਰੱਥ ਬਣਾਉਣਾ ਹੈ ਤੇ ਦੇਸ਼ ਵਿਚ ਕਿਰਤ ਦਾ ਸੱਭਿਆਚਾਰ ਪੈਦਾ ਕਰਕੇ ਤੇ ਦੇਸ਼ਵਾਸੀਆਂ ਦੀ ਆਮਦਨੀ ਵਧਾ ਕੇ ਦੇਸ਼ ਨੂੰ ਆਰਥਿਕ ਤੇ ਸਮਾਜਿਕ ਪੱਖੋਂ ਮਜ਼ਬੂਤ ਕਰਨਾ ਹੈ ਪਰ ਸਭ ਕੁਝ ਉਲਟਾ ਤੇ ਗ਼ਲਤ ਹੋ ਰਿਹਾ ਹੈ। ਇਹ ਭਾਰਤ ਸ਼ਹੀਦਾਂ ਦੇ ਸੁਫ਼ਨਿਆਂ ਦਾ ਭਾਰਤ ਨਹੀ ਹੈ।

ਸਾਡੇ ਦੇਸ਼ ਭਗਤਾਂ ਨੇ ਕਦੇ ਵੀ ਅਜਿਹੇ ਭਾਰਤ ਦਾ ਸੁਫ਼ਨਾ ਨਹੀ ਸੀ ਲਿਆ ਜਿੱਥੇ ਧੀਆਂ ਭੈਣਾਂ ਤੇ ਮਾਂਵਾਂ ਦੀ ਇੱਜ਼ਤ ਮਹਿਫ਼ੂਜ਼ ਨਹੀ ਹੈ। ਅਜੋਕੇ ਭਾਰਤ ਵਿਚ ਮਹਿਲਾਵਾਂ, ਮੁਟਿਆਰਾਂ ਤੇ ਬੱਚੀਆਂ ਨਾਲ ਨਿਤ ਦਿਨ ਬਲਾਤਕਾਰ, ਛੇੜਛਾੜ, ਲੁੱਟ ਖੋਹ ਅਤੇ ਮਾਰਕੁੱਟ ਕੀਤੇ ਜਾਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਲੋਕ ਆਪਣੀਆਂ ਧੀਆਂ ਨੂੰ ਇਕੱਲਿਆਂ ਕਨੇਡਾ ਜਾਂ ਅਮਰੀਕਾ ਭੇਜ ਕੇ ਤਾਂ ਸੁਰੱਖਿਅਤ ਸਮਝਦੇ ਹਨ ਪਰ ਭਾਰਤ ਵਿਚ ਕਿਧਰੇ ਵੀ ਇਕੱਲਿਆਂ ਭੇਜਕੇ ਉਨ੍ਹਾਂ ਨੂੰ ਆਪਣੀ ਧੀ ਜਾਂ ਭੈਣ ਨਾਲ ਕਿਸੇ ਅਣਹੋਣੀ ਦੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਥੇ ਦਹੇਜ ਕਾਰਨ ਜਾਂ ਲਵ ਜਿਹਾਦ ਦੇ ਨਾਂ 'ਤੇ ਜਾਂ ਫਿਰ ਮੁੰਡਾ ਜੰਮਣ ਦੇ ਨਾਂ 'ਤੇ ਵਾਰ-ਵਾਰ ਗਰਭਪਾਤ ਜਿਹੇ ਨੀਚ ਕਾਰਜਾਂ ਕਰਕੇ ਮੁਟਿਆਰਾਂ ਨੂੰ ਭਾਰੀ ਕਸ਼ਟ ਸਹਿਣੇ ਪੈਂਦੇ ਹਨ। ਕੰਜਕਾਂ ਪੂਜਣ ਵਾਲੇ ਮੁਲਕ ਅੰਦਰ ਗਰਭ ਵਿਚ ਆਈਆਂ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਕੇ ਕੂੜੇ ਦੇ ਢੇਰਾਂ ਜਾਂ ਗੰਦੇ ਨਾਲਿਆਂ ਵਿਚ ਸੁੱਟ ਦਿੱਤਾ ਜਾਂਦਾ ਹੈ। ਧੀਆਂ ਦੀ ਬੇਪੱਤੀ ਕਰਨ ਵਾਲੇ ਬਾਬਿਆਂ ਤੇ ਸਿਆਸਤਦਾਨਾਂ ਨੂੰ ਵਿਸ਼ੇਸ਼ ਛੋਟਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕੀ ਮਹਿਲਾਵਾਂ ਦੀ ਬੇਪੱਤੀ ਨਾਲ ਭਰੇ ਇਸ ਭਾਰਤ ਖ਼ਾਤਰ ਸੂਰਮਿਆਂ ਨੇ ਕੁਰਬਾਨੀਆਂ ਦਿੱਤੀਆਂ ਸਨ?

ਅਜੋਕੇ ਭਾਰਤ ਵਿਚ ਦੇਸ਼ ਦਾ ਅੰਨਦਾਤਾ ਕਿਸਾਨ ਕਰਜ਼ਿਆਂ ਦੀ ਮਾਰ ਕਰਕੇ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ ਤੇ ਸਰਕਾਰਾਂ ਪੂੰਜੀਪਤੀਆਂ ਦਾ ਤਾਂ ਅਰਬਾਂ ਰੁਪਏ ਦਾ ਕਰਜ਼ਾ ਮੁਆਫ਼ ਕਰਨ ਨੂੰ ਤਿਆਰ ਹਨ ਪਰ ਕਿਸਾਨਾਂ ਦੀ ਵਾਰੀ ਇਨ੍ਹਾਂ ਸਰਕਾਰਾਂ ਚੁੱਪ ਰਹਿੰਦੀਆਂ ਹਨ। ਕਿਸਾਨਾਂ ਨਾਲ ਮਸ਼ਵਰੇ ਤੋਂ ਬਿਨਾਂ ਹੀ ਕਿਸਾਨੀ ਕਾਨੂੰਨ ਬਣਾ ਦਿੱਤੇ ਜਾਂਦੇ ਹਨ ਤੇ ਵਿਰੋਧ ਕਰਦੇ ਕਿਸਾਨਾਂ ਨੂੰ ਤੇਜ਼ ਠੰਡਾਂ, ਧੁੱਪਾਂ ਤੇ ਭਾਰੀ ਬਰਸਾਤਾਂ ਵਿਚ ਤਸੀਹੇ ਦੇਣ ਦੇ ਨਾਲ-ਨਾਲ ਸਾਢੇ ਸੱਤ ਸੌ ਤੋਂ ਵੀ ਵੱਧ ਕਿਸਾਨਾਂ ਦੀਆਂ ਜਾਨਾਂ ਲੈ ਲੈਣ ਤੋਂ ਬਾਅਦ ਸਰਕਾਰਾਂ ਦੇ ਕੰਨ ਖੁੱਲ੍ਹਦੇ ਹਨ ਤੇ ਕਾਨੂੰਨ ਵਾਪਿਸ ਲਏ ਜਾਂਦੇ ਹਨ। ਇਥੇ ਹੀ ਬਸ ਨਹੀ ਆਪਣੀਆਂ ਹੱਕੀ ਮੰਗਾਂ ਲਈ ਧਰਨੇ ਤੇ ਰੋਸ ਮੁਜ਼ਾਹਰੇ ਕਰਨ ਦਾ ਹੱਕ ਕਿਸਾਨਾਂ ਤੋਂ ਖੋਹਦਿਆਂ ਹੋਇਆਂ ਸੜਕਾਂ ਤੇ ਕੰਕਰੀਟ ਦੇ ਪਹਾੜ ਖੜ੍ਹੇ ਕਰ ਦਿੱਤੇ ਜਾਂਦੇ ਹਨ ਤੇ ਰਸਤਿਆਂ ਵਿਚ ਕਿੱਲਾਂ ਵਿਛਾਅ ਦਿੱਤੀਆਂ ਜਾਂਦੀਆਂ ਹਨ ਜਿਵੇਂ ਕਿ ਉਹ ਕਿਸਾਨ ਨਾ ਹੋਵੇ ਸਗੋਂ ਕੋਈ ਗ਼ੈਰ ਸਮਾਜੀ ਤੱਤ ਹੋਣ। ਉਨ੍ਹਾਂ ਨੂੰ 'ਬਲਾਤਾਕਾਰੀ','ਦੇਸ਼ ਧ੍ਰੋਹੀ' ਤੇ 'ਖ਼ਾਲਿਸਤਾਨੀ' ਤੱਕ ਆਖਣ ਤੋਂ ਵੀ ਗੁਰੇਜ਼ ਨਹੀ ਕੀਤਾ ਜਾਂਦਾ ਹੈ। ਇਨਸਾਫ਼ ਮੰਗਦੀਆਂ ਮਹਿਲਾ ਖਿਡਾਰਨਾਂ ਨੂੰ ਵਾਲਾਂ ਤੋਂ ਫੜ੍ਹ ਕੇ ਘਸੀਟਿਆ ਤੇ ਕੁੱਟਿਆ ਜਾਂਦਾ ਹੈ ਤੇ ਉਨ੍ਹਾਂ ਦਾ ਜਿਸਮਾਨੀ ਸ਼ੋਸ਼ਣ ਕਰਨ ਵਾਲੇ ਬਾਹੂਬਲੀ ਨੂੰ ਪੁਲਿਸ ਹੱਥ ਤੱਕ ਵੀ ਨਹੀ ਲਗਾਉਂਦੀ ਹੈ। ਅਜਿਹੀਆਂ ਦੋਗਲੀਆਂ ਤੇ ਨਿਕੰਮੀਆਂ ਸਰਕਾਰਾਂ ਵਾਲੇ ਭਾਰਤ ਦਾ ਸੁਫ਼ਨਾ ਸਾਡੇ ਦੇਸ਼ ਭਗਤਾਂ ਨੇ ਕਦੇ ਨਹੀ ਵੇਖਿਆ ਸੀ।



ਜਿਸ ਮੁਲਕ ਵਿਚ ਧਰਮ ਦੇ ਨਾਂ 'ਤੇ ਜ਼ਮੀਨ 'ਤੇ ਲੀਕਾਂ ਪਾ ਕੇ ਮੁਲਕ ਵੰਡ ਦਿੱਤਾ ਗਿਆ ਸੀ ਤੇ ਮਜ਼ਹਬ ਦੇ ਨਾਂ 'ਤੇ ਭਾਰੀ ਕਤਲੋਗ਼ਾਰਤ ਕੀਤੀ ਗਈ, ਜਿਸ ਦੇਸ਼ ਵਿਚ ਮੁਕੱਦਸ ਥਾਂਵਾਂ 'ਤੇ ਟੈਂਕਾਂ ਤੇ ਤੋਪਾਂ ਨਾਲ ਹਮਲੇ ਕੀਤੇ ਗਏ, ਮਸਜਿਦਾਂ ਢਾਹ ਕੇ ਮੰਦਰ ਬਣਾਏ ਗਏ, ਗਲਾਂ 'ਚ ਬਲ੍ਹਦੇ ਟਾਇਰ ਪਾ ਕੇ ਇਕ ਫ਼ਿਰਕੇ ਦੇ ਲੋਕਾਂ ਨੂੰ ਜ਼ਿੰਦਾ ਸਾੜ੍ਹ ਦਿੱਤਾ ਗਿਆ, ਮਜ਼ਹਬੀ ਕੱਟੜਤਾ ਤਹਿਤ ਰੇਲ ਗੱਡੀਆਂ ਵਿਚ ਬੰਬ ਧਮਾਕੇ ਕੀਤੇ ਗਏ, ਧਰਮ ਦੇ ਨਾਂ 'ਤੇ ਮੌਬ ਲਿੰਚਿੰਗ ਜਿਹੇ ਅਣਮਨੁੱਖੀ ਕਾਰੇ ਕੀਤੇ ਗਏ, ਬੱਸਾਂ ਤੇ ਗੱਡੀਆਂ ਵਿੱਚੋਂ ਇਕ ਧਰਮ ਵਿਸ਼ੇਸ਼ ਦੇ ਲੋਕਾਂ ਨੂੰ ਕੱਢ ਕੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ, ਝੂਠੇ ਪੁਲਿਸ ਮੁਕਾਬਲਿਆਂ ਵਿਚ ਹਜ਼ਾਰਾਂ ਬੇਕਸੂਰ ਨੌਜਵਾਨ ਮਾਰ ਦਿੱਤੇ ਗਏ, ਅਜਿਹੇ ਮੁਲਕ ਦਾ ਸੁਫ਼ਨਾ ਤਾਂ ਆਜ਼ਾਦੀ ਦੇ ਪਰਵਾਨਿਆਂ ਨੇ ਕਦੇ ਵੀ ਨਹੀ ਵੇਖਿਆ ਸੀ।

ਅੱਜ ਭਾਰਤ ਵਿਚ ਬਿਰਧ ਆਸ਼ਰਮਾਂ ਦੀ ਅਤੇ ਧੀਆਂ ਤੇ ਪੁੱਤਾਂ ਦੇ ਸਤਾਏ ਤੇ ਤਿਰਸਕਾਰੇ ਹੋਏ ਬਜ਼ੁਰਗਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਅੱਜ ਲੋਕ ਆਪਣੇ ਨੂੰ ਆਪਣੇ ਨਾਲ ਰੱਖਣਾ ਆਪਣੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਮੰਨਣ ਲੱਗ ਪਏ ਹਨ। ਇਹ ਬਿਮਾਰੀ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਲੋਕਾਂ ਜਾਂ ਪਰਿਵਾਰਾਂ ਵਿੱਚ ਬਹੁਤ ਘੱਟ ਤੇ ਅਖੌਤੀ ਵੱਧ ਪੜ੍ਹੇ ਲਿਖੇ ਤੇ ਉੱਚੇ ਸਟੇਟਸ ਵਾਲੇ ਪਰਿਵਾਰਾਂ ਵਿਚ ਵੱਧ ਹੈ। ਦਿਮਾਗੀ ਰੋਗਾਂ ਦੇ ਸ਼ਿਕਾਰ ਜਾਂ ਪਾਗਲ ਕਿਸਮ ਦੇ ਲੋਕ ਸ਼ਹਿਰਾਂ ਤੇ ਪਿੰਡਾਂ ਵਿਚ ਆਮ ਘੁੰਮਦੇ ਵੇਖੇ ਜਾ ਸਕਦੇ ਹਨ। ਕੋਈ ਵੀ ਅਵਾਰਾ ਪਸ਼ੂ ਕਦੋਂ ਅਚਾਨਕ ਹੀ ਸੜ੍ਹਕ 'ਤੇ ਆਣ ਚੜ੍ਹੇਗਾ ਜਾਂ ਕੋਈ ਅਵਾਰਾ ਕੁੱਤਾ ਕਦੋਂ ਕਿਸੇ ਬੱਚੇ ਜਾਂ ਬਜ਼ੁਰਗ ਦੀ ਬੋਟੀ-ਬੋਟੀ ਨੋਚ ਖਾਏਗਾ, ਕੋਈ ਨਹੀ ਦੱਸ ਸਕਦਾ ਹੈ। ਵੱਡੇ ਗਊ ਰੱਖਿਅਕ ਬਣੇ ਅਖੌਤੀ ਲੀਡਰਾਂ ਦੇ ਆਪਣੇ ਸ਼ਹਿਰਾਂ ਦੇ ਚੌਂਕਾਂ ਵਿਚ ਢਿੱਡੋਂ ਭੁੱਖੀਆਂ ਤੇ ਜਿਸਮੋਂ ਜ਼ਖ਼ਮੀ ਗਊਆਂ ਗੰਦ ਫ਼ਰੋਲਦੀਆਂ ਅਕਸਰ ਵੇਖੀਆਂ ਜਾ ਸਕਦੀਆਂ ਹਨ। ਆਪਣੇ ਹੱਥੀ ਰੁੱਖ ਵੱਢ ਦੇਣ ਵਾਲੇ ਲੋਕ ਅਤੇ ਖੇਤਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾ ਕੇ ਸਾੜ੍ਹ ਦੇਣ ਵਾਲੇ ਲੋਕ, ਬੇਸਹਾਰਾ ਪੰਛੀਆਂ ਲਈ ਨਕਲੀ ਆਲ੍ਹਣੇ ਬਣਾ ਕੇ ਟੰਗਣ ਜਾਂ ਪਾਣੀ ਦੇ ਕੌਲੇ ਭਰ ਕੇ ਰੱਖਣ ਦਾ ਢਕਵੰਜ ਕਰਦੇ ਹਨ। ਅਜਿਹੇ ਭਾਰਤ ਅਤੇ ਅਜਿਹੇ ਭਾਰਤ ਵਾਸੀਆਂ ਦੀ ਕਲਪਨਾ ਤਾਂ ਸਾਡੇ ਮਹਾਨ ਯੋਧਿਆਂ ਨੇ ਕਦੇ ਵੀ ਨਹੀ ਕੀਤੀ ਸੀ।

ਅੱਜ ਭਾਰਤ ਵਿਚ ਤੇ ਖ਼ਾਸ ਕਰਕੇ ਪੰਜਾਬ ਵਿੱਚ ਖ਼ੂਨ ਸਸਤਾ ਤੇ ਪਾਣੀ ਮਹਿੰਗਾ ਹੋ ਗਿਆ ਹੈ। ਲੋਕ ਤੇਜ਼ਧਾਰ ਹਥਿਆਰਾਂ ਨਾਲ ਗਾਜਰ ਮੂਲੀ ਵਾਂਗ ਇਕ ਦੂਜੇ ਨੂੰ ਵੱਢ ਰਹੇ ਹਨ। ਨਿਤ ਦਿਨ ਕਿਸੇ ਨਾ ਕਿਸੇ ਨੂੰ ਸ਼ਰੇ ਬਾਜ਼ਾਰ ਗੋਲ੍ਹੀ ਮਾਰੇ ਜਾਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਅੱਜ ਘਰੋਂ ਕੰਮ 'ਤੇ ਗਿਆ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਜਾਂ ਆਪਣੇ ਪਰਿਵਾਰ ਨੂੰ ਸੁਰੱਖਿਅਤ ਨਹੀ ਸਮਝਦਾ ਹੈ। ਅੱਜ ਨਿਤ ਦਿਨ ਬੈਂਕ ਲੁੱਟੇ ਤੇ ਏ.ਟੀ.ਐਮ. ਪੁੱਟੇ ਜਾ ਰਹੇ ਹਨ ਅਤੇ ਧਨਾਢਾਂ ਕੋਲੋਂ ਫ਼ਿਰੌਤੀਆਂ ਮੰਗੀਆਂ ਅਤੇ ਵਸੂਲੀਆਂ ਜਾ ਰਹੀਆਂ ਹਨ। ਔਰਤਾਂ ਤੋਂ ਪਰਸ ਤੇ ਗਹਿਣੇ ਖੋਹੇ ਜਾਣ ਦੀਆਂ ਇਕ ਨਹੀ ਦਰਜਨਾਂ ਵਾਰਦਾਤਾਂ ਹਰ ਰੋਜ਼ ਵਾਪਰ ਰਹੀਆਂ ਹਨ। ਸਾਡੇ ਨੌਜਵਾਨ ਨਸ਼ੇ ਦੇ ਟੀਕੇ ਲਗਾ ਕੇ ਆਪਣਾ ਸਰੀਰ ਵਿੰਨ੍ਹਦੇ ਹੋਏ ਇਸ ਜਹਾਨ ਤੋਂ ਤੁਰੇ ਜਾ ਰਹੇ ਹਨ। ਦੇਸ਼ ਵਿਚ ਆਮ ਲੋਕਾਂ ਲਈ ਹੋਰ ਤੇ ਅਖੌਤੀ ਧਰਮ ਗੁਰੂਆਂ ਲਈ ਹੋਰ ਕਾਨੂੰਨ ਚੱਲ ਰਹੇ ਹਨ। ਸਜ਼ਾਯਾਫ਼ਤਾ ਧਰਮ ਗੁਰੂਆਂ ਨੂੰ ਝਟਪਟ ਜ਼ਮਾਨਤ ਅਤੇ ਪੈਰੋਲ ਦਿੱਤੀ ਜਾ ਰਹੀ ਹੈ ਤੇ ਆਪਣੀਆਂ ਸਜ਼ਾਵਾਂ ਕਈ ਸਾਲ ਪਹਿਲਾਂ ਪੂਰੀਆਂ ਕਰ ਚੁੱਕੇ ਕਈ ਬੰਦੀਆਂ ਨੂੰ ਛੱਡਿਆ ਨਹੀ ਜਾ ਰਿਹਾ ਹੈ। ਇਥੇ ਬਲਾਤਕਾਰ ਦੇ ਸਜ਼ਾਯਾਫ਼ਤਾ ਦੋਸ਼ੀਆਂ ਨੂੰ ਰਿਹਾਅ ਕਰਕੇ ਤੇ ਉਨ੍ਹਾਂ ਦੇ ਗਲਾਂ ਵਿਚ ਹਾਰ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਜਾਂਦਾ ਹੈ ਤੇ ਇਨਸਾਫ਼ ਦੀ ਗੱਲ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ। ਸੱਚੀ ਗੱਲ ਇਹ ਹੈ ਕਿ ਸਮੂਹ ਦੇਸ਼ ਭਗਤਾਂ ਨੇ ਅਜਿਹੇ ਆਜ਼ਾਦ ਭਾਰਤ ਦਾ ਸੁਫ਼ਨਾ ਹਰਗ਼ਿਜ਼ ਵੀ ਨਹੀ ਸੀ ਲਿਆ।


ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)

ਪੀ.ਐਸ.ਬੀ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
PUNJAB & SIND BANK
(A GOVT. OF INDIA UNDERTAKING)

ਜ਼ੋਨਲ ਦਫਤਰ : ਮੋਗਾ — ਜਿਥੇ ਸੇਵਾ ਹੀ ਜੀਵਨ ਦਾ ਰਾਹ ਹੈ — ਜ਼ੋਨਲ ਦਫਤਰ : ਮੋਗਾ

ਚੱਲ/ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ
ਈ-ਨਿਲਾਮੀ ਦੀ ਮਿਤੀ ਅਤੇ ਸਮਾਂ 27.02.2026 ਨੂੰ ਦੁਪਹਿਰ 12:00 ਵਜੇ ਤੋਂ 02:00 ਵਜੇ ਦੇ ਵਿਚਕਾਰ (5 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ)
(ਵਿਕਰੀ HTTPS//:BAANKNET.COM ਰਾਹੀਂ ਈ-ਨਿਲਾਮੀ ਕੇਵਲ)

ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਵਿਚ ਜਾਣੂੰ ਦੇਣਦਾਰੀਆਂ ਕੋਈ ਨਹੀਂ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ ਨੰ. 54) ਦੇ ਤਹਿਤ ਬੈਂਕ ਨੂੰ ਚਾਰਜ ਕੀਤੇ ਗਏ ਚੱਲ/ਅਚੱਲ ਸੰਪਤੀਆਂ ਦੀ ਵਿਕਰੀ ਜਦੋਂ ਕਿ, ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਧਿਕਾਰੀ ਨੇ ਹਰੇਕ ਖਾਤੇ ਦੇ ਵਿਰੁੱਧ ਦੱਸੀਆਂ ਮਿਤੀਆਂ ਨੂੰ ਧਾਰਾ 13(2) ਦੇ ਤਹਿਤ ਜਾਰੀ ਕੀਤੇ ਗਏ ਨੋਟਿਸ ਦੇ ਅਨੁਸਾਰ ਹੇਠ ਲਿਖੀਆਂ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਸੀ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਾਲ ਪੜਿਆ ਗਿਆ ਹੈ, ਜਿਸ ਨੂੰ ਬੈਂਕ ਦੇ ਬਕਾਏ ਅਤੇ ਵਿਆਜ ਦੀ ਪ੍ਰਾਪਤੀ ਲਈ "ਜਿਵੇਂ ਹੈ ਜਿੱਥੇ ਹੈ, ਦੇ ਆਧਾਰ 'ਤੇ", "ਜਿਵੇਂ ਹੈ ਜੋ ਹੈ, ਦੇ ਆਧਾਰ 'ਤ" ਅਤੇ "ਜਿਵੇਂ ਹੈ, ਉੱਥੇ ਹੈ, ਦੇ ਆਧਾਰ 'ਤੇ" ਵੇਚਣ ਦਾ ਅਧਿਕਾਰ ਹੈ, ਜਿਵੇਂ ਕਿ ਇੱਥੇ ਦੱਸਿਆ ਗਿਆ ਹੈ ਅਤੇ ਜਦੋਂ ਕਿ ਅਸਫਲ ਰਹਿਣ 'ਤੇ ਬਕਾਏ ਦੀ ਅਦਾਇਗੀ ਕਰਨ ਵੇਲੇ, ਉਕਤ ਐਕਟ ਦੀ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰਕਰਤਾ ਉਕਤ ਜਾਇਦਾਦ/ਵਸਤੂਆਂ ਦੀ ਵਿਕਰੀ ਦੁਆਰਾ ਬੈਂਕ ਦੇ ਬਕਾਏ ਪ੍ਰਾਪਤ ਕਰਨ ਦਾ ਪ੍ਰਸਤਾਵ ਰੱਖਦਾ ਹੈ। ਇਹ ਵਿਕਰੀ ਵੈੱਬ ਪੋਰਟਲ ਵੈੱਬਸਾਈਟ: https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠ ਹਸਤਾਖਰਕਰਤਾ ਦੁਆਰਾ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ/ਖਾਤਾ/ਕਰਜ਼ਦਾਰ/ਜ਼ਾਮਨ ਦਾ ਨਾਮ | ਮੰਗ ਨੋਟਿਸ ਮਿਤੀ/ ਕੁੱਲ ਵਸੂਲੀਯੋਗ ਰਕਮ | ਅਚੱਲ ਜਾਇਦਾਦ/ਾਂ ਦਾ ਵੇਰਵਾ | ਕਬਜ਼ੇ ਦੀ ਸਥਿਤੀ (ਭੌਤਿਕ/ਸੰਕੇਤਕ) | ਰਿਜ਼ਰਵ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈਐਮਡੀ ਦੀ ਆਖਰੀ ਮਿਤੀ ਅਤੇ ਸਮਾਂ/ਈ ਨਿਲਾਮੀ ਦੀ ਮਿਤੀ ਅਤੇ ਸਮਾਂ | ਨਿਰੀਖਣ ਦੀ ਮਿਤੀ ਅਤੇ ਸਮਾਂ / ਸੰਪਰਕ ਨੰਬਰ ਅਧਿਕਾਰਤ ਦਫ਼ਤਰ ਨਾਮ ਅਤੇ ਸੰਪਰਕ ਨੰਬਰ | QR ਕੋਡ (ਫੋਟੋ) | QR ਕੋਡ (ਸਥਾਨ) | QR BAANKNET |
|---|---|---|---|---|---|---|---|---|---|---|
| 1. | ਸ਼ਾਖਾ ਦਫਤਰ : ਰੇਲਵੇ ਰੋਡ, ਮੋਗਾ<br>1. ਮੈਸਰਜ਼ ਡੇਵ ਆਟੋਮੋਬਾਈਲਜ਼ ਰਾਹੀਂ ਇਸ ਦੇ ਪ੍ਰੋਪ. (ਕਰਜ਼ਦਾਰ) ਸ੍ਰੀ ਦਵਿੰਦਰ ਕੁਮਾਰ ਪੁੱਤਰ ਮੋਹਨ ਲਾਲ, ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ,2. **ਸ੍ਰੀ ਦਵਿੰਦਰ ਕੁਮਾਰ** ਪੁੱਤਰ ਮੋਹਨ ਲਾਲ (ਪ੍ਰੋਪਰਾਈਟਰ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ, 3. **ਸ੍ਰੀ ਪਰਦੀਪ ਕੁਮਾਰ** ਪੁੱਤਰ ਮੋਹਨ ਲਾਲ (ਜ਼ਾਮਨ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ, 4. **ਸ਼੍ਰੀਮਤੀ ਮਮਤਾ ਰਾਣੀ ਪਤਨੀ ਦਵਿੰਦਰ ਕੁਮਾਰ** (ਜ਼ਾਮਨ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 5. ਸ੍ਰੀ ਧਰਮਿੰਦਰ ਸਿੰਘ ਧਾਲੀਵਾਲ ਪੁੱਤਰ ਸਤਪਾਲ ਸਿੰਘ (ਜ਼ਾਮਨ), ਪੱਟੀ ਪਥੁਈ, ਪਿੰਡ ਅਤੇ ਡਾਕਖਾਨਾ ਲੋਪੋਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। | 06.04.2021<br>Rs. 51,72,343.98<br>31.12.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | 1 ਕਨਾਲ ਦੀ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ 16K-0M ਜ਼ਮੀਨ ਦਾ 20/320 ਹਿੱਸਾ ਸਾਲ 2006-07 ਲਈ ਜਮਾਂਬੰਦੀ ਅਨੁਸਾਰ ਖਸਰਾ ਨੰ. 182//19(8-0), 182//20(8-0), ਖੇਵਟ ਨੰ. 216, ਖਤੌਨੀ ਨੰ. 317, ਲੋਪੋਨ ਦੇ ਖੇਤਰ ਵਿੱਚ ਸਥਿਤ, ਪੱਤੀ ਮਾਲਦੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪਰਦੀਪ ਕੁਮਾਰ ਪੁੱਤਰ ਮੋਹਨ ਲਾਲ ਦੀ ਮਲਕੀਅਤ ਵਾਲਾ ਵਸੀਕਾ ਨੰਬਰ 348 ਮਿਤੀ 19.07.2011 ਸਬ ਰਜਿਸਟਰਾਰ ਬੱਧਨੀ ਕਲਾਂ ਦੇ ਦਫ਼ਤਰ ਵਿੱਚ ਵਿਧੀਵਤ ਰਜਿਸਟਰਡ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਦਵਿੰਦਰ ਕੁਮਾਰ, ਦੱਖਣ: ਮਨਜੀਤ ਕੁਮਾਰ, ਪੂਰਬ: ਕੇਵਲ ਸਿੰਘ, ਪੱਛਮ: ਸੜਕ | ਭੌਤਿਕ | Rs. 25,00,000/-<br>Rs. 2,50,000/-<br>Rs. 25,000/- | 26.02.2026 till 05:00 P.M.<br>27.02.2026 from 12:00 NOON to 02:00 P.M. | 26.02.2026 from 10:00 AM to 05:00 PM<br>ਸ੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ,Mob No. 98888 94378 | | | |
| 2. | ਸ਼ਾਖਾ ਦਫਤਰ : ਜੀਐਨਸੀ ਮੋਗਾ<br>1. ਮੈਸਰਜ਼ ਗੁਰੂ ਐਂਟਰਪ੍ਰਾਈਜ਼ਿਜ਼, (ਕਰਜ਼ਦਾਰ) ਰਾਹੀਂ ਪ੍ਰੋਪ. ਸ੍ਰੀਮਤੀ ਗੁਰਲੀਨ ਕੌਰ, ਬਾਬਾ ਜੀਵਨ ਸਿੰਘ ਨਗਰ, ਮੋਗਾ, 2. **ਸ਼੍ਰੀਮਤੀ ਗੁਰਲੀਨ ਕੌਰ (ਮਾਲਕ)**, ਵਾਸੀ ਨੇੜੇ ਨੈਸਲੇ ਕੰਪਾਊਂਡ, ਗੇਟ ਨੰ. 2, ਬਾਬਾ ਜੀਵਨ ਸਿੰਘ ਨਗਰ, ਮੋਗਾ, 3. **ਸ੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਕੁਲਦੀਪ ਸਿੰਘ** (ਜ਼ਾਮਨ), ਵਾਸੀ ਨੇਸਲੇ ਕੰਪਾਊਂਡ ਦੇ ਨੇੜੇ, ਗੇਟ ਨੰ. 2 ਬਾਬਾ ਜੀਵਨ ਸਿੰਘ ਨਗਰ, ਮੋਗਾ, 4. **ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ** (ਜ਼ਾਮਨ), ਵਾਸੀ ਨੇੜੇ ਨੇਸਲੇ ਕੰਪਾਊਂਡ, ਗੇਟ ਨੰ.2, ਬਾਬਾ ਜੀਵਨ ਸਿੰਘ ਨਗਰ, ਮੋਗਾ। 5. ਗੁਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ (ਜ਼ਾਮਨ), ਮਕਾਨ ਨੰ. 309, ਵਾਰਡ ਨੰ. 20, ਅਗਵਾਰ ਹਾਕਮ ਕਾ, ਮੋਗਾ। | 07.09.2015<br>Rs. 60,73,359.25<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | 01 ਕਨਾਲ 0 ਮਰਲੇ ਦੀ ਜਾਇਦਾਦ ਜੋ ਕਿ 3 ਕਨਾਲ-9 ਮਰਲੇ ਦੇ 20/69 ਹਿੱਸੇ ਵਿੱਚ ਖਸਰਾ ਨੰਬਰ 15//11/1(3-9) ਖੇਵਟ ਨੰਬਰ 2095, ਖਤੌਨੀ ਨੰਬਰ 2787 ਜਾਮਨਬੰਦੀ 2003-04 ਦੁਆਰਾ, ਮੋਗਾ ਵਿੱਚ ਸਥਿਤ ਹੈ, ਸੇਲ ਡੀਡ ਨੰਬਰ 7194 ਮਿਤੀ 14.12.2006 ਦੁਆਰਾ ਕੁਲਦੀਪ ਸਿੰਘ ਦੀ ਮਲਕੀਅਤ ਹੈ ਸਬ-ਰਜਿਸਟਰਾਰ ਮੋਗਾ ਦੇ ਦਫ਼ਤਰ ਵਿੱਚ ਰਜਿਸਟਰਡ ਹੈ । ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਗਲੀ, ਦੱਖਣ: ਸੇਮ ਨਾਲਾ, ਪੂਰਬ: ਹੋਰ, ਪੱਛਮ: ਕੁਲਦੀਪ ਸਿੰਘ। | ਭੌਤਿਕ | Rs. 12,95,000/-<br>Rs. 1,29,500/-<br>Rs. 12,950/- | 26.02.2026 till 05:00 P.M.<br>27.02.2026 from 12:00 NOON to 02:00 P.M. | 26.02.2026 from 10:00 AM to 05:00 PM<br>ਸ੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ,Mob No. 98888 94378 | | | |
| 3. | ਸ਼ਾਖਾ ਦਫਤਰ : ਆਰਆਰ ਮੋਗਾ<br>1. ਸ਼੍ਰੀ ਹੇਮੰਤ ਕੁਮਾਰ ਸਿੰਗਲਾ ਪੁੱਤਰ ਰਾਜਿੰਦਰ ਕੁਮਾਰ (ਕਰਜ਼ਦਾਰ), ਵਾਸੀ ਮਕਾਨ ਨੰਬਰ 1279, ਵਾਰਡ ਨੰਬਰ 1, ਗਲੀ ਨੰਬਰ 8, ਜਵਾਹਰ ਨਗਰ, ਮੋਗਾ। 2. ਸ਼੍ਰੀਮਤੀ ਰਜਨੀ ਸਿੰਗਲਾ ਪਤਨੀ ਹੇਮੰਤ ਕੁਮਾਰ ਸਿੰਗਲਾ (ਸਹਿ-ਕਰਜ਼ਦਾਰ), ਵਾਸੀ ਮਕਾਨ ਨੰਬਰ 1279, ਵਾਰਡ ਨੰਬਰ 1, ਗਲੀ ਨੰਬਰ 8, ਜਵਾਹਰ ਨਗਰ, ਮੋਗਾ। 3. ਅਮਰਜੀਤ ਸਿੰਘ ਗਿੱਲ ਪੁੱਤਰ ਰਣਜੀਤ ਸਿੰਘ ਗਿੱਲ (ਜ਼ਾਮਨ), ਵਾਸੀ ਮਕਾਨ ਨੰਬਰ 827, ਵਾਰਡ ਨੰਬਰ 30, ਕੋਟਕਪੂਰਾ ਰੋਡ, ਦੇਵ ਹੋਟਲ ਦੇ ਨੇੜੇ, ਮੋਗਾ। | 07.10.2016<br>Rs. 38,03,113.56<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | ਰਿਹਾਇਸ਼ੀ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ 8 ਮਰਲੇ ਜ਼ਮੀਨ ਦਾ 8/42 ਹਿੱਸਾ ਜਿਸਦਾ ਮਾਪ 2 ਕਨਾਲ 2 ਮਰਲੇ ਜ਼ਮੀਨ ਜਿਸ ਵਿੱਚ ਖੇਵਟ ਨੰਬਰ 169 ਖਤੌਨੀ ਨੰ. 182 ਅਨੁਸਾਰ ਖਸਰਾ ਨੰਬਰ 145/5//5/2(2-2) ਹੈ, ਸਾਲ 2007-08 ਲਈ ਜਮ੍ਹਾਂਬੰਦੀ ਅਨੁਸਾਰ ਖਤੌਨੀ ਨੰਬਰ 182 ਹੈ ਜੋ ਕਿ ਮੋਗਾ ਮਹਿਲਾ ਸਿੰਘ II ਦੇ ਖੇਤਰ ਵਿੱਚ ਸਥਿਤ, ਮੋਗਾ ਵਿਖੇ ਸੇਲ ਡੀਡ ਨੰਬਰ 5763 ਮਿਤੀ 06.02.2015 ਹੇਮੰਤ ਕੁਮਾਰ ਸਿੰਗਲਾ ਪੁੱਤਰ ਰਾਜਿੰਦਰ ਕੁਮਾਰ ਦੇ ਨਾਮ 'ਤੇ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਮਹਿੰਦਰ ਸਿੰਘ, ਦੱਖਣ: ਸੂਰਤ ਸਿੰਘ, ਪੂਰਬ: ਚੰਨਣ ਸਿੰਘ, ਪੱਛਮ: ਗਲੀ (ਜਿਵੇਂ ਕਿ ਵਿਕਰੀ ਡੀਡ ਵਿੱਚ ਦਰਸਾਇਆ ਗਿਆ ਹੈ)। | ਭੌਤਿਕ | Rs. 7,80,000/-<br>Rs. 78,000/-<br>Rs. 10,000/- | 26.02.2026 till 05:00 P.M.<br>27.02.2026 from 12:00 NOON to 02:00 P.M. | 26.02.2026 from 10:00 AM to 05:00 PM<br>ਸ੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ,Mob No. 98888 94378 | | | |

**ਨਿਯਮ ਅਤੇ ਸ਼ਰਤਾਂ**:-ਏ) ਜਾਇਦਾਦ ਸਾਰੇ ਮੌਜੂਦਾ ਅਤੇ ਹੋਰ ਬੋਝਾਂ ਸਮੇਤ ਵੇਚੀ ਜਾ ਰਹੀ ਹੈ, ਭਾਵੇਂ ਬੈਂਕ ਨੂੰ ਪਤਾ ਹੋਵੇ ਜਾਂ ਅਣਜਾਣ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰ ਕਿਸੇ ਵੀ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆਂ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ। ਖਰੀਦਦਾਰ ਨੂੰ ਆਪਣੀ ਸੰਤੁਸ਼ਟੀ ਲਈ ਜਾਇਦਾਦ ਨਾਲ ਸਬੰਧਤ ਸਾਰੇ ਪਹਿਲੂਆਂ 'ਤੇ ਉਚਿਤ ਜਾਂਚ ਕਰਨੀ ਚਾਹੀਦੀ ਹੈ। ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਲੀ ਜਮ੍ਹਾ ਕਰਨ ਤੋਂ ਪਹਿਲਾਂ ਸੁਰੱਖਿਅਤ ਜਾਇਦਾਦ ਨਾਲ ਸਬੰਧਤ ਹੋਰ ਵੇਰਵਿਆਂ ਦੇ ਸਿਰਲੇਖ ਅਤੇ ਸ਼ੁੱਧਤਾ ਨਾਲ ਸੰਤੁਸ਼ਟ ਹੋਣ ਅਤੇ ਸਬੰਧਤ ਅਧਿਕਾਰੀਆਂ ਤੋਂ ਉਨ੍ਹਾਂ ਦੀ ਸੰਤੁਸ਼ਟੀ ਲਈ ਕਿਸੇ ਵੀ ਹੋਰ ਬਕਾਏ/ਦੇਣਦਾਰੀਆਂ/ਬੋਝ ਦਾ ਪਤਾ ਲਗਾਉਣ। ਖਰੀਦਦਾਰ ਬਾਅਦ ਦੀ ਮਿਤੀ 'ਤੇ ਇਸ ਸਬੰਧ ਵਿੱਚ ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰਾਂ ਵਿਰੁੱਧ ਕੋਈ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। b) ਕਿਸੇ ਵੀ ਰਕਮ ਦੇ ਭੁਗਤਾਨ ਵਿੱਚ ਕਿਸੇ ਵੀ ਡਿਫਾਲਟ ਦੀ ਸਥਿਤੀ ਵਿੱਚ ਜਾਂ ਜੇਕਰ ਖਰੀਦਦਾਰ/ਬੋਲੀਦਾਰ ਵੱਲੋਂ ਉਪਰੋਕਤ ਸਮਾਂ ਸੀਮਾ ਦੇ ਅੰਦਰ ਡਿਫਾਲਟ ਦੇ ਕਾਰਨਾਂ ਕਰਕੇ ਵਿਕਰੀ ਪੂਰੀ ਨਹੀਂ ਹੁੰਦੀ ਹੈ, ਤਾਂ ਬੈਂਕ ਉਦੋਂ ਤੱਕ ਖਰੀਦਦਾਰ ਬੋਲੀਕਾਰ ਦੁਆਰਾ ਅਦਾ ਕੀਤੇ ਗਏ ਸਾਰੇ ਪੈਸੇ ਜ਼ਬਤ ਕਰਨ ਅਤੇ ਸੁਰੱਖਿਅਤ ਸੰਪਤੀਆਂ ਨੂੰ ਦੁਬਾਰਾ ਵਿਕਰੀ ਲਈ ਰੱਖਣ ਦਾ ਹੱਕਦਾਰ ਹੋਵੇਗਾ, ਆਪਣੇ ਪੂਰਨ ਵਿਵੇਕ ਨਾਲ। e) ਨਿਲਾਮੀ ਬੋਲੀ ਸਿਰਫ "ਔਨਲਾਈਨ ਇਲੈਕਟ੍ਰਾਨਿਕ ਬੋਲੀ" ਰਾਹੀਂ ਵੈੱਬਸਾਈਟ https://baanknet.com ਰਾਹੀਂ ਹੋਵੇਗੀ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਈ-ਨਿਲਾਮੀ ਵਿਕਰੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਿਸਤ੍ਰਿਤ ਸ਼ਰਤਾਂ ਲਈ ਵੈੱਬਸਾਈਟ ਨੂੰ ਦੇਖਣ। d) ਜਾਇਦਾਦ ਨੂੰ ਉਸ ਕੀਮਤ 'ਤੇ ਵੇਚਿਆ ਜਾਵੇਗਾ ਜੋ ਰਿਜ਼ਰਵ ਕੀਮਤ ਤੋਂ ਵੱਧ ਹੈ ਅਤੇ ਭਾਗ ਲੈਣ ਵਾਲੇ ਬੋਲੀਕਾਰ ਚੁਸਣ ਪ੍ਰਕਿਰਿਆ ਦੌਰਾਨ ਆਪਣੀ ਪੇਸ਼ਕਸ਼ ਨੂੰ ਹੋਰ ਬਿਹਤਰ ਬਣਾ ਸਕਦੇ ਹਨ। e) ਰਿਜ਼ਰਵ ਕੀਮਤ ਦਾ 10% EMD ਰਕਮ (M's PSB Alliance Pvt. Ltd.) ਦੇ ਈ-ਵਾਲਿਟ ਵਿੱਚ ਜਮ੍ਹਾ ਕੀਤੀ ਜਾਣੀ ਹੈ, (ਸੰਪਰਕ ਨੰਬਰ +918291220220, 5 support baanknet@psballliance.com/portal ਸਿੱਧੇ ਜਾਂ ਜਨਰੇਟ ਕਰਕੇ RTGS/NEFT ਰਾਹੀਂ EMD ਜਮ੍ਹਾਂ ਕਰਵਾਉਣ ਲਈ ਖਾਤੇ ਦੇ ਵੇਰਵਿਆਂ ਵਿੱਚ ਜਿਵੇਂ ਕਿ ਉਕਤ ਚਲਾਨ ਵਿੱਚ ਦੱਸਿਆ ਗਿਆ ਹੈ। 9) EMD ਰਕਮ ਦਾ ਭੁਗਤਾਨ ਕਰਨ ਤੋਂ ਬਾਅਦ, ਇੱਛੁਕ ਬੋਲੀਕਾਰਾਂ ਨੂੰ ਹੇਠ ਲਿਖੇ ਦਸਤਾਵੇਜ਼ਾਂ/ਵੇਰਵਿਆਂ ਦੀ ਇੱਕ ਕਾਪੀ 26.02.2026 ਨੂੰ ਜਾਂ ਇਸ ਤੋਂ ਪਹਿਲਾਂ ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਦਫ਼ਤਰ ਮੋਗਾ ਵਿਖੇ ਹੱਥੀਂ ਜਾਂ ਈਮੇਲ ਰਾਹੀਂ ਜਮ੍ਹਾਂ ਕਰਾਉਣੀ ਚਾਹੀਦੀ ਹੈ। ) ਪੈਨ ਕਾਰਡ, ਆਈਡੀ ਪਰੂਫ਼ ਅਤੇ ਪਤੇ ਦੇ ਸਬੂਤ ਦੀਆਂ ਫੋਟੋਕਾਪੀਆਂ, ਹਾਲਾਂਕਿ, ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਨ ਵੇਲੇ ਬੈਂਕ ਨੂੰ ਇਹ ਦਸਤਾਵੇਜ਼ ਅਸਲ ਵਿੱਚ ਪੇਸ਼ ਕਰਨੇ ਪੈਣਗੇ। I) ਬੋਲੀਕਾਰਾਂ ਦਾ ਨਾਮ, ਸੰਪਰਕ ਨੰਬਰ, ਪਤਾ, ਈ ਮੇਲ ਆਈਡੀ। Iv) EMD ਦੀ ਔਨਲਾਈਨ ਰਿਫੰਡ ਲਈ ਬੋਲੀਕਾਰ ਦੇ 193 ਵੇਰਵੇ। 1) ਅਸਫਲ ਬੋਲੀਕਾਰਾਂ ਦੁਆਰਾ ਜਮ੍ਹਾ ਕੀਤੀ ਗਈ EMD ਉਹਨਾਂ ਨੂੰ ਵਾਪਸ ਕੀਤੀ ਜਾਵੇਗੀ। EMD 'ਤੇ ਕੋਈ ਵਿਆਜ ਨਹੀਂ ਹੋਵੇਗਾ। g) ਨਿਲਾਮੀ ਰਿਜ਼ਰਵ ਕੀਮਤ 'ਤੇ ਸ਼ੁਰੂ ਹੋਵੇਗੀ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਬੋਲੀਕਾਰ ਉੱਪਰ ਦੱਸੇ ਅਨੁਸਾਰ ਰਕਮ ਦੇ ਗੁਣਾ ਵਿੱਚ ਆਪਣੀਆਂ ਪੇਸ਼ਕਸ਼ਾਂ ਨੂੰ ਸੁਧਾਰਣਗੇ। 'ਆਨਲਾਈਨ ਨਿਲਾਮੀ' ਦੇ ਬੰਦ ਹੋਣ 'ਤੇ ਸਭ ਤੋਂ ਵੱਧ ਬੋਲੀ (ਰਿਜ਼ਰਵ ਕੀਮਤ ਤੋਂ ਉੱਪਰ) ਜਮ੍ਹਾਂ ਕਰਵਾਉਣ ਵਾਲੇ ਬੋਲੀਕਾਰਾਂ ਨੂੰ ਸਫਲ ਬੋਲੀਕਾਰਾਂ ਵਜੋਂ ਘੋਸ਼ਿਤ ਕੀਤਾ ਜਾਵੇਗਾ। ਸੁਰੱਖਿਅਤ ਲੈਣਦਾਰ ਦੁਆਰਾ ਇਸਦੀ ਪੁਸ਼ਟੀ ਦੇ ਅਧੀਨ, ਸਫਲ ਬੋਲੀਕਾਰਾਂ ਦੇ ਹੱਕ ਵਿੱਚ ਵਿਕਰੀ ਦੀ ਪੁਸ਼ਟੀ ਕੀਤੀ ਜਾਵੇਗੀ। h) ਸਫਲ ਬੋਲੀਕਾਰ ਸਫਲ ਬੋਲੀਕਾਰ ਵਜੋਂ ਘੋਸ਼ਿਤ ਕਰਨ ਦੇ ਅਗਲੇ ਕੰਮਕਾਜੀ ਦਿਨ ਤੱਕ ਵਿਕਰੀ ਕੀਮਤ ਦਾ 25% (ਪਹਿਲਾਂ ਹੀ ਅਦਾ ਕੀਤੀ ਗਈ EMD ਸਮੇਤ) ਅਤੇ ਸੁਰੱਖਿਅਤ ਲੈਣਦਾਰ ਦੁਆਰਾ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਬਕਾਇਆ ਰਕਮ ਜਮ੍ਹਾਂ ਕਰਵਾਏਗਾ। ਜੇਕਰ ਸਫਲ ਬੋਲੀਕਾਰ ਵਿਕਰੀ ਕੀਮਤ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਅਧਿਕਾਰਤ ਅਧਿਕਾਰੀ ਦੁਆਰਾ ਬਿਨਾਂ ਕਿਸੇ ਨੋਟਿਸ ਦੇ ਉਸ ਦੁਆਰਾ ਕੀਤੀ ਗਈ ਜਮ੍ਹਾਂ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਜਾਇਦਾਦ ਨੂੰ ਤੁਰੰਤ ਦੁਬਾਰਾ ਵਿਕਰੀ ਲਈ ਰੱਖਿਆ ਜਾਵੇਗਾ। 9) ਵਿਕਰੀ ਦੀ ਕਮਾਈ ਲਈ ਰੁਪਏ। 50.00 ਲੱਖ (ਪੰਜਾਹ ਲੱਖ ਰੁਪਏ) ਅਤੇ ਇਸ ਤੋਂ ਵੱਧ ਦੀ ਰਕਮ ਦੀ ਅਦਾਇਗੀ ਕਰਨ 'ਤੇ, ਸਫਲ ਬੋਲੀਕਾਰ ਨੂੰ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਰਕਮ 'ਤੇ 1% ਦੀ ਦਰ ਨਾਲ ਟੀਡੀਐਸ ਕੱਟਣਾ ਪਵੇਗਾ ਅਤੇ ਟੀਡੀਐਸ ਸਰਟੀਫਿਕੇਟ ਦੀ ਅਸਲ ਰਸੀਦ ਬੈਂਕ ਨੂੰ ਜਮ੍ਹਾ ਕਰਨੀ ਪਵੇਗੀ। J) ਲਾਗੂ ਹੋਣ ਵਾਲੇ ਸਾਰੇ ਖਰਚੇ, ਸਟੈਂਪ ਡਿਊਟੀ/ਜੀਐਸਟੀ ਰਜਿਸਟ੍ਰੇਸ਼ਨ ਖਰਚੇ ਆਦਿ ਸਿਰਫ ਸਫਲ ਬੋਲੀਕਾਰ ਦੁਆਰਾ ਹੀ ਸਹਿਣ ਕੀਤੇ ਜਾਣਗੇ। k) ਅਧਿਕਾਰਤ ਅਧਿਕਾਰੀ ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਮੁਲਤਵੀ/ਰੱਦ ਕਰਨ ਜਾਂ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://baanknet.com ਜਾਂ https://www.punjabandsindbank.co.in ਵੇਖੋ।

ਵਿਸ਼ੇਸ਼ ਹਦਾਇਤ/ਚੇਤਾਵਨੀ
ਆਖ਼ਰੀ ਮਿੰਟਾਂ/ਪਲਾਂ ਵਿਚ ਬੋਲੀ ਦੇਣ ਤੋਂ ਬੋਲੀਕਾਰਾਂ ਵੱਲੋਂ ਗੁਰੇਜ਼ ਕੀਤਾ ਜਾਵੇ। ਨਾ ਤਾਂ ਪੰਜਾਬ ਐਂਡ ਸਿੰਧ ਬੈਂਕ, ਨਾ ਹੀ ਸਰਵਿਸ ਪ੍ਰੋਵਾਈਡਰ ਅਜਿਹੇ ਮਾਮਲਿਆਂ ਵਿਚ ਬੋਲੀਕਾਰ ਜਾਂ ਵਿਕ੍ਰੇਤਾ ਦੇ ਪੱਖ 'ਤੇ ਕਿਸੇ ਵੀ ਤਰੁੱਟੀ/ਅਸਫ਼ਲਤਾ (ਇੰਟਰਨੈਟ ਅਸਫ਼ਲਤਾ, ਬਿਜਲੀ ਅਸਫ਼ਲਤਾ ਆਦਿ) ਦੇ ਲਈ ਜੁਆਬਦੇਹ ਹੋਣਗੇ। ਅਜਿਹੀ ਅਚਨਚੇਤੀ ਸਥਿਤ ਨੂੰ ਟਾਲਣ ਦੇ ਸਬੰਧ ਵਿਚ, ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਕ-ਅੱਪ, ਪਾਵਰ ਸਪਲਾਈ ਅਤੇ ਜੋ ਵੀ ਹੋਰ ਲੋੜੀਂਦਾ ਹੋਵੇ ਉਨ੍ਹਾਂ ਸਾਰੇ ਜ਼ਰੂਰੀ ਪ੍ਰਬੰਧਾਂ/ਵਿਕਲਪਾਂ ਦਾ ਇਤਜ਼ਾਮ ਰੱਖਣ, ਤਾਂ ਜੋ ਉਹ ਅਜਿਹੀ ਸਥਿਤ ਤੋਂ ਬਚ ਸਕਣ ਦੇ ਸਮਰਥ ਹੋਣ ਅਤੇ ਸਫ਼ਲਤਾ ਪੂਰਵਕ ਨਿਲਾਮੀ ਵਿਚ ਭਾਗ ਲੈਣ ਦੇ ਸਮਰਥ ਹੋਣ।

ਬੋਲੀਕਾਰਾਂ ਦੁਆਰਾ ਈ-ਆਕਸ਼ਨ ਪੋਰਟਲ 'ਤੇ ਪ੍ਰਦਾਨ ਕੀਤੇ ਗਏ ਆਪਣੇ ਵਾਲਿਟ ਵਿੱਚ ਈਐਮਡੀ ਟ੍ਰਾਂਸਫਰ ਕੀਤਾ ਜਾਵੇਗਾ ਭਾਵ https://www.baanknet.com ਉਸ ਖਾਤੇ ਦਾ ਵੇਰਵਾ ਜਿਸ ਵਿੱਚ ਈਐਮਡੀ ਤੋਂ ਬਾਅਦ ਬਾਕੀ ਰਕਮ ਆਰਟੀਜੀਐਸ/ਐਨਈਐਫਟੀ ਰਾਹੀਂ ਜਮ੍ਹਾਂ ਕੀਤੀ ਜਾਣੀ ਹੈ: ਖਾਤਾ ਨਾਮ - ਐਨਈਐਫਟੀ ਪਾਰਕਿੰਗ ਖਾਤਾ, ਖਾਤਾ ਨੰਬਰ-80325040070003, ਆਈਐਫਐਸ ਕੋਡ-ਪੀਐਸਆਈਬੀ0008032
ਸਰਫੇਸੀ ਐਕਟ, 2002 ਦੇ ਨਿਯਮ 8(6) ਦੇ ਤਹਿਤ ਕਾਨੂੰਨੀ 15 ਦਿਨਾਂ ਦੀ ਵਿਕਰੀ ਨੋਟਿਸ

ਮਿਤੀ : 23.01.2026 — ਸਥਾਨ : ਮੋਗਾ — (ਅਧਿਕਾਰਤ ਅਧਿਕਾਰੀ, ਪੰਜਾਬ ਐਂਡ ਸਿੰਧ ਬੈਂਕ)


हरियाणा सरकार
गणतंत्र के गौरव गान में, भारत की शान में,
आओ फहराएं तिरंगा, संविधान के सम्मान में
26 ਜਨਵਰੀ, 2026
ਗਣਤੰਤਰ ਦਿਵਸ
ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ
ਹਾਰਦਿਕ ਸ਼ੁਭਕਾਮਨਾਵਾਂ
"गणतंत्र दिवस की ढेरों शुभकामनाएं !
इस अवसर पर हम उन सभी महान विभूतियों को नमन करते हैं,
जिन्होंने हमारा संविधान बनाकर यह सुनिश्चित किया कि
हमारी विकास यात्रा लोकतंत्र, गरिमा और एकता पर आधारित हो।"
- नरेन्द्र मोदी
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ
www.prharyana.gov.in | Follow us on @diprharyana

# 77ਵੇਂ ਗਣਤੰਤਰ ਦਿਵਸ ਮੌਕੇ ਕੁਰਾਲੀ, ਖਰੜ, ਮੋਹਾਲੀ ਤੋਂ ਅਸ਼ਵਨੀ ਗੌੜ ਦਾ ਵਿਸ਼ੇਸ਼ ਸਪਲੀਮੈਂਟ













ਆਰ.ਐਸ.ਏ. ਬ੍ਰਦਰਜ਼ ਪ੍ਰੇਮ ਵਿੱਲਾ, ਕੈਥਲ ਅਤੇ ਗੌੜ ਪਰਿਵਾਰ ਕੁਰਾਲੀ।



ਹਿਯਾਂਸ਼ ਗੌੜ ਤੇ ਕੈਰਵੀ ਗੌੜ।



ਪੀ. ਦਿੱਬਿਆ
ਐਸ.ਡੀ.ਐਮ. ਖਰੜ



ਸਰਬਜੀਤ ਸਿੰਘ ਸਾਬਕਾ
ਸਰਪੰਚ ਟੋਡਰਮਾਜਰਾ



ਸ੍ਰ. ਗੁਰਪ੍ਰਤਾਪ ਸਿੰਘ
ਪਡਿਆਲਾ, ਕਾਂਗਰਸੀ ਆਗੂ

## ਧੰਨਵਾਦ



**ਅਸ਼ਵਨੀ ਗੌੜ,**
ਸਟਾਫ ਰਿਪੋਰਟਰ
ਚੜ੍ਹਦੀਕਲਾ ਟਾਈਮ
ਟੀ.ਵੀ.

ਰੋਜ਼ਾਨਾ ਚੜ੍ਹਦੀਕਲਾ ਵੱਲੋਂ ਗਣਤੰਤਰ ਦਿਵਸ ਦੇ ਸ਼ੁਭ ਮੌਕ 'ਤੇ ਜ਼ਿਲ੍ਹਾ ਮੋਹਾਲੀ ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ।



ਅਸ਼ਵਨੀ ਗੌੜ ਅਤੇ ਨੀਲਮ ਸ਼ਰਮਾ ਨੂੰ ਵਿਆਹ ਦੀ 28ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ

## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Ms. Jiya Garg Civil Judge Junior Division-4, Nabha**
CNR No.PBPTB0-000975-2024
Next Date : 20.02.2026
Yes Bank
Versus
M/s Jay Dee Jewellers
The Plaintiff Prays For Recovery Of Amount Of Rs 5,52,000/-
Notice to: Namita Bansal Spouse::-Sanjiv Kumar R/O Munna Lal Enclave Thuhi Road Nabha
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**02.2026 at 10:00 A.M. For details logon to https://highcourtchd.gov.in/?mod=district_notice&district=patiala
Dated this day of 21.01.2026
**Sd/- Civil Judge Junior Division-4, Nabha**

(U/o 5 Rule 20 CPC)
**In the Court of Sh. Jasvir Singh Additional Principal Judge Family Court, Camp court at phillaur**
CNR No.PBJLF3-000961-2025
Next Date: 20.02.2026
Manjinder Singh
Versus
Paramjit Kaur
Notice to: Paramjit Kaur Father::-Rajinder Singh R/O Village Atta, Po Goraya, Tehsil Phillaur, District Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**02.2026 at 10:00 A.M. For details logon to https://highcourtchd.gov.in/?mod=district_notice&district=Jalandhar
Dated this day of 20-01-2026
**Sd/- Additional Principal Judge Family Court, Camp court at phillaur**

(U/o 5 Rule 20 CPC)
**In the Court of Ms. Shaweta Civil Judge (Junior Division), Ludhiana**
CNR No.PBLD02-014181-2025
Next Date : 20.02.2026
Pal Singh
Versus
General Public
Suit for Declaration
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **20.**02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 09-01-2026
**Sd/- Civil Judge (Junior Division), Ludhiana**

(U/o 5 Rule 20 CPC)
**In the Court of Ms. Mandeep Kaur Civil Judge (Junior Division), Dasuya**
CNR No.PBHOA0-000855-2024
Next Date : 23.02.2026
Santosh Kaur
Versus
Ravinder Kumar
Suit for Declaration
Notice to: Def. 2 Baljit Singh S/O Gurbhej Singh Ro Gider Pindi, Tehsil Tanda Distt. Hoshiarpur. Def. 3 Sandeep Kumar S/O Joginder Singh R/o Urmur, Tehsil Tanda Distt. Hoshiarpur. Def. 4 Kulwinder Singh (Witness Of Alleged Endorsement Dated 13-03-2023)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**02.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 17-01-2026
**Sd/- Civil Judge (Junior Division), Dasuya**

(U/o 5 Rule 20 CPC)
(Under Guardian and Ward Act)
**In the Court of Ms. Rajwant Kaur Civil Judge (Senior Division), Pathankot**
CNR No.PBPO02-002126-2025
Next Date : 20.02.2026
Harman
Versus
General Public
Application Under Section 8 29 And 31 Of Guardian And Wards Act Read With Section 8 Of Teh Hindu Minority And Guardianship Act 1956 For Permission To Sell The Share In Property Havign 1/768 Th Share Vide Mutation No. 1092 Situated In Land Bearing Khewat No. 43/33 Khatoni No. 73 Khasra No. 36/3 Situated In The Revenue Estate Of Village Jammu Tehsil And District Pathankot As Per Jamabandi For The Year 2021-2022 Owned By The Minor Harman (Minor) Age 15 Years S/O Vishal R/O Village Jammu Kalayari Sujanpur Pathanko Though His Mother And Natural Guardian Namley Pooja Devi Wd/Late Sh. Vishal
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **20.**02.2026 a t 10:00 A.M.
For details logon to https://highcourtchd.gov.in/?mod=district_notice&district=Pathankot
Dated this day of 08-01-2026
**Sd/- Civil Judge (Senior Division), Pathankot**

(U/o 5 Rule 20 CPC)
**In the Court of Sh. Gurmehtab Singh Civil Judge (Junior Division), Kharar**
CNR No.PBSAA0-011858-2024
Next Date : 20.02.2026
Nirmal Kaur
Versus
Sukhwinder Singh @ Sukha
Notice to: 4. Gurdeep Kaur Spouse::-Baljinder Singh 5. Surinder Pal Singh S/O Mula Both R/O Village Kurali Tehsil Kharar 6. Janak Singh Through Lr (a) Manmohan Singh S/O Janak Singh C/O Bittu Kariyana Store Kurali, Tehsil Kharar, District Sas Nagar Mohali 7(a) Loria S/O Mula Through Lr Manmohan Singh S/O Janak Singh C/O Bittu Kariyana Store Kurali, Tehsil Kharar, District Sas Nagar 8. Chandan Sharma W/O Balwinder Kumar 9. Babli W/O Manvinder Singh, 10. Lakhbir Kaur W/O Tejinder Singh 11. Satinder Kaur W/O Gurpreet Singh 15. Kewalpreet Singh S/O Pritam Singh 16. Rashpal Singh S/O Nirmal Singh 17. Jasbir Kaur W/O Inderjit Singh, 18. Sunita Rani W/O Shiv Charan Singh 19. Ritu Bala W/O Vinod Kumar, 20. Shivani Jain S/O Raj Kumar Jain 21. Rekha W/O Ashish Kumar All R/O Village Kurali Tehsil Kharar Distt Sas Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**02.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 08-01-2026
**Sd/- Civil Judge (Junior Division), Kharar**

(U/o 5 Rule 20 CPC)
**In the Court of Ms. Pamelpreet Grewal Kahal Additional District and Sessions Judge-3, Fazilka**
CNR No.PBFZC0-006004-2024
Next Date : 23.02.2026
Baldev Singh
Versus
Balwant Singh
Notice to: 4(A) Gurpreet Singh Minor 4(B) Sahabdeep Singh Minor Through Their Guardian And Next Father Satnam Singh S/O Tota Singh R/O Village Ladhuka, Tehsil And District Fazilka
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**02.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 15.01.2026
**Sd/- Additional District and Sessions Judge-3, Fazilka**

(U/o 5 Rule 20 CPC)
**In the Court of Sh. Amrish Kumar Additional District and Sessions Judge-8, Patiala**
CNR No.PBPT01-013573-2025
Next Date : 23.02.2026
Gurinder Singh
Versus
General Public
Notice to: General Public:- Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.02.2026 at 10:00 A.M. For details logon to https://highcourtchd.gov.in/?mod=district_notice&district=patiala
Dated this day of 12-12-2025
**Sd/- Additional District and Sessions Judge-8, Patiala**

(U/o 5 Rule 20 CPC)
**In the Court of Sh. Jagbir Singh Mehndiratta Additional District & Sessions Judge, Fatehgarh Sahib**
CNR No.PBFG01-004201-2024
Next Date : 23.02.2026
CIS No. CM/306/2024
Manjeet Kaur
Versus
Balbir Kaur
Notice to: 2. Surinder Bharadwaj S/O Rajinder Kumar R/O Cinema Road, Sirhind, Tehsil And Dist. Fatehgarh Sahib 3. M/S Pearl Colonizer, Opposite Mata Chakreshwari Jain Mandir, Sirhind-Chandigarh Road, Fatehgarh Sahib Through Its Partners Gurpreet Singh And Balwinder Singh 4. Gurpreet Singh Partner Of M/S Pearl Colonizer, Opposite Mata Chakreshwari Jain Mandir, Sirhind-Chandigarh Road, Fatehgarh Sahib
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **23.**02.2026 at 10:00 A.M. For details logon to https://highcourtchd.gov.in/?trs=district_notice&district=fatehgarh sahib
Dated this day of 27-11-2025
**Sd/- Additional District & Sessions Judge, Fatehgarh Sahib**

(U/o 5 Rule 20 CPC)
**In the Court of Sh. Jagbir Singh Mehndiratta Additional District & Sessions Judge, Fatehgarh Sahib**
CNR No.PBFG01-004202-2024
Next Date : 23.02.2026
CIS No. CM/305/2024
Guriqbal Singh
Versus
Gurpreet Singh
Notice to: 1. Gurpreet Singh Son Of Sh. Prem Singh, Resident Of Palm City (Attewali), Tehsil And District, Fatehgarh Sahib 4. Gulshan Kumar S/O Suraj Bhan, Resident Of Nabha, Tehsil Nabha, District Patiala 6. Surinder Bhardwaj Son Of Rajinder Kumar, Resident Of Cinema Road, Sirhind, Tehsil And District Fatehgarh Sahib
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **23.**02.2026 at 10:00 A.M. For details logon to https://highcourtchd.gov.in/?trs=district_notice&district=fatehgarh Sahib
Dated this day of 28-11-2025
**Sd/- Additional District & Sessions Judge, Fatehgarh Sahib**

(U/o 5 Rule 20 CPC)
**In the Court of Sh. Manpreet Sohi Civil Judge (Junior Division), Dasuya**
CNR No.PBHOA0-000826-2023
Next Date : 09.02.2026
Pooja Bhardwaj W/O Kuldeep Chand R/O House No 358 Ward No. 4 Village Heerpur Tehsil Paunta Sahib Sirmaur Himachal Pradesh-173025 India At Present R/O House No. 269 2nd Floor Sector 5 Gurugram Haryana-12201
Plaintiff.....
Versus
Manohar Lal S/O Amarnath R/O Ram Tatwali Tehsil Dasuya District Hoshiarpur And Others
Defendants......
Suit For Declaration
Notice to: 2. Darshana Devi W/O Late Harbans Lal Son Of Amarnath 3. Viaks Sharma S/O Harbans Lal 4. Raman Sharma S/O Harban s Lal 5. Monika Sharma D/O Harbans Lal 6. Sweety Sharma D/O Harbans Lal All R/O Ram Tatwali Tehsil Dasuya District Hoshiarpur At Resident Of Phase No. 9, Kothi No. 409 Mohali District Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.**02.2026 at 10:00 A.M. For details logon to https://highcourtchd.gov.in/?mod=district_notice&district=Hoshiarpur
Dated this day of
**Sd/- Civil Judge (Junior Division), Dasuya**


## ਮੁੱਖ ਮੰਤਰੀ ਮਾਨ ਹੁਸ਼ਿਆਰਪੁਰ 'ਚ ਲਹਿਰਾਉਣਗੇ ਤਿਰੰਗਾ

ਚੰਡੀਗੜ੍ਹ, 25 ਜਨਵਰੀ (ਚ.ਨ.ਸ.):ਪੰਜਾਬ ਸਰਕਾਰ ਨੇ ਗਣਤੰਤਰ ਦਿਵਸ 'ਤੇ ਤਿਰੰਗਾ ਲਹਿਰਾਉਣ ਦਾ ਸ਼ਡਿਊਲ ਜਾਰੀ ਕਰ ਦਿੱਤਾ ਹੈ। ਇਸ ਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੁਸ਼ਿਆਰਪੁਰ ਵਿੱਚ ਤਿਰੰਗਾ ਲਹਿਰਾਉਣਗੇ, ਜਦੋਂ ਕਿ ਰਾਜਪਾਲ ਗੁਲਾਬ ਚੰਦ ਕਟਾਰੀਆ ਫਾਜ਼ਿਲਕਾ ਵਿੱਚ ਤਿਰੰਗਾ ਲਹਿਰਾਉਣਗੇ। ਉਨ੍ਹਾਂ ਦਾ ਪਿਛਲਾ ਪ੍ਰੋਗਰਾਮ ਪਟਿਆਲਾ ਵਿੱਚ ਸੀ ਪਰ ਇਸ ਨੂੰ ਬਦਲ ਦਿੱਤਾ ਗਿਆ ਹੈ। ਨਤੀਜੇ ਵਜੋਂ, ਰਾਜਪਾਲ ਨੇ ਫਾਜ਼ਿਲਕਾ ਵਿੱਚ ਘਰ-ਘਰ ਸਮਾਰੋਹ ਦਾ ਆਯੋਜਨ ਕੀਤਾ ਹੈ, ਜਿਸ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਫ਼ਾ ਤਿੰਨ ਦੀ ਬਾਕੀ

## ਭਾਰਤ ਬਣਿਆ ਦੁਨੀਆਂ ਦਾ ਤੀਜਾ ਸਭ

ਜੋ ਕਿਸੇ ਸਟਾਰਟ-ਅੱਪ ਨਾਲ ਜੁੜੇ ਹੋਏ ਹਨ ਜਾਂ ਆਪਣਾ ਸਟਾਰਟ-ਅੱਪ ਸ਼ੁਰੂ ਕਰਨਾ ਚਾਹੁੰਦੇ ਹਨ...'।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ 'ਵਾਤਾਵਰਣ ਸੁਰੱਖਿਆ ਦੀ ਇਹੀ ਭਾਵਨਾ ਅੱਜ ਵੱਡੇ ਪੱਧਰ 'ਤੇ ਦੇਖੀ ਜਾ ਰਹੀ ਹੈ। ਇਸੇ ਸੋਚ ਨੂੰ ਧਿਆਨ ਵਿਚ ਰੱਖਦੇ ਹੋਏ, 'ਮਾਂ ਦੇ ਨਾਮ 'ਤੇ ਇਕ ਰੁੱਖ' ਮੁਹਿੰਮ ਦੇਸ਼ ਭਰ ਵਿਚ ਚਲਾਈ ਜਾ ਰਹੀ ਹੈ। ਅੱਜ ਲੱਖਾਂ ਲੋਕ ਇਸ ਮੁਹਿੰਮ ਵਿਚ ਸ਼ਾਮਲ ਹੋਏ ਹਨ, ਅਤੇ ਦੇਸ਼ ਭਰ ਵਿਚ 2 ਅਰਬ ਤੋਂ ਵੱਧ ਰੁੱਖ ਲਗਾਏ ਜਾ ਚੁੱਕੇ ਹਨ। ਇਹ ਦਰਸਾਉਂਦਾ ਹੈ ਕਿ ਲੋਕ ਹੁਣ ਵਾਤਾਵਰਣ ਸੁਰੱਖਿਆ ਪ੍ਰਤੀ ਵਧੇਰੇ ਜਾਗਰੂਕ ਹਨ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਯੋਗਦਾਨ ਪਾਉਣਾ ਚਾਹੁੰਦੇ ਹਨ...'। ਇਕ ਮਹੱਤਵਾਕਾਂਖੀ ਯਾਤਰਾ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ, 'ਏਆਈ, ਸਪੇਸ, ਨਿਊਕਲੀਅਰ ਐਨਰਜੀ, ਸੈਮੀਕੰਡਕਟਰ, ਮੋਬਿਲਿਟੀ, ਗ੍ਰੀਨ ਹਾਈਡ੍ਰੋਜਨ, ਬਾਇਓਟੈਕਨਾਲੋਜੀ - ਤੁਸੀਂ ਇਸ ਨੂੰ ਨਾਮ ਦਿਓ, ਅਤੇ ਤੁਹਾਨੂੰ ਉਸ ਖੇਤਰ ਵਿਚ ਕੰਮ ਕਰਨ ਵਾਲਾ ਇਕ ਭਾਰਤੀ ਸਟਾਰਟ-ਅੱਪ ਮਿਲੇਗਾ। ਮੈਂ ਆਪਣੇ ਸਾਰੇ ਨੌਜਵਾਨ ਦੋਸਤਾਂ ਨੂੰ ਸਲਾਮ ਕਰਦਾ ਹਾਂ

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ

ਭਾਈ ਬਲਪ੍ਰੀਤ ਸਿੰਘ ਲੁਧਿਆਣਾ ਵਾਲਿਆਂ ਨੇ ਆਪਣੇ ਜਥਿਆ ਸਮੇਤ ਹਾਜ਼ਰੀ ਭਰੀ ਤੇ ਸ਼ਹੀਦੀ ਸ਼ਤਾਬਦੀ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਿਜਦਾ ਹੋਣ ਲਈ ਦੇਸ਼ ਵਿਦੇਸ਼ ਤੋਂ ਹੁੰਮ ਹੁੰਮਾ ਕੇ ਪੁੱਜੀ ਸੰਗਤ ਨੂੰ ਇਲਾਹੀ ਬਾਣੀ ਦਾ ਸ਼ਬਦ ਕੀਰਤਨ ਸਰਵਣ ਕਰਵਾਇਆ। ਆਪਣੇ ਸੰਬੋਧਨ 'ਚ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਗੁਰੂ ਸਾਹਿਬ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਤੇ ਭਾਈ ਲੱਖੀ ਸ਼ਾਹ ਬੰਜਾਰਾ ਦੇ ਸਾਹਸ ਨੂੰ ਨਮਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿਰਫ਼ ਸਿੱਖ ਧਰਮ ਦੇ ਨਹੀਂ, ਸਗੋਂ ਸਰਵ ਭਾਰਤੀ ਧਰਮਾਂ ਦੇ ਰੱਖਿਅਕ ਸਨ,ਜਿਸ ਲਈ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ।ਉਨ੍ਹਾਂ ਦੀ ਸ਼ਹਾਦਤ ਨੇ ਜ਼ੁਲਮ ਦੇ ਖਿਲਾਫ਼ ਸੱਚ ਦੀ ਆਵਾਜ਼ ਬੁਲੰਦ ਕੀਤੀ ਤੇ ਖਾਲਸਾ ਪੰਥ ਨੂੰ ਨਵੀਂ ਆਤਮਿਕ ਸ਼ਕਤੀ ਬਖ਼ਸ਼ੀ ਹੈ।ਅੱਜ ਜਿਸ ਆਜ਼ਾਦੀ, ਧਾਰਮਿਕ ਅਭਿਵਿਅਕਤੀ ਤੇ ਵਿਸ਼ਵਾਸ ਦੀ ਖੁੱਲ੍ਹੀ ਹਵਾ 'ਚ ਅਸੀਂ ਖੁੱਲ੍ਹ ਕੇ ਜੀ ਰਹੇ ਹਾਂ,ਉਹ ਗੁਰੂ ਸਾਹਿਬ ਦੀ ਕੁਰਬਾਨੀ ਸਦਕਾ ਹੈ।ਮਹਾਰਾਸ਼ਟਰ 'ਚ ਮਨਾਏ ਜਾ ਰਹੇ 350 ਸਾਲਾ ਸ਼ਤਾਬਦੀ ਸਮਾਗਮਾਂ 'ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਗੁਰੂ ਸਾਹਿਬਾਨ ਨੂੰ ਸਮਰਪਿਤ ਅਜਿਹੇ ਉਪਰਾਲੇ ਭਵਿੱਖ 'ਚ ਪਸ਼ਮਿਸ਼ਤ ਕੀਤੇ ਜਾਂਦੇ ਰਹਿਣਗੇ।ਇਸ ਮੌਕੇ ਉਪ ਮੁੱਖ ਮੰਤਰੀ ਮਹਾਰਾਸ਼ਟਰ ਸ੍ਰੀ ਅਜੀਤ ਦਾਦਾ ਪਵਾਰ,ਆਂਧਰਾ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਸ੍ਰੀ ਪਵਨ ਕਲਿਆਣ,ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਵਿਜੇ ਸਤਬੀਰ ਸਿੰਘ ਚੇਅਰਮੈਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ, ਮੁੱਖ ਮੰਤਰੀ ਮਹਾਰਾਸ਼ਟਰ ਰਾਹਤ ਫੰਡ ਦੇ ਇੰਚਾਰਜ ਸ੍ਰੀ ਰਾਮੇਸ਼ਵਰ ਨਾਇਕ ਆਦਿ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦਿੰਦੇ ਹੋਏ ਸੰਗਤਾਂ ਸਨਮੁੱਖ ਆਪਣੇ ਵਿਚਾਰ ਪ੍ਰਗਟ ਕੀਤੇ।

ਇੰਨ੍ਹਾਂ ਸ਼ਤਾਬਦੀ ਸਮਾਗਮਾਂ ਲਈ ਮਹਾਰਾਸ਼ਟਰ ਸਰਕਾਰ ਵੱਲੋਂ ਗਠਿਤ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸਨਾਤਨ ਧਰਮ ਨੂੰ ਬਚਾਉਣ ਦੀ ਖਾਤਿਰ ਆਪਣਾ ਸੀਸ ਨਿਛਾਵਰ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਉਪੱਰ ਬੋਲਦੇ ਹੋਏ ਦੱਸਿਆ ਕਿ ਔਰੰਗਜ਼ੇਬ ਵੱਲੋਂ ਗੁਰੂ ਸਾਹਿਬ ਤੇ ਭਾਈ ਮਤੀ ਦਾਸ,ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਉਪਰ ਕਿਵੇਂ ਜ਼ਬਰ ਤੇ ਜ਼ੁਲਮ ਕੀਤੇ ਗਏ ਪਰ ਗੁਰੂ ਸਾਹਿਬ ਨੇ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰਕੇ ਧਾਰਮਿਕ ਸੁਤੰਤਰਤਾ ਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਆਪਣੀ ਸ਼ਹਾਦਤ ਦੇ ਕੇ ਧਰਮ ਦੀ ਰੱਖਿਆ ਕੀਤੀ,ਜਿਸ ਦੇ ਚੱਲਦਿਆਂ ਅੱਜ ਉਨ੍ਹਾਂ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜੇ ਮਹਾਰਾਸ਼ਟਰ ਤੇ ਪੰਜਾਬ ਹਿੰਦੋਸਤਾਨ ਦੇ ਨਕਸ਼ੇ 'ਤੇ ਨਾ ਹੁੰਦੇ ਤੇ ਅੱਜ ਹਿੰਦੋਸਤਾਨ ਦਾ ਸਰੂਪ ਕੁਝ ਹੋਰ ਹੋਣਾ ਸੀ।ਇੰਨ੍ਹਾਂ ਦੋਨਾਂ ਸੂਬਿਆਂ ਦੀ ਧਰਤੀ 'ਤੇ ਪੈਦਾ ਹੋਏ ਮਹਾਨ ਗੁਰੂ ਪੈਗੰਬਰਾਂ ਤੇ ਸੂਰਬੀਰ ਯੋਧਿਆਂ ਨੇ ਜਿੱਥੇ ਧਰਮ ਤੇ ਸੱਭਿਆਚਾਰ ਲਈ ਆਪਣੀ ਜਾਨਾਂ ਤੱਕ ਨਿਛਾਵਰ ਕੀਤੀਆਂ,ਉੱਥੇ ਹੀ ਆਜ਼ਾਦੀ ਦੀ ਲੜਾਈ 'ਚ ਵੀ ਪੰਜਾਬ ਤੇ ਮਹਾਰਾਸ਼ਟਰ ਸੂਬੇ ਸਭਤੋਂ ਮੋਹਰੀ ਰਹੇ ਹਨ।

ਦਮਦਮੀ ਟਕਸਾਲ ਮੁਖੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹਾਦਤ ਨੂੰ 350 ਸਾਲਾ ਹੋਣ 'ਤੇ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮ ਮਹਾਰਾਸ਼ਟਰ ਸਰਕਾਰ ਵੱਲੋਂ ਰਾਜ ਪੱਧਰ 'ਤੇ ਮਨਾਏ ਜਾਣ ਤੇ ਸਿੱਖ ਸ਼ਹਾਦਤ(1500-1765) ਨੂੰ ਸੂਬੇ ਦੇ ਪਾਠਕ੍ਰਮ 'ਚ ਸ਼ਾਮਿਲ ਕੀਤੇ ਜਾਣ ਦਾ ਆਰਡੀਨੈਂਸ ਲਾਗੂ ਕੀਤੇ ਜਾਣ 'ਤੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕੀਤਾ।ਉਨ੍ਹਾਂ ਨੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਸੰਦਰਭ 'ਚ ਮਹਾਰਾਸ਼ਟਰ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਇਸਨੂੰ ਬਹੁਤ ਹੀ ਮਹੱਤਵਪੂਰਨ ਦੱਸਿਆ ਤੇ ਕਿਹਾ ਕਿ ਇਹ ਪਹਿਲਾ ਨਾ ਸਿਰਫ਼ ਸਿੱਖ ਗੁਰੂਆਂ ਅਤੇ ਸ਼ਹੀਦਾਂ ਦੀ ਵਿਰਾਸਤ ਦਾ ਸਨਮਾਨ ਕਰੇਗੀ ਬਲਕਿ ਭਾਰਤ ਦੇ ਬਹੁਲਤਾਵਾਦੀ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਇੱਕ ਮੀਲ ਪੱਥਰ ਵੀ ਸਾਬਤ ਹੋਵੇਗੀ ਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਨਵੀਂ ਸੇਧ ਦੇਵੇਗੀ।

ਇਸਦੇ ਨਾਲ ਹੀ ਹਜ਼ੂਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਲਈ ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਸਮੇਤ ਸਮਾਗਮ 'ਚ ਪੁੱਜੀਆਂ ਸਮੂਹ ਸ਼ਖ਼ਸੀਅਤਾਂ ਤੇ ਸੰਗਤਾਂ ਦਾ ਕੋਟਿਨ ਕੋਟ ਧੰਨਵਾਦ ਕਰਦੇ ਹੋਏ ਅਹਿਮ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ।

ਇਸ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ ਜਥੇਦਾਰ ਬਾਬਾ ਬਲਬੀਰ ਸਿੰਘ 96ਕਰੋੜੀ ਮੁਖੀ ਬੁੱਢਾ ਦਲ, ਬਾਬਾ ਜੋਗਾ ਸਿੰਘ ,ਸੰਤ ਬਾਬਾ ਰਾਮ ਸਿੰਘ ,ਸਿੰਘ ਸਾਹਿਬ ਭਾਈ ਕਸ਼ਮੀਰ ਸਿੰਘ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਜ਼ੂਰ ਸਾਹਿਬ,ਮੀਤ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੀਤ ਸਿੰਘ ,ਜਥੇਦਾਰ ਬਾਬਾ ਜੋਤਿੰਦਰ ਸਿੰਘ , ਸੰਤ ਬਾਬਾ ਬਲਵਿੰਦਰ ਸਿੰਘ ਗੁਰਦੁਆਰਾ ਲੰਗਰ ਸਾਹਿਬ ਵਾਲੇ, ਗਿਆਨੀ ਸੁਖਵਿੰਦਰ ਸਿੰਘ ਗ੍ਰੰਥੀ ਤਖ਼ਤ ਸ੍ਰੀ ਹਜ਼ੂਰ ਸਾਹਿਬ, ਮੈਂਬਰ ਪਾਰਲੀਮੈਂਟ ਸ੍ਰੀ ਅਜੀਤ ਗੋਪਚੜੇ,ਬਾਬੂ ਸਿੰਘ ਮਹਾਰਾਜ,ਸ੍ਰੀ ਅਸ਼ੋਕ ਚੌਹਾਨ ਸਾਬਕਾ ਮੁੱਖ ਮੰਤਰੀ ਮਹਾਰਾਸ਼ਟਰ,ਕੈਬਨਿਟ ਮੰਤਰੀ ਗਿਰੀਸ਼ ਮਹਾਜਨ, ਭਾਈ ਜਸਕੀਰਤ ਸਿੰਘ,ਭਾਈ ਤ੍ਰਿਲੋਕ ਸਿੰਘ ਦੁਲਿਸ ਨਰਾਇਣ ਲੋਕਾਨੰਦ ਮਹਾਰਾਜ, ਰਾਮ ਰਾਓ ਮਹਾਰਾਜ,ਵਿਧਾਇਕ ਸ੍ਰੀ ਜਯਾ ਚੱਵਾਣ, ਸੰਤ ਰਾਮ ਸਿੰਘ ਮਹਾਰਾਜ ਲੁਬਾਣਾ ਸਮਾਜ ,ਤੇਜਾ ਸਿੰਘ ਬਾਵਰੀ ਸਿਕਲੀਗਰ ਸਮਾਜ,ਮਲਕੀਤ ਸਿੰਘ ਬੱਲ, ਭਾਈ ਸੁਰਜੀਤ ਸਿੰਘ ਗਿੱਲ, ਭਾਈ ਜਸਪਾਲ ਸਿੰਘ ਸਿੱਧੂ ਮੁੰਬਈ, ਚਰਨਜੀਤ ਸਿੰਘ ਹੈਪੀ ,ਗੁਰਮੀਤ ਸਿੰਘ ਖੋਖਰ, ਨਰਿੰਦਰ ਸਿੰਘ ਨਾਗਪੁਰ,ਗਿਆਨੀ ਸਾਹਬ ਸਿੰਘ,ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ,ਡਾ. ਅਵਤਾਰ ਸਿੰਘ ਬੁੱਟਰ ,ਮਹੰਤ ਸੁਰੇਸ਼ ਮਹਾਰਾਜ, ਮਹੰਤ ਮੋਹਨ ਲਾਲ ਸਾਈ, ਮਹੰਤ ਰਾਮ ਸਿੰਘ, ਮਹੰਤ ਪ੍ਰੇਮ ਸਿੰਘ, ਮਹੰਤ ਦਰਿਆ ਸਿੰਘ, ਮਹੰਤ ਸਾਧਵੀ ਮਾਇਆ ਦੇਵੀ ਤੇ ਮਹੰਤ ਕਬੀਰ ਦਾਸ ਮਹਾਰਾਜ,ਮੈਂਬਰ ਪਾਰਲੀਮੈਂਟ ਸ੍ਰੀ ਲਲਿਤ ਗਾਂਧੀ, ਕਿਸ਼ੋਰ ਦੇਸ਼ਮੁਖ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਹਾਜ਼ਰ ਸਨ।

ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਤੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦਾ ਵਿਸ਼ੇਸ਼ ਸਨਮਾਨ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ ਅਹਿਮ ਯੋਗਦਾਨ ਪਾਉਣ ਤੇ ਵੱਡੇ ਉਪਰਾਲੇ ਕੀਤੇ ਜਾਣ ਲਈ ਸ਼ਹੀਦੀ ਸ਼ਤਾਬਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦਾ ਵਿਸ਼ੇਸ਼ ਸਨਮਾਨ ਕੀਤਾ ਤੇ ਮਹਾਰਾਸ਼ਟਰ ਸਰਕਾਰ ਵੱਲੋਂ ਸ਼ਤਾਬਦੀ ਸਮਾਗਮਾਂ ਨੂੰ ਇਤਿਹਾਸਕ ਬਣਾਉਣ ਲਈ ਵਿਸ਼ਾਲ ਪੱਧਰ 'ਤੇ ਕੀਤੇ ਗਏ ਪ੍ਰਬੰਧਾਂ ਦੀ ਪੁਰਜ਼ੋਰ ਸ਼ਲਾਘਾ ਕੀਤੀ।

## ਮਰਹੂਮ ਅਦਾਕਾਰ ਧਰਮਿੰਦਰ ਨੂੰ ਮਰਨ ਉਪਰੰਤ 'ਪਦਮ

ਪਦਮ ਪੁਰਸਕਾਰਾਂ ਦਾ ਐਲਾਨ: ਪਦਮ ਭੂਸ਼ਣ ਸੂਚੀ ਵਿੱਚ ਮਨੋਰੰਜਨ ਉਦਯੋਗ ਦੇ ਦੋ ਪ੍ਰਮੁੱਖ ਨਾਮ ਸ਼ਾਮਲ ਹਨ। ਅਲਕਾ ਯਾਗਨਿਕ, ਜਿਨ੍ਹਾਂ ਦੀ ਆਵਾਜ਼ ਨੇ 1990 ਅਤੇ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਹਿੰਦੀ ਫਿਲਮ ਸੰਗੀਤ ਨੂੰ ਆਕਾਰ ਦਿੱਤਾ, ਨੂੰ ਸੰਗੀਤ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ ਹੈ। ਭਾਰਤੀ ਸਿਨੇਮਾ ਦੇ ਸਭ ਤੋਂ ਮਸ਼ਹੂਰ ਪਲੇਬੈਕ ਗਾਇਕਾਂ ਵਿੱਚੋਂ ਇੱਕ,ਉਨ੍ਹਾਂ ਦੇ ਗੀਤ ਦੇਸ਼ ਦੀਆਂ ਸੰਗੀਤਕ ਯਾਦਾਂ ਦਾ ਇੱਕ ਅਨਿੱਖੜਵਾਂ ਅੰਗ ਬਣੇ ਹੋਏ ਹਨ।ਅਦਾਕਾਰ ਮਮੂਟੀ ਨੂੰ ਪਦਮ ਭੂਸ਼ਣ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ, ਉਨ੍ਹਾਂ ਦੇ ਸ਼ਾਨਦਾਰ ਕਰੀਅਰ ਅਤੇ ਉਨ੍ਹਾਂ ਭੂਮਿਕਾਵਾਂ ਵਿੱਚ ਸ਼ਕਤੀਸ਼ਾਲੀ ਪ੍ਰਦਰਸ਼ਨ ਨੂੰ ਮਾਨਤਾ ਦਿੰਦੇ ਹੋਏ ਜਿਨ੍ਹਾਂ ਨੇ ਮਲਿਆਲਮ ਸਿਨੇਮਾ ਨੂੰ ਰਾਸ਼ਟਰੀ ਅਤੇ ਵਿਸ਼ਵਵਿਆਪੀ ਪਲੇਟਫਾਰਮਾਂ ਦੋਵਾਂ 'ਤੇ ਉੱਚਾ ਚੁੱਕਿਆ ਹੈ। ਪਦਮ ਸ਼੍ਰੀ ਸੂਚੀ ਵਿੱਚ ਅਦਾਕਾਰ ਪ੍ਰੋਸੇਨਜੀਤ ਚੈਟਰਜੀ ਨੂੰ ਬੰਗਾਲੀ ਸਿਨੇਮਾ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ ਹੈ। ਚਾਰ ਦਹਾਕਿਆਂ ਤੋਂ ਵੱਧ ਸਮੇਂ ਦੇ ਕਰੀਅਰ ਵਿੱਚ ਉਨ੍ਹਾਂ ਨੇ ਮੁੱਖ ਧਾਰਾ ਦੀ ਅਪੀਲ ਨੂੰ ਆਲੋਚਨਾਤਮਕ ਤੌਰ 'ਤੇ ਪ੍ਰਸ਼ੰਸਾਯੋਗ ਕਹਾਣੀ ਸੁਣਾਉਣ ਦੇ ਨਾਲ ਸਫਲਤਾਪੂਰਵਕ ਜੋੜਿਆ ਹੈ। ਅਦਾਕਾਰ ਆਰ. ਮਾਧਵਨ ਨੂੰ ਹਿੰਦੀ, ਤਾਮਿਲ ਅਤੇ ਅੰਤਰਰਾਸ਼ਟਰੀ ਸਿਨੇਮਾ ਵਿੱਚ ਉਨ੍ਹਾਂ ਦੀ ਬਹੁਪੱਖੀ ਅਦਾਕਾਰੀ ਦੇ ਨਾਲ-ਨਾਲ ਇੱਕ ਫਿਲਮ ਨਿਰਮਾਤਾ ਅਤੇ ਸੱਭਿਆਚਾਰਕ ਆਵਾਜ਼ ਵਜੋਂ ਉਨ੍ਹਾਂ ਦੀ ਵਧਦੀ ਭੂਮਿਕਾ ਨੂੰ ਮਾਨਤਾ ਦਿੰਦੇ ਹੋਏ ਪਦਮ ਸ਼੍ਰੀ ਵੀ ਪ੍ਰਾਪਤ ਹੋਇਆ ਹੈ।

## ਭਾਰਤ ਨੂੰ ਸਮਝਣ ਵਾਲੇ ਅਤੇ ਭਾਰਤੀ ਪੱਤਰਕਾਰੀ

ਫਿਰ 9 ਸਾਲ ਦੀ ਉਮਰ ਵਿੱਚ ਇੰਗਲੈਂਡ ਭੇਜੇ ਜਾਣ ਤੋਂ ਬਾਅਦ ਵੀ ਭਾਰਤ ਉਨ੍ਹਾਂ ਦੇ ਦਿਲ ਵਿੱਚ ਰਹਿੰਦਾ ਰਿਹਾ ਹੈ। ਉਨ੍ਹਾਂ ਨੇ ਮਾਰਲਬਰੋ ਕਾਲਜ ਅਤੇ ਕੈਂਬਰਿਜ ਦੇ ਟ੍ਰਿਨਿਟੀ ਹਾਲ ਵਿੱਚ ਧਰਮ ਸ਼ਾਸਤਰ ਦੀ ਪੜ੍ਹਾਈ ਕੀਤੀ। ਪਾਦਰੀ ਬਣਨ ਦੀ ਇੱਛਾ ਨਾਲ ਲਿੰਕਨ ਥੀਓਲਾਜੀਕਲ ਕਾਲਜ ਵਿੱਚ ਦਾਖਲ ਹੋਏ ਪਰ ਜਲਦੀ ਹੀ ਇਸ ਨੂੰ ਛੱਡ ਕੇ ਪੱਤਰਕਾਰੀ ਵੱਲ ਮੁੜ ਗਏ। ਇਹ ਧਾਰਮਿਕ ਪਿਛੋਕੜ ਉਨ੍ਹਾਂ ਦੀ ਪੱਤਰਕਾਰੀ ਵਿੱਚ ਝਲਕਦਾ ਰਿਹਾ - ਉਹ ਹਮੇਸ਼ਾ ਨੈਤਿਕਤਾ ਅਤੇ ਸੱਚ ਨੂੰ ਉੱਚਾ ਰੱਖਦੇ ਸਨ।1965 ਵਿੱਚ ਬੀਬੀਸੀ ਨਾਲ ਜੁੜਨ ਤੋਂ ਬਾਅਦ ਟੁੱਲੀ ਜੀ ਨੇ 30 ਸਾਲ ਤੱਕ (1994 ਵਿੱਚ ਅਸਤੀਫਾ ਦੇਣ ਤੱਕ) ਭਾਰਤ ਵਿੱਚ ਕੰਮ ਕੀਤਾ ਅਤੇ ਨਵੀਂ ਦਿੱਲੀ ਬਿਊਰੋ ਚੀਫ ਵਜੋਂ 20 ਸਾਲ ਰਹੇ। ਉਨ੍ਹਾਂ ਨੇ ਭਾਰਤ ਦੀਆਂ ਸਭ ਤੋਂ ਵੱਡੀਆਂ ਘਟਨਾਵਾਂ ਨੂੰ ਨਿਰਪੱਖਤਾ ਨਾਲ ਕਵਰ ਕੀਤਾ: 1971 ਦੀ ਭਾਰਤ-ਪਾਕਿਸਤਾਨ ਜੰਗ ਅਤੇ ਬੰਗਲਾਦੇਸ਼ ਦੀ ਆਜ਼ਾਦੀ, ਐਮਰਜੈਂਸੀ (1975-77) ਦੌਰਾਨ ਜਿਸ ਵਿੱਚ ਉਨ੍ਹਾਂ ਨੂੰ ਭਾਰਤ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਸੀ, ਆਪ੍ਰੇਸ਼ਨ ਬਲੂ ਸਟਾਰ (1984), ਇੰਦਰਾ ਗਾਂਧੀ ਦੀ ਹੱਤਿਆ, ਭੋਪਾਲ ਗੈਸ ਤ੍ਰਾਸਦੀ, ਰਾਜੀਵ ਗਾਂਧੀ ਦੀ ਹੱਤਿਆ ਅਤੇ ਬਾਬਰੀ ਮਸਜਿਦ ਢਾਹ (1992)। ਇਹਨਾਂ ਰਿਪੋਰਟਾਂ ਵਿੱਚ ਉਨ੍ਹਾਂ ਨੇ ਨਾ ਸਿਰਫ਼ ਤੱਥ ਪੇਸ਼ ਕੀਤੇ, ਸਗੋਂ ਮਨੁੱਖੀ ਦੁੱਖ-ਦਰਦ ਅਤੇ ਸਮਾਜਿਕ ਪ੍ਰਭਾਵ ਨੂੰ ਵੀ ਉਜਾਗਰ ਕੀਤਾ। ਆਪ੍ਰੇਸ਼ਨ ਬਲੂ ਸਟਾਰ ਵਰਗੀ ਸੰਵੇਦਨਸ਼ੀਲ ਘਟਨਾ ਤੇ ਉਨ੍ਹਾਂ ਦੀ ਰਿਪੋਰਟਿੰਗ ਨੇ ਦੁਨੀਆਂ ਨੂੰ ਅੰਦਰੂਨੀ ਹਕੀਕਤ ਨੂੰ ਸਮਝਾਇਆ ਅਤੇ ਭਾਰਤ ਵਿੱਚ ਉਨ੍ਹਾਂ ਨੂੰ ਬਹੁਤ ਮਾਨਤਾ ਦਿਵਾਈ। ਟੁੱਲੀ ਨੂੰ 2002 ਵਿੱਚ ਨਾਈਟਹੁੱਡ (Sir) ਦੀ ਉਪਾਧੀ ਅਤੇ 2005 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਉਹ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ (@39) ਕਾਰਡ ਧਾਰਕ ਵੀ ਸਨ। ਪੱਤਰਕਾਰੀ ਤੋਂ ਇਲਾਵਾ ਉਨ੍ਹਾਂ ਨੇ ਭਾਰਤ ਬਾਰੇ ਕਈ ਪ੍ਰਸਿੱਧ ਕਿਤਾਬਾਂ ਲਿਖੀਆਂ, ਜੋ ਅੱਜ ਵੀ ਭਾਰਤ ਨੂੰ ਸਮਝਣ ਲਈ ਅਹਿਮ ਹਨ:ਅੰਮ੍ਰਿਤਸਰ: ਮਿਸਿਜ਼ ਗਾਂਧੀਜ਼ ਲਾਸਟ ਬੈਟਲ (1985) - ਜਿੱਥੇ ਉਨ੍ਹਾਂ ਨੇ ਇੰਦਰਾ ਗਾਂਧੀ ਦੀ ਅੰਤਿਮ ਸੰਘਰਸ਼ ਨੂੰ ਵਿਸਥਾਰ ਨਾਲ ਬਿਆਨ ਕੀਤਾ। ਨੋ ਫੁੱਲ ਸਟਾਪਸ ਇਨ ਇੰਡੀਆ (1988) - ਭਾਰਤ ਦੀ ਬਹੁਲਤਾ ਅਤੇ ਵਿਵਿਧਤਾ ਤੇ ਡੂੰਘੀ ਚਰਚਾ। ਇੰਡੀਆ ਇਨ ਸਲੋ ਮੋਸ਼ਨ (2002) - ਭਾਰਤ ਦੇ ਵਿਕਾਸ ਨੂੰ ਧੀਮੀ ਗਤੀ ਨਾਲ ਵੇਖਣ ਵਾਲੀ ਨਜ਼ਰ। ਇੰਡੀਆਜ਼ ਅਨਐਂਡਿੰਗ ਜਰਨੀ (2008) - ਭਾਰਤ ਦੀ ਅਨੰਤਮ ਯਾਤਰਾ। ਅਪਕੰਟਰੀ ਟੇਲਜ਼: ਵਨਸ ਅਪੋਨ ਏ ਟਾਈਮ ਇਨ ਦ ਹਾਰਟ ਆਫ ਇੰਡੀਆ (2017) - ਪੇਂਡੂ ਉੱਤਰੀ ਭਾਰਤ ਦੀਆਂ ਛੋਟੀਆਂ ਕਹਾਣੀਆਂ ਦਾ ਸੰਗ੍ਰਹਿ, ਜੋ ਭਾਰਤ ਦੇ ਅਸਲ ਚਿਹਰੇ ਨੂੰ ਦਰਸਾਉਂਦਾ ਹੈ। ਇਹਨਾਂ ਕਿਤਾਬਾਂ ਵਿੱਚ ਟੁੱਲੀ ਜੀ ਨੇ ਭਾਰਤ ਦੀ ਗਰੀਬੀ, ਧਰਮ, ਰਾਜਨੀਤੀ ਅਤੇ ਸਮਾਜ ਨੂੰ ਬਿਨਾਂ ਕਿਸੇ ਪੱਖਪਾਤ ਨਾਲ ਪੇਸ਼ ਕੀਤਾ। ਉਨ੍ਹਾਂ ਦੀਆਂ ਮੁਲਾਕਾਤਾਂ ਅਤੇ ਇੰਟਰਵਿਊਆਂ ਵਿੱਚ ਵੀ ਉਹ ਹਮੇਸ਼ਾ ਸੰਵੇਦਨਸ਼ੀਲ ਅਤੇ ਗੰਭੀਰ ਰਹੇ - ਉਨ੍ਹਾਂ ਨੇ ਨਾ ਸਿਰਫ਼ ਰਿਪੋਰਟ ਕੀਤਾ, ਸਗੋਂ ਮਹਿਸੂਸ ਕੀਤਾ ਅਤੇ ਦੁਨੀਆਂ ਨੂੰ ਉਸ ਦੀ ਅਸਲੀ ਤਸਵੀਰ ਦਿਖਾਈ। ਭਾਰਤ ਵਿੱਚ ਰਹਿੰਦੇ ਹੋਏ ਉਨ੍ਹਾਂ ਨੇ ਗਿਲੀਅਨ ਰਾਈਟ ਨਾਲ ਰਿਸ਼ਤਾ ਨਿਭਾਇਆ ਅਤੇ 2001 ਵਿੱਚ ਮਾਰਗਰੇਟ ਨਾਲ ਵਿਆਹ ਕੀਤਾ, ਜਿਨ੍ਹਾਂ ਤੋਂ ਉਨ੍ਹਾਂ ਦੇ ਚਾਰ ਬੱਚੇ ਲੰਡਨ ਵਿੱਚ ਸਨ। ਪਰ ਭਾਰਤ ਉਨ੍ਹਾਂ ਦਾ ਅਸਲ ਘਰ ਬਣ ਗਿਆ ਸੀ। ਭਾਰਤੀ ਪੱਤਰਕਾਰੀ ਵਿੱਚ ਟੁੱਲੀ ਜੀ ਦੀ ਸਮਝ ਅਜੇ ਵੀ ਅਜੇਤੂ ਹੈ। ਉਹ ਵਿਦੇਸ਼ੀ ਹੋ ਕੇ ਵੀ ਭਾਰਤ ਨੂੰ ਅੰਦਰੂਨੀ ਨਜ਼ਰ ਨਾਲ ਵੇਖਦੇ ਸਨ ਅਤੇ ਹਮੇਸ਼ਾ ਨਿਰਪੱਖਤਾ ਨੂੰ ਤਰਜੀਹ ਦਿੰਦੇ ਸਨ। ਉਨ੍ਹਾਂ ਦੀ ਰੇਡੀਓ ਆਵਾਜ਼ ਵਿੱਚ ਸਾਦਗੀ, ਸਪੱਸ਼ਟਤਾ ਅਤੇ ਗੰਭੀਰਤਾ ਸੀ, ਜੋ ਲੱਖਾਂ ਭਾਰਤੀਆਂ ਨੂੰ ਛੂਹ ਗਈ। ਅੱਜ ਜਦੋਂ ਅਸੀਂ ਉਨ੍ਹਾਂ ਨੂੰ ਅਲਵਿਦਾ ਆਖ ਰਹੇ ਹਾਂ, ਤਾਂ ਯਾਦ ਆਉਂਦਾ ਹੈ ਕਿ ਪੱਤਰਕਾਰੀ ਸਿਰਫ਼ ਖ਼ਬਰਾਂ ਨਹੀਂ, ਸਗੋਂ ਸਮਾਜ ਨੂੰ ਆਈਨਾ ਦਿਖਾਉਣ ਅਤੇ ਸੱਚ ਨੂੰ ਬੇਬਾਕ ਢੰਗ ਨਾਲ ਪੇਸ਼ ਕਰਨ ਦਾ ਕੰਮ ਹੈ। ਮਾਰਕ ਟੁੱਲੀ ਨੇ ਇਹ ਕੰਮ ਬਹੁਤ ਸ਼ਾਨਦਾਰ ਢੰਗ ਨਾਲ ਕੀਤਾ। ਉਨ੍ਹਾਂ ਦੀ ਯਾਦ ਭਾਰਤੀ ਪੱਤਰਕਾਰੀ ਅਤੇ ਭਾਰਤ ਨੂੰ ਸਮਝਣ ਵਾਲੇ ਹਰ ਵਿਅਕਤੀ ਦੇ ਦਿਲ ਵਿੱਚ ਹਮੇਸ਼ਾ ਜਿਉਂਦੀ ਰਹੇਗੀ। ਸਰ ਮਾਰਕ ਟੁੱਲੀ ਜੀ ਨੂੰ ਹਾਰਦਿਕ ਸ਼ਰਧਾਂਜ਼ਲੀ।

## ਕਿਸਾਨ ਮਜ਼ਦੂਰ ਮੋਰਚਾ ਦੀ ਜੈਪੁਰ 'ਚ ਹੋਈ ਮੀਟਿੰਗ

**ਚੜ੍ਹਦੀਕਲਾ ਬਿਊਰੋ**

ਜੈਪੁਰ, 25 ਜਨਵਰੀ : ਕਿਸਾਨ ਮਜ਼ਦੂਰ ਮੋਰਚਾ ਭਾਰਤ ਦੀ ਮੀਟਿੰਗ ਮਹਾਵੀਰ ਗੁੱਜਰ ਰਾਜਸਥਾਨ ਕਿਸਾਨ ਮਜ਼ਦੂਰ ਨੌਜਵਾਨ ਸਭਾ ਰਣਜੀਤ ਸਿੰਘ ਗ੍ਰਾਮੀਣ ਕਿਸਾਨ ਮਜ਼ਦੂਰ ਸਭਾ ਪਰਮਜੀਤ ਸਿੰਘ ਰਾਸ਼ਟਰੀ ਕਿਸਾਨ ਸਭਾ ਮੱਧਪ੍ਰਦੇਸ਼ ਪੀ ਟੀ ਜੋਹਨ ਆਰਗੈਨਿਕ ਨੇਚੂਰਲ ਫਾਰਮਰ ਯੂਨੀਅਨ ਕੇਰਲਾ ਅਮਿਤ ਖਰਾੜੀ ਆਦਿਵਾਸੀ ਪਰਿਵਾਰ ਸਮਿਤੀ ਦੇ ਪ੍ਰਧਾਨਗੀ ਮੰਡਲ ਦੇ ਹੇਠ ਜੈਪੁਰ ਦੇ ਵਿੱਚ ਆਯੋਜਿਤ ਕੀਤੀ ਗਈ। ਜਿਸ ਵਿੱਚ ਦੇਸ਼ ਭਰ ਦੇ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਉਪਰੋਕਤ ਮੀਟਿੰਗ ਦਿੱਲੀ ਮੋਰਚੇ ਦੇ ਸ਼ਹੀਦ ਨਵਰੀਤ ਸਿੰਘ ਡਿਬਡਿਬਾ ਨੂੰ ਸ਼ਰਧਾਂਜਲੀ ਦੇਣ ਉਪਰੰਤ ਸ਼ੁਰੂ ਕੀਤੀ ਗਈ, ਜਿਸ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਪੂਰੇ ਦੇਸ਼ ਵਿੱਚ ਕਾਰਪੋਰੇਟ ਨੂੰ ਸਥਾਪਿਤ ਕਰਨਾ ਅਤੇ ਕਿਸਾਨ ਮਜ਼ਦੂਰ ਆਦਿਵਾਸੀ ਖਿੱਤਿਆਂ ਨੂੰ ਖ਼ਤਮ ਕਰਨ ਦੇ ਵਿਸ਼ੇ 'ਤੇ ਗੰਭੀਰ ਚਿੰਤਨ ਕੀਤਾ ਗਿਆ। ਦੇਸ਼ ਭਰ ਦੀਆਂ ਜਥੇਬੰਦੀਆਂ ਕੇ ਐਮ ਐਮ ਵੱਲੋਂ ਬਿਜਲੀ ਸੋਧ ਬਿੱਲ 2025 ਕਾਨੂੰਨ ਦਾ ਵਿਰੋਧ ਕਰਦਿਆਂ ਇਸ ਦੇ ਪਾਰਲੀਮੈਂਟ ਵਿੱਚ ਪੇਸ਼ ਹੋਣ ਦੇ ਤੀਸਰੇ ਦਿਨ ਭਾਜਪਾ ਦਫ਼ਤਰਾਂ ਤੇ ਕਾਪੀਆਂ ਸਾੜੀਆਂ ਜਾਣਗੀਆਂ, ਦਾ ਐਲਾਨ ਕੀਤਾ ਗਿਆ ਅਤੇ ਸ਼ਹੀਦ ਸੁਭਕਰਨ ਦਾ ਸ਼ਹੀਦੀ ਦਿਹਾੜਾ ਦੇਸ਼ ਪੱਧਰੀ 21 ਫਰਵਰੀ ਨੂੰ ਮਨਾਇਆ ਜਾਵੇਗਾ। ਸੀਡ ਬਿੱਲ 2025 ਨੂੰ ਗੰਭੀਰ ਲੈਂਦਿਆਂ ਅੱਜ ਦੇ ਹਾਊਸ ਵੱਲੋਂ ਇਸ ਨੂੰ ਖੇਤੀ ਰਿਸਰਚ ਅਤੇ ਬੁਨਿਆਦੀ ਬੀਜਾਂ ਦਾ ਖਾਤਮਾ ਦੱਸਦਿਆਂ ਇਸ ਦਾ ਸਖ਼ਤ ਵਿਰੋਧ ਕਰਦਿਆਂ ਇਸ ਤੇ ਸਖ਼ਤ ਫ਼ੈਸਲੇ ਕੀਤੇ ਗਏ। ਮਨਰੇਗਾ ਸਕੀਮ ਨੂੰ ਖ਼ਤਮ ਕਰਦਿਆਂ ਕੇਂਦਰ ਸਰਕਾਰ ਵੱਲੋ ਵਿਕਸਿਤ ਭਾਰਤ ਜੀ ਗਰਾਮ ਯੋਜਨਾ ਨੂੰ ਲਿਆਉਣਾ ਕੇਵਲ ਇਕ ਛਲ ਦੱਸਦਿਆਂ ਮਜ਼ਦੂਰਾਂ ਦੇ ਉੱਪਰ ਵੱਡਾ ਹਮਲਾ ਦੱਸਦਿਆਂ ਇਸ ਦਾ ਵਿਰੋਧ ਕਰਦਿਆਂ ਆਉਣ ਵਾਲੇ ਦਿਨਾਂ ਵਿੱਚ ਦੇਸ਼ ਪੱਧਰੀ ਵਿਰੋਧ ਦੇ ਐਕਸ਼ਨਾਂ ਸੰਬੰਧੀ ਗੱਲਬਾਤ ਤਹਿ ਕੀਤੀ ਗਈ ਆਦਿਵਾਸੀ ਪਰਿਵਾਰ ਸਮਿਤੀ ਵੱਲੋਂ ਆਦਿਵਾਸੀ ਇਲਾਕਿਆਂ ਨਾਲ ਕੀਤੇ ਜਾਂਦੇ ਵਿਵਹਾਰ ਨੂੰ ਅਣਮਨੁੱਖੀ ਘੋਸ਼ਿਤ ਕਰਦਿਆਂ ਦੇਸ਼ ਦੇ ਆਦਿਵਾਸੀ ਪਰਿਵਾਰਾਂ ਨੂੰ ਬੁਨਿਆਦੀ ਹੱਕਾਂ ਦੀ ਪੂਰਤੀ ਦੀ ਜੰਗ ਲਈ ਤਹਿ ਸ਼ੁਦਾ ਯੋਜਨਾਵਾਂ ਨੂੰ ਲਾਗੂ ਕਰਨ ਲਈ ਜ਼ੋਰ ਦਿੱਤਾ ਗਿਆ। ਦੇਸ਼ ਭਰ ਵਿੱਚ ਖੇਤੀ ਯੋਗ ਜਮੀਨਾਂ ਨੂੰ ਜ਼ਬਰਦਸਤੀ ਐਕਵਾਇਰ ਕਰਨਾ, ਆਦਿਵਾਸੀ ਇਲਾਕਿਆਂ ਵਿੱਚ ਬਿਨਾਂ ਇਤਲਾਹ ਜ਼ਮੀਨਾਂ ਨੂੰ ਹਥਿਆਉਣਾ, ਤਾਮਿਲਨਾਡੂ ਵਿੱਚ ਮਛੇਰਿਆਂ ਦੇ ਜਮਾਤੀ ਕਾਰੋਬਾਰ ਨੂੰ ਕਾਰਪੋਰੇਟ ਦੇ ਕਬਜ਼ੇ ਹੇਠ ਆਉਣਾ, ਐਗਰੋ ਬਿਜ਼ਨਸ ਦੇ ਨਾਮ ਹੇਠ ਕਾਰਪੋਰੇਟ ਦੀ ਸਥਾਪਨਾ ਕਰਨਾ, ਰਾਜਸਥਾਨ ਦੇ ਭੀਲਵਾੜਾ ਆਦਿਵਾਸੀ ਇਲਾਕਿਆਂ ਵਿੱਚ ਪੱਥਰ ਖਣਨ ਦੀ ਪ੍ਰੀਕਿਰਿਆ ਤੇ ਕਾਰਪੋਰੇਟ ਦਾ ਕਬਜ਼ਾ, ਕੇਰਲਾ ਵਿੱਚ ਜ਼ਮੀਨਾਂ ਦੇ ਹਥਿਆਉਣ ਸਬੰਧੀ ਜੰਗਲੀ ਜੀਵਾਂ ਵੱਲੋਂ ਹੋ ਰਹੀਆਂ ਮਨੁੱਖੀ ਹੱਤਿਆਵਾਂ ਸੰਬੰਧੀ, ਜੰਮੂ ਕਸ਼ਮੀਰ ਦੇ ਕਬੀਲਿਆਂ ਉੱਪਰ ਜਾਤੀ ਆਧਾਰਿਤ ਭਾਸ਼ਾ ਆਧਾਰਿਤ ਕੀਤੇ ਜਾ ਰਹੇ ਹਮਲੇ ਕਸ਼ਮੀਰ ਦੇ ਮੁੱਖ ਕਿੱਤਾ ਫ਼ਲ ਖੇਤੀ ਨੂੰ ਖ਼ਤਮ ਕਰਨਾ, ਅਰਾਵਲੀ ਪਰਬਤ ਨੂੰ ਬਚਾਉਣ ਦੇ ਮਤੇ, ਸਰਕਾਰ ਵੱਲੋਂ ਜਾਰੀ ਦੋਸ਼ਪੂਰਨ ਫ਼ਸਲੀ ਬੀਮਾ ਯੋਜਨਾ, ਤਾਮਿਲਨਾਡੂ ਦੇ ਨਾਰੀਅਲ ਖੇਤਰ ਦੇ ਉਤਪਾਦਨ ਤੇ ਪਾਬੰਦੀ ਦੇ ਖਿਲਾਫ ਮਤੇ ਪਾਏ। ਅੱਜ ਦੀ ਇਸ ਮੀਟਿੰਗ ਦੇ ਵਿੱਚ ਕੇਂਦਰ ਸਰਕਾਰ ਵੱਲੋਂ ਲਗਾਤਾਰ ਕਿਸਾਨਾਂ ਮਜ਼ਦੂਰਾਂ ਆਦਿਵਾਸੀ ਕਬੀਲਿਆਂ, ਦੇਸ਼ ਦੀ ਜਮੀਨ,ਜੰਗਲ,ਪਾਣੀ ਵਰਗੇ ਗੰਭੀਰ ਵਿਸ਼ਿਆਂ ਤੇ ਚਰਚਾ ਕੀਤੀ ਗਈ। ਇਸ ਮੌਕੇ ਤੇ ਐਮਐਮ ਦੀ ਕੋਆਰਡੀਨੇਟਰ ਸਰਵਨ ਸਿੰਘ ਪੰਧੇਰ, ਜਸਵਿੰਦਰ ਸਿੰਘ ਲੌਂਗੋਵਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ,ਮਨਜੀਤ ਸਿੰਘ ਰਾਏ ਭਾਰਤੀ ਕਿਸਾਨ ਯੂਨੀਅਨ ਦੁਆਬਾ, ਅਮਰਜੀਤ ਸਿੰਘ ਮੋਹੜੀ ਭਾਰਤੀ ਕਿਸਾਨ ਯੂਨੀਅਨ ਸ਼ਹੀਦ ਭਗਤ ਸਿੰਘ ਹਰਿਆਣਾ, ਗੁਰਅਵਨੀਤ ਸਿੰਘ ਮਾਂਗਟ ਇੰਡੀਅਨ ਫਾਰਮਰ ਐਸੋਸੀਏਸ਼ਨ ਉਤਰਾਖੰਡ ,ਮਹਾਂਵੀਰ ਗੁੱਜਰ ਰਾਜ ਸਭਾ ਰਾਜਸਥਾਨ ,ਗੁਰਪ੍ਰੀਤ ਸਿੰਘ ਸੰਘਾ ਰਾਜ ਸਭਾ ਰਾਜਸਥਾਨ, ਪੀ ਟੀ ਜੋਹਨ ਆਰਗੈਨਿਕ ਨੇਚੂਰਲ ਫਾਰਮਰ ਯੂਨੀਅਨ ਕੇਰਲਾ, ਸਾਹਜੀ ਕੋਕਾਡਨ ਮਾਲਿਆਰਾ ਕੋਰਸਾਕਾਂ ਸਮਿਤੀ, ਸੀ ਜੇ ਜੋਏ ਨਿੰਲਮਬਾਰ ਮਾਲਾਪੁਰਮ, ਬਲਦੇਵ ਸਿੰਘ ਜ਼ੀਰਾ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਹਰਵਿੰਦਰ ਸਿੰਘ ਮਸਾਣੀਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ,ਪਰਮਜੀਤ ਸਿੰਘ ਰਾਸ਼ਟਰੀ ਕਿਸਾਨ ਸਭਾ, ਰਣਜੀਤ ਸਿੰਘ ਸੰਧੂ ਗ੍ਰਾਮੀਣ ਕਿਸਾਨ ਮਜ਼ਦੂਰ ਸਮਿਤੀ ਰਾਜਸਥਾਨ, ਚੌਧਰੀ ਸ਼ੌਹੀਨ ਬਾਜਾੜ ਬੰਗਸ ਵੈਲੀ ਟਰਾਈਬਲ ਆਰਗਨਾਈਜੇਸ਼ਨ ਜੰਮੂ ਕਸ਼ਮੀਰ, ਨਾਸਿਰ ਹੁਸੈਨ ਚੇ ਚੀ ਟਰਾਈਬਲ ਸਟੂਡੈਂਟ ਆਰਗਨਾਈਜੇਸ਼ਨ ਜੰਮੂ ਕਸ਼ਮੀਰ, ਜੁਬੇਰ ਚੇ ਚੀ ਟਰਾਈਬਲ ਸਟੂਡੈਂਟ ਆਰਗਨਾਈਜੇਸ਼ਨ ਜੰਮੂ ਕਸ਼ਮੀਰ, ਨੀਲੇਸ਼ ਬਰੋਡ ਭੀਲ ਪ੍ਰਦੇਸ਼ ਮੁਕਤੀ ਮੋਰਚਾ ਰਾਜਸਥਾਨ, ਅਮਿਤ ਖਰਾੜੀ ਆਦਿਵਾਸੀ ਪਰਿਵਾਰ ਸਮਿਤੀ ਰਾਜਸਥਾਨ, ਅਜੇ ਯਾਦਵ ਆਹੀਰਵਾਲ ਸੰਘਰਸ਼ ਮੋਰਚਾ ਹਰਿਆਣਾ, ਰੇਖਾ ਸ਼ਰਮਾ ਮੁਖੀ ਔਰਤ ਵਿੰਗ ਰਾਜ ਸਭਾ ਜੈਪੁਰ ਯੂਨੀਵਰਸਿਟੀ ਦੇ ਸਕਾਲਰ ਵੱਲੋ ਭਾਗ ਲਿਆ ਗਿਆ।

## ਗਣਤੰਤਰ ਦਿਵਸ ਪਰੇਡ ਦੀ ਸ਼ੋਭਾ ਬਣੇਗੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਪੰਜਾਬ ਦੀ ਝਾਕੀ: ਮਾਨ



**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 25 ਜਨਵਰੀ: ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਦੀ ਖਾਸ ਝਾਕੀ ਨਜ਼ਰ ਆਵੇਗੀ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਗਣਤੰਤਰ ਦਿਵਸ 'ਤੇ ਗਣਤੰਤਰ ਦਿਵਸ ਦਾ ਥੀਮ ਚੁਣਿਆ ਹੈ। ਇਹ ਝਾਕੀ 'ਹਿੰਦ ਦੀ ਚਾਦਰ' ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੈ। ਸੀ.ਐੱਮ. ਭਗਵੰਤ ਮਾਨ ਨੇ ਝਾਕੀ ਨੂੰ ਲੈ ਕੇ ਜਾਣਕਾਰੀ ਸਾਂਝੀ ਕੀਤੀ ਹੈ। ਭਗਵੰਤ ਮਾਨ ਨੇ ਲਿਖਿਆ ਕਿ- ਜਿੱਥੇ ਅਸੀਂ 'ਹਿੰਦ ਦੀ ਚਾਦਰ' ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸੂਬਾ ਪੱਧਰੀ ਸਮਾਗਮਾਂ ਰਾਹੀਂ ਪੂਰੀ ਸ਼ਰਧਾ ਭਾਵਨਾ ਨਾਲ ਮਨਾ ਰਹੇ ਹਾਂ ਉੱਥੇ ਹੀ ਗੁਰੂ ਸਾਹਿਬ ਜੀ ਦੇ ਜੀਵਨ ਫ਼ਲਸਫ਼ੇ ਅਤੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਝਾਕੀ ਗਣਤੰਤਰ ਦਿਵਸ ਦੀ ਪਰੇਡ ਲਈ ਭੇਜੀ ਗਈ ਹੈ, ਜੋ ਕਿ ਇਸ ਵਾਰ 26 ਜਨਵਰੀ ਦੀ ਪਰੇਡ ਦੀ ਸ਼ੋਭਾ ਬਣੇਗੀ। ਉਨ੍ਹਾਂ ਅੱਗੇ ਲਿਖਿਆ ਕਿ ਕੁੱਲ ਦੁਨੀਆ ਨੂੰ ਮਨੁੱਖੀ ਹੱਕਾਂ, ਬਰਾਬਰਤਾ ਅਤੇ ਧਾਰਮਿਕ ਆਜ਼ਾਦੀ ਦੇਣ ਦੇ ਨਾਲ-ਨਾਲ ਸਮਾਜਿਕ ਆਜ਼ਾਦੀ ਪ੍ਰਤੀ ਜਾਗਰੂਕ ਕਰਦੀਆਂ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਨੌਜਵਾਨਾਂ ਸਮੇਤ ਹਰ ਵਰਗ ਨੂੰ ਜਾਣੂੰ ਕਰਵਾਉਣਾ ਸਮੇਂ ਦੀ ਲੋੜ ਹੈ। ਜਿਸ ਲਈ ਸਾਡੀ ਸਰਕਾਰ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।


### ਜਨਤਕ ਸੂਚਨਾ

**ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ**



ਵਿਸ਼ਾ:-ਸਵ. ਪ੍ਰੋਮਿਲਾ ਰਾਣੀ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸਸੀਓ ਨੰਬਰ 26, ਸੈਕਟਰ 9-ਡੀ, ਚੰਡੀਗੜ੍ਹ (ਸੀਪੀ 265) ਦੇ ਸੰਬੰਧ ਵਿੱਚ 100.00% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀਮਤੀ ਪ੍ਰੋਮਿਲਾ ਰਾਣੀ ਵਪਾਰਕ ਐਸਸੀਓ ਨੰਬਰ 26, ਸੈਕਟਰ 9-ਡੀ, ਚੰਡੀਗੜ੍ਹ ਦੀ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹੈ।
ਓਮ ਅਗਰਵਾਲ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ। ਪ੍ਰੋਮਿਲਾ ਰਾਣੀ ਦੀ ਮੌਤ 18.06.2025 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) **ਨੀਨਾ-ਪੁੱਤਰੀ**, (2) **ਓਮ ਅਗਰਵਾਲ-ਪੁੱਤਰ** ਹੁਣ, ਓਮ ਅਗਰਵਾਲ ਨੇ 23.08.2024 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਸ਼੍ਰੀਮਤੀ ਪ੍ਰੋਮਿਲਾ ਰਾਣੀ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ ਵਪਾਰਕ ਐਸਸੀਓ ਨੰਬਰ 26, ਸੈਕਟਰ 9-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਤਸਦੀਕਸ਼ੁਦਾ ਹਲਫ਼ਨਾਮੇ ਦੇ ਨਾਲ) ਇਸਨੂੰ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**



**ਯੂਨੀਅਨ ਬੈਂਕ** ਆਫ ਇੰਡੀਆ
ਭਾਰਤ ਸਰਕਾਰ ਦਾ ਅਦਾਰਾ
Union Bank of India
A Government of India Undertaking

### ਮੰਗ ਸੂਚਨਾ ਦਾ ਪ੍ਰਕਾਸ਼ਨ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਦੇ ਪੁਨਰ ਭੁਗਤਾਨ ਅਤੇ ਵਿਆਜ ਦੇ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੇ ਅਸਾਸਿਆਂ ਵਿਚ ਤਬਦੀਲ ਹੋ ਗਈਆਂ ਹਨ। ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਬੈਂਕ ਦੇ ਅਧਿਕਾਰਤ ਅਧਿਕਾਰੀ ਵੱਲੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀ ਧਾਰਾ 13 (2) ਅਧੀਨ ਸੂਚਨਾ ਭੇਜੀ ਗਈ ਸੀ। ਫਿਰ ਵੀ, ਕੁਝ ਮਾਮਲਿਆਂ ਵਿਚ ਸੂਚਨਾਵਾਂ ਬਿਨਾਂ ਤਾਮੀਲ ਤੋਂ ਪਰਤ ਆਈਆਂ ਹਨ ਅਤੇ ਕੁਝ ਹੋਰ ਮਾਮਲਿਆਂ ਵਿਚ ਪਹੁੰਚ ਰਸੀਦਾਂ ਪ੍ਰਾਪਤ ਨਹੀਂ ਕੀਤੀਆਂ ਗਈਆਂ। ਇਸ ਲਈ ਕਰਜ਼ਦਾਰਾਂ/ਜ਼ਾਮਨਾਂ ਨੂੰ ਇਸ ਦੁਆਰਾ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ(ਾਂ)/ ਜ਼ਾਮਨ (ਾਂ)/ ਗਿਰਵੀਕਾਰ (ਾਂ) ਦੇ ਨਾਮ | ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਸ਼ਾਖਾ: ਦੁੱਗਰੀ ਰੋਡ ਲੁਧਿਆਣਾ ਸ਼ਾਖਾ (1) ਕਰਜ਼ਦਾਰਾਂ: 1(a) ਸ਼੍ਰੀਮਤੀ ਰੀਨਾ ਸ਼ਰਮਾ ਪੁੱਤਰੀ ਸ਼੍ਰੀ ਰਤਨ ਲਾਲ ਸ਼ਰਮਾ, ਪਤਾ: ਮਕਾਨ ਨੰਬਰ 133, ਗਲੈਕਸੀ ਨੰਬਰ 4, 33 ਫੁੱਟਾ ਰੋਡ, ਗੁਰੂ ਨਾਨਕ ਨਗਰ, ਤਹਿਸੀਲ ਅਤੇ ਜ਼ਿਲ੍ਹਾ- ਲੁਧਿਆਣਾ (ਪੰਜਾਬ)-141001 ਹੋਰ ਪਤਾ: ਪਲਾਟ ਨੰਬਰ 22, ਜੀ.ਟੀ.ਬੀ. ਨਗਰ ਨੇੜੇ ਗ੍ਰੀਨ ਸਿਟੀ, 33 ਫੁੱਟ ਰੋਡ ਤੋਂ ਭਾਮੀਆਂ ਰੋਡ ਹੱਦਬਸਤ ਨੰਬਰ 181, ਤਹਿਸੀਲ ਅਤੇ ਜ਼ਿਲ੍ਹਾ- ਲੁਧਿਆਣਾ (ਪੰਜਾਬ)। (2) ਜ਼ਾਮਨ: ਸ਼੍ਰੀ ਰਤਨ ਲਾਲ ਪੁੱਤਰ ਸ਼੍ਰੀ ਦੇਵੀ ਦਿਆਲ, ਪਤਾ: ਮਕਾਨ ਨੰਬਰ 133, ਗਲੈਕਸੀ ਨੰਬਰ 4, 33 ਫੁੱਟਾ ਰੋਡ, ਗੁਰੂ ਨਾਨਕ ਨਗਰ, ਤਹਿਸੀਲ ਅਤੇ ਜ਼ਿਲ੍ਹਾ- ਲੁਧਿਆਣਾ (ਪੰਜਾਬ)-141001 | 88 ਵਰਗ ਗਜ਼ ਦੀ ਰਿਹਾਇਸ਼ੀ ਅਚੱਲ ਜਾਇਦਾਦ ਜਿਸ ਵਿੱਚ ਖਸਰਾ ਨੰਬਰ 51//4-5-6/1-7-14-9-12-13-17/1 ਖਾਤਾ ਨੰਬਰ 27/32-33, ਸਾਲ 2008-2009 ਦੀ ਜਮ੍ਹਾਂਬੰਦੀ ਵਿਕਰੀ ਡੀਡ ਵਸੀਕਾ ਨੰਬਰ 2019-20/106/19050 ਮਿਤੀ 11.07.2019 ਅਨੁਸਾਰ, ਭਾਮੀਆਂ ਕਲਾਂ, ਹੱਦਬਸਤ ਨੰਬਰ 181, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਵਿੱਚ ਸਥਿਤ, ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ: ਗੁਆਂਢੀ 20', ਪੱਛਮ: ਗਲੀ 20', ਉੱਤਰ: ਗੁਆਂਢੀ 40', ਦੱਖਣ: ਗੁਆਂਢੀ 40'। ਸਰਸਾਈ ਸੰਪਤੀ ਆਈਡੀ: 200035745083, ਸੁਰੱਖਿਆ ਵਿਆਜ ਆਈਡੀ: 400035805621 | 02/12/2025 | 03/01/2026 | Rs. 12,47,278.60 ਅਤੇ ਵਿਆਜ |
| (2) ਸ਼ਾਖਾ: ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਸ਼ਾਖਾ (1) ਕਰਜ਼ਦਾਰ/ਾਂ:- 1(a) 1(a) ਸ਼੍ਰੀਮਤੀ ਅਨੁਰਾਧ ਧੀਮਾਨ ਪਤਨੀ ਸੁਰਿੰਦਰ ਕੁਮਾਰ, ਮਕਾਨ ਨੰਬਰ 1, ਗਲੀ ਨੰਬਰ 1, ਜੀਐਮ ਅਸਟੇਟ ਦੁੱਗਰੀ, ਧਾਂਦਰਾ ਰੋਡ, ਲੁਧਿਆਣਾ, ਪੰਜਾਬ- 141016 1(b) 1(✲) ਸ਼੍ਰੀ ਮੁਕੁਲ ਧੀਮਾਨ ਪੁੱਤਰ ਸੁਰਿੰਦਰ ਕੁਮਾਰ, ਮਕਾਨ ਨੰਬਰ 1, ਗਲੀ ਨੰਬਰ 1, ਜੀਐਮ ਅਸਟੇਟ ਦੁੱਗਰੀ, ਧਾਂਦਰਾ ਰੋਡ, ਲੁਧਿਆਣਾ, ਪੰਜਾਬ-141016। 1(C) ਸ਼੍ਰੀ ਸੁਰਿੰਦਰ ਕੁਮਾਰ ਪੁੱਤਰ ਸ਼੍ਰੀ ਸਤਪਾਲ ਮਕਾਨ ਨੰਬਰ 1, ਗਲੀ ਨੰਬਰ 1, ਜੀਐਮ ਅਸਟੇਟ ਦੁੱਗਰੀ, ਧਾਂਦਰਾ ਰੋਡ, ਲੁਧਿਆਣਾ, ਪੰਜਾਬ -141016 | 155 ਵਰਗ ਗਜ਼ ਦੇ ਪਲਾਟ ਉੱਤੇ ਬਣਿਆ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਪਿੰਡ ਮਾਣਕਵਾਲ, ਲੁਧਿਆਣਾ ਵਿਖੇ ਸਥਿਤ ਹੈ ਅਤੇ ਜੋ ਕਿ ਖਾਤਾ ਨੰਬਰ 87/95, ਖਸਰਾ ਨੰਬਰ 16//5/1, 5/2,17//1/1 ਵਿੱਚ ਸ਼ਾਮਲ, 1998-99 ਸਾਲ ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਮਾਣਕਵਾਲ, ਹੱਦਬਸਤ ਨੰਬਰ -276, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਵਸੀਕਾ ਨੰਬਰ 2461 ਮਿਤੀ 05-05-2003 ਅਨੁਸਾਰ ਸ਼੍ਰੀਮਤੀ ਅਨੁਰਾਧਾ ਧੀਮਾਨ ਪਤਨੀ ਸ਼੍ਰੀ ਸੁਰਿੰਦਰ ਕੁਮਾਰ ਦੇ ਨਾਮ 'ਤੇ ਦਰਜ ਹੈ ਅਤੇ ਸੋਧ ਦੁਆਰਾ ਦਰਸਾਇਆ ਗਿਆ: ਵਸੀਕਾ ਨੰਬਰ 13909 ਮਿਤੀ 20-10-2003 ਅਨੁਸਾਰ ਸ਼੍ਰੀਮਤੀ ਅਨੁਰਾਧਾ ਧੀਮਾਨ ਦੇ ਨਾਮ ਤੇ ਦਰਜ ਹੈ। ਹੱਦਬੰਦੀ: ਪੂਰਬ-ਗੁਆਂਢੀ, ਪੱਛਮ-ਗੁਆਂਢੀ, ਉੱਤਰ-ਗਲੀ, ਦੱਖਣ-ਗੁਆਂਢੀ। ਸਰਸਾਈ ਸੁਰੱਖਿਆ ਵਿਆਜ ਆਈਡੀ: 400034536052, ਸੰਪਤੀ ਆਈਡੀ: 200034478524। | 16/10/2025 | 02/01/2026 | Rs. 6,61,016.90 ਅਤੇ ਵਿਆਜ |
| (2) ਸ਼ਾਖਾ: ਲੁਧਿਆਣਾ ਫੀਲਡਗੰਜ ਸ਼ਾਖਾ (1) ਕਰਜ਼ਦਾਰ/ਾਂ:- 1(a) ਮੈਸਰਜ਼ ਜੀਏਜੀ ਐਂਟਰਪ੍ਰਾਈਜ਼ਿਜ਼ ਰਾਹੀਂ ਪ੍ਰੋਪ. ਸ਼੍ਰੀ ਭੂਸ਼ਨ ਲਤਾ, 11, ਕਰਤਾਰ ਨਗਰ, ਮਾਡਲ ਗ੍ਰਾਮ, ਲੁਧਿਆਣਾ, ਪੰਜਾਬ- 141002। (2) ਜ਼ਾਮਨ: 2(a) ਸ਼੍ਰੀ ਸੰਜੀਵ ਕੁਮਾਰ ਪੁੱਤਰ ਰਮੇਸ਼ ਚੰਦਰ, ਮਕਾਨ ਨੰਬਰ 12, ਕਰਤਾਰ ਨਗਰ, ਪਿੰਕ ਫਲੈਟਾਂ ਦੇ ਨੇੜੇ, ਮਾਡਲ ਗ੍ਰਾਮ, ਲੁਧਿਆਣਾ, ਪੰਜਾਬ-141002। ਇਸ ਤੋਂ ਇਲਾਵਾ: 2-XVI-30/30-1, ਗੁਰਦੁਆਰਾ ਰਾਮ ਗੜ੍ਹੀਆ ਦੇ ਪਿੱਛੇ, ਆਬਾਦੀ ਸੰਤਪੁਰਾ ਮੁਹੱਲਾ, ਧੂਰੀ ਰੇਲਵੇ ਲਾਈਨ ਫਾਟਕ ਦੇ ਨੇੜੇ, ਮਿਲਰਗੰਜ, ਲੁਧਿਆਣਾ। | 02-02-072 ਪੁਖਤਾ ਮਾਪ ਭਾਵ 02-0੧2-0੧2 ਖਾਮ, ਭਾਵ 51 ਵਰਗ ਗਜ਼ ਜਿਸ ਵਿੱਚ ਕੁੱਲ ਖੇਤਰਫਲ 02-132-172 ਪੁਖਤਾ ਦੇ 7/277ਵਾਂ ਹਿੱਸੇ ਵਾਲੇ ਗੋਦਾਮ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਖਾਤਾ/ਖਤੌਨੀ ਨੰਬਰ ਪੁਰਾਣਾ 1503/1837, 1523/1867 ਅਤੇ ਨਵਾਂ 1545/1901, ਨਵਾਂ 1545/1901, ਖਸਰਾ ਨੰਬਰ 37/0-13-17 ਵਿੱਚ ਸ਼ਾਮਲ, ਸਾਲ 1996-97, 2001-02 ਅਤੇ 2006-07 ਮਿਤੀ 03052016 ਲਈ ਜਮ੍ਹਾਂਬੰਦੀ ਅਨੁਸਾਰ, ਜਾਇਦਾਦ ਨੰਬਰ ਬੀ-✓੭9-30/30-1, ਗੁਰਦੁਆਰਾ ਰਾਮ ਗੜ੍ਹੀਆ ਦੇ ਪਿੱਛੇ, ਆਬਾਦੀ ਸੰਤਪੁਰਾ ਮੁਹੱਲਾ, ਧੂਰੀ ਰੇਲਵੇ ਲਾਈਨ ਫਾਟਕ ਦੇ ਨੇੜੇ, ਮਿਲਰਗੰਜ, ਲੁਧਿਆਣਾ ਵਿਖੇ ਸਥਿਤ ਹੈ। SE: ਸਟਰੀਟ, NW: ਸਟਰੀਟ, NE: ਨੇਬਰਹੁੱਡ, : ਰੇਲਵੇ ਪ੍ਰਾਪਰਟੀ। ਸਰਸਾਈ ਸੁਰੱਖਿਆ ਵਿਆਜ 94: 400012580214, ਸੰਪਤੀ 94: 200012554295 | 21/10/2025 | 23/12/2025 | Rs. 12,33,179.63 ਅਤੇ ਵਿਆਜ |

ਨੋਟ ਕੀਤਾ ਜਾਵੇ ਕਿ ਕਾਨੂੰਨ ਦੀ ਧਾਰਾ 13 (8) ਦੀਆਂ ਵਿਵਸਥਾਵਾਂ ਦੇ ਅਧੀਨ ਸੁਰੱਖਿਅਤ ਸੰਪੱਤੀਆਂ ਦੀ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੇ ਮਾਧਿਅਮ ਦੁਆਰਾ ਤਬਾਦਲੇ ਦੇ ਲਈ ਜਨਤਕ ਜਾਂ ਨਿੱਜੀ ਸੰਧੀ ਤੋਂ ਜਨਤਕ ਨਿਲਾਮੀ ਜਾਂ ਕੁਟੇਸ਼ਨ ਮੰਗ ਜਾਂ ਟੈਂਡਰ ਦੇ ਲਈ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਬੈਂਕ ਵੱਲੋਂ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ ਬੈਂਕ ਦੇ ਬਕਾਇਆਂ ਦਾ ਭੁਗਤਾਨ ਕਰਨ ਦੁਆਰਾ ਤੁਹਾਨੂੰ ਸੰਪੱਤੀ ਦੀ ਪੁਨਰ ਪ੍ਰਾਪਤੀ ਦਾ ਅਧਿਕਾਰ ਉਪਲਬਧ ਹੈ।ਉਕਤ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ **60 ਦਿਨਾਂ** ਦੇ ਲੰਘਣ ਉਪਰੰਤ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ** 2002 ਦੀਆਂ ਵਿਵਸਥਾਵਾਂ ਅਨੁਸਾਰ ਅਗਲੇਰੇ ਕਦਮ ਚੁੱਕੇ ਜਾਣਗੇ।ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਸੰਬੰਧਤ ਸ਼ਾਖਾ ਤੋਂ ਹਰੇਕ ਖਾਤੇ ਵਿਚ ਦਰਸਾਈ ਸੂਚਨਾ ਦੀ ਕਾਪੀ ਪ੍ਰਾਪਤ ਕਰ ਲੈਣ।

ਮਿਤੀ : 26.01.2026 — ਸਹੀ/- ਅਧਿਕਾਰਤ ਅਧਿਕਾਰੀ

# 77ਵੇਂ ਗਣਤੰਤਰ ਦਿਵਸ ਮੌਕੇ ਕੁਰਾਲੀ, ਖਰੜ, ਮੋਹਾਲੀ ਤੋਂ ਅਸ਼ਵਨੀ ਗੌੜ ਦਾ ਵਿਸ਼ੇਸ਼ ਸਪਲੀਮੈਂਟ












# 77ਵੇਂ ਗਣਤੰਤਰ ਦਿਵਸ ਦੇ ਮੌਕੇ 'ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦਾ ਜਨਤਾ ਦੇ ਨਾਮ ਸੰਦੇਸ਼



ਪੰਜਾਬ ਦੇ ਪਿਆਰੇ ਨਿਵਾਸੀਓ,

ਅੱਜ 26 ਜਨਵਰੀ ਦੇ ਇਸ ਸ਼ੁਭ ਮੌਕੇ 'ਤੇ ਮੈਂ ਸਾਰੇ ਦੇਸ਼ਵਾਸੀਆਂ, ਖ਼ਾਸ ਕਰਕੇ ਪੰਜਾਬ ਦੇ ਨਾਗਰਿਕਾਂ ਨੂੰ 77ਵੇਂ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੰਦਾ ਹਾਂ। ਇਸ ਦਿਨ ਸਾਡਾ ਸੰਵਿਧਾਨ ਲਾਗੂ ਹੋਇਆ ਅਤੇ ਭਾਰਤ ਇੱਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮਨਿਰਪੱਖ ਅਤੇ ਲੋਕਤੰਤਰੀ ਗਣਰਾਜ ਵਜੋਂ ਸਥਾਪਿਤ ਹੋਇਆ।

ਮੈਂ ਗੁਰੂਆਂ, ਪੀਰਾਂ, ਸੰਤਾਂ ਅਤੇ ਮਹਾਨ ਯੋਧਿਆਂ ਦੀ ਧਰਤੀ ਪੰਜਾਬ ਨੂੰ ਸਿਜਦਾ ਕਰਦਾ ਹਾਂ ਅਤੇ ਉਹਨਾਂ ਸੈਨਿਕ ਪਰਿਵਾਰਾਂ ਨੂੰ ਸਤਿਕਾਰ ਪ੍ਰਗਟ ਕਰਦਾ ਹਾਂ ਜਿਨ੍ਹਾਂ ਦੇ ਸਪੂਤਾਂ ਨੇ ਮਾਤ ਭੂਮੀ ਲਈ ਸਰਵ ਉੱਚ ਕੁਰਬਾਨੀ ਦਿੱਤੀ। ਰਾਸ਼ਟਰ ਪਿਤਾ ਮਹਾਤਮਾ ਗਾਂਧੀ, ਨੇਤਾਜੀ ਸੁਭਾਸ਼ ਚੰਦਰ ਬੋਸ, ਸਰਦਾਰ ਵੱਲਭ ਭਾਈ ਪਟੇਲ, ਪੰਡਿਤ ਜਵਾਹਰ ਲਾਲ ਨਹਿਰੂ, ਡਾ. ਰਾਜੇਂਦਰ ਪ੍ਰਸਾਦ ਅਤੇ ਅਨੇਕਾਂ ਹੋਰ ਦੇਸ਼ ਵਾਸੀਆਂ ਨੇ ਭਾਰਤ ਦੀ ਆਜ਼ਾਦੀ ਵਿੱਚ ਅਹਿਮ ਯੋਗਦਾਨ ਪਾਇਆ।

ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ, ਚੰਦਰ ਸ਼ੇਖਰ ਆਜ਼ਾਦ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਗਦਰੀ ਬਾਬੇ ਅਤੇ ਅਨੇਕਾਂ ਬਹਾਦਰਾਂ ਦੀ ਸ਼ਹਾਦਤ ਸਾਡੇ ਇਤਿਹਾਸ ਦੀ ਸ਼ਾਨ ਹੈ। ਸੰਵਿਧਾਨ ਸਭਾ ਦੇ ਮੈਂਬਰਾਂ ਅਤੇ ਡਾ. ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦੇ ਅਣਥੱਕ ਯਤਨਾਂ ਨਾਲ ਸਾਨੂੰ ਮਜ਼ਬੂਤ ਸੰਵਿਧਾਨ ਮਿਲਿਆ।

ਇਸ ਮੌਕੇ 'ਤੇ ਮੈਂ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕਰਦਾ ਹਾਂ, ਜਿਨ੍ਹਾਂ ਨੇ 562 ਰਿਆਸਤਾਂ ਨੂੰ ਇੱਕਜੁੱਟ ਕਰਕੇ ਇਸ ਨੂੰ 'ਭਾਰਤ ਮਾਤਾ' ਦਾ ਅਖੰਡ ਰੂਪ ਦਿੱਤਾ।

ਪੰਜਾਬ ਦੇ ਪਿਆਰੇ ਨਿਵਾਸੀਓ,

ਸਾਡਾ ਪੰਜਾਬ ਇੱਕ ਮਾਣਮੱਤਾ ਅਤੇ ਪ੍ਰੇਰਨਾਦਾਇਕ ਸੂਬਾ ਹੈ, ਜਿਸਨੇ ਆਪਣੀ ਅਦੁੱਤੀ ਹਿੰਮਤ, ਅਣਥੱਕ ਮਿਹਨਤ ਅਤੇ ਅਮੀਰ ਵਿਰਾਸਤ ਨਾਲ ਦੇਸ਼ ਨੂੰ ਸਦਾ ਪ੍ਰੇਰਿਤ ਕੀਤਾ ਹੈ। ਖੁਰਾਕ ਸੁਰੱਖਿਆ ਤੋਂ ਲੈ ਕੇ ਖੇਤੀ, ਉਦਯੋਗ ਅਤੇ ਉੱਦਮਤਾ ਤੱਕ ਪੰਜਾਬ ਨੇ ਅਹਿਮ ਯੋਗਦਾਨ ਦਿੱਤਾ ਹੈ।

ਹਾਲੀਆ ਭਿਆਨਕ ਹੜ੍ਹਾਂ ਨੇ ਵੱਡਾ ਨੁਕਸਾਨ ਕੀਤਾ, ਪਰ ਇਸ ਦੌਰਾਨ ਪੰਜਾਬੀਆਂ ਦੀ ਹਿੰਮਤ, ਆਪਸੀ ਸਹਿਯੋਗ ਅਤੇ ਸੇਵਾ-ਭਾਵਨਾ ਸਭ ਤੋਂ ਵੱਧ ਪ੍ਰੇਰਕ ਰਹੀ। ਸੀਮਤ ਸਰੋਤਾਂ ਦੇ ਬਾਵਜੂਦ, ਪੰਜਾਬ ਨੇ ਜਿਸ ਦ੍ਰਿੜਤਾ ਨਾਲ ਇਸ ਆਫ਼ਤ ਦਾ ਸਾਹਮਣਾ ਕੀਤਾ, ਉਹ ਪੂਰੇ ਦੇਸ਼ ਲਈ ਇੱਕ ਮਿਸਾਲ ਹੈ।

ਸੂਬਾ ਸਰਕਾਰ 'ਲੋਕ ਸੇਵਾ ਅਤੇ ਪਾਰਦਰਸ਼ੀ ਸ਼ਾਸਨ' ਦੇ ਮੰਤਰ ਨਾਲ ਅੱਗੇ ਵੱਧ ਰਹੀ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਨੇ ਹਰ ਖੇਤਰ ਵਿੱਚ ਨਵੇਂ ਮੀਲ ਪੱਥਰ ਹਾਸਲ ਕੀਤੇ ਹਨ। 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਜਨਵਰੀ 2026 ਤੋਂ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਮਿਲੇਗਾ। ਸਿਹਤ ਸੇਵਾਵਾਂ ਨੂੰ ਪਹੁੰਚਯੋਗ ਬਣਾਉਣ ਲਈ 881 ਆਮ ਆਦਮੀ ਕਲੀਨਿਕ ਅਤੇ 356 ਹਾਈ-ਟੈਕ ਐਂਬੂਲੈਂਸਾਂ ਸੂਬੇ ਭਰ ਵਿੱਚ ਕਾਰਜਸ਼ੀਲ ਹਨ।

ਜੁਲਾਈ 2022 ਤੋਂ ਲਗਭਗ 90 ਫ਼ੀਸਦ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਝੋਨੇ ਦੇ ਸੀਜ਼ਨ ਦੌਰਾਨ ਖੇਤੀਬਾੜੀ ਟਿਊਬਵੈੱਲਾਂ ਨੂੰ 8 ਘੰਟਿਆਂ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਵੀ ਦਿੱਤੀ ਗਈ।

ਸਿੱਖਿਆ ਦੇ ਖੇਤਰ ਵਿੱਚ ਸੂਬਾ ਸਰਕਾਰ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। 118 ਸਕੂਲ ਆਫ਼ ਐਮੀਨੈਂਸ ਰਾਹੀਂ ਵਿਸ਼ਵ ਪੱਧਰੀ ਸਿੱਖਿਆ ਦਿੱਤੀ ਜਾ ਰਹੀ ਹੈ ਅਤੇ ਅਧਿਆਪਕਾਂ-ਪ੍ਰਿੰਸੀਪਲਾਂ ਨੂੰ ਫਿਨਲੈਂਡ ਅਤੇ ਸਿੰਗਾਪੁਰ ਭੇਜ ਕੇ ਸਿੱਖਿਆ ਦੀ ਗੁਣਵੱਤਾ ਮਜ਼ਬੂਤ ਕੀਤੀ ਜਾ ਰਹੀ ਹੈ। ਧੀਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਵੇ, ਇਸ ਲਈ 230 ਤੋਂ ਵੱਧ ਵਾਹਨਾਂ ਰਾਹੀਂ ਵਿਦਿਆਰਥੀਆਂ ਨੂੰ ਆਵਾਜਾਈ ਸਹੂਲਤ ਮਿਲ ਰਹੀ ਹੈ।

ਪੰਜਾਬ ਨੇ ਨੈਸ਼ਨਲ ਅਚੀਵਮੈਂਟ ਸਰਵੇ 2024 ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਸਰਕਾਰੀ ਸਕੂਲਾਂ ਦੇ 265 ਵਿਦਿਆਰਥੀਆਂ ਨੇ JEE ਮੈਨਜ਼, 45 ਨੇ JEE ਐਡਵਾਂਸ ਅਤੇ 847 ਨੇ NEET ਪਾਸ ਕੀਤਾ ਹੈ। 'ਪੇਂਡੂ ਲਾਇਬ੍ਰੇਰੀ ਯੋਜਨਾ' ਤਹਿਤ 275 ਆਧੁਨਿਕ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਗਈਆਂ ਹਨ, ਜੋ ਪੇਂਡੂ ਨੌਜਵਾਨਾਂ ਲਈ ਸਿੱਖਿਆ ਅਤੇ ਹੁਨਰ ਵਿਕਾਸ ਦੇ ਕੇਂਦਰ ਬਣ ਰਹੀਆਂ ਹਨ।

ਸੂਬਾ ਸਰਕਾਰ ਨੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹਦਿਆਂ 63,000 ਤੋਂ ਵੱਧ ਸਰਕਾਰੀ ਨੌਕਰੀਆਂ ਦੇ ਕੇ ਇੱਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ।

ਖੇਤੀ ਅਤੇ ਬੁਨਿਆਦੀ ਢਾਂਚਾ ਪੰਜਾਬ ਦੀ ਰੀੜ੍ਹ ਹਨ। ਸਿੰਚਾਈ ਲਈ ਨਹਿਰੀ ਪਾਣੀ ਦੀ ਉਪਲਬੱਧਤਾ 21 ਫ਼ੀਸਦ ਤੋਂ ਵਧਾ ਕੇ 72 ਫ਼ੀਸਦ ਕੀਤੀ ਗਈ ਹੈ। 2,300 ਕਰੋੜ ਰੁਪਏ ਦੀ ਲਾਗਤ ਨਾਲ 150 ਕਿਲੋਮੀਟਰ ਲੰਬੀ ਮਾਲਵਾ ਨਹਿਰ ਦਾ ਨਿਰਮਾਣ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਹੋ ਰਿਹਾ ਹੈ, ਜੋ ਇਕ ਇਤਿਹਾਸਕ ਉਪਲਬਧੀ ਹੈ।

ਕਿਸਾਨਾਂ ਦੀ ਭਲਾਈ ਲਈ ਝੋਨੇ ਦੀ ਸਿੱਧੀ ਬਿਜਾਈ 'ਤੇ ਪ੍ਰਤੀ ਏਕੜ 1,500 ਰੁਪਏ ਪ੍ਰੋਤਸਾਹਨ ਅਤੇ ਪਰਾਲੀ ਪ੍ਰਬੰਧਨ ਮਸ਼ੀਨਾਂ 'ਤੇ ਕਿਸਾਨ ਸਮੂਹਾਂ/ਪੰਚਾਇਤਾਂ ਨੂੰ 80 ਫ਼ੀਸਦ ਤੇ ਕਿਸਾਨਾਂ ਨੂੰ 50 ਫ਼ੀਸਦ ਸਬਸਿਡੀ ਦਿੱਤੀ ਜਾ ਰਹੀ ਹੈ।

ਸਾਲ 2022 ਤੋਂ ਹੁਣ ਤੱਕ ਸੂਬਾ ਸਰਕਾਰ ਨੇ 1.5 ਲੱਖ ਕਰੋੜ ਰੁਪਏ ਤੋਂ ਵੱਧ ਨਿਵੇਸ਼ ਆਕਰਸ਼ਿਤ ਕੀਤਾ ਹੈ, ਜਿਸ ਨਾਲ 5 ਲੱਖ ਤੋਂ ਵੱਧ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਬਣਨਗੇ। ਭਾਰਤ ਸਰਕਾਰ ਵੱਲੋਂ ਪੰਜਾਬ ਨੂੰ ਈਜ਼ ਆਫ਼ ਡੂਇੰਗ ਬਿਜ਼ਨਸ ਵਿੱਚ 'ਟੌਪ ਅਚੀਵਰ' ਦਾ ਦਰਜਾ ਮਿਲਣਾ ਇਸਦੀ ਪੁਸ਼ਟੀ ਹੈ।

ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਵਾਲੀਆਂ ਲਗਭਗ 19,000 ਕਿਲੋਮੀਟਰ ਲਿੰਕ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਜਾਰੀ ਹੈ। 'ਈਜ਼ੀ ਰਜਿਸਟਰੀ' ਪ੍ਰਣਾਲੀ ਨਾਲ ਜੁਲਾਈ ਤੋਂ ਦਸੰਬਰ 2025 ਤੱਕ 3.7 ਲੱਖ ਤੋਂ ਵੱਧ ਰਜਿਸਟਰੀਆਂ ਹੋਈਆਂ।

ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟਾਲਰੈਂਸ' ਨੀਤੀ, ਹੈਲਪਲਾਈਨ ਅਤੇ 'ਸੜਕ ਸੁਰੱਖਿਆ ਫੋਰਸ' ਸਰਕਾਰ ਦੀ ਜਨ-ਸੁਰੱਖਿਆ ਪ੍ਰਤੀ ਵਚਨਬੱਧਤਾ ਦਰਸਾਉਂਦੇ ਹਨ। ਡਿਊਟੀ ਦੌਰਾਨ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ।

ਹੜ੍ਹਾਂ ਦੇ ਬਾਵਜੂਦ 156 ਲੱਖ ਮੀਟ੍ਰਿਕ ਟਨ ਤੋਂ ਵੱਧ ਝੋਨੇ ਦੀ ਖ਼ਰੀਦ ਅਤੇ 37 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਮੇਂ ਸਿਰ ਅਦਾਇਗੀ ਕੀਤੀ ਗਈ। ਗੰਨੇ ਲਈ 416 ਰੁਪਏ ਪ੍ਰਤੀ ਕੁਇੰਟਲ ਭਾਅ ਦੇਸ਼ ਵਿੱਚ ਸਭ ਤੋਂ ਵੱਧ ਹੈ।

ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਬਹੁਤ ਸ਼ਰਧਾ ਅਤੇ ਮਾਣ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਕਰਕੇ ਗੁਰੂ ਸਾਹਿਬ ਦੇ ਜੀਵਨ, ਕੁਰਬਾਨੀ ਅਤੇ ਸਿੱਖਿਆਵਾਂ 'ਤੇ ਵਿਚਾਰ ਕੀਤਾ ਗਿਆ। ਨਾਲ ਹੀ ਸਿੱਖ ਤਖ਼ਤ ਸਾਹਿਬਾਨ ਨਾਲ ਜੁੜੇ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਨਗਰੀ ਦਾ ਦਰਜਾ ਦਿੱਤਾ ਗਿਆ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 1 ਮਾਰਚ 2025 ਤੋਂ 17 ਜਨਵਰੀ 2026 ਤੱਕ ਵਿਆਪਕ ਕਾਰਵਾਈ ਦੌਰਾਨ 31,441 ਮਾਮਲੇ ਦਰਜ ਹੋਏ, 45,137 ਤਸਕਰ ਗ੍ਰਿਫ਼ਤਾਰ ਕੀਤੇ ਗਏ, 1,962 ਕਿਲੋਗ੍ਰਾਮ ਹੈਰੋਇਨ, 28 ਟਨ ਭੁੱਕੀ ਅਤੇ 15.47 ਕਰੋੜ ਰੁਪਏ ਡਰੱਗ ਮਨੀ ਜ਼ਬਤ ਕੀਤੀ ਗਈ। ਅੰਤਰਰਾਸ਼ਟਰੀ ਸਰਹੱਦ 'ਤੇ 498 ਡਰੋਨ ਗਤੀਵਿਧੀਆਂ ਦਾ ਪਤਾ ਲੱਗਾ, 256 ਡਰੋਨ ਬਰਾਮਦ ਹੋਏ ਅਤੇ 299 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ। ਡਰੋਨ ਤਸਕਰੀ ਰੋਕਣ ਲਈ ਤਿੰਨ 'ਬਾਜ਼ ਅੱਖ' ਐਂਟੀ-ਡਰੋਨ ਸਿਸਟਮ ਸਥਾਪਤ ਕੀਤੇ ਗਏ।

ਅਦਾਲਤਾਂ ਵਿੱਚ 6,040 ਕੇਸਾਂ ਦੀ ਸੁਣਵਾਈ ਹੋਈ, ਜਿਨ੍ਹਾਂ ਵਿੱਚੋਂ 5,317 ਵਿੱਚ ਸਜ਼ਾ ਹੋਈ ਅਤੇ ਸਜ਼ਾ ਦਰ 88 ਫ਼ੀਸਦ ਰਹੀ। ਨਾਲ ਹੀ ਸੂਬੇ ਭਰ ਵਿੱਚ 50,433 ਨਸ਼ਾ ਵਿਰੋਧੀ ਜਾਗਰੂਕਤਾ ਮੀਟਿੰਗਾਂ ਕੀਤੀਆਂ ਗਈਆਂ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ 3,083 ਪਿੰਡਾਂ ਵਿੱਚ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹਨਾਂ ਯਤਨਾਂ ਨਾਲ ਅਸੀਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਕੇ ਨੌਜਵਾਨਾਂ ਨੂੰ ਸਿਹਤਮੰਦ, ਸਸ਼ਕਤ ਅਤੇ ਉੱਜਵਲ ਭਵਿੱਖ ਵੱਲ ਲੈ ਜਾਵਾਂਗੇ, ਤਾਂ ਜੋ ਪੰਜਾਬ ਇੱਕ ਵਾਰ ਫਿਰ 'ਰੰਗਲਾ ਪੰਜਾਬ' ਵਜੋਂ ਆਪਣੀ ਮਾਣਮੱਤੀ ਪਛਾਣ ਹਾਸਲ ਕਰ ਸਕੇ।

ਦੇਸ਼ ਦੀ ਗੱਲ ਕਰੀਏ ਤਾਂ ਅੱਜ ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ, ਇੱਕ ਪ੍ਰਭਾਵਸ਼ਾਲੀ ਵਿਸ਼ਵ ਸ਼ਕਤੀ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਪ੍ਰੇਰਨਾ ਬਣ ਚੁੱਕਾ ਹੈ। ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਹੈ, ਜਿੱਥੇ 1.94 ਲੱਖ ਤੋਂ ਵੱਧ ਸਟਾਰਟਅੱਪ ਸਰਗਰਮ ਹਨ, ਜਿਨ੍ਹਾਂ ਵਿੱਚ 76 ਹਜ਼ਾਰ ਤੋਂ ਵੱਧ ਮਹਿਲਾਵਾਂ ਵੱਲੋਂ ਚਲਾਏ ਜਾ ਰਹੇ ਹਨ।

ਰੱਖਿਆ ਖੇਤਰ ਵਿੱਚ 2024-25 ਦੌਰਾਨ ਉਤਪਾਦਨ 1.51 ਲੱਖ ਕਰੋੜ ਤੇ ਨਿਰਯਾਤ 23,622 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ, ਜਦਕਿ ਲਗਭਗ 65% ਰੱਖਿਆ ਉਪਕਰਨ ਦੇਸ਼ ਵਿੱਚ ਹੀ ਬਣ ਰਿਹਾ ਹੈ। ਚੰਦਰਯਾਨ-3, ਆਦਿਤਿਆ-ਐਲ1, ਸਪੇਡੇਕਸ ਅਤੇ ਜੈਵਿਕ ਪ੍ਰਯੋਗਾਂ ਨੇ ਭਾਰਤ ਨੂੰ ਮੋਹਰੀ ਪੁਲਾੜ ਦੇਸ਼ ਬਣਾਇਆ ਹੈ। 'ਇੰਡੀਆ ਏਆਈ ਮਿਸ਼ਨ' ਹੇਠ 10,000 ਕਰੋੜ ਰੁਪਏ ਤੋਂ ਵੱਧ ਨਿਵੇਸ਼ ਹੋਇਆ ਹੈ ਅਤੇ ਸੈਮੀਕੰਡਕਟਰ ਖੇਤਰ ਵਿੱਚ 10 ਯੂਨਿਟ ਸਥਾਪਿਤ ਹੋ ਰਹੇ ਹਨ, ਜਿਨ੍ਹਾਂ ਵਿੱਚ ਇੱਕ ਮੋਹਾਲੀ ਵਿੱਚ ਹੈ।

ਖੇਡਾਂ ਵਿੱਚ 2025 ਇਤਿਹਾਸਕ ਰਿਹਾ-ਪੁਰਸ਼ ਕ੍ਰਿਕਟ ਟੀਮ ਨੇ ਚੈਂਪੀਅਨਜ਼ ਟਰਾਫੀ, ਮਹਿਲਾ ਟੀਮ ਨੇ ਪਹਿਲਾ ਵਿਸ਼ਵ ਕੱਪ ਜਿੱਤਿਆ ਅਤੇ ਭਾਰਤ ਨੇ ਕਈ ਅੰਤਰਰਾਸ਼ਟਰੀ ਤਗਮੇ ਹਾਸਲ ਕੀਤੇ। 2030 ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਅਹਿਮਦਾਬਾਦ ਨੂੰ ਮਿਲਣਾ ਵੱਡੀ ਉਪਲਬਧੀ ਹੈ।

ਖੇਤੀ ਵਿੱਚ ਭਾਰਤ ਨੇ 2024-25 ਵਿੱਚ 357 ਮਿਲੀਅਨ ਟਨ ਅਨਾਜ ਪੈਦਾ ਕਰਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ। ਮਹਿਲਾ ਸਸ਼ਕਤੀਕਰਨ ਲਈ 'ਬੇਟੀ ਬਚਾਓ ਬੇਟੀ ਪੜ੍ਹਾਓ', 'ਲਖਪਤੀ ਦੀਦੀ', 'ਮੁਦਰਾ' ਅਤੇ 'ਮਿਸ਼ਨ ਸ਼ਕਤੀ' ਵਰਗੀਆਂ ਯੋਜਨਾਵਾਂ ਕਾਰਗਰ ਸਾਬਤ ਹੋ ਰਹੀਆਂ ਹਨ। ਜੀਐਸਟੀ ਸੁਧਾਰਾਂ ਨਾਲ ਕਰ ਪ੍ਰਣਾਲੀ ਸੌਖੀ ਬਣੀ ਹੈ।

ਸਿਹਤ ਖੇਤਰ ਵਿੱਚ 1 ਲੱਖ ਤੋਂ ਵੱਧ ਨਵੀਆਂ ਮੈਡੀਕਲ ਸੀਟਾਂ ਜੁੜੀਆਂ ਹਨ ਅਤੇ 800 ਤੋਂ ਵੱਧ ਮੈਡੀਕਲ ਕਾਲਜ ਹਨ। 1,338 ਯੂਨੀਵਰਸਿਟੀਆਂ ਅਤੇ 52,000 ਤੋਂ ਵੱਧ ਕਾਲਜਾਂ ਨਾਲ ਸਿੱਖਿਆ ਵਿੱਚ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਉਚੇਰੀ ਸਿੱਖਿਆ ਤੰਤਰ ਬਣ ਗਿਆ ਹੈ।

ਸੱਭਿਆਚਾਰਕ ਤੌਰ 'ਤੇ ਰਾਮ ਮੰਦਰ ਵਿਖੇ ਸਿਖਰ 'ਤੇ ਝੰਡਾ ਚੜ੍ਹਾਉਣ ਦੀ ਰਸਮ, ਸੋਮਨਾਥ ਸਵਾਭਿਮਾਨ ਉਤਸਵ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਰਾਸ਼ਟਰੀ ਚੇਤਨਾ ਦੇ ਪ੍ਰਤੀਕ ਬਣੇ।

ਪਹਿਲਗਾਮ ਹਮਲੇ ਤੋਂ ਬਾਅਦ 'ਆਪ੍ਰੇਸ਼ਨ ਸਿੰਦੂਰ' ਅਤੇ 'ਆਪ੍ਰੇਸ਼ਨ ਮਹਾਦੇਵ' ਨੇ ਅੱਤਵਾਦ ਵਿਰੁੱਧ ਭਾਰਤ ਦੀ ਫੈਸਲਾਕੁੰਨ ਨੀਤੀ ਦਰਸਾਈ।

ਕੁੱਲ ਮਿਲਾ ਕੇ ਅੱਜ ਦਾ ਭਾਰਤ ਸਵੈ-ਨਿਰਭਰ, ਤਕਨੀਕੀ ਤੌਰ 'ਤੇ ਸਸ਼ਕਤ ਅਤੇ ਸੱਭਿਆਚਾਰਕ ਤੌਰ 'ਤੇ ਜਾਗਰੂਕ ਹੋ ਕੇ ਵਿਸ਼ਵ ਮੰਚ 'ਤੇ ਇੱਕ ਨਿਰਣਾਇਕ ਰਾਸ਼ਟਰ ਵਜੋਂ ਸਥਾਪਿਤ ਹੋ ਚੁੱਕਾ ਹੈ।

**ਪੰਜਾਬ ਦੇ ਪਿਆਰੇ ਨਿਵਾਸੀਓ,**

ਅੱਜ ਦਾ ਪੰਜਾਬ ਸੱਭਿਆਚਾਰ ਅਤੇ ਤਰੱਕੀ ਦਾ ਸਸ਼ਕਤ ਸੁਮੇਲ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਆਪਣੇ ਮਿਹਨਤੀ ਕਿਸਾਨਾਂ, ਸਮਰਪਿਤ ਕਾਮਿਆਂ, ਪ੍ਰਤਿਭਾਸ਼ਾਲੀ ਨੌਜਵਾਨਾਂ ਅਤੇ ਵਚਨਬੱਧ ਪ੍ਰਸ਼ਾਸਨ ਦੇ ਨਾਲ ਪੰਜਾਬ ਆਉਣ ਵਾਲੇ ਸਮੇਂ ਵਿੱਚ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਵੱਡਾ ਯੋਗਦਾਨ ਪਾਵੇਗਾ।

ਇਸ ਮੌਕੇ 'ਤੇ ਮੈਂ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਇੱਕ ਜਨ ਅੰਦੋਲਨ ਦੀ ਅਗਵਾਈ ਕਰਨ ਦਾ ਸੱਦਾ ਦਿੰਦਾ ਹਾਂ। ਨਸ਼ਾ ਸਮੱਸਿਆ ਨਹੀਂ, ਜ਼ਹਿਰ ਹੈ। ਆਓ ਅਸੀਂ ਆਪਣੀ ਜ਼ਿੰਦਗੀ ਨੂੰ ਸਿੱਖਿਆ, ਹੁਨਰ, ਖੇਡਾਂ, ਉੱਦਮਤਾ ਅਤੇ ਸੇਵਾ 'ਤੇ ਕੇਂਦਰਿਤ ਕਰੀਏ। ਇੱਕ ਸੁਚੇਤ, ਸਿਹਤਮੰਦ ਅਤੇ ਸਵੈ-ਨਿਰਭਰ ਨੌਜਵਾਨ ਹੀ ਪੰਜਾਬ ਦੀ ਸਭ ਤੋਂ ਵੱਡੀ ਤਾਕਤ ਹੈ।

ਇਸ ਗਣਤੰਤਰ ਦਿਵਸ 'ਤੇ ਆਓ ਅਸੀਂ ਪੰਜਾਬ ਸਮੇਤ ਸਾਰੇ ਭਾਰਤ ਨੂੰ ਵਿਕਸਤ, ਮਜ਼ਬੂਤ, ਸਵੈ-ਨਿਰਭਰ ਅਤੇ ਸਮਾਵੇਸ਼ੀ ਰਾਸ਼ਟਰ ਬਣਾਉਣ ਦਾ ਪ੍ਰਣ ਕਰੀਏ । ਵਿਕਸਤ ਭਾਰਤ ਸਾਡੀ ਸਿਰਫ਼ ਇੱਕ ਇੱਛਾ ਨਹੀਂ, ਸਗੋਂ ਸਾਂਝੀ ਰਾਸ਼ਟਰੀ ਚੇਤਨਾ ਹੈ। ਇਸ ਸੁਨੇਹੇ ਦੇ ਨਾਲ ਮੈਂ ਇੱਕ ਵਾਰ ਫਿਰ ਤੁਹਾਨੂੰ ਸਾਰਿਆਂ ਨੂੰ 77ਵੇਂ ਗਣਤੰਤਰ ਦਿਵਸ ਦੀਆਂ ਦਿਲੋਂ ਵਧਾਈਆਂ ਦਿੰਦਾ ਹਾਂ।

ਧੰਨਵਾਦ। ਜੈ ਹਿੰਦ! ਜੈ ਭਾਰਤ!

# ਪੰਜਾਬੀਆਂ ਨੂੰ ਵੱਧ ਅਧਿਕਾਰ, 'ਰੰਗਲੇ ਪੰਜਾਬ' ਵੱਲ ਵਧਦੇ ਕਦਮ

ਭਾਰਤ, ਅੱਜ ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਗਣਰਾਜ ਹੋਣ 'ਤੇ ਮਾਣ ਮਹਿਸੂਸ ਕਰਦਾ ਹੈ। ਆਜ਼ਾਦੀ ਲਈ ਲੜੇ ਗਏ ਲੰਮੇ ਅਤੇ ਬੇਮਿਸਾਲ ਸੰਘਰਸ਼ ਅਤੇ ਉਸ ਤੋਂ ਬਾਅਦ 26 ਜਨਵਰੀ, 1950 ਵਿੱਚ ਵਿਲੱਖਣ ਸੰਵਿਧਾਨ ਅਪਨਾਉਣ ਨਾਲ ਦੇਸ਼ ਸਹੀ ਮਾਅਨਿਆਂ ਵਿੱਚ ਗਣਰਾਜ ਬਣਿਆ।

ਅੱਜ ਦਾ ਇਹ ਦਿਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਾਡਾ ਸੰਵਿਧਾਨ 26 ਜਨਵਰੀ, 1950 ਨੂੰ ਮਹਾਨ ਕੌਮੀ ਨੇਤਾਵਾਂ ਅਤੇ ਸਤਿਕਾਰਤ ਸ਼ਖਸੀਅਤਾਂ ਦੇ ਨਿਰੰਤਰ ਯਤਨਾਂ ਤੋਂ ਬਾਅਦ ਲਾਗੂ ਹੋਇਆ ਸੀ। ਸਾਡਾ ਸੰਵਿਧਾਨ ਬਰਾਬਰੀ ਵਾਲੇ ਸਮਾਜ ਵਿੱਚ ਖੁਸ਼ਹਾਲ ਜੀਵਨ ਦੇ ਮਹੱਤਵ ਨੂੰ ਦਰਸਾਉਂਦਾ ਹੈ ਅਤੇ ਇਹ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਮੁੱਖ ਸਿਧਾਂਤਾਂ ਨੂੰ ਸਥਾਪਤ ਕਰਦਾ ਹੈ। ਸਾਡੇ ਪਵਿੱਤਰ ਸੰਵਿਧਾਨ ਨੂੰ ਅਮਲੀ ਰੂਪ ਦੇਣ ਵਾਲਿਆਂ ਨੇ ਸਾਨੂੰ ਸੰਸਦੀ ਲੋਕਤੰਤਰ ਦਿੱਤਾ ਹੈ ਜਿਸ ਦਾ ਉਦੇਸ਼ ਸਮਾਜਿਕ ਤਰੱਕੀ ਅਤੇ ਸਾਰਿਆਂ ਲਈ ਚੰਗੇ ਜੀਵਨ ਦੇ ਨਾਲ-ਨਾਲ ਰੋਜ਼ੀ-ਰੋਟੀ ਦੇ ਇਕੋ ਜਿਹੇ ਮੌਕੇ ਪ੍ਰਦਾਨ ਕਰਨਾ ਹੈ।

ਸੰਵਿਧਾਨ ਸਭਾ ਨੇ ਇਸ ਤੱਥ ਨੂੰ ਧਿਆਨ ਵਿੱਚ ਰੱਖਿਆ ਕਿ ਭਾਰਤ ਸੱਭਿਆਚਾਰਕ, ਧਰਮਾਂ, ਭਾਸ਼ਾਈ ਅਤੇ ਖੇਤਰੀ ਵਿਭਿੰਨਤਾ ਦੇ ਤੌਰ 'ਤੇ ਅਮੀਰ ਵਿਰਾਸਤ ਵਾਲਾ ਦੇਸ਼ ਹੈ। ਅਜਿਹੇ ਵਿਭਿੰਨ ਦੇਸ਼ ਨੂੰ ਇਕ ਅਜਿਹੇ ਸੰਵਿਧਾਨ ਦੀ ਲੋੜ ਸੀ ਜੋ ਸੱਚਮੁੱਚ ਇਸ ਵਿਭਿੰਨਤਾ ਪ੍ਰਤੀ ਡੂੰਘੇ ਅਦਬ ਤੇ ਸਤਿਕਾਰ ਨੂੰ ਦਰਸਾਉਂਦਾ ਹੋਵੇ। ਬਾਲਗ ਵੋਟ ਦੇ ਅਧਿਕਾਰ ਦਾ ਮੂਲ ਸਿਧਾਂਤ ਹੋਵੇ ਜਿਸ ਦਾ ਅਧਾਰ ਸੰਵਿਧਾਨ ਦੀ ਬੁਨਿਆਦ ਹੈ। ਇਹ ਸਾਡੇ ਸਾਰਿਆਂ ਲਈ ਸੱਚਮੁੱਚ ਮਾਣ ਦਾ ਪਲ ਸੀ ਕਿਉਂਕਿ ਸਾਨੂੰ ਆਪਣੀ ਵੋਟ ਦੀ ਵਰਤੋਂ ਕਰਨ ਦੀ ਸ਼ਕਤੀ ਮਿਲੀ। 'ਲੋਕਾਂ ਦੀ ਸਰਕਾਰ, ਲੋਕਾਂ ਲਈ ਅਤੇ ਲੋਕਾਂ ਦੁਆਰਾ' ਚੁਣੇ ਜਾਣ ਦੇ ਸੰਕਲਪ ਨਾਲ ਸਾਡੇ ਪੁਰਖਿਆਂ ਦੀਆਂ ਸੱਧਰਾਂ ਅਤੇ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਲਗਭਗ 75 ਸਾਲਾਂ ਦੌਰਾਨ ਹਰ ਬੀਤਦੇ ਦਿਨ ਦੇ ਨਾਲ ਦੇਸ਼ ਵਿੱਚ ਲੋਕਤੰਤਰੀ ਗਣਰਾਜ ਦੀਆਂ ਵਿਸ਼ੇਸ਼ਤਾਵਾਂ ਨੂੰ ਮਜ਼ਬੂਤੀ ਮਿਲੀ ਹੈ ਕਿਉਂਕਿ ਦੇਸ਼ ਵਾਸੀਆਂ ਨੇ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ ਅਟੱਲ ਵਿਸ਼ਵਾਸ ਪ੍ਰਗਟ ਕੀਤਾ ਅਤੇ ਬਿਨਾਂ ਕਿਸੇ ਡਰ ਦੇ 'ਮਤਦਾਨ' ਦੇ ਹੱਕ ਵਿੱਚ ਸਪੱਸ਼ਟ ਫੈਸਲਾ ਦਿੱਤਾ।

ਭਾਰਤ ਦੀ ਆਜ਼ਾਦੀ ਦੀ ਲਹਿਰ ਦੀ ਅਗਵਾਈ ਕੁਝ ਮਹਾਨ ਲੋਕਾਂ ਨੇ ਕੀਤੀ ਸੀ ਜੋ ਧਰਮ ਨਿਰਪੱਖ ਜਮਹੂਰੀਅਤ ਦੇ ਦਿਲੋਂ ਧਾਰਨੀ ਸਨ। ਮਹਾਤਮਾ ਗਾਂਧੀ ਜੀ, ਪੰਡਿਤ ਜਵਾਹਰ ਲਾਲ ਨਹਿਰੂ, ਡਾ. ਬੀ.ਆਰ. ਅੰਬੇਡਕਰ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਸ਼ਖਸੀਅਤਾਂ ਦਾ ਮਹਾਨ ਯੋਗਦਾਨ ਹੈ। ਸਾਡੇ ਸਾਰਿਆਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬੀਆਂ ਨੂੰ ਸਾਡੇ ਮਹਾਨ ਸਿੱਖ ਗੁਰੂ ਸਾਹਿਬਾਨ ਪਾਸੋਂ ਆਪਾ ਵਾਰਨ ਅਤੇ ਦੇਸ਼ ਭਗਤੀ ਦੀ ਅਦੁੱਤੀ ਭਾਵਨਾ ਵਿਰਾਸਤ ਵਿੱਚ ਮਿਲੀ ਹੈ ਜਿਨ੍ਹਾਂ ਨੇ ਸਾਨੂੰ ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨਾ ਸਿਖਾਇਆ ਹੈ। ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਭਾਰਤੀ ਗਣਰਾਜ ਦਾ ਸਾਡੇ ਮਹਾਨ ਪੁਰਖਿਆਂ ਦੁਆਰਾ ਦੇਖਿਆ ਗਿਆ ਸੁਪਨਾ ਦੇਸ਼ ਵਾਸੀਆਂ ਅਤੇ ਆਮ ਤੌਰ 'ਤੇ ਪੰਜਾਬੀਆਂ ਦੁਆਰਾ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਵਿਰੁੱਧ ਲੜਾਈ ਦੌਰਾਨ ਦਿੱਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਕਾਰਨ ਪੂਰਾ ਹੋਇਆ।

ਕੌਮੀ ਆਜ਼ਾਦੀ ਸੰਘਰਸ਼ ਲੜਦਿਆਂ ਪੰਜਾਬੀਆਂ ਦੁਆਰਾ ਦਿੱਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਨੂੰ ਕੋਈ ਕਦੇ ਨਹੀਂ ਭੁੱਲ ਸਕਦਾ। ਦੇਸ਼ ਅੱਜ ਹਜ਼ਾਰਾਂ ਗੁੰਮਨਾਮ ਨਾਇਕਾਂ, ਖਾਸ ਕਰਕੇ ਪੰਜਾਬ ਦੇ ਬਹਾਦਰ ਪੁੱਤਰਾਂ ਦੁਆਰਾ ਨਿਭਾਈ ਗਈ ਸ਼ਾਨਦਾਰ ਭੂਮਿਕਾ ਨੂੰ ਮਾਣ ਨਾਲ ਯਾਦ ਕਰਦਾ ਹੈ ਜੋ ਨਾ ਸਿਰਫ ਕੌਮੀ ਅੰਦੋਲਨ ਦੇ ਮੋਹਰੀ ਰਹੇ ਸਗੋਂ ਉਨ੍ਹਾਂ ਦੇ ਦਲੇਰਾਨਾ ਕਾਰਨਾਮਿਆਂ ਨੇ ਹੋਰ ਲੱਖਾਂ ਲੋਕਾਂ ਨੂੰ 'ਆਜ਼ਾਦੀ ਦੀ ਜੰਗ' ਦੀ ਮਿਸ਼ਾਲ ਬਾਲਣ ਲਈ ਪ੍ਰੇਰਿਤ ਵੀ ਕੀਤਾ। ਦੇਸ਼ ਦੀ ਆਬਾਦੀ ਦਾ ਸਿਰਫ਼ ਦੋ ਪ੍ਰਤੀਸ਼ਤ ਹੋਣ ਦੇ ਬਾਵਜੂਦ, ਆਜ਼ਾਦੀ ਸੰਗਰਾਮ ਦੌਰਾਨ ਫਾਂਸੀ ਦਿੱਤੇ ਗਏ ਜਾਂ ਜਲਾਵਤਨ ਕੀਤੇ ਗਏ ਸ਼ਹੀਦਾਂ ਵਿੱਚੋਂ 80 ਫੀਸਦੀ ਪੰਜਾਬੀ ਸਨ।

ਕੂਕਾ ਲਹਿਰ, ਗ਼ਦਰ ਲਹਿਰ, ਕਿਸਾਨ ਅੰਦੋਲਨ ਅਤੇ ਹੋਰ ਭਾਰਤੀ ਆਜ਼ਾਦੀ ਲਹਿਰਾਂ ਦੇ ਨਾਲ-ਨਾਲ ਪੰਜਾਬ ਨੇ ਲਾਲਾ ਲਾਜਪਤ ਰਾਏ ਤੇ ਦੀਵਾਨ ਸਿੰਘ ਕਾਲੇਪਾਣੀ ਵਰਗੇ ਧਰਤੀ ਦੇ ਸੂਰਬੀਰ ਪੁੱਤਰ ਪੈਦਾ ਕੀਤੇ ਜਿਨ੍ਹਾਂ ਨੇ ਦੇਸ਼ ਨੂੰ ਬਰਤਾਨਵੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਸ਼ਹੀਦ ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਬਹਾਦਰੀ ਭਰੇ ਕਾਰਨਾਮਿਆਂ ਨੇ ਦੇਸ਼ ਵਾਸੀਆਂ ਨੂੰ ਅੰਗਰੇਜ਼ ਹਕੂਮਤ ਵਿਰੁੱਧ ਝੰਡਾ ਚੁੱਕਣ ਲਈ ਪ੍ਰੇਰਿਤ ਕਰਕੇ ਆਜ਼ਾਦੀ ਅੰਦੋਲਨ ਅੰਦਰ ਨਵਾਂ ਜੋਸ਼ ਭਰ ਦਿੱਤਾ ਸੀ। ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੌਰਾਨ ਨਿਰਦੋਸ਼ ਲੋਕਾਂ ਨੂੰ ਬੇਰਹਿਮੀ ਨਾਲ ਮਾਰਨਾ ਬਰਤਾਨਵੀ ਸ਼ਾਸਨ ਦੇ ਕਫ਼ਨ ਵਿੱਚ ਆਖਰੀ ਕਿੱਲ ਸਾਬਤ ਹੋਇਆ।

ਇਸੇ ਤਰ੍ਹਾਂ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਨੇ ਦੇਸ਼ ਦੀ ਪ੍ਰਭੂਸੱਤਾ ਨੂੰ ਖਤਰੇ ਵਿੱਚ ਪਾਉਣ ਦੇ ਹਰ ਮਨਸੂਬੇ ਨੂੰ ਅਸਫਲ ਕਰ ਦਿੱਤਾ। ਸਾਲ 1947, 1962, 1965, 1971 ਅਤੇ ਫਿਰ ਕਾਰਗਿਲ ਯੁੱਧ ਵਿੱਚ ਦੇਸ਼ ਦੀ ਸੁਰੱਖਿਆ ਕਰਨ ਤੋਂ ਇਲਾਵਾ, ਸਾਡੇ ਬਹਾਦਰ ਦੇਸ਼ ਭਗਤਾਂ ਨੇ ਦੇਸ਼ ਦੀ ਆਨ-ਸ਼ਾਨ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਹਾਲ ਹੀ ਵਿੱਚ ਸਾਡੀਆਂ ਬਹਾਦਰ ਫੌਜਾਂ ਨੇ ਸਰਹੱਦ 'ਤੇ ਵਧਦੇ ਤਣਾਅ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਹੈ ਜੋ ਕਿ ਸਪੱਸ਼ਟ ਤੌਰ 'ਤੇ ਰਾਸ਼ਟਰੀ ਪ੍ਰਭੂਸੱਤਾ 'ਤੇ ਹਮਲਾ ਸੀ। ਸਾਡੇ ਬਹਾਦਰ ਸੈਨਿਕਾਂ ਨੇ ਸਰਹੱਦ ਪਾਰੋਂ ਦੇਸ਼ ਵਿਰੋਧੀ ਤੱਤਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ। ਇਸੇ ਤਰ੍ਹਾਂ ਅਮਨ-ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਾਡੇ ਦੇਸ਼ ਨੂੰ ਅੰਦਰੂਨੀ ਖਤਰਿਆਂ ਤੋਂ ਬਚਾਉਣ ਲਈ ਕਈ ਹੋਰ ਕਾਰਵਾਈਆਂ ਵਿੱਚ ਪੰਜਾਬੀ ਹਮੇਸ਼ਾ ਮੋਹਰੀ ਰਹੇ ਹਨ। ਇਸ ਤੋਂ ਇਲਾਵਾ ਦੇਸ਼ ਦੀ ਖੁਸ਼ਹਾਲੀ ਅਤੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਦੇਸ਼ ਦੀਆਂ ਸਰਹੱਦਾਂ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਵਿੱਚ ਪੰਜਾਬੀ ਸਦਾ ਮੋਹਰੀ ਰਹੇ ਹਨ।

ਸੰਕਟ ਦੇ ਸਮੇਂ ਦੌਰਾਨ ਵੀ ਅਸੀਂ ਬਹਾਦਰ ਪੰਜਾਬੀਆਂ ਨੇ ਕਦੇ ਵੀ ਆਪਣੇ ਹੌਸਲੇ ਨੂੰ ਢਾਹ ਨਹੀਂ ਲੱਗਣ ਦਿੱਤੀ। ਇਸ ਦੇ ਉਲਟ ਉਨ੍ਹਾਂ ਨੇ ਦੇਸ਼ ਦੇ ਸੰਵਿਧਾਨ ਵਿੱਚ ਪੂਰਾ ਵਿਸ਼ਵਾਸ ਰੱਖ ਕੇ ਲੋਕਤੰਤਰ ਦੇ ਸਿਧਾਂਤਾਂ ਨੂੰ ਮਜ਼ਬੂਤ ਕੀਤਾ ਹੈ। ਸਾਡੇ ਸੀਮਤ ਕੁਦਰਤੀ ਸਰੋਤਾਂ ਦੇ ਬਾਵਜੂਦ ਸੂਬੇ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਲਈ ਆਪਣਾ ਪਸੀਨਾ ਵਹਾਇਆ ਤੇ ਸਖਤ ਮਿਹਨਤ ਕੀਤੀ। ਇਸ ਦੀ ਖਾਤਰ ਸੂਬਾ ਦੇ ਬੇਸ਼ਕੀਮਤੀ ਕੁਦਰਤੀ ਸਰੋਤਾਂ ਪਾਣੀ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਕੁਰਬਾਨ ਕਰ ਦਿੱਤਾ।

ਹਾਲਾਂਕਿ, ਇਕ ਗਣਰਾਜ ਦੇ ਰੂਪ ਵਿੱਚ ਅਸੀਂ ਵੱਖ-ਵੱਖ ਚੁਣੌਤੀਆਂ ਹੋਣ ਦੇ ਬਾਵਜੂਦ ਸਫਲਤਾ ਨਾਲ ਕਈ ਮੀਲ ਪੱਥਰ ਕਾਇਮ ਕੀਤੇ ਹਨ ਪਰ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਸੰਵਿਧਾਨ ਦੇ ਨਿਰਮਾਤਾਵਾਂ ਦੇ ਸੁਪਨੇ ਅਜੇ ਵੀ ਸਾਕਾਰ ਹੋਣੇ ਬਾਕੀ ਹਨ ਕਿਉਂਕਿ ਸਾਡੇ ਜ਼ਿਆਦਾਤਰ ਦੇਸ਼ ਵਾਸੀ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਭੁੱਖਮਰੀ ਦੀਆਂ ਅਲਾਮਤਾਂ ਨਾਲ ਜੂਝ ਰਹੇ ਹਨ। ਸੱਤ ਦਹਾਕਿਆਂ ਤੋਂ ਵੱਧ ਯੋਜਨਾਬੱਧ ਵਿਕਾਸ ਦੇ ਬਾਵਜੂਦ ਅਸੀਂ ਆਪਣੇ ਲੋਕਾਂ ਨੂੰ ਬੁਨਿਆਦੀ ਸੇਵਾਵਾਂ ਯਕੀਨੀ ਬਣਾਉਣ ਦੇ ਯੋਗ ਨਹੀਂ ਹੋਏ ਹਾਂ ਕਿਉਂਕਿ ਸੂਬਿਆਂ ਅਤੇ ਲੋਕਾਂ ਵਿਚਕਾਰ ਅਸਮਾਨਤਾਵਾਂ ਵਧਦੀਆਂ ਜਾ ਰਹੀਆਂ ਹਨ।

ਸਾਡੀ ਪੇਂਡੂ ਵਸੋਂ ਦਾ ਵੱਡਾ ਹਿੱਸਾ ਅਤੇ ਇੱਥੋਂ ਤੱਕ ਕਿ ਸ਼ਹਿਰੀ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਅਜੇ ਵੀ ਵਿਕਾਸ ਦੇ ਸਫਰ ਦਾ ਹਿੱਸਾ ਨਹੀਂ ਬਣ ਸਕੇ। ਪਿਛਲੇ ਚਾਰ ਸਾਲਾਂ ਤੋਂ ਸਾਡੀ ਸਰਕਾਰ ਸੰਵਿਧਾਨ ਦੇ ਨਿਰਮਾਤਾਵਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਜੋ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ ਬਣਾਇਆ ਜਾ ਸਕੇ। ਅਸੀਂ ਆਪਣੇ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਾਂ ਤਾਂ ਜੋ ਹਰ ਕੀਮਤ 'ਤੇ ਸੂਬੇ ਵਿੱਚ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖੀ ਜਾ ਸਕੇ ਅਤੇ ਪੰਜਾਬ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਲਿਜਾਇਆ ਜਾ ਸਕੇ। ਸੂਬੇ ਵਿੱਚ ਬੇਮਿਸਾਲ ਵਿਕਾਸ ਦੇ ਯੁੱਗ ਦਾ ਐਲਾਨ ਕਰਨ ਅਤੇ ਪੰਜਾਬ ਨੂੰ ਵਿਕਾਸ ਦੇ ਤੇਜ਼ ਰਾਹ 'ਤੇ ਲਿਆਉਣ ਲਈ ਸਾਡੀ ਸਰਕਾਰ ਨੇ ਇਸ ਨੂੰ ਦੇਸ਼ ਦੇ ਨਕਸ਼ੇ 'ਤੇ ਮੋਹਰੀ ਸੂਬਾ ਬਣਾਉਣ ਲਈ ਦਲੇਰਾਨਾ ਪਹਿਲਕਦਮੀਆਂ ਕੀਤੀਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ:

**ਮੁੱਖ ਮੰਤਰੀ ਸਿਹਤ ਯੋਜਨਾ**

ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕੀਤੀ ਹੈ ਜੋ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ। ਇਹ ਯੋਜਨਾ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਪ੍ਰਦਾਨ ਕਰਦੀ ਹੈ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਅਜਿਹੀ ਸਿਹਤ ਸੰਭਾਲ ਸੇਵਾਵਾਂ ਦੇਣ ਵਾਲਾ ਪੰਜਾਬ ਪਹਿਲਾ ਭਾਰਤੀ ਸੂਬਾ ਹੈ ਜਿਸ ਨਾਲ ਲੋਕਾਂ 'ਤੇ ਵਿੱਤੀ ਬੋਝ ਕਾਫ਼ੀ ਹੱਦ ਤੱਕ ਘਟੇਗਾ। ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ। ਸਾਰੇ ਸਰਕਾਰੀ ਕਰਮਚਾਰੀ, ਪੈਨਸ਼ਨਰ ਅਤੇ ਹੋਰ ਨਾਗਰਿਕ ਸਿਹਤ ਕਾਰਡ ਲਈ ਯੋਗ ਹੋਣਗੇ ਜੋ ਸੁਵਿਧਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜਾਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਵਰਤੋਂ ਕਰਕੇ ਔਨਲਾਈਨ ਰਜਿਸਟ੍ਰੇਸ਼ਨ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

**ਯੁੱਧ ਨਸ਼ਿਆਂ ਵਿਰੁਧ**

ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ, ਨਸ਼ਿਆਂ ਦੇ ਸਰਗਣੇ ਜੇਲ੍ਹ ਭੇਜੇ, ਨਸ਼ਾ ਤਸਕਰਾਂ ਦੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਢਾਹਿਆ, ਪੀੜਤਾਂ ਦਾ ਇਲਾਜ ਅਤੇ ਮੁੜ ਵਸੇਬਾ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਲੜਾਈ ਲੜਦਿਆਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ। ਇਕ ਮਾਰਚ, 2025 ਤੋਂ 17 ਜਨਵਰੀ, 2026 ਤੱਕ ਐਨ.ਡੀ.ਪੀ.ਐਸ. ਐਕਟ ਤਹਿਤ 31,441 ਮਾਮਲੇ ਦਰਜ ਕੀਤੇ ਗਏ ਹਨ, 45,137 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, 15.47 ਕਰੋੜ ਰੁਪਏ ਦੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, 386 ਵੱਡੀਆਂ ਮੱਛੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀ 299 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਯੁੱਧ ਨਸ਼ਿਆਂ ਵਿਰੁੱਧ ਦਾ ਦੂਜਾ ਪੜਾਅ ਸ਼ੁਰੂ ਕੀਤਾ ਗਿਆ ਅਤੇ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਲਈ ਪੰਜਾਬ ਵਿੱਚ 3,083 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ।

**ਗੈਂਗਸਟਰਾਂ 'ਤੇ ਵਾਰ**

ਨਸ਼ੇ ਵਿਰੁੱਧ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਵੱਡੀ ਸਫਲਤਾ ਤੋਂ ਬਾਅਦ ਪੰਜਾਬ ਸਰਕਾਰ ਨੇ ਹੁਣ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਸ਼ੁਰੂ ਕੀਤੀ ਹੈ, ਜੋ ਕਿ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਦੇ ਉਦੇਸ਼ ਨਾਲ ਗੈਂਗਸਟਰਾਂ ਵਿਰੁੱਧ ਫੈਸਲਾਕੁੰਨ ਜੰਗ ਹੈ। ਗੈਂਗਸਟਰਾਂ ਵਿਰੁੱਧ ਵਿਆਪਕ ਕਾਰਵਾਈ ਤਹਿਤ 2,000 ਪੁਲਿਸ ਟੀਮਾਂ ਦਾ ਗਠਨ ਕੀਤਾ ਜਿਨ੍ਹਾਂ ਵਿੱਚ 12,000 ਤੋਂ ਵੱਧ ਪੁਲਿਸ ਕਰਮਚਾਰੀ ਸ਼ਾਮਲ ਸਨ। ਇਨ੍ਹਾਂ ਟੀਮਾਂ ਨੇ ਪੰਜਾਬ ਭਰ ਵਿੱਚ 60 ਵਿਦੇਸ਼-ਅਧਾਰਤ ਗੈਂਗਸਟਰਾਂ ਦੇ ਸਹਿਯੋਗੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਵੱਖ-ਵੱਖ ਸਥਾਨਾਂ 'ਤੇ ਛਾਪੇ ਮਾਰੇ। ਗੈਂਗਸਟਰਾਂ ਵਿਰੁੱਧ ਰਣਨੀਤਕ ਜੰਗ ਦਾ ਸਪੱਸ਼ਟ ਇਰਾਦਾ ਗੈਂਗਸਟਰਵਾਦ ਦੇ ਸਮੁੱਚੇ ਮਾਹੌਲ ਨੂੰ ਖਤਮ ਕਰਨਾ ਹੈ, ਜਿਸ ਵਿੱਚ ਉਨ੍ਹਾਂ ਦੇ ਵਿੱਤੀ ਵਸੀਲੇ, ਲੌਜਿਸਟਿਕਸ, ਸੁਰੱਖਿਅਤ ਘਰ, ਹਥਿਆਰ ਸਪਲਾਈ ਚੇਨ ਤੇ ਸੰਚਾਰ ਨੈੱਟਵਰਕ ਸ਼ਾਮਲ ਹਨ। ਇੱਕ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ, 93946-93946 ਸ਼ੁਰੂ ਕੀਤੀ ਗਈ ਜੋ ਨਾਗਰਿਕਾਂ ਨੂੰ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਗੁਪਤ ਰੂਪ ਵਿੱਚ ਸਾਂਝੀ ਕਰਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਸੁਝਾਅ ਪ੍ਰਦਾਨ ਕਰਨ ਦੇ ਯੋਗ ਬਣਾਉਂਦਾ ਹੈ।

**ਮਾਲ ਸੁਧਾਰ**

ਲੋਕਾਂ ਲਈ ਪਾਰਦਰਸ਼ੀ, ਅਸਰਦਾਰ ਅਤੇ ਭ੍ਰਿਸ਼ਟਾਚਾਰ ਮੁਕਤ ਮਾਲ ਸੇਵਾਵਾਂ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਨੇ 'ਈਜ਼ੀ ਰਜਿਸਟਰੀ' ਅਤੇ 'ਈਜ਼ੀ ਜਮ੍ਹਾਂਬੰਦੀ' ਪੋਰਟਲ ਸ਼ੁਰੂ ਕੀਤਾ ਹੈ। ਇਹ ਇਨਕਲਾਬੀ ਪਹਿਲਕਦਮੀਆਂ ਸੂਬਾ ਸਰਕਾਰ ਦੇ ਇਮਾਨਦਾਰ, ਪਾਰਦਰਸ਼ੀ ਅਤੇ ਲੋਕ-ਪੱਖੀ ਇਰਾਦਿਆਂ ਨੂੰ ਦਰਸਾਉਂਦੀਆਂ ਹਨ। ਦੇਸ਼ ਦੇ ਕਿਸੇ ਹੋਰ ਸੂਬੇ ਵਿੱਚ ਇੰਨੇ ਮਜ਼ਬੂਤ ਮਾਲ ਸੁਧਾਰ ਨਹੀਂ ਹਨ ਅਤੇ ਇਹ ਜਨਤਕ ਸਹੂਲਤ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੇ।

**ਆਮ ਆਦਮੀ ਕਲੀਨਿਕ**

ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਜਿਨ੍ਹਾਂ ਨੇ ਸੂਬੇ ਵਿੱਚ ਸਿਹਤ ਸੰਭਾਲ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਸੂਬੇ ਵਿੱਚ ਰੋਜ਼ਾਨਾ ਲਗਭਗ 70,000 ਮਰੀਜ਼ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਰਹੇ ਹਨ ਅਤੇ ਇਨ੍ਹਾਂ ਕਲੀਨਿਕਾਂ ਵਿੱਚ ਰੋਜ਼ਾਨਾ ਆਉਣ ਵਾਲੇ 95 ਫੀਸਦੀ ਤੋਂ ਵੱਧ ਮਰੀਜ਼ ਆਪਣੀਆਂ ਬਿਮਾਰੀਆਂ ਤੋਂ ਠੀਕ ਹੋ ਜਾਂਦੇ ਹਨ। ਹੁਣ ਸੂਬਾ ਸਰਕਾਰ ਨੇ 881 ਆਮ ਆਦਮੀ ਕਲੀਨਿਕਾਂ ਲਈ ਵਟਸਐਪ ਚੈਟਬੋਟ ਸ਼ੁਰੂ ਕੀਤਾ ਹੈ ਜਿਸ ਰਾਹੀਂ ਮਰੀਜ਼ ਵਟਸਐਪ ਰਾਹੀਂ ਸਿਹਤ ਸਬੰਧੀ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਡਾਕਟਰ ਦੀਆਂ ਦਵਾਈਆਂ ਦੀਆਂ ਸਲਿੱਪਾਂ ਚੈਟਬੋਟ ਰਾਹੀਂ ਪਹੁੰਚਯੋਗ ਹੋਣਗੀਆਂ।

**ਮੁਫ਼ਤ ਬਿਜਲੀ**

ਪੰਜਾਬ ਸਰਕਾਰ ਨੇ ਸਾਲ 2022 ਵਿੱਚ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਸ਼ੁਰੂ ਕੀਤੀ ਸੀ ਅਤੇ ਉਦੋਂ ਤੋਂ ਸੂਬੇ ਦੇ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਉਨ੍ਹਾਂ ਨੂੰ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ। ਇਸ ਨਾਲ ਆਮ ਆਦਮੀ ਦੀ ਜੇਬ 'ਤੇ ਵੱਡਾ ਬੋਝ ਘਟਿਆ ਹੈ ਜਿਸ ਨਾਲ ਗਰੀਬ ਪਰਿਵਾਰਾਂ ਲਈ ਸਾਲਾਨਾ ਘੱਟੋ-ਘੱਟ 35,000 ਰੁਪਏ ਦੀ ਬੱਚਤ ਹੋਈ ਹੈ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਵੀ ਹੈ ਕਿ ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਕਿਸਾਨਾਂ ਨੂੰ ਵੀ ਸੂਬੇ ਵਿੱਚ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ।

**ਸਿੱਖਿਆ ਕ੍ਰਾਂਤੀ**

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ "ਪੰਜਾਬ ਸਿੱਖਿਆ ਕ੍ਰਾਂਤੀ" ਸ਼ੁਰੂ ਕੀਤੀ ਹੈ ਜਿਸ ਦੇ ਨਾਲ ਹੀ ਸੂਬਾ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਆਹਲਾ ਦਰਜੇ ਦੇ ਸਕੂਲ ਬਣਾਉਣ ਲਈ ਵਚਨਬੱਧ ਹੈ ਜਿੱਥੇ ਸਮਾਰਟ ਕਲਾਸਰੂਮ, ਸਹੂਲਤਾਂ ਨਾਲ ਲੈਸ ਲੈਬਜ਼ ਅਤੇ ਖੇਡ ਮੈਦਾਨ ਹੋਣ। ਅਧਿਆਪਕਾਂ ਦੀ ਮੁਹਾਰਤ ਨੂੰ ਨਿਖਾਰਨ ਲਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਆਧੁਨਿਕ ਸਿੱਖਿਆ ਅਭਿਆਸਾਂ ਤੋਂ ਜਾਣੂ ਹੋ ਸਕਣ ਤਾਂ ਜੋ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਖੇਤਰ ਵਿੱਚ ਭਵਿੱਖ ਦੇ ਮੁਕਾਬਲਿਆਂ ਲਈ ਤਿਆਰ ਕੀਤਾ ਜਾ ਸਕੇ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਵੱਲੋਂ ਕਰਵਾਏ ਗਏ 'ਨੈਸ਼ਨਲ ਅਚੀਵਮੈਂਟ ਸਰਵੇ' ਵਿੱਚ ਪੰਜਾਬ ਨੇ ਕੇਰਲ ਵਰਗੇ ਸੂਬੇ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

**ਨਹਿਰੀ ਪਾਣੀ**

ਜਦੋਂ ਮੈਂ ਅਹੁਦਾ ਸੰਭਾਲਿਆ ਸੀ, ਉਸ ਸਮੇਂ ਸੂਬੇ ਵਿੱਚ ਸਿੰਜਾਈ ਲਈ ਸਿਰਫ਼ 21 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਹਾਲਾਂਕਿ, ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਅੱਜ 63 ਫੀਸਦੀ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਅਹੁਦਾ ਸੰਭਾਲਣ ਤੋਂ ਬਾਅਦ 'ਆਪ' ਸਰਕਾਰ ਨੇ ਸੂਬੇ ਵਿੱਚ 6900 ਕਿਲੋਮੀਟਰ ਲੰਬੇ 18349 ਰਜਬਾਹਿਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਵੀ ਪਾਣੀ ਟੇਲਾਂ ਤੱਕ ਪਹੁੰਚਿਆ ਹੈ।

**ਰੌਸ਼ਨ ਪੰਜਾਬ**

ਸੂਬਾ ਸਰਕਾਰ ਨੇ ਪੰਜਾਬ ਨੂੰ ਦੇਸ਼ ਦਾ ਪਹਿਲਾ ਬਿਜਲੀ ਕੱਟ ਮੁਕਤ ਸੂਬਾ ਬਣਾਉਣ ਲਈ 5000 ਕਰੋੜ ਰੁਪਏ ਨਾਲ 'ਰੌਸ਼ਨ ਪੰਜਾਬ' ਮੁਹਿੰਮ ਸ਼ੁਰੂ ਕੀਤੀ ਹੈ। ਕੇਂਦਰ ਜਾਂ ਸੂਬੇ ਦੀ ਕਿਸੇ ਵੀ ਸਰਕਾਰ ਨੇ ਕਦੇ ਇਸ ਅਹਿਮ ਪ੍ਰਾਜੈਕਟ ਬਾਰੇ ਸੋਚਿਆ ਵੀ ਨਹੀਂ ਸੀ ਪਰ ਪੰਜਾਬ ਸਰਕਾਰ ਨੇ ਟਰਾਂਸਮਿਸ਼ਨ ਅਤੇ ਵੰਡ ਨੈੱਟਵਰਕ ਦੀ ਮੁਕੰਮਲ ਤਬਦੀਲੀ ਰਾਹੀਂ ਪੰਜਾਬ ਨੂੰ ਬਿਜਲੀ ਕੱਟਾਂ ਤੋਂ ਮੁਕਤ ਕਰਨ ਲਈ ਇਹ ਇਤਿਹਾਸਕ ਪਹਿਲਕਦਮੀ ਕੀਤੀ ਹੈ। ਨਵਾਂ ਬੁਨਿਆਦੀ ਢਾਂਚਾ ਬਣਾਉਣ, ਮੌਜੂਦਾ ਪ੍ਰਣਾਲੀਆਂ ਨੂੰ ਅਪਗ੍ਰੇਡ ਕਰਨ ਅਤੇ ਬਿਜਲੀ ਖੇਤਰ ਵਿੱਚ ਸਾਂਭ-ਸੰਭਾਲ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਜਿਸ ਨਾਲ ਵੋਲਟੇਜ ਦੇ ਉਤਰਾਅ-ਚੜ੍ਹਾਅ ਦੀ ਸਮੱਸਿਆ ਖ਼ਤਮ ਹੋਵੇਗੀ, ਖਾਸ ਕਰਕੇ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਅਤੇ ਬਿਜਲੀ ਸਪਲਾਈ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ।

**ਸ਼ਾਹਪੁਰ ਕੰਢੀ ਡੈਮ**

ਪੰਜਾਬ ਸਰਕਾਰ ਨੇ ਸ਼ਾਹਪੁਰ ਕੰਢੀ ਪ੍ਰਾਜੈਕਟ ਦਾ ਰਸਮੀ ਉਦਘਾਟਨ ਕਰਕੇ ਸੂਬੇ ਦੇ ਲੋਕਾਂ ਨੂੰ 3394.49 ਕਰੋੜ ਰੁਪਏ ਦਾ ਇਤਿਹਾਸਕ ਪ੍ਰਾਜੈਕਟ ਦਿੱਤਾ ਹੈ, ਜਿਸ ਨਾਲ ਸੂਬੇ ਦੀ ਬਿਜਲੀ ਉਤਪਾਦਨ ਅਤੇ ਸਿੰਜਾਈ ਸਹੂਲਤਾਂ ਵਿੱਚ ਕਾਫ਼ੀ ਵਾਧਾ ਹੋਵੇਗਾ। ਇਹ ਡੈਮ ਕਿਸਾਨਾਂ, ਉਦਯੋਗਪਤੀਆਂ, ਵਪਾਰੀਆਂ ਅਤੇ ਆਮ ਨਾਗਰਿਕਾਂ ਲਈ ਵਰਦਾਨ ਸਾਬਤ ਹੋਵੇਗਾ। ਪੰਜਾਬ, ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰ ਕੇ ਇਸ ਪ੍ਰਾਜੈਕਟ ਤੋਂ ਬਹੁਤ ਲਾਭ ਪ੍ਰਾਪਤ ਕਰੇਗਾ ਕਿਉਂਕਿ ਇਹ ਨਾ ਸਿਰਫ਼ ਬਿਜਲੀ ਉਤਪਾਦਨ ਵਧਾਏਗਾ, ਸਗੋਂ ਸਿੰਜਾਈ ਲਈ ਵਿਆਪਕ ਸਹੂਲਤਾਂ ਵੀ ਮੁਹੱਈਆ ਕਰੇਗਾ।

**ਪੇਂਡੂ ਲਿੰਕ ਸੜਕਾਂ**

ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸੜਕ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ ਹੈ, ਜਿਸ ਵਿੱਚ ਕੁੱਲ 16,209 ਕਰੋੜ ਰੁਪਏ ਦੀ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਦਾ ਟੀਚਾ ਰੱਖਿਆ ਗਿਆ ਹੈ। ਇਹ ਸਾਰੀਆਂ ਸੜਕਾਂ ਪੰਜ ਸਾਲਾਂ ਦੀ ਸਾਂਭ-ਸੰਭਾਲ ਦੀ ਸ਼ਰਤ ਨਾਲ ਬਣਾਈਆਂ ਜਾਣਗੀਆਂ, ਜੋ ਵਿਸ਼ਵ ਪੱਧਰੀ ਸੜਕ ਸੁਰੱਖਿਆ ਵਿਸ਼ੇਸ਼ਤਾਵਾਂ ਦੇ ਨਾਲ ਉੱਚ ਗੁਣਵੱਤਾ ਦੇ ਮਿਆਰਾਂ ਨੂੰ ਯਕੀਨੀ ਬਣਾਉਂਦੀਆਂ ਹਨ। ਇਸ ਕਦਮ ਦਾ ਮੰਤਵ ਪੰਜਾਬ ਵਿੱਚ ਬਿਹਤਰ ਗਤੀਸ਼ੀਲਤਾ ਪ੍ਰਦਾਨ ਕਰਨਾ ਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣਾ ਹੈ ਅਤੇ ਇਨ੍ਹਾਂ ਵਿੱਚੋਂ ਸੂਬਾ ਸਰਕਾਰ ਪਹਿਲਾਂ ਹੀ 4092 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 19,373 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦਾ ਨਿਰਮਾਣ ਕਰ ਰਹੀ ਹੈ।

**ਉਦਯੋਗਿਕ ਵਿਕਾਸ**

ਸੂਬਾ ਸਰਕਾਰ ਪੰਜਾਬ ਵਿੱਚ ਨਿਵੇਸ਼ ਤੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ। ਆਪਣੀਆਂ ਅਣਥੱਕ ਕੋਸ਼ਿਸ਼ਾਂ ਨਾਲ ਸਰਕਾਰ ਨੇ 1.50 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਕੀਤੇ ਹਨ, ਜਿਸ ਨਾਲ ਨੌਜਵਾਨਾਂ ਲਈ 5.20 ਲੱਖ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ। ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨ ਲਈ ਅੱਗੇ ਵੱਧ ਰਹੀਆਂ ਹਨ ਅਤੇ ਹੋਰ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਸੂਬਾ ਸਰਕਾਰ 13-15 ਮਾਰਚ ਨੂੰ ਮੋਹਾਲੀ ਵਿਖੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ ਦਾ ਛੇਵਾਂ ਐਡੀਸ਼ਨ ਕਰਵਾ ਰਹੀ ਹੈ। ਸੂਬਾ ਸਰਕਾਰ ਨੇ ਉਦਯੋਗਿਕ ਪ੍ਰਾਜੈਕਟਾਂ ਲਈ ਰੈਗੂਲੇਟਰੀ ਪ੍ਰਵਾਨਗੀਆਂ ਨੂੰ ਤੇਜ਼ ਅਤੇ ਸੁਚਾਰੂ ਕਰਨ ਲਈ ਵਿਕਰੀ ਡੀਡ ਦੀ ਰਜਿਸਟ੍ਰੇਸ਼ਨ ਵਿੱਚ ਹਰਾ ਸਟੈਂਪ ਪੇਪਰ ਲਿਆਂਦਾ ਹੈ।

**ਨੌਕਰੀਆਂ ਅਤੇ ਰੋਜ਼ਗਾਰ**

ਯੋਗ ਉਮੀਦਵਾਰਾਂ ਨੂੰ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਦੇ ਯਤਨਾਂ ਨੂੰ ਜਾਰੀ ਰੱਖਦੇ ਹੋਏ ਮੇਰੀ ਸਰਕਾਰ ਨੇ ਭਰਤੀ ਵਿੱਚ ਨਿਰਪੱਖਤਾ ਯਕੀਨੀ ਬਣਾਈ ਹੈ ਅਤੇ ਨਾਲ ਹੀ ਕੁਸ਼ਲਤਾ ਨੂੰ ਵੀ ਯਕੀਨੀ ਬਣਾਇਆ ਹੈ। ਹੁਣ ਤੱਕ ਪੰਜਾਬ ਦੇ ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ 'ਤੇ 63,027 ਰੈਗੂਲਰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਨਾਲ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣੇ ਹਨ।

**ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ**

ਜਿਵੇਂ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਅਹੁਦਾ ਸੰਭਾਲਣ ਵੇਲੇ ਵਾਅਦਾ ਕੀਤਾ ਸੀ, ਉਸੇ ਤਰ੍ਹਾਂ ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਤੇਜ਼ੀ ਨਾਲ ਮੁਹਿੰਮ ਜਾਰੀ ਰੱਖੀ ਹੈ। ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੰਬਰ 95012-00200 ਸ਼ੁਰੂ ਕੀਤਾ ਹੈ। ਜੇਕਰ ਕੋਈ ਰਿਸ਼ਵਤ ਮੰਗਦਾ ਹੈ ਤਾਂ ਇਸ ਉੱਤੇ ਕੋਈ ਵੀ ਵਿਅਕਤੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਮੇਰੀ ਸਰਕਾਰ ਨੇ ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ ਅਤੇ ਵਿਜੀਲੈਂਸ ਬਿਊਰੋ, ਪੰਜਾਬ ਨੇ ਗਜ਼ਟਿਡ ਅਧਿਕਾਰੀਆਂ, ਗੈਰ-ਗਜ਼ਟਿਡ ਅਧਿਕਾਰੀਆਂ ਤੇ ਪ੍ਰਾਈਵੇਟ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਹਨ, ਜੋ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜੇ ਗਏ ਸਨ।

**ਸੜਕ ਸੁਰੱਖਿਆ ਫੋਰਸ**

ਸੂਬਾ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਨਿਵੇਕਲੀ ਪਹਿਲਕਦਮੀ ਤਹਿਤ ਸਮਰਪਿਤ ਸੜਕ ਸੁਰੱਖਿਆ ਫੋਰਸ ਦੀ ਸ਼ੁਰੂਆਤ ਕੀਤੀ ਹੈ, ਜੋ ਸੂਬਾਈ ਅਤੇ ਕੌਮੀ ਮਾਰਗਾਂ 'ਤੇ ਸੁਰੱਖਿਆ ਯਕੀਨੀ ਬਣਾਉਣ ਤੇ ਕੀਮਤੀ ਜਾਨਾਂ ਬਚਾਉਣ ਲਈ ਬਣਾਈ ਗਈ ਹੈ। ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਨਵੇਂ ਭਰਤੀ ਕੀਤੇ ਗਏ 1597 ਕਰਮਚਾਰੀ ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਨਵੀਨਤਮ ਅਤੇ ਪੂਰੀ ਤਰ੍ਹਾਂ ਲੈਸ 144 ਵਾਹਨ ਪ੍ਰਦਾਨ ਕੀਤੇ ਗਏ ਹਨ ਅਤੇ ਪਿਛਲੇ ਸਾਲ ਫਰਵਰੀ ਵਿੱਚ ਆਪਣੀ ਸ਼ੁਰੂਆਤ ਤੋਂ ਬਾਅਦ ਇਸ ਫੋਰਸ ਨੇ ਸੜਕ ਹਾਦਸਿਆਂ ਦੇ ਮਾਮਲੇ ਵਿੱਚ ਮੌਤਾਂ ਨੂੰ 50.07 ਪ੍ਰਤੀਸ਼ਤ ਤੱਕ ਘਟਾ ਦਿੱਤਾ ਹੈ ਅਤੇ ਸੜਕ ਹਾਦਸਿਆਂ ਦੌਰਾਨ ਜ਼ਖਮੀ ਹੋਏ ਲੋਕਾਂ ਦੇ ਕੀਮਤੀ ਸਮਾਨ ਅਤੇ ਪੈਸੇ ਵਾਪਸ ਕੀਤੇ ਹਨ। ਇਸ ਫੋਰਸ ਨੂੰ 4200 ਕਿਲੋਮੀਟਰ ਹਾਈਵੇਅ 'ਤੇ ਤਾਇਨਾਤ ਕੀਤਾ ਗਿਆ ਹੈ, ਜੋ ਸੜਕ ਹਾਦਸਿਆਂ ਲਈ ਸੰਵੇਦਨਸ਼ੀਲ ਅਤੇ ਨਿਰਧਾਰਤ ਖੇਤਰਾਂ ਵਿੱਚ ਗਸ਼ਤ ਕਰਨ ਤੋਂ ਇਲਾਵਾ ਟ੍ਰੈਫਿਕ ਉਲੰਘਣਾਵਾਂ ਲਈ ਰੋਕਥਾਮ ਵਜੋਂ ਕੰਮ ਕਰਦੇ ਹਨ।

**ਫਰਿਸ਼ਤੇ ਸਕੀਮ**

ਪੰਜਾਬ ਸਰਕਾਰ ਨੇ ਸੜਕ ਹਾਦਸਿਆਂ ਦੇ ਪੀੜਤਾਂ ਦੀ ਜਾਨ ਬਚਾਉਣ ਅਤੇ ਆਮ ਲੋਕਾਂ ਨੂੰ ਪੀੜਤਾਂ ਦੀ ਮਦਦ ਵਿੱਚ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਫਰਿਸ਼ਤੇ ਸਕੀਮ ਸ਼ੁਰੂ ਕੀਤੀ। ਸੂਬਾ ਸਰਕਾਰ ਉਨ੍ਹਾਂ ਦੇ ਨੇਕ ਕੰਮ ਦੀ ਸ਼ਲਾਘਾ ਕਰਨ ਲਈ 2000 ਰੁਪਏ ਦਾ ਵਿੱਤੀ ਇਨਾਮ ਦੇਵੇਗੀ। ਵਿੱਤੀ ਇਨਾਮ ਤੋਂ ਇਲਾਵਾ ਅਜਿਹੇ ਵਿਅਕਤੀਆਂ ਨੂੰ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਾਨੂੰਨੀ ਪੇਚੀਦਗੀਆਂ ਅਤੇ ਪੁਲਿਸ ਪੁੱਛਗਿੱਛ ਤੋਂ ਛੋਟ ਦਿੱਤੀ ਗਈ ਹੈ।

**ਕਾਨੂੰਨ ਵਿਵਸਥਾ**

ਸਰਹੱਦੀ ਸੂਬਾ ਹੋਣ ਦੇ ਬਾਵਜੂਦ ਪੰਜਾਬ, ਦੇਸ਼ ਵਿੱਚ ਸ਼ਾਂਤੀ ਅਤੇ ਤਰੱਕੀ ਦੇ ਕੇਂਦਰ ਵਜੋਂ ਉੱਭਰਿਆ ਹੈ ਅਤੇ ਪੰਜਾਬ ਪੁਲਿਸ ਨੇ ਇਸ ਸਬੰਧ ਵਿੱਚ ਅਪਰੇਸ਼ਨ ਕਾਸੋ (ਸੀ.ਏ.ਐਸ.ਓ.) ਦੇ ਰੂਪ ਵਿੱਚ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਐਂਟੀ ਗੈਂਗਸਟਰ ਟਾਸਕ ਫੋਰਸ ਤੇ ਪੀ.ਜੀ.ਡੀ. ਪੋਰਟਲ ਦੀ ਸ਼ੁਰੂਆਤ ਨੇ ਵੀ ਪੰਜਾਬ ਵਿੱਚ ਅਪਰਾਧ ਰੋਕਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਐਂਟੀ ਗੈਂਗਸਟਰ ਟਾਸਕ ਫੋਰਸ ਨੇ ਸੂਬੇ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਗੈਂਗਸਟਰਾਂ ਤੇ ਅਪਰਾਧੀਆਂ ਵਿਰੁੱਧ ਕਾਰਵਾਈ ਦੀ ਅਗਵਾਈ ਕੀਤੀ ਹੈ, ਜਿਸ ਨਾਲ ਕਈ ਲੋੜੀਂਦੇ ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਵੱਡੀ ਮਾਤਰਾ ਵਿੱਚ ਬਰਾਮਦਗੀ ਦੇ ਨਾਲ-ਨਾਲ ਵੱਖ-ਵੱਖ ਗੈਂਗਸਟਰ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਗਿਆ ਹੈ।

**ਸ਼ਹੀਦਾਂ ਦੇ ਵਾਰਸਾਂ ਨੂੰ ਇੱਕ ਕਰੋੜ ਰੁਪਏ**

ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਵਿੱਚ ਹਥਿਆਰਬੰਦ ਸੈਨਾਵਾਂ, ਅਰਧ ਸੈਨਿਕ ਬਲਾਂ, ਪੁਲਿਸ ਦੇ ਜਵਾਨਾਂ ਅਤੇ ਇੱਥੋਂ ਤੱਕ ਕੇ ਅਗਨੀਵੀਰਾਂ ਦੇ ਅਥਾਹ ਯੋਗਦਾਨ ਨੂੰ ਸਤਿਕਾਰ ਭੇਟ ਕਰਦਿਆਂ ਸੂਬਾ ਸਰਕਾਰ ਜਵਾਨਾਂ ਦੇ ਡਿਊਟੀ ਦੌਰਾਨ ਸ਼ਹੀਦ ਹੋਣ ਦੀ ਸੂਰਤ ਵਿੱਚ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੰਦੀ ਹੈ। ਇਹ ਵਿੱਤੀ ਸਹਾਇਤਾ ਦੇਸ਼ ਲਈ ਸਰਬਉੱਚ ਕੁਰਬਾਨੀ ਦੇ ਸਤਿਕਾਰ ਵਜੋਂ ਦਿੱਤੀ ਜਾਂਦੀ ਹੈ। ਸੂਬਾ ਸਰਕਾਰ ਦੀ ਇਹ ਨਿਮਰ ਪਹਿਲ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਸੁਰੱਖਿਅਤ ਰੱਖਣ ਲਈ ਮਹਾਨ ਸ਼ਹੀਦਾਂ ਦੇ ਅਥਾਹ ਯੋਗਦਾਨ ਨੂੰ ਸ਼ਰਧਾਂਜਲੀ ਹੈ।

**ਫ਼ਸਲਾਂ ਦੀ ਖ਼ਰੀਦ**

ਸੂਬਾ ਸਰਕਾਰ ਨੇ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਪਹੁੰਚਦੇ ਸਾਰ ਮੁਸ਼ਕਲ ਰਹਿਤ ਤੇ ਸੁਚਾਰੂ ਖਰੀਦ ਅਤੇ ਲਿਫਟਿੰਗ ਵਿੱਚ ਨਵਾਂ ਮਾਪਦੰਡ ਸਥਾਪਤ ਕੀਤਾ। ਕਿਸਾਨਾਂ ਦੀ ਫ਼ਸਲ ਨੂੰ ਅਨਾਜ ਮੰਡੀਆਂ ਵਿੱਚੋਂ ਸੁਚਾਰੂ, ਸਮੇਂ ਸਿਰ ਅਤੇ ਮੁਸ਼ਕਲ ਰਹਿਤ ਢੰਗ ਨਾਲ ਚੁੱਕਿਆ ਜਾਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅੰਨਦਾਤੇ ਨੂੰ ਆਪਣੀ ਫ਼ਸਲ ਵੇਚਣ ਵੇਲੇ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇੱਕ ਹੋਰ ਪਹਿਲਕਦਮੀ ਵਿੱਚ ਪਹਿਲਾਂ ਸਿਰਫ਼ ਅੱਠ ਘੰਟੇ ਬਿਜਲੀ ਸਪਲਾਈ ਦੀ ਬਜਾਏ ਹੁਣ ਕਿਸਾਨਾਂ ਨੂੰ ਪੂਰੇ ਦਿਨ ਨਿਯਮਤ ਤੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ।

**ਖੇਡ ਨੀਤੀ**

ਪੰਜਾਬ ਸਰਕਾਰ ਨੇ ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਸ਼ਾਨ ਬਹਾਲ ਕਰਨ ਲਈ ਸਾਲ 2023 ਵਿੱਚ ਸੂਬੇ ਦੀ ਨਵੀਂ ਖੇਡ ਨੀਤੀ ਲਾਗੂ ਕੀਤੀ ਸੀ। ਇਸ ਨਵੀਂ ਖੇਡ ਨੀਤੀ ਤਹਿਤ ਪਹਿਲੀ ਵਾਰ ਏਸ਼ੀਅਨ ਅਤੇ ਓਲੰਪਿਕ ਖੇਡਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਖਿਡਾਰੀਆਂ ਨੂੰ ਵੱਡੀ ਰਕਮ ਦਿੱਤੀ ਗਈ ਹੈ। ਪਹਿਲੀ ਵਾਰ, ਪੰਜਾਬ ਦੇ ਖਿਡਾਰੀਆਂ ਨੇ ਏਸ਼ੀਅਨ ਖੇਡਾਂ ਵਿੱਚ 20 ਤਗਮੇ ਜਿੱਤੇ, ਜੋ ਕਿ 1951 ਵਿੱਚ ਏਸ਼ੀਆਈ ਖੇਡਾਂ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਵੱਧ ਤਗਮੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ 29.25 ਕਰੋੜ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਹੈ। ਸੂਬੇ ਦੇ ਖਿਡਾਰੀਆਂ ਨੇ ਪੈਰਿਸ ਓਲੰਪਿਕ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ, ਜੋ ਇਸ ਨਵੀਂ ਖੇਡ ਨੀਤੀ ਦਾ ਨਤੀਜਾ ਹੈ ਅਤੇ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਕਾਂਸੀ ਦਾ ਤਗਮਾ ਜੇਤੂ ਭਾਰਤੀ ਹਾਕੀ ਟੀਮ ਵਿੱਚ 10 ਖਿਡਾਰੀ ਪੰਜਾਬ ਦੇ ਸਨ।

ਏਨਾ ਹੀ ਕਾਫ਼ੀ ਨਹੀਂ ਹੈ, ਅਸੀਂ ਤੁਹਾਡੇ ਤੋਂ ਸਾਡੇ ਮਹਾਨ ਪੁਰਖਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਰਗਰਮ ਸਹਿਯੋਗ ਦੀ ਮੰਗ ਕਰਦੇ ਹਾਂ। ਦੁੱਖ ਦੀ ਗੱਲ ਹੈ ਕਿ ਇਹ ਸੁਪਨੇ ਉਨ੍ਹਾਂ ਸਿਆਸਤਦਾਨਾਂ ਦੀ ਮਾੜੀ ਸੋਚ ਕਾਰਨ ਪੂਰੇ ਨਹੀਂ ਹੋ ਸਕੇ, ਜਿਨ੍ਹਾਂ ਨੇ ਆਜ਼ਾਦੀ ਘੁਲਾਟੀਆਂ ਦੇ ਨਾਮ 'ਤੇ ਸਿਰਫ਼ ਫੋਕੀ ਬਿਆਨਬਾਜ਼ੀ ਕੀਤੀ ਅਤੇ ਸਿਆਸੀ ਰੋਟੀਆਂ ਸੇਕੀਆਂ ਪਰ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੁੱਝ ਨਹੀਂ ਕੀਤਾ। ਅਸੀਂ ਜਾਣਦੇ ਹਾਂ ਕਿ ਸਾਡਾ ਪੈਂਡਾ ਔਖਾ ਹੈ ਕਿਉਂਕਿ ਸਾਨੂੰ ਬੇਰੁਜ਼ਗਾਰੀ, ਅਨਪੜ੍ਹਤਾ, ਭੁੱਖਮਰੀ ਅਤੇ ਹੋਰ ਸਮਾਜਿਕ ਬਿਮਾਰੀਆਂ 'ਤੇ ਪੂਰੀ ਤਰ੍ਹਾਂ ਕਾਬੂ ਪਾਉਣਾ ਹੈ। ਪਰ ਮੇਰੇ 'ਤੇ ਵਿਸ਼ਵਾਸ ਕਰੋ ਇਹ ਅਸੰਭਵ ਨਹੀਂ ਹੈ ਕਿਉਂਕਿ ਤੁਹਾਡੇ ਨਿਰੰਤਰ ਸਹਿਯੋਗ ਨਾਲ ਅਸੀਂ ਚਮਤਕਾਰ ਕਰ ਸਕਦੇ ਹਾਂ ਤੇ ਨਤੀਜਾ ਤੁਹਾਡੇ ਸਾਹਮਣੇ ਹੋਵੇਗਾ।

ਅਸੀਂ ਪੰਜਾਬ ਨੂੰ ਨਵੇਂ ਸਿਖਰ 'ਤੇ ਲੈ ਜਾਵਾਂਗੇ, ਜਿੱਥੋਂ ਅਸੀਂ ਸਾਰੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰਾਂਗੇ। 'ਰੰਗਲੇ ਪੰਜਾਬ' ਦਾ ਇਹ ਸੁਪਨਾ ਸਖ਼ਤ ਮਿਹਨਤ, ਸਮਰਪਣ, ਲਗਨ ਅਤੇ ਦ੍ਰਿੜ੍ਹ ਵਚਨਬੱਧਤਾ ਨਾਲ ਪੂਰਾ ਕੀਤਾ ਜਾ ਸਕਦਾ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਕਮਰ ਕੱਸ ਲੈਣੀ ਚਾਹੀਦੀ ਹਨ ਅਤੇ ਆਪਣੀ ਬੇਅੰਤ ਊਰਜਾ ਨੂੰ ਪੂਰੀ ਸ਼ਿੱਦਤ ਨਾਲ ਇਸ ਦਿਸ਼ਾ ਵਿੱਚ ਲਾਉਣਾ ਚਾਹੀਦਾ ਹੈ।

**ਜੈ ਹਿੰਦ!**



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

# 77ਵੇਂ ਗਣਤੰਤਰ ਦਿਵਸ ਮੌਕੇ ਕੁਰਾਲੀ, ਖਰੜ ਅਤੇ ਮੋਹਾਲੀ ਤੋਂ ਅਸ਼ਵਨੀ ਗੌੜ ਦਾ ਵਿਸ਼ੇਸ਼ ਸਪਲੀਮੈਂਟ









# ਰਾਣਾ ਗੁਰਜੀਤ ਸਿੰਘ ਉੱਤਰ ਪ੍ਰਦੇਸ਼ ਲਈ ਏ.ਆਈ.ਸੀ.ਸੀ. ਅਬਜ਼ਰਵਰ ਨਿਯੁਕਤ



ਕਪੂਰਥਲਾ, 25 ਜਨਵਰੀ (ਚ.ਨ.ਸ.) :ਸੰਗਠਨਾਤਮਕ ਨਵਜਾਗਰਣ ਅਭਿਆਨ ਦੇ ਤਹਿਤ ਪਾਰਟੀ ਦੀ ਬਣਤਰ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਫੈਸਲੇ ਅਧੀਨ, ਕਾਂਗਰਸ ਹਾਈਕਮਾਨ ਨੇ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਉੱਤਰ ਪ੍ਰਦੇਸ਼ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ (ਡੀਸੀਸੀ) ਦੇ ਪ੍ਰਧਾਨਾਂ ਦੀ ਚੋਣ ਲਈ ਆਲ ਇੰਡੀਆ ਕਾਂਗਰਸ ਕਮੇਟੀ (ਏਆਈਸੀਸੀ) ਦਾ ਅਬਜ਼ਰਵਰ ਨਿਯੁਕਤ ਕੀਤਾ ਹੈ।ਇਸ ਅਹਿਮ ਜ਼ਿੰਮੇਵਾਰੀ ਲਈ ਕਾਂਗਰਸ ਹਾਈਕਮਾਨ ਦਾ ਦਿਲੋਂ ਧੰਨਵਾਦ ਪ੍ਰਗਟ ਕਰਦਿਆਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਇਆ ਗਿਆ ਭਰੋਸਾ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਨੇ ਪੱਕਾ ਵਿਸ਼ਵਾਸ ਜਤਾਇਆ ਕਿ ਇਹ ਮਹੱਤਵਪੂਰਨ ਪਹਲ ਜੜ੍ਹਾਂ ਪੱਧਰ 'ਤੇ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰੇਗੀ ਅਤੇ ਕਾਂਗਰਸ ਦੀ ਵਿਚਾਰਧਾਰਾ, ਨੀਤੀਆਂ ਅਤੇ ਦੂਰਦਰਸ਼ਤਾ ਨੂੰ ਹਰ ਬੂਥ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਵਿੱਚ ਮੀਲ ਪੱਥਰ ਸਾਬਤ ਹੋਵੇਗੀ।ਰਾਣਾ ਗੁਰਜੀਤ ਸਿੰਘ ਨੇ ਹੋਰ ਆਸ ਜਤਾਈ ਕਿ ਸੰਗਠਨਾਤਮਕ ਨਵਜਾਗਰਣ ਅਭਿਆਨ ਦੇ ਅਧੀਨ ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ ਜੜ੍ਹਾਂ ਪੱਧਰ ਦੇ ਕੈਡਰ ਨੂੰ ਵਧੇਰੇ ਸਸ਼ਕਤੀਕਰਨ ਮਿਲੇਗਾ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀ ਰਾਜਨੀਤਕ ਸਥਿਤੀ ਹੋਰ ਮਜ਼ਬੂਤ ਹੋਵੇਗੀ।

# ਨੌਜਵਾਨ ਆਪਣੀ ਵੋਟ ਬਣਾਉਣ ਅਤੇ ਇਸਦਾ ਇਸਤੇਮਾਲ ਕਰਕੇ ਸਮਾਜਿਕ ਜ਼ਿੰਮੇਵਾਰੀ ਨਿਭਾਉਣ: ਜ਼ਿਲ੍ਹਾ ਚੋਣ ਅਫਸਰ

## 16ਵੇਂ ਨੈਸ਼ਨਲ ਵੋਟਰ ਦਿਵਸ ਮੌਕੇ ਬੀ.ਬੀ.ਕੇ.ਡੀ.ਏ.ਵੀ. ਕਾਲਜ ਵਿਖੇ ਕਰਵਾਇਆ ਗਿਆ ਜ਼ਿਲ੍ਹਾ ਪੱਧਰੀ ਸਮਾਗਮ



ਅੰਮ੍ਰਿਤਸਰ , 25 ਜਨਵਰੀ (ਗੁਰਦਿਆਲ ਸਿੰਘ): ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਇਸ ਲਈ ਹੈ ਕਿਉਂਕਿ ਇਸ ਦੇ ਸਾਰੇ ਯੋਗ ਨਾਗਰਿਕ ਆਪਣੀ ਵੋਟ ਦਾ ਇਸਮੇਤਾਲ ਕਰਕੇ ਲੋਕਾਂ ਵੱਲੋਂ, ਲੋਕਾਂ ਲਈ ਤੇ ਲੋਕਾਂ ਦੀ ਸਰਕਾਰ ਚੁਨਣ ਵਿੱਚ ਆਪੋ ਆਪਣਾ ਯੋਗਦਾਨ ਪਾਉਂਦੇ ਹਨ। ਵੋਟ ਬਣਵਾਉਣਾ ਤੇ ਉਸ ਦਾ ਬਿਨਾਂ ਕਿਸੇ ਲਾਲਚ ਜਾਂ ਭੇਦਭਾਵ ਤੋਂ ਇਸਤੇਮਾਲ ਕਰਨਾ ਜਿਥੇ ਸਾਡਾ ਸੰਵਿਧਾਨਕ ਹੱਕ ਹੈ ਉਥੇ ਹੀ ਵੋਟ ਦਾ ਸਹੀ ਇਸਤੇਮਾਲ ਸਾਡੀ ਸਮਾਜਿਕ ਜਿੰਮੇਵਾਰੀ ਵੀ ਬਣਦੀ ਹੈ। ਇਸ ਲਈ ਸਾਨੂੰ ਆਪਣੀ ਸਮਾਜਿਕ ਜਿੰਮੇਵਾਰੀ ਤੋਂ ਕਦੇ ਵੀ ਭੱਜਣਾ ਨਹੀਂ ਚਾਹੀਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ੍ਰੀਦਲਵਿੰਦਰਜੀਤਸਿੰਘ ਨੇ 16ਵੇਂ ਨੈਸ਼ਨਲ ਵੋਟਰ ਦਿਵਸ ਮੌਕੇ ਬੀ ਬੀ ਕੇ ਡੀ ਏ ਵੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਨੈਸ਼ਨਲ ਵੋਟਰ ਦਿਵਸ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਸੰਵਿਧਾਨਕ ਹੱਕ ਦੀ ਇਮਾਨਦਾਰੀ ਨਾਲ ਵਰਤੋਂ ਕਰਨੀ ਚਾਹੀਦੀ ਹੈ, ਤਾਂ ਜੋ ਆਪਣੇ ਸੁਫਨਿਆਂ ਦੀ ਸਰਕਾਰ ਬਣਾਈ ਜਾ ਸਕੇ।ਜ਼ਿਲ੍ਹਾ ਚੋਣ ਅਫਸਰ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਚੋਣਾਂ ਵਿੱਚ ਮਹਿਲਾਵਾਂ ਵੋਟਰ ਜ਼ਿਆਦਾ ਗਿਣਤੀ ਵਿੱਚ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰ ਰਹੀਆਂ ਹਨ। ਉਨਾਂ ਕਿਹਾ ਕਿ ਵੋਟ ਪਾਉਣ ਦਾ ਅਧਿਕਾਰ ਸੰਵਿਧਾਨ ਨੇ ਸਾਨੂੰ ਦਿੱਤਾ ਹੋਇਆ ਹੈ ਅਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਵੋਟ ਪਾਉਣ ਦੇ ਹੱਕ ਨੂੰ ਜ਼ਰੂਰ ਪੂਰਾ ਕਰੀਏ। ਉਨਾਂ ਕਿਹਾ ਕਿ ਅਕਸਰ ਸਾਡੀ ਨੌਜਵਾਨ ਪੀੜ੍ਹੀ ਆਪਣੀ ਵੋਟ ਦਾ ਇਸਤੇਮਾਲ ਕਰਨ ਤੋਂ ਅਵੇਸਲੀ ਹੋ ਜਾਂਦੀ ਹੈ, ਜੋ ਕਿ ਕਿਸੇ ਵੀ ਤਰ੍ਹਾਂ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ । ਉਨ੍ਹਾਂ ਕਿਹਾ ਕਿ ਨੌਜਵਾਨ ਜੋ ਕਿ ਸਾਡੇ ਦੇਸ਼ ਦਾ ਭਵਿੱਖ ਹਨ ਨੂੰ ਆਪਣੀ ਵੋਟ ਬਣਵਾ ਕੇ ਉਸ ਦਾ ਸਹੀ ਇਸਤੇਮਾਲ ਕਰਕੇ ਆਪਣੀ ਸਮਾਜਿਕ ਜਿੰਮੇਵਾਰੀ ਨੂੰ ਜ਼ਰੂਰ ਨਿਭਾਉਣਾ ਚਾਹੀਦਾ ਹੈ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਜਬੂਤ ਲੋਕਤੰਤਰ ਪ੍ਰਣਾਲੀ ਸੌਂਪੀ ਜਾ ਸਕੇ। ਉਨ੍ਹਾਂ ਕਿਹਾ ਕਿ ਤਕਨਾਲੌਜੀ ਦੇ ਵਿਕਾਸ ਨਾਲ ਚੋਣ ਪ੍ਰਕ੍ਰਿਆ ਪਹਿਲਾਂ ਨਾਲੋਂ ਬਹੁਤ ਪਾਰਦਰਸ਼ੀ ਅਤੇ ਸੁਖਾਲੀ ਹੋਈ ਹੈ। ਜ਼ਿਲ੍ਹਾ ਪੱਧਰੀ ਨੈਸ਼ਨਲ ਵੋਟਰ ਦਿਵਸ ਮੌਕੇ ਜ਼ਿਲ੍ਹਾ ਚੋਣ ਅਫਸਰ ਨੇ ਸਮੂਹ ਵੋਟਰਾਂ ਨੂੰ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਦੇ ਮਾਣ ਨੂੰ ਬਰਕਰਾਰ ਰੱਖਦੇ ਹੋਏ, ਨਿਡਰ ਹੋ ਕੇ ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਲਾਲਚ ਦੇ ਪ੍ਰਭਾਵ ਤੋਂਆਪਣੀ ਵੋਟ ਦੇ ਇਸਤੇਮਾਲ ਦੀ ਵਰਤੋਂ ਕਰਨ ਦਾ ਪ੍ਰਣ ਵੀ ਦਿਵਾਇਆ। ਵੋਟਰ ਦਿਵਸ ਮੌਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਨਾਟਕਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਸਟੇਜ ਸਕੱਤਰ ਅਧਿਆਪਕ ਸ੍ਰੀ ਰਾਜਕੁਮਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇਵਧੀਕਡਿਪਟੀਕਮਿਸ਼ਨਰਸ੍ਰੀਰੋਹਿਤਗੁਪਤਾ, ਜ਼ਿਲ੍ਹਾ ਚੋਣ ਅਫ਼ਸਰ ਸ: ਇੰਦਰਜੀਤ ਸਿੰਘ, ਬੀ.ਬੀ.ਕੇ.ਡੀ.ਏ.ਵੀ. ਕਾਲਜ ਦੀ ਪ੍ਰਿੰਸੀਪਲ ਡਾ. ਪੁਸ਼ਪਿੰਦਰ ਵਾਲੀਆ, ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਰਾਜੇਸ਼ਸ਼ਰਮਾ, ਇਲੈਕਸ਼ਨ ਕਾਨੂੰਨਗੋ ਸ੍ਰੀ ਰਜਿੰਦਰ ਸਿੰਘ, ਸੀਮਾ ਦੇਵੀ,ਚੋਣ ਕਾਨੂੰਨਗੋ ਸ੍ਰੀ ਸੌਰਭ ਖੋਸਲਾ, ਐਡਵੋਕੇਟਸ੍ਰੀਸੁਦਰਸ਼ਨਕਪੂਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਹਿਜ਼ ਪਾਠਾ ਦੇ ਚਲ ਰਹੇ ਪ੍ਰਵਾਹ



ਅੰਮਿਤਸਰ 25 ਜਨਵਰੀ (ਬਬਲੂ ਮਹਾਜਨ)ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁ ਸਤਿਸੰਗ ਸਭਾ ਅਸਥਾਨ ਧੰਨ ਧੰਨ ਬਾਬਾ ਦੀਪ ਸਿੰਘ ਜੀ ਬਜ਼ਾਰ ਲੋਹਾਰਾ, ਚੌਂਕ ਲਛਮਣਸਰ ਵਿਖੇ 21 ਤੋ 26 ਜਨਵਰੀ ਤੱਕ ਸਹਿਜ ਪਾਠਾਂ ਦੇ ਪ੍ਰਵਾਹ ਅਤੇ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਸਮਾਗਮਾ ਦੀ ਜਾਣਕਾਰੀ ਦੇਂਦੇ ਹੋਏ ਭਾਈ ਗੁਰਇਕਬਾਲ ਸਿੰਘ ਜੀ ਨੇ ਦੱਸਿਆ ਕਿ 21 ਤੋਂ 23 ਜਨਵਰੀ ਤੱਕ ਤਿਨੋਂ ਦਿਨ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਚੁਪਹਿਰਾ ਜਪ ਤਪ ਸਮਾਗਮ ਕਰਵਾਏ ਜਾ ਰਹੇ ਹਨ 24 ਜਨਵਰੀ ਸਵੇਰੇ 9 ਵਜੇ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ ਉਪਰੰਤ 9 ਤੋਂ 12 ਵਜੇ ਤੱਕ ਕੀਰਤਨ ਸਮਾਗਮ ਹੋਣਗੇ ਅਤੇ 26 ਜਨਵਰੀ ਸੋਮਵਾਰ ਅੰਮ੍ਰਿਤ ਵੇਲੇ ਤੋਂ ਸ਼ਾਮ 7 ਵਜੇ ਤੱਕ ਸਾਰਾ ਦਿਨ ਕਥਾ ਕੀਰਤਨ ਦੇ ਸਮਾਗਮ ਹੋਣਗੇ ਇਹਨਾਂ ਸਾਰੇ ਸਮਾਗਮਾਂ ਵਿੱਚ ਜਿੱਥੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਸਮੂਹ ਬੀਬੀਆਂ ਅਤੇ ਭਾਈਆ ਦੇ ਜੱਥੇ ਹਾਜ਼ਰੀਆਂ ਭਰਨਗੇ ਉਥੇ ਭਾਈ ਗੁਰਇਕਬਾਲ ਸਿੰਘ ਜੀ ਸੰਗਤਾਂ ਦੇ ਦਰਸ਼ਨ ਕਰਨਗੇ ਅਤੇ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰਨਗੇ ਭਾਈ ਸਾਹਿਬ ਵਲੋਂ ਸਮੂਹ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਣੀਆ ਸਾਰੇ ਸਮਾਗਮਾਂ ਦੋਰਾਨ ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ 26 ਜਨਵਰੀ ਸੋਮਵਾਰ ਅੰਮ੍ਰਿਤ ਵੇਲੇ ਤੋਂ ਸ਼ਾਮ 7 ਵਜੇ ਤੱਕ ਸਾਰਾ ਦਿਨ ਕਥਾ ਕੀਰਤਨ ਦੇ ਸਮਾਗਮ ਹੋਣਗੇ ਇਹਨਾਂ ਸਾਰੇ ਸਮਾਗਮਾਂ ਵਿੱਚ ਜਿੱਥੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਸਮੂਹ ਬੀਬੀਆਂ ਅਤੇ ਭਾਈਆ ਦੇ ਜੱਥੇ ਹਾਜ਼ਰੀਆਂ ਭਰਨਗੇ ਉਥੇ ਭਾਈ ਗੁਰਇਕਬਾਲ ਸਿੰਘ ਜੀ ਸੰਗਤਾਂ ਦੇ ਦਰਸ਼ਨ ਕਰਨਗੇ ਅਤੇ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰਨਗੇ ਭਾਈ ਸਾਹਿਬ ਵਲੋਂ ਸਮੂਹ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਣੀਆ ਸਾਰੇ ਸਮਾਗਮਾਂ ਦੌਰਾਨ ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ

# ਸਕੂਲ ਹੈਲਥ ਸਕੀਮ ਤਹਿਤ ਵਿਦਿਆਰਥੀਆਂ ਨੂੰ ਮੁਫ਼ਤ ਨਜ਼ਰ ਦੀਆਂ ਐਨਕਾਂ ਵੰਡੀਆਂ



ਮਜੀਠਾ, 25 ਜਨਵਰੀ (ਅਸ਼ਵਨੀ ਨਈਅਰ): ਸਿਵਲ ਸਰਜਨ ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਭਰੀਵਾਲ ਡਾ. ਸ਼ਿਵਕਰਨ ਸਿੰਘ ਕਾਹਲੋਂ ਦੀ ਅਗਵਾਈ ਹੇਠ ਅਤੇ ਅੱਖਾਂ ਦੇ ਮਾਹਰ ਡਾ. ਜਸਵਿੰਦਰ ਸਿੰਘ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਗੁਰੂ ਖੁਸਾਲ ਸਾਹਿਬ ਜੀ ਸਕੂਲ ਸ਼ਾਮਨਗਰ ਵਿੱਚ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਸਿਹਤ ਸੰਭਾਲ ਲਈ ਚਲਾਈ ਜਾ ਰਹੀ ਸਕੂਲ ਹੈਲਥ ਸਕੀਮ ਤਹਿਤ ਨਜ਼ਰ ਦੀਆਂ ਮੁਫ਼ਤ ਐਨਕਾਂ ਤਕਸੀਮ ਕੀਤੀਆਂ ਗਈਆਂ। ਇਸ ਸਬੰਧੀ ਅੱਖਾਂ ਦੇ ਮਾਹਿਰ ਡਾ ਜਸਵਿੰਦਰਪਾਲ ਸਿੰਘ ਵਲੋਂ ਬੀਤੇ ਦਿਨੀਂ ਸਕੂਲ ਵਿੱਚ ਵਿਦਿਆਰਥੀਆਂ ਦੀ ਅੱਖਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ ਸੀ, ਜਿਸ ਦੌਰਾਨ ਜਿਨ੍ਹਾਂ ਬੱਚਿਆਂ ਦੀ ਨਜ਼ਰ ਕਮਜ਼ੋਰ ਪਾਈ ਗਈ ਸੀ, ਉਨ੍ਹਾਂ ਨੂੰ ਅੱਜ ਮੁਫ਼ਤ ਐਨਕਾਂ ਮੁਹੱਈਆ ਕਰਵਾਈਆਂ ਗਈਆਂ। ਇਹ ਪ੍ਰੋਗਰਾਮ ਸਕੂਲ ਦੇ ਪ੍ਰਿੰਸੀਪਲ ਲਖਨਪਾਲ ਸਿੰਘ ਅਤੇ ਸਮੂਹ ਅਧਿਆਪਕ ਸਟਾਫ ਦੀ ਹਾਜ਼ਰੀ ਵਿੱਚ ਸੁਚੱਜੇ ਢੰਗ ਨਾਲ ਸੰਪੰਨ ਹੋਇਆ।ਇਸ ਮੌਕੇ ਡਾ. ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਸਕੂਲਾਂ ਵਿੱਚ ਬੱਚਿਆਂ ਦੀ ਅੱਖਾਂ ਦੀ ਨਿਯਮਤ ਜਾਂਚ ਕਰਵਾਉਣ ਅਤੇ ਲੋੜਵੰਦ ਬੱਚਿਆਂ ਨੂੰ ਮੁਫ਼ਤ ਐਨਕਾਂ ਵੰਡਣ ਦਾ ਕੰਮ ਲਗਾਤਾਰ ਜਾਰੀ ਹੈ। ਇਸ ਦਾ ਮਕਸਦ ਸਕੂਲ ਪੱਧਰ 'ਤੇ ਬੱਚਿਆਂ ਦੀਆਂ ਅੱਖਾਂ ਨਾਲ ਸਬੰਧਿਤ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਕੇ ਉਨ੍ਹਾਂ ਨੂੰ ਲੋੜੀਂਦਾ ਇਲਾਜ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਬੱਚਿਆਂ ਨੂੰ ਸਲਾਹ ਦਿੱਤੀ ਕਿ ਸਮੇਂ-ਸਮੇਂ 'ਤੇ ਅੱਖਾਂ ਦਾ ਚੈਕਅੱਪ ਜ਼ਰੂਰ ਕਰਵਾਉਣ।ਉਨ੍ਹਾਂ ਇਹ ਵੀ ਕਿਹਾ ਕਿ ਹਰੀਆਂ ਸਬਜ਼ੀਆਂ, ਤਾਜ਼ੇ ਫਲ ਅਤੇ ਸੰਤੁਲਿਤ ਭੋਜਨ ਅੱਖਾਂ ਦੀ ਸਿਹਤ ਲਈ ਬਹੁਤ ਲਾਭਦਾਇਕ ਹਨ। ਸਹੀ ਖੁਰਾਕ ਨਾਲ ਨਾ ਸਿਰਫ਼ ਅੱਖਾਂ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ, ਸਗੋਂ ਬੱਚਿਆਂ ਦੀ ਪੜ੍ਹਾਈ ਅਤੇ ਸਿਹਤ ਵਿੱਚ ਵੀ ਸੁਧਾਰ ਆਉਂਦਾ ਹੈ। ਇਸ ਮੌਕੇ ਪ੍ਰਿੰਸੀਪਲ ਲਖਨਪਾਲ ਸਿੰਘ ਨੇ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਬੱਚਿਆਂ ਦੀ ਸਿਹਤ ਸੰਭਾਲ ਵੱਲ ਇੱਕ ਮਹੱਤਵਪੂਰਨ ਕਦਮ ਹੈ, ਜਿਸ ਨਾਲ ਖਾਸ ਕਰਕੇ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵੱਡੀ ਰਾਹਤ ਮਿਲਦੀ ਹੈ।

# ਈ.ਟੀ.ਓ. ਵੱਲੋਂ ਜੰਡਿਆਲਾ ਗੁਰੂ ਵਿਖੇ 2 ਕਰੋੜ 65 ਲੱਖ ਰੁਪਏ ਦੇ ਵਿਕਾਸ ਕਾਰਜ਼ਾਂ ਦਾ ਉਦਘਾਟਨ

## ਕਿਹਾ , ਜੰਡਿਆਲਾ ਗੁਰੂ ਦੇ ਵਿਕਾਸ ਕਾਰਜਾਂ ਵਿੱਚ ਨਹੀਂ ਰਹਿਣ ਦਿੱਤੀ ਜਾਵੇਗੀ ਕੋਈ ਕਮੀ



ਅੰਮ੍ਰਿਤਸਰ 25 ਜਨਵਰੀ (ਗੁਰਦਿਆਲ ਸਿੰਘ): ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਪਿੰਡ ਵਾਸੀਆਂ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਨੇ ਅੱਜ ਜੰਡਿਆਲਾ ਗੁਰੂ ਵਿਖੇ 2 ਕਰੋੜ 65 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ। ਸ: ਈ.ਟੀ.ਓ ਨੇ ਕਿਹਾ ਕਿ ਇਨਾਂ ਵਿਕਾਸ ਕਾਰਜਾਂ ਦੇ ਅਧੀਨ 40 ਲੱਖ ਰੁਪਏ ਦੀ ਲਾਗਤ ਨਾਲ ਬਾਗ ਵਾਲਾ ਖੂਹ ਵਿਖੇ ਇੰਟਰਲਾਕਿੰਗ ਟਾਈਲਾਂ ਅਤੇ ਸੀਵਰੇਜ਼ ਦਾ ਕੰਮ, 80.40 ਲੱਖ ਰੁਪਏ ਦੀ ਲਾਗਤ ਨਾਲ ਬਾਬਾ ਦੀਪ ਸਿੰਘ ਕਾਲੋਨੀ ਵਿਖੇ ਇੰਟਲਾਕਿੰਗ ਟਾਈਲਾਂ ਦਾ ਕੰਮ, 99.90 ਲੱਖ ਰੁਪਏ ਦੀ ਲਾਗਤ ਨਾਲ ਐਵਰਗਰੀਨ ਕਾਲੋਨੀ ਦੀਆਂ ਇੰਟਰਾਲਿੰਕਗ ਟਾਈਲਾਂ ਅਤੇ ਸੀਵਰੇਜ ਦਾ ਕੰਮ, 15 ਲੱਖ ਰੁਪਏ ਦੀ ਲਾਗਤ ਨਾਲ ਸਤਗੁਰੂ ਇਨਕਲੇਵ ਦੇ ਰਸਤੇ ਦੀਆਂ ਇੰਟਰਲਾਕਿੰਗ ਟਾਈਲਾਂ ਅਤੇ 30 ਲੱਖ ਰੁਪਏ ਦੀ ਲਾਗਤ ਨਾਲ ਧੀਰੇ ਕੋਰਟ ਰੋਡ ਤੇ ਸੀਤਾ ਕਾਲੋਨੀ ਵਿਖੇ ਇੰਟਰਲਾਕਿੰਗ ਟਾਈਲਾਂ ਦਾ ਕੰਮ ਦਾ ਉਦਘਾਟਨ ਕੀਤਾ। ਉਨਾਂ ਕਿਹਾ ਕਿ ਇਹ ਸਾਰੇ ਕਾਰਜ ਲੋਕਾਂ ਨੂੰ ਬਿਹਤਰ ਸੁਵਿਧਾ ਪ੍ਰਦਾਨ ਕਰਨ ਅਤੇ ਹਲਕੇ ਦੇ ਬੁਨਿਆਦੀ ਵਿਕਾਸ ਨੂੰ ਮਜ਼ਬੂਤ ਕਰਨ ਲਈ ਕੀਤੇ ਗਏ ਹਨ। ਕੈਬਨਿਟ ਮੰਤਰੀ ਈ.ਟੀ.ਓ. ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾਵੇ। ਉਨਾਂ ਕਿਹਾ ਕਿ ਵਿਕਾਸ ਕਾਰਜਾਂ ਵਿਚ ਕਿਸੇ ਕਿਸਮ ਦੀ ਢਿੱਲ ਮਿਠ ਬਰਦਾਸ਼ ਨਹੀ ਕੀਤੀ ਜਾਵੇਗੀ। ਸ: ਈ.ਟੀ.ਓ. ਨੇ ਪ੍ਰੈਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸਨੇ ਹਰੇਕ ਸੂਬਾ ਵਾਸੀ ਲਈ ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ, ਅਤੇ ਮੁਫ਼ਤ ਬਸ ਯਾਤਰਾ ਦੀ ਗਰੰਟੀ ਦਿੱਤੀ ਹੈ। ਚੋਣਾਂ ਤੋਂ ਪਹਿਲਾਂ ਦਿੱਤੀਆਂ ਗਰੰਟੀਆਂ ਵਿਚੋਂ ਇਕ ਸਿਹਤ ਗਰੰਟੀ ਸੀ ਕਿ ਪੰਜਾਬ ਦੇ ਹਰ ਵਿਅਕਤੀ ਅਤੇ ਹਰ ਨਾਗਰਿਕ ਲਈ ਮੁਫ਼ਤ ਅਤੇ ਮਿਆਰੀ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਵੇਗੀ। ਉਨਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸੂਬੇ ਨੇ ਆਪਣੇ ਹਰ ਵਾਸੀ ਲਈ 10 ਲੱਖ ਰੁਪਏ ਦਾ ਸਿਹਤ ਬੀਮਾ ਯੋਜਨਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਗਰੀਬ ਲੋਕ ਵੀ ਮਹਿੰਗੇ ਹਸਪਤਾਲਾਂ ਵਿੱਚ ਮੁਫ਼ਤ ਆਪਣਾ ਇਲਾਜ ਕਰਵਾ ਸਕਣਗੇ। ਉਨਾਂ ਕਿਹਾ ਕਿ ਵੱਡੀਆਂ ਅਤੇ ਛੋਟੀ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫ਼ਤ ਹੋਣਗੇ। ਸ: ਈ.ਟੀ.ਓ. ਨੇ ਕਿਹਾ ਕਿ ਸਾਡੀ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਅਸੀਂ ਜੋ ਵੀ ਵਿਕਾਸ ਦੀਆਂ ਗਾਰੰਟੀਆਂ ਦਿੱਤੀਆਂ ਸਨ, ਉਸ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਹੈ। ਉਨਾਂ ਪਿਛਲੀਆਂ ਸਰਕਾਰਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਹਲਕੇ ਦਾ ਵੱਧ ਵਿਕਾਸ ਅਤੇ ਹੁਣ ਤੱਕ ਦੀਆਂ ਸਭ ਤੋਂ ਵੱਧ ਗਰਾਂਟਾਂ ਦਿੱਤੀਆਂ ਗਈਆਂ ਹਨ। ਉਨਾਂ ਕਿਹਾ ਕਿ ਅਸੀਂ ਆਪਣੇ ਕੰਮਾਂ ਦੇ ਆਧਾਰ ਤੇ ਲੋਕਾਂ ਦੀ ਕਚਿਹਿਰੀ ਵਿੱਚ ਜਾਵਾਂਗੇ ਅਤੇ ਭਾਰੀ ਬਹੁਮਤ ਨਾਲ ਜਿੱਤ ਕੇ ਮੁੜ ਸਰਕਾਰ ਬਣਾਵਾਂਗੇ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਦੇ ਕੰਮ ਕਰਾਂਗੇ।

# ਅਟਾਰੀ ਸਰਹੱਦ 'ਤੇ ਇਤਿਹਾਸਕ 'ਫਿੱਟ ਇੰਡੀਆ ਸੰਡੇਜ਼ ਔਨ ਸਾਈਕਲ' ਕਰਵਾਈ



ਕਰਾਈਕਲ/ਅੰਮ੍ਰਿਤਸਰ, 25 ਜਨਵਰੀ, (ਗੁਰਦਿਆਲ ਸਿੰਘ) 'ਸੰਡੇਜ਼ ਆਨ ਸਾਈਕਲ' ਦੇ 58ਵੇਂ ਸੰਸਕਰਣ ਨੂੰ ਪੁਡੂਚੇਰੀ ਦੇ ਕਰਾਈਕਲ ਵਿੱਚ ਮਾਣਯੋਗ ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਡਾ. ਮਨਸੁਖ ਮਾਂਡਵੀਆ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਨੇ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਨਾਲ 'ਫਿੱਟ ਇੰਡੀਆ ਸੰਡੇਜ਼ ਔਨ ਸਾਈਕਲ' ਦੇ 58ਵੇਂ ਸੰਸਕਰਣ ਦੇ ਜਸ਼ਨ ਵਿੱਚ ਸਾਈਕਲ ਚਲਾਈ, ਜੋ ਕਿ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ ਸੀ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਮਾਂਡਵੀਆ ਨੇ ਕਿਹਾ, ਸਾਡੇ ਮਾਣਯੋਗ ਪ੍ਰਧਾਨ ਮੰਤਰੀ ਨੇ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਦਾ ਜਸ਼ਨ ਮਨਾਉਣ ਅਤੇ ਉਨ੍ਹਾਂ ਨੂੰ ਦੇਸ਼ ਨਿਰਮਾਣ ਲਈ ਵੋਟ ਪਾਉਣ ਲਈ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ ਹੈ। ਅੱਜ, ਮੈਂ 100 ਤੋਂ ਵੱਧ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨਾਲ ਗੱਲਬਾਤ ਕੀਤੀ ਅਤੇ ਵਿਕਸਿਤ ਭਾਰਤ ਵਿੱਚ ਯੋਗਦਾਨ ਪਾਉਣ ਪ੍ਰਤੀ ਉਨ੍ਹਾਂ ਦੀ ਰੁਚੀ ਤੋਂ ਪ੍ਰਭਾਵਿਤ ਹੋਇਆ। ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਨਾਤੇ, ਇਹ ਜ਼ਰੂਰੀ ਹੈ ਕਿ ਅਸੀਂ ਭਾਰਤ ਨੂੰ ਇੱਕ ਆਲਮੀ ਮਹਾਸ਼ਕਤੀ ਬਣਾਉਣ ਲਈ ਨੌਜਵਾਨਾਂ ਦੀ ਊਰਜਾ ਦਾ ਸਹੀ ਇਸਤੇਮਾਲ ਕਰੀਏ।ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਇਤਿਹਾਸਕ ਅਟਾਰੀ ਸਰਹੱਦ 'ਤੇ ਸਵੇਰ ਦੀ ਪਹਿਲੀ ਕਿਰਣ ਫੁੱਟਦੇ ਹੀ ਤਿਰੰਗਾ ਸਰਦੀਆਂ ਦੇ ਆਸਮਾਨ ਵਿੱਚ ਲਹਿਰਾਉਂਦਾ ਰਿਹਾ। ਇਹ ਇੱਕ ਵਿਸ਼ੇਸ਼ ਐਤਵਾਰ ਦੀ ਸ਼ੁਰੂਆਤ ਸੀ—ਅਜਿਹਾ ਅਹਿਸਾਸ ਜੋ ਪਹਿਲਾਂ ਕਦੇ ਨਹੀਂ ਹੋਇਆ ਸੀ ! 'ਫਿੱਟ ਇੰਡੀਆ ਸੰਡੇਜ਼ ਔਨ ਸਾਈਕਲ' ਦੇ 58ਵੇਂ ਸੰਸਕਰਣ ਨੇ ਇਹ ਯਕੀਨੀ ਬਣਾਇਆ ਕਿ ਇਹ ਖ਼ਾਸ ਮੌਕਾ ਇੱਕ ਅਜਿਹਾ ਪਲ ਬਣੇ ਜੋ ਸਦੀਵੀ ਅਤੇ ਪਰਿਵਰਤਨਸ਼ੀਲ ਵੀ ਲੱਗੇ ।ਅਟਾਰੀ-ਵਾਹਗਾ ਰਸਮੀ ਸਮਾਗਮ ਦੇ ਪਿਛੋਕੜ ਵਿੱਚ, ਅੱਜ ਸਵੇਰੇ ਜਵਾਨਾਂ, ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ, ਖਿਡਾਰੀਆਂ, ਮਸ਼ਹੂਰ ਹਸਤੀਆਂ ਅਤੇ ਆਮ ਨਾਗਰਿਕਾਂ ਦੇ ਮਾਣ ਦੀ ਭਾਵਨਾ ਨਾਲ ਇਕੱਠੇ ਸਾਈਕਲ ਚਲਾਉਣ ਦਾ ਇੱਕ ਦੁਰਲੱਭ ਸੁਮੇਲ ਦੇਖਣ ਨੂੰ ਮਿਲਿਆ।ਗਣਤੰਤਰ ਦਿਵਸ ਦੀ ਪੂਰਵ ਸੰਧਿਆ ਅਤੇ ਰਾਸ਼ਟਰੀ ਵੋਟਰ ਦਿਵਸ ਮੌਕੇ ਸਾਫ਼ ਦਿਖਾਈ ਦੇ ਰਿਹਾ ਸੀ ਕਿ ਫਿਟਨੈਸ, ਆਜ਼ਾਦੀ ਅਤੇ ਨਾਗਰਿਕ ਫ਼ਰਜ਼ ਤਿੰਨੇਂ ਇਕੱਠੇ ਜੁੜੇ ਹੋਏ ਹਨ।10 ਕਿਲੋਮੀਟਰ ਦੀ ਸਾਈਕਲ ਰੈਲੀ ਨੇ ਭਾਰਤ ਦੇ ਹਥਿਆਰਬੰਦ ਬਲਾਂ, ਲੋਕਤੰਤਰ ਅਤੇ ਇਸ ਦੇ ਲੋਕਾਂ ਦੀ ਸਾਂਝੀ ਆਤਮਾ ਨੂੰ ਇੱਕ ਨਿੱਘੀ ਸ਼ਰਧਾਂਜਲੀ ਵਿੱਚ ਬਦਲ ਦਿੱਤਾ। ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਡਾ. ਮਨਸੁਖ ਮਾਂਡਵੀਆ ਦੀ ਅਗਵਾਈ ਹੇਠ ਦਸੰਬਰ 2024 ਵਿੱਚ ਸ਼ੁਰੂ 'ਫਿੱਟ ਇੰਡੀਆ ਸੰਡੇਜ਼ ਆਨ ਸਾਈਕਲ' ਅੱਜ ਇੱਕ ਦੇਸ਼-ਵਿਆਪੀ 'ਜਨ ਅੰਦੋਲਨ' ਬਣ ਚੁੱਕਾ ਹੈ, ਜਿਸ ਵਿੱਚ 2 ਲੱਖ ਤੋਂ ਵੱਧ ਸਥਾਨਾਂ 'ਤੇ 22 ਲੱਖ ਤੋਂ ਵੱਧ ਨਾਗਰਿਕਾਂ ਨੇ ਭਾਗ ਲਿਆ.

# ਵਲੰਟੀਅਰਾਂ ਨੂੰ ਆਪਦਾ ਪ੍ਰਬੰਧਨ ਸਬੰਧੀ ਸਿਧਾਂਤਕ ਅਤੇ ਪ੍ਰਯੋਗਿਕ ਦੋਹਾਂ ਕਿਸਮ ਦੀ ਸਿਖਲਾਈ ਦਿੱਤੀ ਗਈ।

ਅੰਮ੍ਰਿਤਸਰ, 25 ਜਨਵਰੀ (ਗੁਰਦਿਆਲ ਸਿੰਘ) :ਕੇਂਦਰ ਸਰਕਾਰ ਦੀ ਮਹੱਤਵਪੂਰਨ ਯੁਵਾ ਮਿੱਤਰ ਸਕੀਮ ਤਹਿਤ ਚੱਲ ਰਹੀ ਟ੍ਰੇਨਿੰਗ ਦੇ ਦੂਜੇ ਦਿਨ ਵਲੰਟੀਅਰਾਂ ਨੂੰ ਆਪਦਾ ਪ੍ਰਬੰਧਨ ਸਬੰਧੀ ਸਿਧਾਂਤਕ ਅਤੇ ਪ੍ਰਯੋਗਿਕ ਦੋਹਾਂ ਕਿਸਮ ਦੀ ਵਿਸਤ੍ਰਿਤ ਟ੍ਰੇਨਿੰਗ ਦਿੱਤੀ ਗਈ।ਇਸ ਦੌਰਾਨ ਮੈਗਸਿਪਾ ਦੇ ਤਜਰਬੇਕਾਰ ਇੰਸਟ੍ਰਕਟਰ ਸ਼ੁਭਮ ਵਰਮਾ ਨੇ ਆਪਦਾ ਪ੍ਰਬੰਧਨ ਦੇ ਮੂਲ ਅਸੂਲਾਂ ਨੂੰ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ। ਉਨ੍ਹਾਂ ਵਲੰਟੀਅਰਾਂ ਨੂੰ ਸਮੇਂ ਤੋਂ ਪਹਿਲਾਂ ਚੇਤਾਵਨੀ ਪ੍ਰਣਾਲੀ ਅਤੇ ਆਪਦਾ ਤੋਂ ਪਹਿਲਾਂ ਤਿਆਰੀ ਬਾਰੇ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਸਮੇਂ ਸਿਰ ਯੋਜਨਾ ਬਣਾਉਣ, ਸਚੇਤਤਾ ਅਤੇ ਤਿਆਰੀ ਨਾਲ ਜਾਨ-ਮਾਲ ਦੇ ਨੁਕਸਾਨ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।ਇਸ ਤੋਂ ਬਾਅਦ ਪ੍ਰੋਗਰਾਮ ਦੇ ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਨੇ ਵਲੰਟੀਅਰਾਂ ਨਾਲ ਸੰਵਾਦ ਕਰਦਿਆਂ ਭੂਚਾਲਾਂ ਦੀ ਸਮਝ, ਢਹਿ ਗਈਆਂ ਸੰਰਚਨਾਵਾਂ ਕਾਰਨ ਪੈਦਾ ਹੋਣ ਵਾਲੇ ਖ਼ਤਰਿਆਂ ਅਤੇ ਆਪਦਾਵਾਂ ਦੇ ਪ੍ਰਭਾਵ ਘਟਾਉਣ ਲਈ ਅਪਣਾਏ ਜਾਣ ਵਾਲੇ ਉਪਾਅ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਆਪਦਾ ਤੋਂ ਬਾਅਦ ਸਹੀ ਫੈਸਲੇ ਲੈਣ ਅਤੇ ਸੁਰੱਖਿਆ ਉਪਾਅ ਦੀ ਮਹੱਤਤਾ 'ਤੇ ਖ਼ਾਸ ਜ਼ੋਰ ਦਿੱਤਾ।ਬਾਅਦ ਵਿੱਚ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ (ਐੱਸ.ਡੀ.ਆਰ.ਐੱਫ.) ਦੀ ਵਿਸ਼ੇਸ਼ ਟੀਮ, ਜਿਸ ਦੀ ਅਗਵਾਈ ਐੱਸ.ਡੀ.ਆਰ.ਐੱਫ. ਹੈੱਡ ਰੁਪੇਸ਼ (ਏ.ਐੱਸ.ਆਈ.) ਕਰ ਰਹੇ ਸਨ, ਵੱਲੋਂ ਵਲੰਟੀਅਰਾਂ ਨੂੰ ਮੌਕਾ-ਅਧਾਰਿਤ ਅਤੇ ਅਭਿਆਸ-ਆਧਾਰਿਤ ਪ੍ਰਯੋਗਿਕ ਟ੍ਰੇਨਿੰਗ ਦਿੱਤੀ ਗਈ। ਟੀਮ ਵੱਲੋਂ ਢਹਿ ਗਈਆਂ ਇਮਾਰਤਾਂ ਵਿੱਚ ਖੋਜ ਅਤੇ ਬਚਾਵ ਕਾਰਜ, ਮਲਬੇ ਹੇਠ ਫਸੇ ਲੋਕਾਂ ਤੱਕ ਸੁਰੱਖਿਅਤ ਤਰੀਕੇ ਨਾਲ ਪਹੁੰਚਣ, ਜ਼ਖ਼ਮੀ ਵਿਅਕਤੀਆਂ ਨੂੰ ਸਹੀ ਢੰਗ ਨਾਲ ਉਠਾਉਣ ਅਤੇ ਇਕ ਥਾਂ ਤੋਂ ਦੂਜੀ ਥਾਂ ਸੁਰੱਖਿਅਤ ਤਰੀਕੇ ਨਾਲ ਲਿਜਾਣ, ਅਤੇ ਬਚਾਵ ਦੌਰਾਨ ਸਵੈ-ਸੁਰੱਖਿਆ ਦੇ ਨਿਯਮਾਂ ਬਾਰੇ ਵਿਸਥਾਰ ਨਾਲ ਸਮਝਾਇਆ ਗਿਆ।ਐੱਸ.ਡੀ.ਆਰ.ਐੱਫ. ਦੇ ਕਰਮਚਾਰੀਆਂ ਨੇ ਟੀਮ ਵਰਕ, ਅਨੁਸ਼ਾਸਨ ਅਤੇ ਸਹੀ ਤਕਨੀਕਾਂ ਦੀ ਅਹਿਮੀਅਤ 'ਤੇ ਵੀ ਜ਼ੋਰ ਦਿੱਤਾ।

# ਗਣਤੰਤਰ ਦਿਵਸ 'ਤੇ ਅਸ਼ਵਨੀ ਦੁੱਗਲ ਨੇ ਇਲਾਕਾ ਨਿਵਾਸੀਆਂ ਨੂੰ ਦਿੱਤੀ ਵਧਾਈ



ਧਾਰੀਵਾਲ, 25 ਜਨਵਰੀ (ਅਸ਼ੋਕ ਕੁਮਾਰ) : ਗਣਤੰਤਰ ਦਿਵਸ ਦੇ ਪਾਵਨ ਮੌਕੇ 'ਤੇ ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਵੱਲੋਂ ਇਲਾਕਾ ਨਿਵਾਸੀਆਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਨੇ ਕਿਹਾ ਕਿ 26 ਜਨਵਰੀ ਭਾਰਤ ਦੇ ਲੋਕਤੰਤਰਿਕ ਇਤਿਹਾਸ ਦਾ ਸਭ ਤੋਂ ਮਹੱਤਵਪੂਰਨ ਦਿਨ ਹੈ, ਜਿਸ ਦਿਨ ਦੇਸ਼ ਨੂੰ ਆਪਣਾ ਸੰਵਿਧਾਨ ਮਿਲਿਆ ਅਤੇ ਭਾਰਤ ਇੱਕ ਗਣਤੰਤਰ ਰਾਜ ਵਜੋਂ ਸਥਾਪਿਤ ਹੋਇਆ। ਇਹ ਦਿਨ ਸਾਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਫਰਜ਼ਾਂ ਦੀ ਯਾਦ ਵੀ ਦਿਵਾਉਂਦਾ ਹੈ।ਪ੍ਰਧਾਨ ਅਸ਼ਵਨੀ ਦੁੱਗਲ ਨੇ ਕਿਹਾ ਕਿ ਸਾਡਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਸਮਾਨਤਾ, ਆਜ਼ਾਦੀ ਅਤੇ ਭਰਾਤਰੀ ਦਾ ਅਧਿਕਾਰ ਦਿੰਦਾ ਹੈ ਅਤੇ ਸਾਨੂੰ ਮਿਲਜੁਲ ਕੇ ਦੇਸ਼ ਦੀ ਤਰੱਕੀ ਲਈ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਨੇ ਸ਼ਹੀਦਾਂ ਅਤੇ ਸੰਵਿਧਾਨ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਕਾਰਨ ਅਸੀਂ ਅੱਜ ਆਜ਼ਾਦ ਅਤੇ ਲੋਕਤੰਤਰਿਕ ਦੇਸ਼ ਵਿੱਚ ਜੀ ਰਹੇ ਹਾਂ।ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਗਣਤੰਤਰ ਦਿਵਸ ਮੌਕੇ ਕਰਵਾਈ ਜਾਣ ਵਾਲੀ ਝੰਡਾ ਰਸਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ।

# ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਜਤਿੰਦਰ ਬਰਾੜ ਦੇ ਅਕਾਲ ਚਲਾਣਾ 'ਤੇ ਦੁਖ ਦਾ ਇਜ਼ਹਾਰ



ਅੰਮ੍ਰਿਤਸਰ, 25 ਜਨਵਰੀ(ਬਬਲੂ ਮਹਾਜਨ ) :ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਸਮੂਹ ਅਹੁੱਦੇਦਾਰਾਂ ਅਤੇ ਹਰੇਕ ਅਦਾਰਿਆਂ ਦੇ ਮੁੱਖੀਆਂ ਨੇ ਅੱਜ ਨਾਮਵਰ ਸ਼੍ਰੋਮਣੀ ਨਾਟਕਕਾਰ ਅਤੇ ਕਈ ਮਾਣਮੱਤੇ ਸਨਮਾਨ ਪ੍ਰਾਪਤ ਕਰਨ ਵਾਲੇ ਸ: ਜਤਿੰਦਰ ਬਰਾੜ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।ਸ: ਬਰਾੜ ਜੋ ਕਿ ਗਵਰਨਿੰਗ ਕੌਂਸਲ ਦੇ ਵਧੀਕ ਆਨਰੇਰੀ ਸਕੱਤਰ ਵਜੋਂ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਸਨ, ਨੇ ਥੀਏਟਰ ਅਤੇ ਸਾਹਿਤ ਲਈ ਇਕ ਸੰਸਥਾ ਵਜੋਂ ਆਪਣਾ ਅਹਿਮ ਯੋਗਦਾਨ ਪਾਇਆ।ਇਸ ਮੌਕੇ ਕੌਂਸਲ ਦੇ ਆਨਰੇਰੀ ਸਕੱਤਰ ਅਤੇ ਖਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਸ: ਬਰਾੜ ਦੇ ਅਚਨਚੇਤ ਜਹਾਨੋਂ ਰੁਖਸਤ ਹੋਣ 'ਤੇ ਅਫਸੋਸ ਜਾਹਿਰ ਕਰਦਿਆਂ ਪਰਿਵਾਰਕ ਮੈਂਬਰਾਂ ਨੂੰ ਗੁਰ ਦੇ ਭਾਣੇ ਨੂੰ ਮੰਨਣ ਦਾ ਬਲ ਬਖਸ਼ਣ ਦੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਗਵਰਨਿੰਗ ਕੌਂਸਲ ਲਈ ਨਿਭਾਈਆਂ ਗਈਆਂ ਉਨ੍ਹਾਂ ਦੀਆਂ ਸੇਵਾਵਾਂ ਅਨਮੋਲ ਹਨ, ਜਿਨ੍ਹਾਂ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਸ: ਬਰਾੜ ਦਾ ਜਨਮ ਅੰਮ੍ਰਿਤਸਰ ਦੇ ਪਿੰਡ ਜਗਦੇਵ ਖੁਰਦ ਵਿਖੇ ਹੋਇਆ, ਜੋ ਕਿ ਇਕ ਸਫ਼ਲ ਉਦਯੋਗਪਤੀ ਸਨ ਅਤੇ ਰੰਗ ਮੰਚ ਦੇ ਨਿਪੁੰਨ ਕਲਾਕਾਰ, ਨਾਟਕਕਾਰ, ਚਿਤਰਕਾਰ ਅਤੇ ਵਧੀਆ ਸਾਹਿਤਕਾਰ ਸਨ।ਉਨ੍ਹਾਂ ਨੇ ਕਲਾ ਅਤੇ ਸਾਹਿਤ ਦੇ ਪ੍ਰਫੁੱਲਿਤਾ ਲਈ ਖਾਲਸਾ ਕਾਲਜ ਸਾਹਮਣੇ ਆਪਣੀ ਫੈਕਟਰੀ ਨੂੰ ਥੀਏਟਰ 'ਚ ਤਬਦੀਲ ਕਰਵਾਉਣ ਉਪਰੰਤ ਇੱਥੇ ਇਕ ਰਿਵਾਲਵਿੰਗ ਸਟੇਜ ਸਥਾਪਿਤ ਕੀਤੀ।ਉਨ੍ਹਾਂ ਕਿਹਾ ਕਿ ਸ: ਬਰਾੜ ਦੇ ਅਕਾਲ ਚਲਾਣੇ ਨੇ ਕਲਾ ਅਤੇ ਸਾਹਿਤ ਦੀ ਦੁਨੀਆ 'ਚ ਅਜਿਹਾ ਖਲਾਅ ਛੱਡਿਆ, ਜਿਸ ਕਦੇ ਵੀ ਭਰਿਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਸ: ਬਰਾੜ ਸਦਕਾ ਹੀ ਕਪਿਲ ਸ਼ਰਮਾ, ਭਾਰਤੀ ਸਿੰਘ, ਰਾਜੀਵ ਠਾਕੁਰ ਅਤੇ ਚੰਦਨ ਪ੍ਰਭਾਕਰ ਸਮੇਤ ਅਨੇਕਾਂ ਅਦਾਕਾਰ ਇਸ ਪਲੇਟਫਾਰਮ ਕਾਰਨ ਹੀ ਆਪਣੀ ਪ੍ਰਤਿਭਾ ਨੂੰ ਦੁਨੀਆ ਨੂੰ ਜਾਣੂ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਸ: ਬਰਾੜ ਦਾ ਤੁਰ ਜਾਣਾ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ, ਪਰ ਭਾਵੇਂ ਉਹ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਹਨ ਪਰ ਉਹ ਹਮੇਸ਼ਾਂ ਵਿਚਾਰਾਂ, ਕਲਾ ਅਤੇ ਲਿਖਤਾਂ ਰਾਹੀਂ ਯਾਦ ਕੀਤੇ ਜਾਣਗੇ।ਇਸ ਦੌਰਾਨ ਗਵਰਨਿੰਗ ਕੌਂਸਲ ਅਧੀਨ ਸਮੂਹ ਖਾਲਸਾ ਕਾਲਜ ਵਿੱਦਿਅਕ ਅਦਾਰਿਆਂ ਦੇ ਪ੍ਰਿੰਸੀਪਲਜ਼, ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੇ ਸ: ਜਤਿੰਦਰ ਬਰਾੜ ਦੇ ਦਿਹਾਂਤ ਦੇ ਪਰਿਵਾਰ ਨਾਲ ਅਫਸੋਸ ਜਾਹਿਰ ਕੀਤਾ।

# ਜੀ. ਏ. ਵੀ. ਜੈਨ ਆਦਰਸ਼ ਵਿਦਿਆਲਿਆ 'ਚ ਗਣਤੰਤਰ ਦਿਵਸ ਮਨਾਇਆ

ਫਾਜ਼ਿਲਕਾ, 25 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਥਾਨਕ ਜੀ. ਏ. ਵੀ. ਜੈਨ ਆਦਰਸ਼ ਵਿਦਿਆਲਿਆ 'ਚ ਗਣਤੰਤਰ ਦਿਵਸ ਦਾ ਪਵਿੱਤਰ ਤਿਉਹਾਰ ਮਨਾਇਆ। ਸਕੂਲ ਦਾ ਵਿਹੜਾ ਤਿਰੰਗ ਦੇ ਤਿੰਨਾਂ ਰੰਗਾਂ ਤੇ ਦੇਸ਼ ਭਗਤੀ ਦੇ ਗੀਤਾਂ ਨਾਲ ਗੂੰਜ ਰਿਹਾ ਸੀ। ਚੇਅਰਮੈਨ ਅਨਿਲ ਜੈਨ ਦੀ ਪ੍ਰਧਾਨਗੀ ਹੇਠ ਕਰਵਾਏ ਸਮਾਗਮ ਨੇ ਵਿਦਿਆਰਥੀਆ ਦੇ ਅੰਦਰ ਦੇਸ਼ ਪ੍ਰੇਮ ਦੀ ਜੋਤ ਜਗਾਈ । ਪ੍ਰੋਗਰਾਮ ਦੀ ਸ਼ੁਰੂਆਤ ਚੇਅਰਮੈਨ ਅਨਿਲ ਜੈਨ, ਪ੍ਰਿੰਸੀਪਲ ਨਰੇਸ਼ ਸਪੜਾ ਤੇ ਵਾਈਸ ਪ੍ਰਿੰਸੀਪਲ ਬੀਨਮ ਧੁੜੀਆ ਵਲੋਂ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ। ਉਤਸਵ ਦੌਰਾਨ ਸਕੂਲ ਦੇ ਚੇਅਰਮੈਨ ਅਨਿਲ ਜੈਨ ਨੇ ਆਪਣੇ ਸੰਬੋਧਨ ਚ ਗਣਤੰਤਰ ਦਿਵਸ ਦੀ ਮਹੱਤਤਾ 'ਤੇ ਰੋਸ਼ਨੀ ਪਾਉਂਦਿਆਂ ਇਸ ਨੂੰ ਅਧਿਕਾਰਾਂ ਤੇ ਕਰਤਾਵਾਂ ਦੇ ਸੁਮੇਲ ਦਾ ਦਿਨ ਦੱਸਿਆ।

# ਸ੍ਰੀ ਦਰਬਾਰ ਸਾਹਿਬ ਵਿਖੇ ਬ੍ਰਿਟਿਸ਼ ਵਫ਼ਦ ਦਾ ਸਨਮਾਨ, ਸਿਮਰਨਜੀਤ ਸਿੰਘ ਮਾਨ ਵੱਲੋਂ ਸ੍ਰੀ ਸਾਹਿਬ ਤੇ ਸਿਰੋਪਾ ਭੇਟ

## 26 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਠ ਲਈ ਸਿੱਖਾਂ ਨੂੰ ਇਕਜੁੱਟ ਹੋਣ ਦਾ ਸੱਦਾ



ਅੰਮ੍ਰਿਤਸਰ, 25 ਜਨਵਰੀ( ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਬਰਮਿੰਘਮ ਦੇ ਸਾਬਕਾ ਲਾਰਡ ਮੇਅਰ ਕਾਰਲ ਰਾਈਸ ਮੋਬ ਦੀ ਅਗਵਾਈ ਹੇਠ ਆਏ ਬ੍ਰਿਟਿਸ਼ ਵਫ਼ਦ ਨੂੰ ਸ੍ਰੀ ਸਾਹਿਬ, ਸਿਰੋਪਾ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ।ਸਨਮਾਨ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਸਿੱਖਾਂ ਅਤੇ ਵਿਦੇਸ਼ੀ ਰਾਜਨੀਤਿਕ ਆਗੂਆਂ ਨਾਲ ਮਜ਼ਬੂਤ ਸਬੰਧ ਬਣਾਈ ਰੱਖਣ ਲਈ ਇਹ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਰਲ ਰਾਈਸ ਵਿਸ਼ੇਸ਼ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਪਹੁੰਚੇ ਸਨ। ਮਾਨ ਨੇ ਚੌਥੇ ਅਤੇ ਪੰਜਵੇਂ ਪਾਤਸ਼ਾਹ ਦੀ ਵਿਰਾਸਤ ਨੂੰ ਯਾਦ ਕਰਦਿਆਂ ਕਿਹਾ ਕਿ ਰੰਗਰੇਟਿਆਂ ਦਾ ਬੁੰਗਾ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਚਿੰਤਾ ਜਤਾਈ ਕਿ ਇਸਦੀ ਅਣਹੋਂਦ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ।ਉਨ੍ਹਾਂ ਨੇ 328 ਗੁੰਮ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਵੀ ਗੰਭੀਰ ਸਵਾਲ ਉਠਾਏ। ਮਾਨ ਨੇ ਕਿਹਾ ਕਿ ਸਪੱਸ਼ਟ ਨਿਰਦੇਸ਼ਾਂ ਦੇ ਬਾਵਜੂਦ ਸਿੱਟ ਵੱਲੋਂ ਕੋਈ ਢੁੱਕਵੀਂ ਪ੍ਰਗਤੀ ਨਹੀਂ ਕੀਤੀ ਗਈ।ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਖ ਜੁਡੀਸ਼ਲ ਕਮਿਸ਼ਨ ਦੇ ਮੈਂਬਰ ਸਤਨਾਮ ਸਿੰਘ ਕਲੇਰ ਉੱਤੇ ਲਾਪਰਵਾਹੀ ਅਤੇ ਸੰਭਾਵਿਤ ਹੇਰਾਫੇਰੀ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਸੁਣਵਾਈਆਂ 'ਤੇ ਵਾਰ-ਵਾਰ ਗੈਰਹਾਜ਼ਰੀ ਸਵਾਲ ਖੜ੍ਹੇ ਕਰਦੀ ਹੈ ਅਤੇ ਇਸ ਸਬੰਧੀ ਰਸਮੀ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਹਨ, ਜਿਸ ਤੋਂ ਬਾਅਦ ਹਾਈਕੋਰਟ ਨੇ ਆਦੇਸ਼ ਦਿੱਤਾ ਹੈ ਕਿ ਸਤਨਾਮ ਸਿੰਘ ਕਲੇਰ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਹੁਣ ਦਖਲ ਨਹੀਂ ਕਰ ਸਕਦੇ ।ਮਾਨ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਹਾਲ ਹੀ ਵਿੱਚ ਹੋਈ ਬੇਅਦਬੀ ਦੀ ਘਟਨਾ ਦੀ ਤਿੱਖੀ ਨਿੰਦਾ ਕਰਦਿਆਂ ਕਿਹਾ ਕਿ ਕਿਸੇ ਵੀ ਧਰਮ ਦੇ ਪੂਜਾ ਸਥਾਨ 'ਤੇ ਨਿਰਾਦਰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜਿਵੇਂ ਸਿੱਖ ਮਸਜਿਦਾਂ ਅਤੇ ਚਰਚਾਂ ਦਾ ਸਤਿਕਾਰ ਕਰਦੇ ਹਨ, ਓਸੇ ਤਰ੍ਹਾਂ ਸਿੱਖ ਧਰਮ ਦਾ ਸਤਿਕਾਰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।ਉਨ੍ਹਾਂ ਨੇ ਕਿਹਾ ਕਿ ਬੇਅਦਬੀ ਦੀਆਂ ਵਾਰ-ਵਾਰ ਵਾਪਰੀਆਂ ਘਟਨਾਵਾਂ ਸਿੱਖ ਪ੍ਰਭੂਸੱਤਾ ਦੀ ਅਣਹੋਂਦ ਨਾਲ ਜੁੜੀਆਂ ਹਨ ਅਤੇ ਇਹ ਰੁਕਣਗੀਆਂ ਨਹੀਂ ਜੇਕਰ ਸਿੱਖ ਇਕਜੁੱਟ ਨਹੀਂ ਹੁੰਦੇ। ਮਾਨ ਨੇ 40 ਸਾਲ ਪਹਿਲਾਂ ਪਾਸ ਹੋਏ ਖਾਲਿਸਤਾਨ ਸਬੰਧੀ ਸਰਬੱਤ ਖਾਲਸਾ ਮਤੇ ਨੂੰ ਯਾਦ ਕਰਦਿਆਂ 26 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਅਤੇ ਇਕੱਠ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਸਾਰੇ ਅਕਾਲੀ ਧੜਿਆਂ ਨੂੰ ਬਿਨਾਂ ਕਿਸੇ ਸ਼ਰਤ ਦੇ ਇਕੱਠੇ ਹੋਣ ਦਾ ਸੱਦਾ ਦਿੱਤਾ ਤਾਂ ਜੋ ਵੰਡ ਅਤੇ ਰਾਜਨੀਤਿਕ ਸ਼ੋਸ਼ਣ ਦਾ ਅੰਤ ਕੀਤਾ ਜਾ ਸਕੇ।ਅੰਤ ਵਿੱਚ ਮਾਨ ਨੇ ਵਿਸ਼ਵਾਸ ਜਤਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਉਣ ਵਾਲੇ ਧਾਰਮਿਕ ਪ੍ਰੋਗਰਾਮ ਨੂੰ ਪੂਰਾ ਸਮਰਥਨ ਦੇ ਰਹੀ ਹੈ ਅਤੇ ਅਰਦਾਸ ਨੂੰ ਸਹੀ ਢੰਗ ਨਾਲ ਕਰਵਾਇਆ ਜਾਵੇਗਾ। ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ, ਜਥੇਬੰਦਕ ਸਕੱਤਰ ਮਾਝਾ ਜਸਵੀਰ ਸਿੰਘ ਬਚੜੇ, ਨਿਜੀ ਸਕੱਤਰ ਉਪਿੰਦਰਪ੍ਰਤਾਪ ਸਿੰਘ ਜੀ ਹਾਜ਼ਰ ਸਨ ।

# ਯੁਵਾ ਆਪਦਾ ਮਿੱਤਰ ਸਕੀਮ ਤਹਿਤ ਬਾਬਾ ਕੁੰਮਾ ਇੰਜੀਨੀਅਰਿੰਗ ਕਾਲਜ ਵਿਖੇ ਟ੍ਰੇਨਿੰਗ ਦਾ ਚੌਥਾ ਦਿਨ



ਅੰਮ੍ਰਿਤਸਰ, 25 ਜਨਵਰੀ( ਬਬਲੂ ਮਹਾਜਨ) :ਅਪ ਸਕੇਲਿੰਗ ਆਫ਼ ਆਪਦਾ ਮਿੱਤਰ ਯੁਵਾ ਆਪਦਾ ਮਿੱਤਰ ਸਕੀਮ ਤਹਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪੰਜਾਬ ਦੇ ਯੂਥ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ, ਜਿਸ ਵਿੱਚ ਟ੍ਰੇਨਿੰਗ ਦੇ ਚੌਥੇ ਦਿਨ ਵਲੰਟੀਅਰਾਂ ਨੂੰ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ।ਬਾਬਾ ਕੁੰਮਾ ਇੰਜੀਨੀਅਰਿੰਗ ਕਾਲਜ ਵਿੱਚ ਅੱਜ ਮੁੱਢਲੀ ਸਹਾਇਤਾ ਬਾਰੇ ਦੱਸਣ ਲਈ ਸਿਵਲ ਡਿਫੈਂਸ ਦੇ ਵਲੰਟੀਅਰ ਅਤੇ ਮੁੱਢਲੀ ਸਹਾਇਤਾ ਦੇ ਮਾਹਿਰ ਯੁੱਸੁਫ਼ ਪੁਹੰਚੇ ਅਤੇ ਉਨ੍ਹਾਂ ਦੇ ਨਾਲ ਹੀ ਅੰਮ੍ਰਿਤਸਰ ਦੇ ਸਿਵਿਲ ਹਸਪਤਾਲ ਦੇ ਮੈਡੀਕਲ ਅਫ਼ਸਰ ਸਪੈਸ਼ਲਿਸਟ ਅਨੈਥੀਸੀਆ ਡਾਕਟਰ ਕਮਲਪ੍ਰੀਤ ਸਿੰਘ ਰਿਆਰ, ਡਾਕਟਰ ਨਿਖਿਲ ਨਾਜ਼ ਪੁਹੰਚੇ। ਇਸ ਦੇ ਨਾਲ ਹੀ ਕੋਡੀਨੇਟਰ ਅੰਕੁਸ਼ ਸ਼ਰਮਾ ਅਤੇ ਸਮੂਹ ਮੈਗਸੀਪਾ ਟੀਮ ਵੱਲੋਂ ਸੀ.ਪੀ.ਆਰ ਦੇ ਪ੍ਰੈਕਟੀਕਲ ਕਰਵਾਏ ਗਏ। ਇਸ ਸਭ ਦੌਰਾਨ ਐਨ.ਸੀ.ਸੀ ਵਲੰਟੀਅਰ ਐਨ.ਸੀ.ਸੀ ਐਸ.ਐਮ.ਓ, ਜੀ,ਆਈ,ਸੀ ਅਤੇ ਸਮੂਹ ਇੰਸਟਰਕਟਰ ਸ਼ਾਮਲ ਸਨ।

==—

## ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਸ਼ੁਰੂ ਹੋਵੇਗੀ ਕਿਸਾਨ ਜਾਗਰੂਕਤਾ ਯਾਤਰਾ : ਡੱਲੇਵਾਲ



ਸੰਗਰੂਰ 25 ਜਨਵਰੀ (ਹਰਕੰਵਲ ਸਿੰਘ ਹੈਪੀ) ਭਾਰਤੀ ਕਿਸਾਨ ਏਕਤਾ ਸਿੱਧੂਪੁਰ ਵੱਲੋਂ ਗੁਰਦੁਆਰਾ ਨਾਨਕੀਆਣਾ ਸਾਹਿਬ ਸੰਗਰੂਰ ਵਿਖੇ ਸੂਬਾ ਪੱਧਰੀ ਵਧਵੀਂ ਮੀਟਿੰਗ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਸੂਬਾ ਕਮੇਟੀ, ਜ਼ਿਲ੍ਹਾ ਕਮੇਟੀਆਂ, ਬਲਾਕ ਕਮੇਟੀਆਂ, ਪਿੰਡ ਇਕਾਈਆਂ ਦੇ ਆਗੂਆਂ ਤੋਂ ਇਲਾਵਾ ਹਜ਼ਾਰਾਂ ਦੀ ਤਾਦਾਦ ਸਰਗਰਮ ਵਰਕਰ ਹਾਜ਼ਰ ਹੋਏ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਕੇਯੂ ਸਿੱਧੂਪੁਰ ਦੇ ਪ੍ਰਧਾਨ ਤੇ ਐਸਕੇਐਮ ਗੈਰ ਸਿਆਸੀ ਦੇ ਕੌਮੀ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਕਿਸਾਨੀ ਮੰਗਾਂ, ਮਸਲਿਆਂ ਅਤੇ ਸਰਕਾਰ ਵੱਲੋਂ ਕਿਸਾਨੀ ਨੂੰ ਖਤਮ ਕਰਨ ਲਈ ਲਿਆਂਦੇ ਜਾ ਰਹੇ ਕਾਨੂੰਨਾਂ ਪ੍ਰਤੀ ਜਾਗਰੂਕ ਕਰਨ ਲਈ ਕੀਤੀ ਗਈ ਹੈ । ਸ ਡੱਲੇਵਾਲ ਨੇ ਦੱਸਿਆ ਕਿ ਐਸਕੇਐਮ ਗੈਰ ਸਿਆਸੀ ਵੱਲੋਂ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਕਿਸਾਨ ਜਾਗਰੁਕਤਾ ਯਾਤਰਾ ਕੱਢੀ ਜਾਵਗੀ ਜਿਸਦੀ ਸ਼ੁਰੂਆਤ 7 ਫਰਵਰੀ ਨੂੰ ਤਾਮਿਲਨਾਡੂ ਵਿੱਚ ਇੱਕ ਵੱਡੀ ਕਿਸਾਨ ਮਹਾਂ ਪੰਚਾਇਤ ਕਰਕੇ ਕੀਤੀ ਜਾਵੇਗੀ । ਇਹ ਯਾਤਰਾ ਵੱਖ-ਵੱਖ ਰਾਜਾਂ ਚ ਕਿਸਾਨ ਮਹਾਂ ਪੰਚਾਇਤਾਂ ਕਰਕੇ ਅੱਗੇ ਵਧੇਗੀ ਤੇ ਹਰ ਰਾਜ ਵਿੱਚ ਕਿਸਾਨੀ ਮੰਗਾਂ ਨੂੰ ਲੈ ਕੇ ਉਥੇ ਦੇ ਮੁੱਖ ਮੰਤਰੀ ਜਾਂ ਗਵਰਨਰ ਨੂੰ ਮੈਮੋਰੰਡਮ ਵੀ ਦਿੱਤਾ ਜਾਵੇਗਾ। ਸ ਡੱਲੇਵਾਲ ਨੇ ਦੱਸਿਆ ਕਿ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਹੀ 20 ਜਨਵਰੀ ਨੂੰ ਖਨੌਰੀ ਮੋਰਚੇ ਦੇ ਸ਼ਹੀਦ ਕਿਸਾਨ ਸ਼ੁਭਕਰਨ ਸਿੰਘ ਬੱਲੋ ਦੇ ਪਿੰਡ ਤੋਂ ਕਿਸਾਨੀ ਮੰਗਾਂ ਦੇ ਸਮਰਥਨ ਚ ਇੱਕ ਦੇਸ਼ ਪੱਧਰੀ ਦਸਤਖਤ ਮੁਹਿੰਮ ਸ਼ੁਰੂ ਕੀਤੀ ਗਈ ਹੈ , ਪਿੰਡਾਂ ਚ ਪਾਏ ਇਨਾਂ ਮਤਿਆਂ ਨੂੰ ਇਕੱਠਾ ਕਰਕੇ 19 ਮਾਰਚ ਨੂੰ ਯਾਤਰਾ ਦੇ ਸਮਾਪਨ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸੌਂਪਿਆ ਜਾਵੇਗਾ । ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਕਿਹਾ ਕਿ ਦੇਸ਼ ਦੀ ਕਿਸਾਨੀ ਨੂੰ ਖੁਦਕਸ਼ੀਆਂ ਤੋਂ ਬਚਾਉਣ ਲਈ ਐਮਐਸਪੀ ਗਰੰਟੀ ਕਾਨੂੰਨ ਦਾ ਹੋਣਾ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਫਸਲਾਂ ਦੇ ਭਾਅ ਮਿਲਣਾ ਤੇ ਇੱਕ ਵਾਰ ਕਿਸਾਨਾਂ ਦੀ ਸਮੁੱਚੀ ਕਰਜਾ ਮੁਆਫੀ ਹੋਣਾ ਅਤੀ ਜਰੂਰੀ ਮੰਗਾਂ ਹਨ , ਇਹ ਤਿੰਨੋਂ ਮੰਗਾਂ ਕਿਸਾਨਾਂ ਦੀ ਲਾਇਫ ਲਾਇਨ ਹਨ , ਕਿਸਾਨੀ ਨੂੰ ਬਚਾਉਣ ਲਈ ਇਨਾਂ ਮੰਗਾਂ ਨੂੰ ਮਨਾਉਣ ਲਈ ਲੜਾਈ ਲੜਨਾ ਅਤੀ ਜਰੂਰੀ ਹੈ ਪਰ ਬਹੁਤੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਬਹੁਤ ਹੀ ਸ਼ਾਤਰਾਨਾ ਢੰਗ ਨਾਲ ਇਨਾਂ ਮੁੱਖ ਮੰਗਾਂ ਤੋਂ ਪਾਸਾ ਵੱਟਿਆ ਹੋਇਆ ਹੈ, ਇੱਥੋਂ ਤੱਕ ਕਿ ਉਨ੍ਹਾਂ ਆਗੂਆਂ ਨੇ ਖਨੌਰੀ ਮੋਰਚੇ ਦੌਰਾਨ ਐਸਕੇਐਮ ਗੈਰ ਸਿਆਸੀ ਨੂੰ ਲਿਖੇ ਏਕਤਾ ਪੱਤਰ ਚ ਵੀ ਐਮਐਸਪੀ ਗਰੰਟੀ ਕਾਨੂੰਨ ਦੀ ਮੰਗ ਸਾਰੀਆਂ ਮੰਗਾਂ ਤੋਂ ਪਿੱਛੇ ਲਿਜਾਣ ਲਈ ਲਿਖਿਆ ਸੀ। ਸੂਬਾ ਆਗੂ ਜਸਵੀਰ ਸਿੰਘ ਸਿੱਧੂਪੁਰ,ਮਾਨ ਸਿੰਘ ਰਾਜਪੁਰਾ ਨੇ ਕਿਹਾ ਕਿ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿਲ ਤੇ ਬੀਜ ਐਕਟ ਨੂੰ ਰੋਕਣ ਸਮੇਤ ਹੋਰ ਮੰਗਾਂ ਪ੍ਰਤੀ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ । ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਧਾਨ ਸੰਗਰੂਰ ਸੁਰਜੀਤ ਸਿੰਘ, ਸੰਗਠਨ ਸਕੱਤਰ ਸੁਖਦੇਵ ਲਹਿਲ ਕਲਾਂ ਵੱਲੋਂ ਜਥੇਬੰਦੀ ਵਿਰੋਧੀ ਗਤੀਵਿਧੀਆਂ ਚ ਹਿੱਸਾ ਲੈਣ ਦੇ ਚਲਦਿਆਂ ਉਨ੍ਹਾਂ ਦਾ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਹੈ, ਜ਼ਿਲ੍ਹਾ ਮੀਤ ਪ੍ਰਧਾਨ ਗੁਰਬਖਸ਼ੀਸ਼ ਸਿੰਘ ਬਾਲਦ ਕਲਾਂ ਨੂੰ ਜ਼ਿਲ੍ਹਾ ਕਨਵੀਨਰ ਨਿਯੁਕਤ ਕੀਤਾ ਗਿਆ। ਇਸ ਮੌਕੇ ਰਣ ਸਿੰਘ ਚੱਠਾ ਸੰਗਰੂਰ, ਬੋਹੜ ਸਿੰਘ ਫਰੀਦਕੋਟ, ਇੰਦਰਜੀਤ ਸਿੰਘ ਘਣੀਆਂ, ਬਲਦੇਵ ਸਿੰਘ ਸੰਦੋਹਾ ਬਠਿੰਡਾ, ਗੁਰਜਿੰਦਰ ਸਿੰਘ ਗੱਗੀ ਫਤਿਹਗੜ੍ਹ ਸਾਹਿਬ, ਜਗਦੀਪ ਸਿੰਘ ਪਟਿਆਲਾ, ਲਵਜੀਤ ਸਿੰਘ ਮੋਗਾ,ਤਰਸੇਮ ਸਿੰਘ ਮਾਨਸਾ, ਸੁਖਿੰਦਰ ਸਿੰਘ ਲੁਧਿਆਣਾ, ਨਛੱਤਰ ਸਿੰਘ ਬਰਨਾਲਾ, ਕਰਮਜੀਤ ਨੰਗਲੀ ਅੰਮ੍ਰਿਤਸਰ, ਇਕਬਾਲ ਸਿੰਘ ਫਿਰੋਜ਼ਪੁਰ, ਰਣਜੀਤ ਸਿੰਘ ਫਿਰੋਜ਼ਪੁਰ, ਪ੍ਰਗਟ ਸਿੰਘ ਫਾਜ਼ਿਲਕਾ, ਬਲਜੀਤ ਸਿੰਘ ਮੁਕਤਸਰ, ਕੁਲਵਿੰਦਰ ਸਿੰਘ ਜਲੰਧਰ, ਗੁਲਾਬ ਸਿੰਘ ਗੁਰਦਾਸਪੁਰ, ਬਲਕਾਰ ਸਿੰਘ ਨਵਾਂ ਸ਼ਹਿਰ, ਜਸਵਿੰਦਰ ਸਿੰਘ ਮੋਹਾਲੀ, ਰਣਜੀਤ ਸਿੰਘ ਤਰਨਤਾਰਨ, ਰਾਮਫਲ ਸਿੰਘ ਜਲੂਰ, ਕੇਵਲ ਸਿੰਘ ਜਵੰਧਾ, ਜਸਵੰਤ ਸਿੰਘ ਛਾਹੜ, ਕਰਮਜੀਤ ਸਿੰਘ ਬਾਲਦ ਕਲਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜ਼ਿਲ੍ਹਾ, ਬਲਾਕ, ਪਿੰਡ ਕਮੇਟੀਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ।

## ਮਿਹਨਤ, ਨਿਸ਼ਠਾ ਅਤੇ ਸਮਰਪਣ ਨੇ ਬਣਾਇਆ ਕੌਮੀ ਤੇ ਅੰਤਰਰਾਸ਼ਟਰੀ ਪਛਾਣ ਦਾ ਰਾਹ



ਫ਼ਿਰੋਜ਼ਪੁਰ, 25 ਜਨਵਰੀ (ਤਿਵਾੜੀ): ਇਹ ਕਹਾਵਤ ਬਿਲਕੁਲ ਸੱਚ ਸਾਬਤ ਹੁੰਦੀ ਹੈ ਕਿ ਜਦੋਂ ਕੋਈ ਵਿਅਕਤੀ ਆਪਣੀ ਡਿਊਟੀ ਨੂੰ ਸਿਰਫ਼ ਨੌਕਰੀ ਨਾ ਸਮਝ ਕੇ ਦਿਲੋਂ ਸ਼ਿੱਦਤ, ਇਮਾਨਦਾਰੀ ਅਤੇ ਪੂਰੇ ਸਮਰਪਣ ਨਾਲ ਨਿਭਾਉਂਦਾ ਹੈ ਤਾਂ ਉਸ ਦੀ ਮਿਹਨਤ ਇਕ ਦਿਨ ਮਿਸਾਲ ਬਣ ਜਾਂਦੀ ਹੈ। ਇਸ ਗੱਲ ਨੂੰ ਅਮਲ ਵਿੱਚ ਸਾਬਤ ਕਰਕੇ ਦਿਖਾਇਆ ਹੈ ਸਰਕਾਰੀ ਪ੍ਰਾਇਮਰੀ ਸਕੂਲ ਕਾਲੀਏ ਵਾਲਾ, ਬਲਾਕ ਘੱਲ ਖੁਰਦ ਦੇ ਮਿਹਨਤੀ, ਦੂਰਦਰਸ਼ੀ ਅਤੇ ਸਮਰਪਿਤ ਅਧਿਆਪਕ ਜਸਵਿੰਦਰਪਾਲ ਸਿੰਘ ਜੀ ਨੇ, ਜਿਨ੍ਹਾਂ ਨੇ ਆਪਣੀ ਲਗਾਤਾਰ ਮਿਹਨਤ ਅਤੇ ਸੇਵਾ ਭਾਵ ਨਾਲ ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਕੌਮੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ ਹੈ। ਜਸਵਿੰਦਰ ਪਾਲ ਸਿੰਘ ਜੀ ਨੇ ਲਗਭਗ ਤਿੰਨ ਮਹੀਨੇ ਪਹਿਲਾਂ ਨੈਸ਼ਨਲ ਪੱਧਰ ਦੀ ਵਾਈਐਲਏਸੀਸੀ ਟ੍ਰੇਨਿੰਗ ਪ੍ਰਾਪਤ ਕੀਤੀ ਸੀ, ਜਿਸ ਦਾ ਮੁੱਖ ਉਦੇਸ਼ ਟ੍ਰੇਨਿੰਗ ਦੌਰਾਨ ਮਿਲੀ ਜਾਣਕਾਰੀ, ਨੇਤ੍ਰਤਵ ਗੁਣਾਂ, ਸਮਾਜਿਕ ਜਾਗਰੂਕਤਾ ਅਤੇ ਐਡਵੈਂਚਰ ਅਧਾਰਿਤ ਗਤੀਵਿਧੀਆਂ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਣਾ ਅਤੇ ਉਨ੍ਹਾਂ ਨੂੰ ਨੈਸ਼ਨਲ ਪੋਰਟਲ 'ਤੇ ਆਨਲਾਈਨ ਰਜਿਸਟਰ ਕਰਵਾਉਣਾ ਸੀ। ਉਨ੍ਹਾਂ ਨੇ ਇਸ ਟ੍ਰੇਨਿੰਗ ਨੂੰ ਸਿਰਫ਼ ਕਾਗਜ਼ੀ ਕਾਰਵਾਈ ਤੱਕ ਸੀਮਤ ਨਾ ਰੱਖਦਿਆਂ, ਬਲਕਿ ਜ਼ਮੀਨੀ ਪੱਧਰ 'ਤੇ ਪੂਰੀ ਤਨਦੇਹੀ ਨਾਲ ਲਾਗੂ ਕੀਤਾ। ਬੱਚਿਆਂ ਨਾਲ ਲਗਾਤਾਰ ਸੰਪਰਕ ਬਣਾਇਆ, ਉਨ੍ਹਾਂ ਨੂੰ ਪ੍ਰੇਰਿਤ ਕੀਤਾ, ਨੇਤ੍ਰਤਵ, ਅਨੁਸ਼ਾਸਨ ਅਤੇ ਟੀਮ ਵਰਕ ਦੇ ਗੁਣ ਸਿਖਾਏ ਅਤੇ ਆਨਲਾਈਨ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਮਾਰਗਦਰਸ਼ਨ ਦਿੱਤਾ। ਇਸ ਅਥਾਹ ਮਿਹਨਤ ਦਾ ਨਤੀਜਾ ਇਹ ਨਿਕਲਿਆ ਕਿ ਵਾਈਐਲਏਸੀਸੀ ਟ੍ਰੇਨਿੰਗ ਹੇਠ ਕੁੱਲ 1289 ਵਿਦਿਆਰਥੀਆਂ ਨੂੰ ਸਫ਼ਲਤਾਪੂਰਵਕ ਟ੍ਰੇਨਿੰਗ ਦਿੱਤੀ ਗਈ, ਜਿਨ੍ਹਾਂ ਵਿੱਚ 531 ਲੜਕੀਆਂ ਅਤੇ 758 ਲੜਕੇ ਸ਼ਾਮਲ ਹਨ। ਇਹ ਅੰਕੜੇ ਲਿੰਗ ਸਮਾਨਤਾ, ਵਿਦਿਆਰਥੀਆਂ ਦੀ ਵਿਆਪਕ ਭਾਗੀਦਾਰੀ ਅਤੇ ਸਰਕਾਰੀ ਸਕੂਲਾਂ ਵਿੱਚ ਮਿਲ ਰਹੀ ਗੁਣਵੱਤਾ ਭਰੀ ਸਿੱਖਿਆ ਦਾ ਸਪਸ਼ਟ ਪ੍ਰਮਾਣ ਹਨ। ਵਿਦਿਆਰਥੀਆਂ ਦੀ ਸਰਗਰਮ ਹਿੱਸੇਦਾਰੀ, ਆਨਲਾਈਨ ਦਰਜਗੀਰੀ ਅਤੇ ਟ੍ਰੇਨਿੰਗ ਦੇ ਪ੍ਰਭਾਵਸ਼ਾਲੀ ਨਤੀਜਿਆਂ ਨੂੰ ਧਿਆਨ ਵਿੱਚ ਰੱਖਦਿਆਂ, ਨੈਸ਼ਨਲ ਪੱਧਰ ਵੱਲੋਂ ਅਧਿਆਪਕ ਜਸਵਿੰਦਰ ਪਾਲ ਸਿੰਘ ਜੀ ਨੂੰ ਇੰਟਰਨੈਸ਼ਨਲ ਐਡਵੈਂਚਰ ਪ੍ਰੋਗਰਾਮ ਪਚਮੜੀ ਲਈ ਸੱਦਾ ਪੱਤਰ ਭੇਜਿਆ ਗਿਆ ਹੈ। ਇਸ ਅੰਤਰਰਾਸ਼ਟਰੀ ਪ੍ਰੋਗਰਾਮ ਵਿੱਚ ਦੁਨੀਆ ਦੇ 10 ਦੇਸ਼ਾਂ ਦੇ ਪ੍ਰਤੀਨਿਧੀ ਭਾਗ ਲੈ ਰਹੇ ਹਨ, ਜਿੱਥੇ ਵੱਖ-ਵੱਖ ਦੇਸ਼ਾਂ ਦੇ ਅਨੁਭਵ, ਸਿੱਖਿਆਕ ਮਾਡਲ ਅਤੇ ਐਡਵੈਂਚਰ ਗਤੀਵਿਧੀਆਂ ਸਾਂਝੀਆਂ ਕੀਤੀਆਂ ਜਾਣਗੀਆਂ। ਪੂਰੇ ਭਾਰਤ ਵਿੱਚੋਂ ਕੇਵਲ 41 ਅਧਿਆਪਕਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਪੰਜਾਬ ਰਾਜ ਦੀ ਨੁਮਾਇੰਦਗੀ ਲਈ ਸਿਰਫ਼ ਇੱਕ ਅਧਿਆਪਕ ਜਸਵਿੰਦਰ ਪਾਲ ਸਿੰਘ ਨੂੰ ਚੁਣਿਆ ਗਿਆ ਹੈ ਜੋ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਅਤੇ ਪੰਜਾਬ ਲਈ ਮਾਣ ਦੀ ਗੱਲ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸੁਨੀਤਾ ਰਾਣੀ ਨੇ ਕਿਹਾ ਕਿ ਜਸਵਿੰਦਰ ਪਾਲ ਸਿੰਘ ਵਰਗੇ ਅਧਿਆਪਕ ਸਿੱਖਿਆ ਵਿਭਾਗ ਦੀ ਅਸਲ ਤਾਕਤ ਹਨ, ਜੋ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਯਤਨਸ਼ੀਲ ਰਹਿੰਦੇ ਹਨ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਕੋਮਲ ਅਰੋੜਾ ਨੇ ਉਨ੍ਹਾਂ ਦੀ ਯੋਜਨਾਬੱਧ ਕਾਰਗੁਜ਼ਾਰੀ ਅਤੇ ਨਤੀਜਾ-ਮੁਖੀ ਸੋਚ ਦੀ ਸ਼ਲਾਘਾ ਕੀਤੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਘੱਲ ਖੁਰਦ ਅੰਮ੍ਰਿਤਪਾਲ ਸਿੰਘ ਬਰਾੜ ਨੇ ਉਨ੍ਹਾਂ ਨੂੰ ਹੋਰ ਅਧਿਆਪਕਾਂ ਲਈ ਪ੍ਰੇਰਣਾ ਸਰੋਤ ਦੱਸਿਆ। ਇਸ ਮੌਕੇ ਸਹਿਕਰਮੀ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਸਮੂਹ ਜਨਤਾ ਵੱਲੋਂ ਵੀ ਜਸਵਿੰਦਰ ਪਾਲ ਸਿੰਘ ਜੀ ਨੂੰ ਦਿਲੋਂ ਵਧਾਈਆਂ ਅਤੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਮੇਜਰ ਸਿੰਘ ਹੈੱਡ ਟੀਚਰ ਛਿੱਡੇ, ਚਰਨਜੀਤ ਸਿੰਘ ਹੈੱਡ ਟੀਚਰ ਕੱਬਰਵੱਛਾ, ਹਰਮੰਦਰ ਸਿੰਘ ਸੀਐਚਟੀ , ਸਮਸ਼ੇਰ ਸਿੰਘ ਸੀਐਚਟੀ, ਬਿਬੇਕਾਨੰਦ ਸੀਐਚਟੀ, ਗੁਰਜੰਟ ਸਿੰਘ ਐਚਟੀ,ਮਹਿੰਦਰ ਪਾਲ ਚੌਹਾਨ, ਭਾਰਤ ਭੂਸ਼ਣ, ਹਰਵਿੰਦਰ ਸਿੰਘ,ਸੁਨੀਲ ਕੁਮਾਰ ਐਚਟੀ, ਸੁਭਾਸ਼ ਸਿੰਘ ਐਚਟੀ, ਹਰਵਿੰਦਰ ਸਿੰਘ, ਨਿਸ਼ਾਨ ਸਿੰਘ, ਸੁਖਵੀਰ ਸਿੰਘ ਆਦਿ ਹਾਜ਼ਰ ਸਨ।

## ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਫ੍ਰੀ ਖੂਨਦਾਨ ਤੇ ਮੈਡੀਕਲ ਕੈਂਪ ਲਗਾਏ



ਆਦਮਪੁਰ 25 ਜਨਵਰੀ (ਅਮਰਜੀਤ ਸਿੰਘ ਸੈਣੀ) ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬਾਬਾ ਦੀਪ ਸਿੰਘ ਜੀ ਦੇ ਜਨਮ ਸਥਾਨ ਪਿੰਡ ਪਾਹੂਵਿੰਡ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਸਿੰਘਾਂ ਵਿਖੇ ਤਿੰਨ ਦਿਨਾਂ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਦੀ ਜਾਣਕਾਰੀ ਦਿੰਦੇ ਹੋਏ ਡਾ: ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਆਨੰਦ ਹਸਪਤਾਲ ਅੰਮ੍ਰਿਤਸਰ ਰੋਡ ਭਿੱਖੀਵਿੰਡ ਵੱਲੋਂ ਮੈਡੀਕਲ ਕੈਂਪ ਖੂਨਦਾਨ ਕੈਂਪ ਵੱਖ-ਵੱਖ ਜਗ੍ਹਾ ਤੇ ਸੇਵਾ ਨਿਭਾਈ ਜਾਂਦੀ ਹੈ। ਅਤੇ ਅੱਜ ਤਿੰਨ ਦਿਨਾਂ ਮੈਡੀਕਲ ਅਤੇ ਖੂਨਦਾਨ ਕੈਂਪ ਵੀ ਬਾਬਾ ਦੀਪ ਸਿੰਘ ਜੀ ਦੇ ਸਥਾਨ ਵਿਖੇ ਲਗਾਇਆ ਗਿਆ ਹੈ, ਉਹਨਾਂ ਕਿਹਾ ਸਾਬਕਾ ਫੌਜੀਆਂ ਅਤੇ ਈਸੀਐਚਐਸ ਦੇ ਕਾਰਡ ਹੋਲਡਰਾਂ ਦਾ ਇਲਾਜ ਵੀ ਕੀਤਾ ਜਾਂਦਾ ਹੈ। ਐਸਜੀਪੀਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਡ ਹੋਲਡਰਾਂ ਦਾ ਵੀ ਇਲਾਜ ਕੀਤਾ ਜਾਂਦਾ ਹੈ। ਹਸਪਤਾਲ ਵਿੱਚ ਮੋਦੀ ਵਾਲੇ ਕਾਰਡ ਤੇ ਵੀ ਫ੍ਰੀ ਕੀਤੇ ਜਾਂਦੇ ਹਨ। ਅਤੇ ਅੱਜ ਬਾਬਾ ਦੀਪ ਸਿੰਘ ਜੀ ਦੇ ਜਨਮ ਸਥਾਨ ਪਿੰਡ ਪਾਹੂਵਿੰਡ ਵਿੱਚ ਵੀ ਮੈਡੀਕਲ ਅਤੇ ਖੂਨਦਾਨ ਕੈਂਪ ਲਗਾਏ ਗਏ ਹਨ ਅਤੇ ਇਸ ਸਥਾਨ ਤੇ ਭਾਰੀ ਗਿਣਤੀ ਵਿੱਚ ਸੇਵਾਦਾਰਾਂ ਨੇ ਖੂਨਦਾਨ ਕੀਤਾ ਹੈ ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਖੂਨਦਾਨ ਕਰਨ ਵਾਲਿਆਂ ਨੂੰ ਕਿੱਟਾਂ ਦਿੱਤੀਆਂ ਗਈਆਂ, ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

## ਮੇਰਾ ਯੁਵਾ ਭਾਰਤ ਵੱਲੋਂ ਰਾਸ਼ਟਰੀ ਵੋਟਰ ਦਿਵਸ ਨਾਲ ਸਬੰਧਿਤ ਸੈਮੀਨਾਰ ਆਯੋਜਿਤ

ਫਿਰੋਜ਼ਪੁਰ 25 ਜਨਵਰੀ ()ਮੇਰਾ ਯੁਵਾ ਭਾਰਤ ਅਤੇ ਖੇਡ ਮੰਤਰਾਲੇ (ਭਾਰਤ ਸਰਕਾਰ )ਦੇ ਮਾਈ ਭਾਰਤ ਪੋਰਟਲ ਅਧੀਨ



ਮੇਰਾ ਯੁਵਾ ਭਾਰਤ ਫਿਰੋਜ਼ਪੁਰ ਵੱਲੋਂ ਸ਼ਹੀਦ ਗੰਜ ਕਾਲਜ ਫਾਰ ਵੂਮੈਨ ਮੁੱਦਕੀ ਵਿਖੇ ਰਾਸ਼ਟਰੀ ਵੋਟਰ ਦਿਵਸ ਨਾਲ ਸੰਬੰਧਿਤ ਸੈਮੀਨਾਰ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਜ਼ਿਲ੍ਹਾ ਯੂਥ ਅਫ਼ਸਰ ਮੋਹਿਤ ਕੁਮਾਰ ਸੈਣੀ ਅਤੇ ਸਰਦਾਰ ਮਨਜੀਤ ਸਿੰਘ ਭੁੱਲਰ ਲੇਖਾ ਅਤੇ ਪ੍ਰੋਗਰਾਮ ਅਫ਼ਸਰ ਦੀ ਦੇਖ ਰੇਖ ਹੇਠ ਕਰਵਾਇਆ ਗਿਆ। ਮੁੱਖ ਮਹਿਮਾਨ ਨਾਇਬ ਤਹਸੀਲਦਾਰ ( ਚੋਣਾਂ) ਫਿਰੋਜ਼ਪੁਰ ਸਰਦਾਰ ਦਲਜੀਤ ਸਿੰਘ, ਕਾਲਜ ਪ੍ਰਿੰਸੀਪਲ ਗਗਨਦੀਪ ਕੌਰ, ਡਾਇਰੈਕਟਰ ਡਾਕਟਰ ਸੁਖਜੀਤ ਕੌਰ ਢਿੱਲੋਂ, ਚੇਅਰਮੈਨ ਸਰਦਾਰ ਰਛਪਾਲ ਸਿੰਘ ਮੱਲੀ ਨੇ ਵਿਸ਼ੇਸ ਮਹਿਮਾਨ ਦੇ ਤੋਰ ਤੇ ਸਿਰਕਤ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਕਾਲਜ ਦੀ ਪ੍ਰਿੰਸੀਪਲ ਗਗਨ ਦੀਪ ਕੌਰ ਨੇ ਮੁੱਖ ਮਹਿਮਾਨ ਅਤੇ ਮਹਿਮਾਨਾਂ ਨੂੰ ਜੀ ਆਇਆ ਕਿਹਾ।ਸਰਦਾਰ ਮਨਜੀਤ ਸਿੰਘ ਭੁੱਲਰ ਨੇ ਰਾਸ਼ਟਰੀ ਵੋਟਰ ਦਿਵਸ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆ ਕਿਹਾ ਕਿ ਹਰ ਯੋਗ ਨਾਗਰਿਕ ਨੂੰ ਬਿਨਾ ਕਿਸੇ ਡਰ ਦਬਾਅ ਜਾਂ ਲਾਲਚ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਚੋਣਾ ਚ ਵੱਧ ਤੋਂ ਵੱਧ ਭਾਗੀਦਾਰੀ ਨਾਲ ਹੀ ਲੋਕਤੰਤਰਿਕ ਪ ?ਣਾਲੀ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਇਕ ਜਵਾਬਦੇਹ ਸਚੇਤ ਅਤੇ ਮਜ਼ਬੂਤ ਸਮਾਜ ਦੀ ਸਥਾਪਨਾ ਸੰਭਵ ਹੁੰਦੀ ਹੈ। ਰਾਸ਼ਟਰੀ ਵੋਟਰ ਦਿਵਸ ਦਾ ਮਕਸਦ ਨੌਜਵਾਨ ਅਤੇ ਸਾਰੇ ਨਾਗਰਿਕ ਨੂੰ ਵੋਟ ਦੇਣ ਦੇ ਅਧਿਕਾਰ ਬਾਰੇ ਜਾਣੂ ਕਰਵਾਉਣ ਅਤੇ ਉਨ੍ਹਾਂ ਨੂੰ ਚੋਣਾਂ ਵਿੱਚ ਭਾਗ ਲੈਣ ਲਈ ਪੇਰਰਿਤ ਕਰਨਾ ਹੈ। ਇਹ ਦਿਵਸ ਭਾਰਤ ਦੇ ਚੋਣ ਆਯੋਗ ਦੀ ਸਥਾਪਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੋਟਰ ਦਿਵਸ ਨਾਲ ਸੰਬੰਧਿਤ ਆਪਣੇ ਵੱਖ-ਵੱਖ ਵਿਚਾਰ ਪੇਸ਼ ਕੀਤੇ। ਵੋਟ ਪਾਉਣ ਦੇ ਅਧਿਕਾਰ ਅਤੇ ਵੋਟਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਮੈਡਮ ਸੈਫੀ ਅਰੋੜਾ ਨੇ ਨੈਸ਼ਨਲ ਵੋਟਰ ਦਿਵਸ ਸਬੰਧੀ ਸਾਰਿਆ ਨੂੰ ਸੌਂਹ ਚੁਕਾਈ । ਨਾਇਬ ਤਹਿਸੀਲਦਾਰ (ਚੋਣਾਂ) ਸਰਦਾਰ ਦਲਜੀਤ ਸਿੰਘ ਨੇ ਵੋਟਾਂ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਅਤੇ 18 ਸਾਲ ਦੇ ਬੱਚਿਆਂ ਨੂੰ ਵੋਟ ਬਣਾਉਣ ਅਤੇ ਲੋਕਾਂ ਨੂੰ ਚੋਨ ਦੀ ਅਪੀਲ ਕੀਤੀ। ਸਰਦਾਰ ਰਛਪਾਲ ਸਿੰਘ ਮੱਲੀ ਨੇ ਵੀ ਇਸ ਮੌਕੇ ਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਮੁੱਖ ਮਹਿਮਾਨ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਰਦਾਰ ਮਨਜੀਤ ਸਿੰਘ ਭੁੱਲਰ, ਸਰਦਾਰ ਰਛਪਾਲ ਸਿੰਘ ਮੱਲੀ ਨੇ ਜਿਹੜੇ ਵਿਦਿਆਰਥੀ ਨੇ ਇਸ ਸਾਲ ਨਵੀ ਵੋਟ ਬਣਾਈ ਹੈ ਅਤੇ ਚੋਣਾ ਵਿੱਚ ਪਹਿਲੀ ਬਾਰ ਚੋਣਾ ਵਿੱਚ ਪਹਿਲੀ ਬਾਰ ਮੱਤਦਾਨ ਕਰਨ ਗੇ ਉਹਨਾਂ ਨੂੰ ਮੈਡਮ ? ,ਕੈਪ ਅਤੇ ਬੈਚ ਦੇਣ ਉਪਰੰਤ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਮੁੱਖ ਮਹਿਮਾਨ ਅਤੇ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸਰਦਾਰ ਮਨਜੀਤ ਸਿੰਘ ਭੁੱਲਰ ਵੱਲੋਂ ਵਿਦਿਆਰਥੀਆਂ ਨੂੰ ਕਾਲਜ ਦੇ ਸਾਰੇ ਵਿਦਿਆਰਥੀਆਂ ਦਾ ਅਤੇ ਕਮੇਟੀਮੈਂਬਰ, ਸਟਾਫ ਮੈਂਬਰ ਅਮਨਦੀਪ ਕੌਰ, ਸ਼ੈਫੀ ਅਰੋੜਾ, ਸੰਦੀਪ ਕੌਰ ਕਿਰਨਦੀਪ ਕੌਰ ,ਕੁਲਵਿੰਦਰ ਕੌਰ, ਗੁਰਵਿੰਦਰ ਸਿੰਘ, ਜਗਵਿੰਦਰ ਕੌਰ ,ਹਰਪ੍ਰੀਤ ਕੌਰ ,ਪਰਮਪ੍ਰੀਤ ਕੌਰ, ਅੰਮ੍ਰਿਤ ਕੌਰ ਆਦਿ ਦਾ ਪਰੋਗਰਾਮ ਨੂੰ ਸਫ਼ਲ ਬਨਾਉਣ ਲਈ ਧੰਨਵਾਦ ਕੀਤਾ। ਇਸ ਉਪਰੰਤ ਮੇਰਾ ਯੁਵਾ ਭਾਰਤ ਫਿਰੋਜ਼ਪੁਰ ਵੱਲੋਂ ਅਤੇ ਸਕੂਲ ਦੇ ਵਿਦਿਆਰਥੀਆਂ ਸਟਾਫ ਮੈਂਬਰਾਂ ਰਾਹੀਂ ਵੋਟਰ ਦਿਵਸ ਨਾਲ ਸੰਬੰਧਿਤ ਵਿਸਾਲ ਰੈਲੀ ਕੱਢੀ ਗਈ ।

## ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਪਿੰਡ ਗੁਲਾਬਾ ਭੈਣੀ ਵਿਚ ਹੜ ਪ੍ਰਭਾਵਿਤ ਪਰਿਵਾਰ ਨੂੰ ਨਵਾਂ ਘਰ ਬਣਾਕੇ ਦਿੱਤਾ

ਫਾਜ਼ਿਲਕਾ 25 ਦਸੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪਿਛਲੇ ਸਮੇਂ ਆਏ ਹੜ ਦੌਰਾਨ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਜਿਲਾ ਫ਼ਾਜ਼ਿਲਕਾ ਦੇ ਹੜ ਪ੍ਰਭਾਵਿਤ ਏਰੀਆ ਵਿਚ ਜਿੱਥੇ ਵੱਖ-ਵੱਖ ਸੇਵਾਵਾਂ ਰਾਹੀਂ ਅਪਣਾ ਯੋਗਦਾਨ ਪਾਇਆ ਉੱਥੇ ਹੁਣ ਮੁੜ ਵਸੇਬੇ ਦੇ ਕਾਰਜਾਂ ਅਧੀਨ ਪਿੰਡ ਗੁਲਾਬਾ ਭੈਣੀ ਵਿਖੇ ਹੜ ਪ੍ਰਭਾਵਿਤ ਪਰਿਵਾਰ ਨੂੰ ਨਵਾਂ ਘਰ ਬਣਾ ਕੇ ਚਾਬੀ ਸੌਂਪੀ ਗਈ ।




ਇਸ ਮੌਕੇ ਨਵੇਂ ਘਰ ਦੀ ਚਾਬੀ ਸੌਂਪਣ ਸਮੇਂ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਪਹੁੰਚੇ ਸੇਵਾਦਾਰ ਭਾਈ ਸੁਖਦੇਵ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਲਗੀਧਰ ਟਰੱਸਟ ਦੇ ਮੁੱਖ ਸੇਵਾਦਾਰ ਅਤੇ ਪ੍ਰਧਾਨ ਡਾ.ਦਵਿੰਦਰ ਸਿੰਘ ਜੀ ਅਤੇ ਉਪ ਪ੍ਰਧਾਨ ਬਾਬਾ ਜਗਜੀਤ ਸਿੰਘ ਕਾਕਾ ਵੀਰ ਜੀ ਦੀ ਅਗਵਾਈ ਵਿੱਚ ਪੂਰੇ ਪੰਜਾਬ ਵਿੱਚ ਵੱਡੇ ਪੱਧਰ ਤੇ ਹੜ ਰਾਹਤ ਕਾਰਜ ਕੀਤੇ ਗਏ ਹਨ ਜਿਲਾ ਗੁਰਦਾਸਪੁਰ, ਅੰਮ੍ਰਿਤਸਰ,ਫ਼ਿਰੋਜ਼ਪੁਰ ਵਿੱਚ ਸੈਂਕੜੇ ਹੜ ਪ੍ਰਭਾਵਿਤ ਲੋਕਾਂ ਨੂੰ ਨਵੇਂ ਮਕਾਨ ਬਣਾਕੇ ਦਿੱਤੇ ਗਏ ਹਨ ਉਥੇ ਫ਼ਾਜ਼ਿਲਕਾ ਦੇ ਬਾਰਡਰ ਏਰੀਆ ਵਿੱਚ ਟਰੱਸਟ ਵੱਲੋਂ ਮੁੜ ਵਸੇਬੇ ਕਾਰਜਾਂ ਤਹਿਤ ਹੜ ਪੀੜਤਾਂ ਲਈ ਵੱਖ ਵੱਖ ਸਮਾਨ ਮੁਹੱਈਆ ਕਰਵਾਇਆ ਗਿਆ ਅਤੇ ਕੁਝ ਪਰਿਵਾਰਾਂ ਲਈ ਮਕਾਨ ਵੀ ਬਣਾਏ ਜਾ ਰਹੇ ਹਨ ਇਸ ਤਹਿਤ ਪਿੰਡ ਗੁਲਾਬਾ ਭੈਣੀ ਵਿਖੇ ਬਣੇ ਪਹਿਲੇ ਮਕਾਨ ਦੀਆਂ ਚਾਬੀਆਂ ਇਲਾਕੇ ਦੇ ਸਮਾਜ ਸੇਵੀ ਅਤੇ ਜ਼ਿਲਾ ਹਸਪਤਾਲ ਫ਼ਾਜ਼ਿਲਕਾ ਵਿੱਚ ਤੈਨਾਤ ਪੇਟ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਅਰਪਿਤ ਗੁਪਤਾ ਵੱਲੋਂ ਪਰਿਵਾਰ ਨੂੰ ਸੌਂਪੀਆਂ ਗਈਆਂ । ਇਸ ਮੌਕੇ ਕਲਗੀਧਰ ਟਰੱਸਟ ਦੇ ਵਲੰਟੀਅਰ ਸੇਵਾਦਾਰ ਸੁਖਜਿੰਦਰ ਸਿੰਘ, ਜਸਵਿੰਦਰ ਸਿੰਘ, ਮਨਦੀਪ ਸਿੰਘ ਸਮੇਤ ਪਿੰਡ ਦੇ ਸਰਪੰਚ, ਮੋਹਤਬਰ ਅਤੇ ਪਰਿਵਾਰ ਹਾਜ਼ਰ ਸੀ ।

## ਚਰਨਜੋਤ ਸਿੰਘ ਵਾਲੀਆ, ਬੈਸਟ ਚੋਣਕਾਰ ਰਜਿਸਟਰੇਸ਼ਨ ਅਫਸਰ ਚੁਣੇ

ਸੰਗਰੂਰ, 25 ਜਨਵਰੀ(ਹਰਕੰਵਲ ਸਿੰਘ ਹੈਪੀ)ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਿਤੀ 25 ਜਨਵਰੀ, 2026 ਨੂੰ ਪੂਰੇ ਭਾਰਤ ਦੇਸ਼ ਵਿੱਚ 16ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਰਾਸ਼ਟਰੀ ਵੋਟਰ ਦਿਵਸ ਮਨਾਉਣ ਦੀ ਸ਼ੁਰੂਆਤ 25 ਜਨਵਰੀ, 2011 ਨੂੰ ਕੀਤੀ ਗਈ ਸੀ ਅਤੇ ਇਸ ਉਪਰੰਤ ਇਹ ਹਰ ਸਾਲ ਇਸੇ ਮਿਤੀ ਭਾਵ 25 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਸ ਸਾਲ 25 ਜਨਵਰੀ, 2026 ਦੇ ਦਿਨ ਨੂੰ 16ਵਾਂ ਰਾਸ਼ਟਰੀ ਵੋਟਰ ਦਿਵਸ ਵਜੋਂਮਾਈ ਇੰਡੀਆ, ਮਾਈ ਵੋਟ ਦੇ ਥੀਮ ਹੇਠ ਰਾਜ, ਜ਼ਿਲ੍ਹਾ, ਵਿਧਾਨ ਸਭਾ ਚੋਣ ਹਲਕਾ ਪੱਧਰ ਤੇ ਹਰੇਕ ਪੋਲਿੰਗ ਸਟੇਸ਼ਨ ਲੋਕੇਸ਼ਨ ਤੇ ਮਨਾਇਆ ਗਿਆ।ਜ਼ਿਲ੍ਹਾ ਸੰਗਰੂਰ ਵਿੱਚ ਇਸ ਪ੍ਰੋਗਰਾਮ ਤਹਿਤ ਜ਼ਿਲ੍ਹਾ ਪੱਧਰ ਦਾ ਸਮਾਗਮ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਖੇ ਕਰਵਾਇਆ ਗਿਆ, ਜਿਸ ਵਿਚ ਸ਼੍ਰੀ ਰਾਹੁਲ ਚਾਬਾ, ਆਈ.ਏ.ਐਸ., ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸ਼ਰ, ਸੰਗਰੂਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਯੁਵਾ ਵੋਟਰਾਂ ਨੂੰ ਉਨ੍ਹਾਂ ਦੇ ਵੋਟਾਂ ਦੇ ਹੱਕ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਦੇ ਇਸ ਥੀਮ ਸਬੰਧੀ ਕਰਵਾਏ ਗਏ ਤਰਕ ਵਿਤਰਕ ਮੁਕਾਬਲੇ, ਲੇਖ ਮੁਕਾਬਲੇ ਆਦਿ ਪ੍ਰਤੀਯੋਗਤਾਵਾਂ ਵਿਚ ਅੱਵਲ ਆਏ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸੇ ਦੌਰਾਨ ਲਗਾਤਾਰ ਸੁਧਾਈ ਦੌਰਾਨ ਪਹਿਲੀ ਵਾਰ ਵੋਟਰ ਵਜੋਂ ਦਰਜ ਹੋਏ ਯੁਵਾ ਵੋਟਰਾਂ ਨੂੰ ਜ਼ਿਲ੍ਹਾ ਚੋਣ ਅਫਸਰ ਵੱਲੋਂ ਵੋਟਰ ਸਨਾਖ਼ਤੀ ਕਾਰਡ ਜਾਰੀ ਕੀਤੇ ਗਏ। ਸਮੂਹ ਹਾਜ਼ਰੀਨ ਵੱਲੋਂ ਆਪਣੀਆਂ ਵੋਟਾਂ ਬਣਵਾਉਣ, ਇਨ੍ਹਾਂ ਵੋਟਾਂ ਨੂੰ ਆਪਣੀ ਸਮਝ ਅਨੁਸਾਰ ਸਹੀ ਅਤੇ ਸੁਚੱਜੇ ਢੰਗ ਨਾਲ ਇਸਤੇਮਾਲ ਕਰਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਹਿੱਸਾ ਬਣ ਕੇ ਇਸ ਵਿੱਚ ਆਪਣੀ ਭਾਗੀਦਾਰੀ ਨਿਭਾਉਣ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਿਯੋਗ ਕਰਨ ਲਈ ਪ੍ਰਣ ਵੀ ਲਿਆ ਗਿਆ ।

## ਚਾਇਨਾ ਡੋਰ ਦੀ ਗਲ ਤੇ ਫਿਰਨ ਨਾਲ ਨਬਾਲਿਗ ਲੜਕਾ ਜ਼ਖਮੀ

ਟਾਂਡਾ ਉੜਮੁੜ 25 ਜਨਵਰੀ (ਅਰਜੁਨ ਜੈਨ) ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਸਖ਼ਤ ਹਦਾਇਤਾਂ ਤੇ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਸਖ਼ਤ ਨਿਰਦੇਸ਼ਾਂ ਦੇ ਬਾਵਜੂਦ ਵੀ ਚਾਇਨਾ ਡੋਰ ਦਾ ਬਾਜ਼ਾਰਾਂ ਵਿੱਚ ਵਿਕਣਾ ਅਜੇ ਤੱਕ ਬੰਦ ਨਹੀਂ ਹੋ ਸਕਿਆ , ਜਿਸਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ ਅਜਿਹਾ ਇੱਕ ਮਾਮਲਾ ਸਾਹਮਣੇ ਆਇਆ ਹੈ ਟਾਂਡਾ ਤੋਂ ਜਿੱਥੇ ਇੱਕ ਨਬਾਲਿਗ ਲੜਕਾ ਆਪਣੇ ਘਰ ਤੋਂ ਟਾਂਡਾ ਆਉਣ ਸਮੇਂ ਚਾਇਨਾ ਡੋਰ ਦਾ ਸ਼ਿਕਾਰ ਹੋਣ ਤੇ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਜਖਮੀ ਲੜਕੇ ਦੀ ਪਛਾਣ ਅਰਮਨਪ੍ਰੀਤ ਸਿੰਘ ਉਮਰ ਕਰੀਬ 16 ਸਾਲ ਪੁੱਤਰ ਮਨਦੀਪ ਸਿੰਘ ਸਿੰਘ ਵਾਸੀ ਤਹਿਸੀਲ ਰੋਡ ਟਾਂਡਾ ਵਜੋਂ ਹੋਈ। ਇਸ ਸਬੰਧੀ ਹਸਪਤਾਲ ਵਿਖੇ ਦੌਰਾਨ ਇਲਾਜ਼ ਜਾਣਕਾਰੀ ਦਿੰਦੇ ਹੋਏ ਅਰਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਮੋਟਰਸਾਈਕਲ ਤੇ ਸਵਾਰ ਹੋ ਕੇ ਪਿੰਡ ਜਾਜਾ ਤੋਂ ਆਪਣੇ ਘਰ ਵੱਲ ਆ ਰਿਹਾ ਸੀ ਕਿ ਜਦੋਂ ਉਹ ਟਾਂਡਾ ਰੇਲਵੇ ਪੁਲ ਤੇ ਪਹੁੰਚਿਆ ਤਾਂ ਅਚਾਨਕ ਉਸਦੇ ਗਲ ਉੱਤੇ ਚਾਇਨਾ ਡੋਰ ਫਿਰ ਗਈ , ਜਿਸ ਕਾਰਨ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਜਿਸ ਨੂੰ ਮੌਕੇ ਤੇ ਇਕੱਠੇ ਹੋਏ ਰਾਹਗੀਰਾਂ ਵਲੋਂ ਸਰਕਾਰੀ ਹਸਪਤਾਲ ਟਾਂਡਾ ਪਹੁੰਚਾਇਆਂ ਗਿਆ। ਉਸਨੇ ਦੱਸਿਆ ਕਿ ਡਾਕਟਰਾਂ ਵਲੋਂ ਉਸਦੇ ਕਰੀਬ 25 ਟਾਂਕੇ ਲਗਾਏ ਤੇ ਉਸਨੂੰ ਘਰ ਵਿੱਚ ਰੈਸਟ ਕਰਨ ਲਈ ਕਿਹਾ। ਇਸ ਮੌਕੇ ਜ਼ਖਮੀ ਲੜਕੇ ਦੇ ਪਿਤਾ ਨੇ ਦੱਸਿਆ ਕਿ ਅਰਮਨਪ੍ਰੀਤ ਸਿੰਘ ਉਸਦਾ ਇਕਲੌਤਾ ਲੜਕਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਨੂੰ ਚਾਇਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮੌਕੇ ਇਕੱਠੇ ਹੋਏ ਲੋਕਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਲੋਂ ਚਾਇਨਾ ਡੋਰ ਬੰਦ ਕਰਨ ਸਬੰਧੀ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਪਰ ਫਿਰ ਵੀ ਟਾਂਡਾ ਬਾਜ਼ਾਰ ਵਿੱਚ ਸ਼ਰੇਆਮ ਧੜੱਲੇ ਨਾਲ ਚਾਇਨਾ ਡੋਰ ਵਿਕ ਰਹੀ ਹੈ ਪਰ ਚਾਇਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਪੁਲਿਸ ਪ੍ਰਸ਼ਾਸਨ ਕੋਈ ਕਾਰਵਾਈ ਨਹੀਂ ਕਰ ਰਿਹਾ ਜੋਂ ਇੱਕ ਚਿੰਤਾ ਦਾ ਵਿਸ਼ਾ ਹੈ।

## ਜਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਫਾਜ਼ਿਲਕਾ ਵੱਲੋਂ ਗੁਰਦੁਆਰਾ ਸਾਹਿਬ ਦਾਨੇ ਵਾਲਾ ਸੱਤ ਕੋਸੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਰਾਣਾ ਵਿਖੇ ਆਯੂਸ਼ ਕੈਂਪ ਲਗਾਇਆ

ਫਾਜਿਲਕਾ 25 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਡਾਇਰੈਕਟਰ ਆਯੁਰਵੇਦਾ ਪੰਜਾਬ ਡਾਕਟਰ ਰਮਨ ਖੰਨਾ ਅਤੇ ਡਾਇਰੈਕਟਰ ਹੋਮਿਓਪੈਥਿਕ ਪੰਜਾਬ ਡਾਕਟਰ ਹਰੀਦਰਪਾਲ ਸਿੰਘ ਦੇ ਹੁਕਮਾਂ ਅਨੁਸਾਰ ਜਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਫਾਜ਼ਿਲਕਾ ਡਾਕਟਰ ਰਵੀ ਕਾਂਤ ਮਦਾਨ ਅਤੇ ਜ਼ਿਲ੍ਹਾ ਹੋਮਿਓਪੈਥਿਕ ਅਫਸਰ ਡਾਕਟਰ ਰਾਜੀਵ ਕੁਮਾਰ ਜਿੰਦੀਆਂ ਫਾਜ਼ਿਲਕਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਸਾਹਿਬ ਦਾਨੇ ਵਾਲਾ ਸੱਤ ਕੋਸੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਰਾਣਾ ਜ਼ਿਲ੍ਹਾ ਫਾਜਿਲਕਾ ਵਿਖੇ ਆਯੂਸ਼ ਕੈਂਪ ਆਯੋਜਿਤ ਕੀਤਾ ਗਿਆ ।




ਗੁਰਦੁਆਰਾ ਸਾਹਿਬ ਦਾਨੇ ਵਾਲਾ ਸੱਤ ਕੋਸੀ ਵਿਖੇ ਲਗਾਏ ਕੈਂਪ ਵਿੱਚ ਡਾਕਟਰ ਵਿਨੋਦ ਵਰਮਾ ਵੱਲੋਂ ਅੱਖਾਂ ਦਾ ਮੁਫ਼ਤ ਚੈੱਕ ਤੇ ਮੁਫ਼ਤ ਦਵਾਈਆਂ ਅਤੇ ਡਾਕਟਰ ਸੁਨੀਤਾ ਨੇ ਮਰੀਜ਼ਾਂ ਦੀ ਹੋਰ ਬਿਮਾਰੀਆਂ ਦਾ ਚੈੱਕ ਅਪ ਕੀਤਾ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਕਿਰਨ ਕੁਮਾਰੀ ਉਪਵੈਦ ਅਤੇ ਸਰੋਜ਼ ਰਾਣੀ ਉਪਵੈਦ ਨੇ ਆਯੁਰਵੈਦਿਕ ਦਵਾਈਆਂ ਦਿੱਤੀਆਂ। ਇਸ ਕੈਂਪ ਵਿੱਚ ਹੋਮਿਓਪੈਥੀ ਵਿਭਾਗ ਵੱਲੋਂ ਡਾਕਟਰ ਗੁਰਮੀਤ ਸਿੰਘ ਅਤੇ ਡਾਕਟਰ ਆਮਨਾਂ ਕੰਬੋਜ ਨੇ ਮਰੀਜ਼ਾਂ ਦਾ ਚੈੱਕ ਅਪ ਕੀਤਾ ਅਤੇ ਹੋਮਿਓਪੈਥਿਕ ਦਵਾਈਆਂ ਗੁਰਮਿੰਦਰ ਸਿੰਘ ਡਿਸਪੈਂਸਰ ਅਤੇ ਸਤਨਰਾਇਨ ਡਿਸਪੈਂਸਰ ਅਤੇ ਰਾਜ ਪਾਲ ਨੇ ਦਿੱਤੀਆਂ । ਕੈਂਪ ਵਿੱਚ ਆਯੁਰਵੈਦਿਕ ਡਾਕਟਰਾਂ ਵੱਲੋਂ 460 ਹੋਮਿਓਪੈਥੀਕ ਡਾਕਟਰਾਂ ਵੱਲੋਂ 430 ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ। ਕੈਂਪ ਇੰਚਾਰਜ ਡਾਕਟਰ ਵੱਲੋਂ ਮਰੀਜ਼ਾਂ ਨੂੰ ਆਯੁਰਵੇਦ ਅਤੇ ਯੋਗ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਵਿੱਚ ਰਾਜੂ ਰਾਮ ਤੇ ਸਰੋਜ਼ ਰਾਣੀ ਨੇ ਤਨਦੇਹੀ ਨਾਲ ਡਿਊਟੀ ਨਿਭਾਈ। ਇਸ ਕੈਂਪ ਮਰਮ ਚਕਿਤਸਾ ਰਾਹੀਂ ਮਰੀਜ਼ਾਂ ਦਾ ਇਲਾਜ ਵੀ ਕੀਤਾ ਗਿਆ। ਇਸੇ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਰਾਣਾ ਵਿਖੇ ਲਗਾਏ ਕੈਂਪ ਵਿਚ ਇਸਤਰੀ ਰੋਗ, ਉਦਰ ਰੋਗ, ਮਰਮ ਚਿਕਿਤਸਾ ਤੇ ਵੱਖ-ਵੱਖ ਤਰ੍ਹਾਂ ਦੀਆਂ ਹੋਰ ਬਿਮਾਰੀਆਂ ਦੇ ਮਰੀਜ਼ਾਂ ਦਾ ਚੈੱਕ ਅਪ ਕੀਤਾ ਅਤੇ ਸੀਰਤ ਗਗਨੇਜਾ ਉਪਵੈਦ ਤੇ ਸੰਦੀਪ ਕੁਮਾਰ ਉਪ ਆਯੁਰਵੈਦਿਕ ਦਵਾਈਆਂ ਮੁਫ਼ਤ ਵੰਡੀਆਂ।

ਇਸ ਕੈਂਪ ਵਿੱਚ ਹੋਮਿਓਪੈਥੀ ਵਿਭਾਗ ਵੱਲੋਂ ਡਾਕਟਰ ਕੁਨਾਲ ਕਿਰਤੀ ਮਲਿਕ ਅਤੇ ਡਾਕਟਰ ਆਮਨਾਂ ਕੰਬੋਜ ਨੇ ਮਰੀਜ਼ਾਂ ਦਾ ਚੈੱਕ ਅਪ ਕੀਤਾ ਅਤੇ ਹੋਮਿਓਪੈਥਿਕ ਦਵਾਈਆਂ ਸ: ਮੰਦਰ ਸਿੰਘ ਡਿਸਪੈਂਸਰ ਅਤੇ ਗੁਰਮਿੰਦਰ ਸਿੰਘ ਡਿਸਪੈਂਸਰ ਅਤੇ ਰਛਪਾਲ ਸਿੰਘ ਨੇ ਦਿੱਤੀਆਂ ।

ਕੈਂਪ ਵਿੱਚ ਆਯੁਰਵੈਦਿਕ ਡਾਕਟਰਾਂ ਵੱਲੋਂ 430 ਅਤੇ ਹੋਮਿਓਪੈਥਿਕ ਡਾਕਟਰਾਂ ਵੱਲੋਂ 342 ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ। ਕੈਂਪ ਇੰਚਾਰਜ ਡਾਕਟਰ ਵੱਲੋਂ ਮਰੀਜ਼ਾਂ ਨੂੰ ਆਯੁਰਵੇਦ ਅਤੇ ਯੋਗ ਅਤੇ ਮਰਮ ਚਿਕਿਤਸਾ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਵਿੱਚ ਪ੍ਰਿੰਸ ਕੁਮਾਰ (ਪਾਰਟ ਟਾਇਮ) ਕੁਲਵੰਤ ਕੁਮਾਰ ਅਤੇ ਨੀਤੂ ਸ਼ਰਮਾ (ਯੋਗਾ ਇੰਸਟ੍ਰਕਟਰ) ਸੁਮਿਤਰਾ ਦੇਵੀ (ਟ੍ਰੇਨੇਡ ਦਾਈ) ਨੇ ਤਨਦੇਹੀ ਨਾਲ ਡਿਊਟੀ ਨਿਭਾਈ। ਇਸ ਕੈਂਪ ਵਿੱਚ ਪਿੰਡ ਰਾਣਾ ਦੇ ਸਰਪੰਚ ਤੇ ਪੰਚਾਇਤ ਨੇ ਪਿੰਡ ਦੇ ਲੋਕਾਂ ਨੂੰ ਕੈਂਪ ਲਈ ਜਾਗਰੂਕ ਕੀਤਾ।

ਇਸ ਮੌਕੇ ਡਾਕਟਰ ਅਮਨਦੀਪ ਕੌਰ , ਡਾਕਟਰ ਇੰਦਰਾ ਰਾਣੀ, ਡਾਕਟਰ ਸਤਪਾਲ, ਡਾਕਟਰ ਸ਼ਾਇਨਾ ਹਾਜਰ ਸਨ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ

ਜਲੰਧਰ, 25 ਜਨਵਰੀ (ਸੰਦੀਪ ਕੌਲ)ਉੱਤਰੀ ਭਾਰਤ ਦੀ ਸਿਰਮੌਰ ਵਿੱਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਖ਼ਾਲਸਾ ਪੰਥ ਦੇ ਸਿਰਜਕ ਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਕਾਲਜ ਦੇ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਧਾਰਮਿਕ ਸਮਾਗਮ ਵਿੱਚ ਆਪਣੀ ਹਾਜ਼ਰੀ ਭਰੀ। ਸਹਿਜ ਪਾਠ ਦੇ ਭੋਗ ਉਪਰੰਤ ਭਾਈ ਭਾਰਤ ਸਿੰਘ ਜੀ ਜਵੱਦੀ ਟਕਸਾਲ, ਲੁਧਿਆਣਾ ਜੀ ਨੇ ਰਵਾਇਤੀ ਤੰਤੀ ਸਾਜਾਂ ਨਾਲ ਆਪਣੀ ਰਸਭਿੰਨੀ ਅਤੇ ਮਧੁਰ ਵਾਣੀ ਨਾਲ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ, ਖ਼ਾਲਸਾ ਪੰਥ ਦੀ ਸਾਜਨਾ ਅਤੇ ਸਿੱਖ ਧਰਮ ਨੂੰ ਦੇਣ ਨਾਲ ਸੰਬੰਧਤ ਸ਼ਬਦਾਂ ਦੇ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ, ਮੀਤ ਪ੍ਰਧਾਨ ਸ. ਦੀਪਇੰਦਰ ਸਿੰਘ ਪੁਰੇਵਾਲ, ਸੰਯੁਕਤ ਸਕੱਤਰ ਸ. ਜਸਪਾਲ ਸਿੰਘ ਵੜੈਚ, ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਅਤੇ ਸ. ਰਸ਼ਪਾਲ ਸਿੰਘ ਪਾਲ ਨੇ ਭਾਈ ਭਾਰਤ ਸਿੰਘ ਜੀ ਜਵੱਦੀ ਟਕਸਾਲ ਦੇ ਕੀਰਤਨੀ ਜੱਥੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸ਼ਖਸੀਅਤ ਸੰਬੰਧੀ ਦੱਸਦਿਆਂ ਕਿਹਾ ਕਿ ਗੁਰੂ ਜੀ ਇੱਕ ਧਾਰਮਿਕ ਆਗੂ ਹੋਣ ਦੇ ਨਾਲ ਨਾਲ ਨਿਪੁੰਨ ਤੇ ਉੱਚ ਕੋਟੀ ਦੇ ਯੋਧੇ ਅਤੇ ਮਹਾਨ ਲਿਖਾਰੀ ਸਨ। ਉਹਨਾਂ ਨੇ ਚੰਡੀ ਦੀ ਵਾਰ ਅਤੇ ਦਸਮ ਗ੍ਰੰਥ ਦੀ ਰਚਨਾ ਕਰਕੇ ਸਿੱਖ ਧਰਮ ਅਤੇ ਮਾਨਵਤਾ ਦਾ ਮਾਰਗ ਦਰਸ਼ਨ ਕੀਤਾ। ਉਹਨਾਂ ਨੇ ਦੇਸ਼ ਤੇ ਕੌਮ ਲਈ ਆਪਣਾ ਸਰਬੰਸ ਵਾਰ ਦਿੱਤਾ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਵਰਗਾ ਗੁਰੂ, ਯੋਧਾ, ਪਿਤਾ, ਪੁੱਤਰ ਅਤੇ ਦੇਸ਼ ਭਗਤ ਹੋਣਾ ਅਸੰਭਵ ਹੈ। ਉਹ ਸੰਸਾਰ ਵਿੱਚ ਆਪਣੀ ਮਿਸਾਲ ਆਪ ਸਨ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਹੱਕ ਸੱਚ ਦਾ ਨਾਅਰਾ ਬੁਲੰਦ ਕਰਨਾ ਚਾਹੀਦਾ ਹੈ।ਇਸ ਸਮਾਗਮ ਵਿੱਚ ਸ. ਰਸ਼ਪਾਲ ਸਿੰਘ ਪਾਲ ਜਿਨ੍ਹਾਂ ਨੂੰ ਪੰਜਾਬ ਦਾ ਰਫੀ ਹੋਣ ਦਾ ਖ਼ਿਤਾਬ ਵੀ ਹਾਸਿਲ ਹੈ ਨੇ ਆਪਣੀ ਸੂਹਜ ਭਰਪੂਰ ਅਵਾਜ਼ ਰਾਹੀਂ ਗੁਰੂ ਸਾਹਿਬ ਦੀ ਮਹਿਮਾ ਵਿੱਚ ਕਾਵਿ ਗਾਇਨ ਕੀਤਾ। ਇਸ ਸਮੇਂ ਸਮੂਹ ਸਟਾਫ, ਵਿਦਿਆਰਥੀ ਅਤੇ ਲਾਇਲਪੁਰ ਖ਼ਾਲਸਾ ਮੈਨੇਜਮੈਂਟ ਦੀਆਂ ਸਮੂਹ ਵਿਦਿਅਕ ਸੰਸਥਾਵਾਂ ਦੇ ਪ੍ਰਿੰਸੀਪਲ ਸਾਹਿਬਾਨ ਵੀ ਹਾਜ਼ਰ ਸਨ। ਸਮਾਰੋਹ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਡਾ. ਹਰਜਿੰਦਰ ਸਿੰਘ ਸੇਖੋਂ ਨੇ ਬਾਖੂਬੀ ਨਿਭਾਈ।

## ਬਸੀ ਪਠਾਣਾਂ ਸ਼ਹਿਰ ਦੀ ਸਿਰਕੱਢ ਆਗੂ ਮਹੰਤ ਪੂਜਾ ਮਹਿਰਾ ਨੇ ਝਾੜੂ ਛੱਡ ਤੱਕੜੀ ਦਾ ਪੱਲਾ ਫੜਿਆ

ਬਸੀ ਪਠਾਣਾ, 25 ਜਨਵਰੀ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਬਸੀ ਪਠਾਣਾਂ ਦੇ ਇੰਚਾਰਜ ਅਤੇ ਕੋਰ ਕਮੇਟੀ ਮੈਂਬਰ ਦਰਬਾਰਾ ਸਿੰਘ ਗੁਰੂ ਦੀ ਅਗਵਾਈ ਵਿੱਚ ਬਸੀ ਪਠਾਣਾਂ ਸ਼ਹਿਰ ਦੀ ਸਿਰਕੱਢ ਆਗੂ ਮਹੰਤ ਪੂਜਾ ਮਹਿਰਾ ਨੇ ਸਾਥੀ ਵਰਕਰਾਂ ਸਮੇਤ ਝਾੜੂ ਪਾਰਟੀ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਹੈ। ਇਸ ਮੌਕੇ ਮਹੰਤ ਪੂਜਾ ਮਹਿਰਾ ਨੇ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਤੰਗ ਆ ਚੁੱਕੇ ਹਨ ਜਿਨ੍ਹਾਂ ਨੇ ਚੋਣਾਂ ਵੇਲੇ ਵੱਡੇ ਵੱਡੇ ਵਾਅਦੇ ਕਰਕੇ ਸਰਕਾਰ ਬਣਾ ਲਈ। ਹੁਣ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ ਅਤੇ ਝਾੜੂ ਸਰਕਾਰ ਨੂੰ ਸਬਕ ਸਿਖਾਉਣ ਲਈ ਤਿਆਰ ਹਨ। ਮਹੰਤ ਪੂਜਾ ਨੇ ਅੱਗੇ ਕਿਹਾ ਕਿ ਉਹ ਸੁਖਬੀਰ ਸਿੰਘ ਬਾਦਲ ਦੀ ਲੋਕ ਪੱਖੀ ਸੋਚ ਅਤੇ ਵਿਕਾਸ ਪੱਖੀ ਨਜ਼ਰੀਏ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਹਨ। ਇਸ ਮੌਕੇ ਦਰਬਾਰਾ ਸਿੰਘ ਗੁਰੂ ਨੇ ਬੋਲਦਿਆਂ ਕਿਹਾ ਕਿ ਸੂਬੇ ਵਿੱਚ ਅਰਾਜਕਤਾ ਫੈਲੀ ਹੋਈ ਹੈ, ਅਮਨ ਕਾਨੂੰਨ ਦੀ ਸਥਿਤੀ ਬੇਹੱਦ ਨਾਜ਼ੁਕ ਬਣੀ ਹੋਈ ਹੈ ਅਤੇ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਕਾਸ ਅਤੇ ਅਮਨ ਸ਼ਾਂਤੀ ਲਈ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਅੱਗੇ ਲਿਆਂਦਾ ਜਾਵੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਨਿਰਮਲਾ ਦੇਵੀ, ਬਲਜੀਤ ਕੌਰ, ਜਸਵੀਰ ਕੌਰ, ਸੰਤੋਸ਼ ਰਾਣੀ, ਕਮਲਜੀਤ ਕੌਰ, ਚਰਨਜੀਤ ਕੌਰ, ਏਕਮ, ਸਰਬਜੀਤ ਕੌਰ, ਜਸਪਾਲ ਕੌਰ, ਖੁਸ਼ਪ੍ਰੀਤ ਕੌਰ, ਪ੍ਰਭਨੂਰ ਕੌਰ, ਜਸਵਿੰਦਰ ਕੌਰ, ਜਸਵੰਤ ਕੌਰ, ਨੀਲਮ ਰਾਣੀ, ਸਰਜੀਤ ਕੌਰ, ਤਰਨੋਂ, ਸੁਮਨ ਰਾਣੀ, ਲੱਛਮੀ ਦੇਵੀ, ਮਨਜੀਤ ਕੌਰ, ਸਨਦੀਪ ਰਾਣੀ, ਤਾਨੀਆ, ਸਰਵਣ ਕੌਰ, ਪੂਜਾ ਰਾਣੀ, ਅਮਰਜੀਤ ਕੌਰ, ਰਾਜਬਕੌਰ ਸੁਖਬੀਰ ਸਿੰਘ, ਗੋਪਾਲ ਦਾਸ, ਸੁਖਦੇਵ ਲਾਲ, ਸਵਰਨ ਸਿੰਘ, ਦਲੀਪ ਕੁਮਾਰ, ਮਹਿੰਗਾ ਰਾਮ, ਰਮੇਸ਼ ਕੁਮਾਰ, ਮੋਹਨ ਸਿੰਘ, ਜਸਵਿੰਦਰ ਕੁਮਾਰ, ਸਤਨਾਮ ਸਿੰਘ, ਨਿਰਮਲ ਕੁਮਾਰ, ਪੰਕਜ ਕੁਮਾਰ, ਲਵਦੀਪ ਸਿੰਘ, ਗੁਰਮੀਤ ਸਿੰਘ, ਰਵੀ ਕੁਮਾਰ, ਰੌਕੀ ਕੁਮਾਰ ਆਦਿ ਸ਼ਾਮਿਲ ਸਨ। ਇਸ ਮੌਕੇ ਬ੍ਰਿਜਈਸ਼ਵਰ ਸਿੰਘ ਪਾਸ਼ੀ ਸਰਕਲ ਪ੍ਰਧਾਨ, ਮਲਕੀਤ ਸਿੰਘ ਮਠਾੜੂ, ਜਸਵੀਰ ਸਿੰਘ ਵਾਲੀਆ, ਮਨਪ੍ਰੀਤ ਸਿੰਘ ਹੈਪੀ ਐਮਸੀ, ਅਜੇ ਮਲਹੋਤਰਾ, ਜਸਪਿੰਦਰ ਸਿੰਘ, ਮੇਜਰ ਸਿੰਘ ਸਾਬਕਾ ਐਮਸੀ, ਮਾਸਟਰ ਅਜੀਤ ਸਿੰਘ, ਜਸਵਿੰਦਰ ਸਿੰਘ ਜ਼ਿਲੇਦਾਰ, ਅਰਵਿੰਦਰ ਸਿੰਘ, ਸਮੇਤ ਸ਼ਹਿਰ ਦੀ ਸੀਨੀਅਰ ਲੀਡਰਸ਼ਿਪ ਹਾਜ਼ਰ ਸੀ।

## ਬਠਿੰਡਾ 'ਚ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਵੇਗਾ ਗਣਤੰਤਰ ਦਿਵਸ

ਬਠਿੰਡਾ, 25 ਜਨਵਰੀ (ਦੀਪਕ ਸ਼ਰਮਾ) ਬਠਿੰਡਾ ਜ਼ਿਲ੍ਹੇ ਵਿੱਚ ਸ਼ਾਨਦਾਰ ਸਮਾਰੋਹ ਕਰਵਾਇਆ ਜਾਵੇਗਾ। ਜ਼ਿਲ੍ਹਾ ਪੱਧਰੀ ਮੁੱਖ ਸਮਾਗਮ ਸਥਾਨਕ ਸ਼ਹੀਦ ਭਗਤ ਸਿੰਘ ਮਲਟੀਪਰਪਜ਼ ਖੇਡ ਸਟੇਡੀਅਮ ਵਿਖੇ ਹੋਵੇਗਾ, ਜਿੱਥੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਸਮਾਰੋਹ ਨੂੰ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਵੱਲੋਂ ਸੁਰੱਖਿਆ ਦੇ ਅਤਿ-ਆਧੁਨਿਕ ਅਤੇ ਸਖ਼ਤ ਇੰਤਜ਼ਾਮ ਕੀਤੇ ਗਏ ਹਨ।ਸਮਾਗਮ ਦੇ ਮੱਦੇਨਜ਼ਰ ਪੂਰੇ ਜ਼ਿਲ੍ਹੇ ਨੂੰ ਹਾਈ ਅਲਰਟ ਤੇ ਰੱਖਿਆ ਗਿਆ ਹੈ। ਸੁਰੱਖਿਆ ਪ੍ਰਬੰਧਾਂ ਲਈ 2000 ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪੀ.ਏ.ਪੀ., ਟ੍ਰੈਫਿਕ ਪੁਲਿਸ, ਮਹਿਲਾ ਪੁਲਿਸ ਅਤੇ ਸਾਦੇ ਕੱਪੜਿਆਂ ਵਿੱਚ ਵਿਸ਼ੇਸ਼ ਟੀਮਾਂ ਸ਼ਾਮਲ ਹਨ। ਸਟੇਡੀਅਮ ਨੂੰ ਜਾਣ ਵਾਲੇ ਸਾਰੇ ਪ੍ਰਮੁੱਖ ਰਸਤਿਆਂ ਤੇ ਨਾਕਾਬੰਦੀ ਕੀਤੀ ਗਈ ਹੈ ਅਤੇ ਆਵਾਜਾਈ ਨੂੰ ਸੁਚਾਰੂ ਰੱਖਣ ਲਈ ਰੂਟ ਡਾਇਵਰਟ ਕੀਤੇ ਗਏ ਹਨ। ਪੁਲਿਸ ਨੇ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਫਲੈਗ ਮਾਰਚ ਕੱਢ ਕੇ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਪੈਦਾ ਕੀਤਾ ਹੈ।ਐਤਵਾਰ ਨੂੰ ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਦੀਆਂ ਟੀਮਾਂ ਨੇ ਖੇਡ ਸਟੇਡੀਅਮ ਦੀ ਬਾਰੀਕੀ ਨਾਲ ਜਾਂਚ ਕੀਤੀ। ਸਟੇਡੀਅਮ ਦੀਆਂ ਗੈਲਰੀਆਂ, ਸਟੇਜ, ਪਾਰਕਿੰਗ ਅਤੇ ਆਸ-ਪਾਸ ਦੇ ਖੁੱਲ੍ਹੇ ਮੈਦਾਨਾਂ ਨੂੰ ਪੂਰੀ ਤਰ੍ਹਾਂ ਖੰਗਾਲਿਆ ਗਿਆ। ਪੁਲਿਸ ਅਧਿਕਾਰੀਆਂ ਅਨੁਸਾਰ ਸਮਾਗਮ ਦੌਰਾਨ ਡਰੋਨ ਅਤੇ ਸੀਸੀਟੀਵੀ ਕੈਮਰਿਆਂ ਰਾਹੀਂ ਤਿੱਖੀ ਨਜ਼ਰ ਰੱਖੀ ਜਾਵੇਗੀ। ਸਟੇਡੀਅਮ ਕੰਪਲੈਕਸ ਵਿੱਚ ਇੱਕ ਅਸਥਾਈ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਗਿਆ ਹੈ ਅਤੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕੁਇੱਕ ਰਿਸਪਾਂਸ ਟੀਮਾਂ ਤਾਇਨਾਤ ਰਹਿਣਗੀਆਂ।ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਯਾਦਗਾਰ ਬਣਾਉਣ ਲਈ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਲਬਰੇਜ਼ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵੱਲੋਂ ਕੱਢੀਆਂ ਜਾਣ ਵਾਲੀਆਂ ਝਾਕੀਆਂ ਰਾਹੀਂ ਪੰਜਾਬ ਦੇ ਵਿਰਸੇ ਅਤੇ ਵਿਕਾਸ ਨੂੰ ਦਰਸਾਇਆ ਜਾਵੇਗਾ। ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੁਰੱਖਿਆ ਜਾਂਚ ਦੌਰਾਨ ਸਹਿਯੋਗ ਦੇਣ ਅਤੇ ਕਿਸੇ ਵੀ ਸ਼ੱਕੀ ਵਸਤੂ ਬਾਰੇ ਤਤੁਰੰਤ ਪੁਲਿਸ ਨੂੰ ਸੂਚਿਤ ਕਰਨ।



# ਮੰਤਰੀ ਸੌਂਦ ਵੱਲੋਂ ਕਿਤਾਬ 'ਸੋ ਥਾਨ ਸੁਹਾਵਾ' ਰਿਲੀਜ਼



ਲੁਧਿਆਣਾ, 25 ਜਨਵਰੀ (ਵਿਸ਼ਾਲ ਸ਼ਰਮਾ) : ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਐਤਵਾਰ ਨੂੰ ਏਐਸ ਸੀਨੀਅਰ ਸੈਕੰਡਰੀ ਸਕੂਲ ਖੰਨਾ ਵਿਖੇ ਪ੍ਰਿੰਸੀਪਲ ਸੁਖਦੇਵ ਸਿੰਘ ਰਾਣਾ ਦੀ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਨਾਲ ਭਰਪੂਰ ਤੀਜੀ ਕਿਤਾਬ 'ਸੋ ਥਾਨ ਸੁਹਾਵਾ' ਰਿਲੀਜ਼ ਕੀਤੀ। ਕੈਬਨਿਟ ਮੰਤਰੀ ਸੌਂਦ ਨੇ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਜੋ ਗਿਆਨ ਹਾਸਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਨੂੰ ਹੋਰ ਹੁਲਾਰਾ ਦੇਣ ਅਤੇ ਉਨ੍ਹਾਂ ਨੂੰ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਭਾਈਵਾਲ ਬਣਾਉਣ ਦੇ ਉਦੇਸ਼ ਨਾਲ 'ਪੇਂਡੂ ਲਾਇਬ੍ਰੇਰੀ ਯੋਜਨਾ' ਸ਼ੁਰੂ ਕੀਤੀ ਗਈ ਹੈ। ਜਿਸ ਨਾਲ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਇਹ ਲਾਇਬ੍ਰੇਰੀਆਂ ਸਫਲਤਾਪੂਰਵਕ ਚੱਲ ਰਹੀਆਂ ਹਨ। ਜਦਕਿ ਆਧੁਨਿਕ ਸਹੂਲਤਾਂ ਨਾਲ ਲੈਸ ਹੋਰ ਵੀ ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀ ਅਧੀਨ ਹੈ। ਪੰਜਾਬ ਸਰਕਾਰ ਵੱਲੋਂ ਇਹ ਕਦਮ ਨੌਜਵਾਨਾਂ ਵਿੱਚ ਖਾਸ ਕਰਕੇ ਪੜ੍ਹਨ ਦੀ ਆਦਤ ਨੂੰ ਉਤਸ਼ਾਹਿਤ ਕਰਨ ਲਈ ਚੁੱਕਿਆ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਲਾਇਬ੍ਰੇਰੀਆਂ ਨੌਜਵਾਨਾਂ ਦੀ ਕਿਸਮਤ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ, ਜੋ ਇੱਥੋਂ ਪੜ੍ਹ ਕੇ ਵੱਡੇ ਅਫ਼ਸਰ, ਵਿਗਿਆਨੀ, ਡਾਕਟਰ ਅਤੇ ਤਕਨੀਕੀ ਮਾਹਰ ਆਦਿ ਬਣਨਗੇ। ਇਸ ਮੌਕੇ ਲੇਖਕ ਤਰਸੇਮ ਬਰਨਾਲਾ, ਕਹਾਣੀਕਾਰ ਜਤਿੰਦਰ ਹਾਂਸ, ਪ੍ਰਧਾਨ ਏ ਐਸ ਹਾਈ ਸਕੂਲ ਖੰਨਾ ਟਰੱਸਟ ਐਂਡ ਮੈਨੇਜਮੈਂਟ ਸੁਸਾਇਟੀ ਸੰਜੀਵ ਧਮੀਜਾ, ਜਗਜੀਤ ਸਿੰਘ ਸੇਖੋਂ ਸਟੇਟ ਐਵਾਰਡੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜੇਵਾਲ ਦੇ ਪ੍ਰਿੰਸੀਪਲ ਨਵਤੇਜ ਸ਼ਰਮਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਸੇਖੋਂ, ਪ੍ਰਿੰਸੀਪਲ ਦਿਨੇਸ਼ ਗੌਤਮ, ਪ੍ਰਿੰਸੀਪਲ ਕੇ.ਕੇ. ਸ਼ਰਮਾ, ਕੁਲਵੰਤ ਸਿੰਘ ਮਹਿਮੀ, ਐਡਵੋਕੇਟ ਨਵੀਨ ਥੰਮਣ, ਸੁਖਵੀਰ ਸਿੰਘ ਆਹਲੂਵਾਲੀਆ, ਕੁਲਵਿੰਦਰ ਸਿੰਘ ਸੇਖੋਂ, ਦਲਬੀਰ ਕੁਮਾਰ, ਸੋਹਣ ਢੰਡ, ਜਗਪਾਲ ਸਿੰਘ, ਸੁਖਵਿੰਦਰ ਸਿੰਘ ਭਾਦਲਾ, ਲੋਕਨਾਥ ਸ਼ਰਮਾ ਤੋਂ ਇਲਾਵਾ ਸਾਹਿਤ ਖੇਤਰ ਦੀਆਂ ਨਾਮਵਰ ਸ਼ਖਸ਼ੀਅਤਾਂ ਅਤੇ ਸਨਮਾਨਯੋਗ ਸੱਜਣ ਸ਼ਾਮਲ ਸਨ।

# ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਤਿਆਰ ਹੋਣਗੇ 3100 ਖੇਡ ਮੈਦਾਨ : ਮੁੰਡੀਆਂ



ਲੁਧਿਆਣਾ, 25 ਜਨਵਰੀ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਸੂਬੇ ਨੂੰ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਨਿਰੰਤਰ ਯਤਨਸ਼ੀਲ ਜਿਸਦੇ ਤਹਿਤ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਪਿੰਡਾਂ ਸ਼ਹਿਰਾਂ ਵਿੱਚ ਕਰੀਬ 3100 ਖੇਡ ਮੈਦਾਨ ਤਿਆਰ ਕਰਵਾਏ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਨ ਸਭਾ ਹਲਕਾ ਸਾਹਨੇਵਾਲ ਅਧੀਨ ਪਿੰਡ ਸਹਿਬਾਣਾ ਵਿਖੇ ਖੇਡ ਮੈਦਾਨ ਦੀ ਉਸਾਰੀ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਕੈਬਨਿਟ ਮੰਤਰੀ ਮੁੰਡੀਆਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 36.35 ਲੱਖ ਰੁਪਏ ਖਰਚ ਕੀਤੇ ਜਾਣਗੇ। ਕੈਬਨਿਟ ਮੰਤਰੀ ਮੁੰਡੀਆਂ ਅੱਗੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਡ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ ਸੁਹਿਰਦ ਯਤਨ ਕਰ ਰਹੀ ਹੈ ਜਿਸਦੇ ਤਹਿਤ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਖੇਡ ਮੈਦਾਨਾਂ ਦੇ ਨਿਰਮਾਣ ਕਾਰਜ ਜੰਗੀ ਪੱਧਰ ਤੇ ਚੱਲ ਰਹੇ ਹਨ, ਭਾਵ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹਰ ਚੌਥੇ ਪਿੰਡ ਵਿੱਚ ਖੇਡ ਸਟੇਡੀਅਮ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਖੇਡ ਨਰਸਰੀਆਂ ਵਿੱਚ ਵੱਖ ਵੱਖ ਖੇਡਾਂ ਦੇ ਵੱਖ-ਵੱਖ ਖੇਡਾਂ ਲਈ ਕੋਚਾਂ ਦੀ ਭਰਤੀ ਕੀਤੀ ਜਾ ਰਹੀ ਹੈ ਅਤੇ ਖਿਡਾਰੀਆਂ ਨੂੰ ਚੰਗੀ ਖੁਰਾਕ ਦੇ ਨਾਲ ਖੇਡਣ ਲਈ ਚੰਗਾ ਮਾਹੌਲ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੀ ਹਾਕੀ ਟੀਮ ਵਿੱਚ ਪੰਜਾਬੀਆਂ ਦੀ ਬਹੁ-ਗਿਣਤੀ ਇਹ ਸੰਕੇਤ ਦੇ ਰਹੀ ਹੈ ਕਿ ਸਾਡਾ ਪੰਜਾਬ ਸੂਬਾ ਖੇਡਾਂ ਦੇ ਖੇਤਰ ਵਿੱਚ ਆਪਣੀ ਪੁਰਾਣੀ ਪਛਾਣ ਬਹਾਲ ਕਰਨ ਵੱਲ ਵੱਧ ਰਿਹਾ ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਤੋਂ ਸਮੁੱਚੀ ਕੌਮ ਪ੍ਰੇਰਣਾ ਲਵੇ : ਭੁਪਿੰਦਰ ਸਿੰਘ



ਲੁਧਿਆਣਾ 25 ਜਨਵਰੀ (ਕਰਨੈਲ ਸਿੰਘ ਐੱਮ.ਏ.) ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਵੱਲੋਂ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਸਿੱਖ ਕੌਮ ਦੇ ਮਹਾਨ ਸ਼ਹੀਦ ਯੋਧੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਅੰਦਰ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਜਸਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਨਾਲ ਹੀ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਂ ਵੱਲੋਂ ਬਖਸ਼ੇ ਸਿਮਰਨ ਤੇ ਸ਼ਕਤੀ ਦੇ ਸੰਕਲਪ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਵਾਲੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਜਿੱਥੇ ਸਮੁੱਚੀ ਲੋਕਾਈ ਨੂੰ ਅਕਾਲ ਪੁਰਖ ਦਾ ਸਿਮਰਨ ਕਰਨ ਦੀ ਪ੍ਰੇਰਣਾ ਦਿੱਤੀ, ਉੱਥੇ ਨਾਲ ਹੀ ਧਰਮ ਦੀ ਰਾਖੀ ਕਰਨ ਅਤੇ ਸ਼ਹਾਦਤ ਦੇ ਸੰਕਲਪ ਨੂੰ ਉਭਾਰਨ ਵਿੱਚ ਆਪਣਾ ਯੋਗਦਾਨ ਪਾਇਆ। ਭਾਈ ਜਸਵਿੰਦਰ ਸਿੰਘ ਅੰਮ੍ਰਿਤਸਰ ਨੇ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਵੱਲੋਂ ਨਿਰੰਤਰ ਚਲਾਈ ਜਾ ਰਹੀ ਹਫ਼ਤਾਵਾਰੀ ਕੀਰਤਨ ਸਮਾਗਮ ਲੜੀ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕਰਦਿਆਂ ਕੀਰਤਨ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉੱਪਰ ਚੱਲਣ, ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ। ਕੀਰਤਨ ਸਮਾਗਮ ਦੌਰਾਨ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ: ਭੁਪਿੰਦਰ ਸਿੰਘ ਨੇ ਕਿਹਾ ਕਿ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਉਪਦੇਸ਼ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਲਈ ਸਾਨੂੰ ਵੱਧ ਤੋਂ ਵੱਧ ਭਗਤੀ ਤੇ ਸ਼ਕਤੀ ਦੇ ਸਿਧਾਂਤ ਨਾਲ ਜੁੜਨਾ ਹੋਵੇਗਾ ਤਾਂ ਹੀ ਸਿੱਖੀ ਦੀ ਫੁੱਲਵਾੜੀ ਹੋਰ ਮਹਿਕ ਸਕੇਗੀ। ਇਸ ਦੌਰਾਨ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ: ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਾਂਝੇ ਤੌਰ ਤੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਤੇ ਉਨ੍ਹਾਂ ਦੇ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕੀਤੇ। ਇਸ ਦੌਰਾਨ ਸ: ਭੁਪਿੰਦਰ ਸਿੰਘ ਨੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਗਲੇ ਹਫਤਾਵਾਰੀ ਕੀਰਤਨ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ

ਜਗਪ੍ਰੀਤ ਸਿੰਘ (ਖੰਨੇ ਵਾਲੇ) ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਦਿੱਲੀ ਵਾਲਿਆਂ ਦਾ ਕੀਰਤਨੀ ਜੱਥਾ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰੇਗਾ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਇੰਦਰਜੀਤ ਸਿੰਘ ਮੱਕੜ, ਜਤਿੰਦਰਪਾਲ ਸਿੰਘ ਸਲੂਜਾ, ਕਰਨੈਲ ਸਿੰਘ ਬੇਦੀ, ਪ੍ਰਿਤਪਾਲ ਸਿੰਘ, ਸੁਰਿੰਦਰਪਾਲ ਸਿੰਘ ਭੁਟੀਆਨੀ, ਬਲਜੀਤ ਸਿੰਘ ਦੂਆ (ਨਵਦੀਪ ਰੀਜ਼ੋਰਟ), ਤਰਲੋਚਨ ਸਿੰਘ ਸਾਂਭਰ, ਰਜਿੰਦਰ ਸਿੰਘ ਮੱਕੜ, ਹਰਵਿੰਦਰ ਸਿੰਘ (ਬਲਬੀਰ ਕਲਾਥ ਵਾਲੇ), ਕੰਵਲਪ੍ਰੀਤ ਸਿੰਘ ਸਚਦੇਵਾ, ਅਵਤਾਰ ਸਿੰਘ ਮਿੱਢਾ, ਜਤਿੰਦਰਪਾਲ ਸਿੰਘ ਪ੍ਰਧਾਨ, ਭੁਪਿੰਦਰਪਾਲ ਸਿੰਘ ਧਵਨ, ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ, ਗੁਰਪ੍ਰੀਤ ਸਿੰਘ ਪ੍ਰਿੰਸ, ਜੀਤ ਸਿੰਘ, ਗੁਰਵਿੰਦਰ ਸਿੰਘ ਆੜ੍ਹਤੀ, ਹਰਕੀਰਤ ਸਿੰਘ ਬਾਵਾ ਮਸਾਲਾ, ਸੁਰਿੰਦਰ ਸਿੰਘ ਸਚਦੇਵਾ, ਸੁਖਪ੍ਰੀਤ ਸਿੰਘ ਮਨੀ, ਬਾਦਸ਼ਾਹਦੀਪ ਸਿੰਘ, ਇੰਦਰਪਾਲ ਸਿੰਘ ਕਾਲੜਾ, ਕਮਲਦੀਪ ਸਿੰਘ ਕਾਲੜਾ, ਪਰਮਜੀਤ ਸਿੰਘ ਡੀਮਾਰਟੇ, ਅਵਤਾਰ ਸਿੰਘ ਮਿੱਢਾ, ਪਰਮਿੰਦਰਪਾਲ ਸਿੰਘ ਡੀਮਾਰਟੇ, ਜਗਬੀਰ ਸਿੰਘ, ਕਰਨਦੀਪ ਸਿੰਘ ਸਿਮਰਨ, ਬਲਫਤਿਹ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮੁੱਖ ਮੰਤਰੀ ਨੂੰ ਐਨ.ਆਰ.ਆਈ. ਭਰਾਵਾਂ ਦੀਆਂ ਸਮੱਸਿਆਵਾਂ ਦੱਸਣ ਲਈ ਪੀਟਰ ਸੰਧੂ ਉਨ੍ਹਾਂ ਦੀ ਭੈਣ ਨੂੰ ਮਿਲੇ



ਲੁਧਿਆਣਾ 25 ਜਨਵਰੀ (ਰਵਿੰਦਰ ਸਿੰਘ ਨਿੱਝਰ) ਕੈਨੇਡਾ ਦੇ ਸ਼ਹਿਰ ਅਲਬਰਟਾ ਦੇ ਦੋ ਵਾਰ ਵਿਧਾਇਕ ਅਤੇ ਹੋਰ ਕਈ ਅਹਿਮ ਅਹੁਦਿਆਂ ਤੇ ਰਹਿ ਚੁੱਕੇ ਐਨਆਰਆਈ ਪੀਟਰ ਸੰਧੂ ਪ੍ਰਵਾਸੀ ਭਾਰਤੀਆਂ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਦੇ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਦੀ ਭੈਣ ਨੂੰ ਮਿਲੇ ਅਤੇ ਬੇਨਤੀ ਕੀਤੀ ਕਿ ਉਨਾਂ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਕਰਵਾਈ ਜਾਵੇ ਤਾਂ ਤਾਂ ਕਿ ਉਹ ਮੁੱਖ ਮੰਤਰੀ ਨੂੰ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦੱਸ ਸਕਣ। ਪੀਟਰ ਸੰਧੂ ਨੇ ਦੱਸਿਆ ਕਿ ਐਨਆਰਆਈ ਭਰਾ ਪੰਜਾਬ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਉਹਨਾਂ ਦੀਆਂ ਜ਼ਮੀਨਾਂ ਇੱਥੇ ਦੇ ਜ਼ਮੀਨ ਮਾਫੀਏ ਵੱਲੋਂ ਜਾਅਲੀ ਕਾਗਜ਼ ਤਿਆਰ ਕਰਵਾ ਕੇ ਦੱਬੀਆਂ ਜਾ ਰਹੀਆਂ ਹਨ ਅਤੇ ਬਾਅਦ ਵਿੱਚ ਜਦੋਂ ਐਨਆਰਆਈ ਭਰਾ ਅਦਾਲਤਾਂ ਵਿੱਚ ਜਾਂਦੇ ਹਨ ਤਾਂ ਉੱਥੇ 20-20 ਸਾਲ ਫੈਸਲੇ ਨਹੀਂ ਹੁੰਦੇ ਜਿਸ ਕਾਰਣ ਉਹਨਾਂ ਦੀ ਜ਼ਿੰਦਗੀ ਦਾ ਕੀਮਤੀ ਸਮਾਂ ਅਦਾਲਤਾਂ ਵਿੱਚ ਹੀ ਲੰਘ ਜਾਂਦਾ ਹੈ ਜਿਸ ਦਾ ਉਹਨਾਂ ਦੇ ਪਰਿਵਾਰ ਸਮੇਤ ਪੂਰੇ ਸਮਾਜ ਨੂੰ ਵੱਡੇ ਪੱਧਰ ਤੇ ਨੁਕਸਾਨ ਹੁੰਦਾ ਹੈ। ਪੀਟਰ ਸੰਧੂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਭੈਣ ਜੀ ਨੇ ਉਹਨਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਅਤੇ ਵਿਸ਼ਵਾਸ ਦਿਵਾਇਆ ਕਿ 26 ਜਨਵਰੀ ਦੇ ਸਮਾਗਮ ਲੰਘ ਜਾਣ ਉਪਰੰਤ ਉਹ ਮੁੱਖ ਮੰਤਰੀ ਨਾਲ ਗੱਲ ਕਰਨਗੇ ਅਤੇ ਉਨ੍ਹਾਂ (ਪੀਟਰ ਸੰਧੂ) ਦੀ ਮੁਲਾਕਾਤ ਕਰਵਾ ਦੇਣਗੇ। ਪੀਟਰ ਸੰਧੂ ਨੇ ਦੱਸਿਆ ਕਿ ਉਹ ਮੁੱਖ ਮੰਤਰੀ ਨੂੰ ਇਹ ਵੀ ਆਖਣਗੇ ਕਿ ਜਲਦੀ ਤੋਂ ਜਲਦੀ ਐਨਆਰਆਈ ਸਭਾ ਦੀਆਂ ਚੋਣਾਂ ਕਰਵਾਈਆਂ ਜਾਣ ਤਾਂ ਕਿ ਉਹ ਐਨਆਰਆਈ ਭਰਾਵਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਮਦਦ ਕਰ ਸਕਣ। ਉਹਨਾਂ ਕਿਹਾ ਕਿ ਪਿਛਲੀ ਸਭਾ ਦੀਆਂ ਚੋਣਾਂ ਦੀ ਮਿਆਦ 4 ਜਨਵਰੀ ਨੂੰ ਖਤਮ ਹੋ ਚੁੱਕੀ ਹੈ ਅਤੇ ਕਾਨੂੰਨ ਅਨੁਸਾਰ ਮਿਆਦ ਖਤਮ ਹੋਣ ਤੋਂ 90 ਦਿਨ ਪਹਿਲਾਂ ਅਗਲੀਆਂ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣੀ ਚਾਹੀਦੀ ਸੀ ਜੋ ਕਿ ਸ਼ਾਇਦ ਅੱਜ ਤਕ ਸ਼ੁਰੂ ਨਹੀਂ ਹੋਈ। ਉਹਨਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਆਖਣਗੇ ਕਿ ਚੋਣਾਂ ਜਲਦੀ ਤੋਂ ਜਲਦੀ ਕਰਵਾ ਕੇ ਐਨਆਰਆਈ ਭਰਾਵਾਂ ਦੇ ਡਿੱਗ ਚੁੱਕੇ ਹੌਂਸਲਿਆਂ ਨੂੰ ਬੁਲੰਦ ਕਰਨ ਵਿੱਚ ਵਧੀਆ ਰੋਲ ਨਿਭਾਉਣਾ ਸਮੇਂ ਦੀ ਲੋੜ ਵੀ ਹੈ।

# ਸਨਮਤੀ ਵਿਮਲ ਜੈਨ ਸਕੂਲ ਨੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ

ਜਗਰਾਉਂ, 25 ਜਨਵਰੀ (ਦਵਿੰਦਰ ਜੈਨ) : ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਜਗਰਾਉਂ ਦੇ ਨਰਸਰੀ, ਐਲ.ਕੇ.ਜੀ, ਅਤੇ ਯੂ.ਕੇ.ਜੀ ਵਿਭਾਗਾਂ ਨੇ ਬਸੰਤ ਪੰਚਮੀ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ। ਸਿੱਖਿਆ ਦੀ ਦੇਵੀ ਸਰਸਵਤੀ ਮਾਤਾ ਦੀ ਪੂਜਾ ਕੀਤੀ ਗਈ। ਬੱਚੇ ਇਸ ਤਿਉਹਾਰ ਨੂੰ ਮਨਾਉਣ ਲਈ ਰੰਗ-ਬਿਰੰਗੇ ਪਤੰਗ ਲੈ ਕੇ ਆਏ ਸਨ। ਸਾਰੇ ਵਿਦਿਆਰਥੀ ਬਸੰਤ ਰੰਗ ਦੇ ਪਹਿਰਾਵੇ ਵਿੱਚ ਸਜੇ ਹੋਏ ਸਨ। ਉਹ ਇਸ ਤਿਉਹਾਰ ਨੂੰ ਮਨਾਉਣ ਲਈ ਕਈ ਤਰ੍ਹਾਂ ਦੇ ਸੁਆਦੀ ਪਕਵਾਨ, ਜਿਵੇਂ ਕਿ ਮਿੱਠੇ ਪੀਲੇ ਚੌਲ ਅਤੇ ਲੱਡੂ ਲੈ ਕੇ ਆਏ ਸਨ। ਬੱਚਿਆਂ ਨੇ ਇਸ ਤਿਉਹਾਰ ਨੂੰ ਬਹੁਤ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਵੀਰ ਜੈਨ ਅਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਸਾਰਿਆਂ ਨੂੰ ਬਸੰਤ ਪੰਚਮੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਦੱਸਿਆ ਕਿ ਵਿਰਾਸਤ ਪਰੰਪਰਾ ਦਾ ਇੱਕ ਹਿੱਸਾ ਹੈ। ਇਨ੍ਹਾਂ ਅਲੋਪ ਹੋ ਰਹੇ ਤਿਉਹਾਰਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਬੱਚਿਆਂ ਨੇ ਅਸਮਾਨ ਵਿੱਚ ਪੀਲੇ ਪਤੰਗ ਅਤੇ ਗੁਬਾਰੇ ਉਡਾ ਕੇ ਇਸ ਤਿਉਹਾਰ ਨੂੰ ਖੁਸ਼ੀ ਨਾਲ ਮਨਾਇਆ।ਇਸ ਮੌਕੇ ਸੋਨੀਆ ਕਪੂਰ, ਸਰਿਤਾ ਠੁਕਰਾਲ,ਸ਼ੈਲੀ ਗਾਬਾ,ਸ਼ੈਲੀ ਅਰੋੜਾ, ਪਰਮਜੀਤ ਕੌਰ, ਕੁਲਵਿੰਦਰ ਕੌਰ, ਆਰਤੀ ਪਲਟਾ, ਸ਼ਸ਼ੀ ਸ਼ਰਮਾ, ਗੁਰਮੀਤ ਕੌਰ, ਜਤਿੰਦਰ ਕੌਰ, ਹਰਮੀਤ ਕੌਰ, ਸਰਿਤਾ ਅੱਗਰਵਾਲ, ਮਹਿਕ ਜਗੋਤਾ, ਆਂਚਲ ਰਾਣੀ, ਰਿਸ਼ੂ ਬੰਸ਼ਲ, ਰਜਨੀ ਵਰਮਾ, ਮੈਡਮ ਸੋਨੀਆ, ਨਰਿੰਦਰ ਕੌਰ, ਨਵਜੋਤ ਕੌਰ, ਨੇਹਾ ਸਹੋਤਾ,ਰਜਨੀ ਰਿਹਾਨ ਆਦਿ ਹਾਜ਼ਿਰ ਸਨ।

ਸਨਮਤੀ ਵਿਮਲ ਜੈਨ ਸਕੂਲ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਮਨਾਉਂਦੇ ਹੋਏ ਨੰਨ੍ਹੇ ਮੁੰਨ੍ਹੇ ਬੱਚੇ।

# ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ



ਜਗਰਾਓਂ, 25 ਜਨਵਰੀ, (ਦਵਿੰਦਰ ਜੈਨ) : ਪ੍ਰਿੰਸੀਪਲ ਡਾ: ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਹੇਠ, ਪੀਜੀ ਵਣਜ ਵਿਭਾਗ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੀਡੀਸੀ ਦੁਆਰਾ ਸਪਾਂਸਰ ਕੀਤੇ ਗਏ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ 'ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਮਾਰਕੀਟਿੰਗ: ਡਿਜੀਟਲ ਯੁੱਗ ਲਈ ਰਣਨੀਤੀਆਂ ਨੂੰ ਮੁੜ ਪਰਿਭਾਸ਼ਿਤ ਕਰਨਾ' ਵਿਸ਼ੇ 'ਤੇ ਕੀਤਾ। ਡਾ: ਬਿਮਲ ਅੰਜੁਮ, ਸਹਾਇਕ ਪ੍ਰੋਫੈਸਰ, ਡੀਏਵੀ ਕਾਲਜ, ਚੰਡੀਗੜ੍ਹ; ਡਾ: ਸਬੀਨਾ ਬੱਤਰਾ, ਐਸੋਸੀਏਟ ਪ੍ਰੋਫੈਸਰ, ਕੇਐਮਵੀ, ਜਲੰਧਰ; ਡਾ: ਰਿੰਪੀ ਕੌਰ, ਸਹਾਇਕ ਪ੍ਰੋਫੈਸਰ, ਐਸ ਜੀ ਜੀ ਐਸ ਚੰਡੀਗੜ੍ਹ; ਅਤੇ ਡਾ: ਸ਼ਵੇਤਾ ਕੋਹਲੀ, ਐਸੋਸੀਏਟ ਪ੍ਰੋਫੈਸਰ, ਸੈਂਟਰਲ ਯੂਨੀਵਰਸਿਟੀ, ਜੰਮੂ, ਸੈਸ਼ਨ ਲਈ ਯੋਗ ਸਰੋਤ ਵਿਅਕਤੀ ਸਨ। ਸੈਮੀਨਾਰ ਦਾ ਉਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸਮਝਦਾਰੀ ਨਾਲ ਵਰਤੋਂ ਕਰਨਾ ਸੀ। ਪ੍ਰੋ: ਰੇਣੂ ਸਿੰਗਲਾ ਅਤੇ ਡਾ: ਪੱਲਵੀ ਕਟਾਰੀਆ ਇਸ ਸਮਾਗਮ ਦੇ ਕਨਵੀਨਰ ਸਨ।

ਸਮਾਗਮ ਦੀ ਸ਼ੁਰੂਆਤ ਸ਼ੁਭ ਦੀਪ ਜਗਾਉਣ ਨਾਲ ਹੋਈ, ਜਿਸ ਤੋਂ ਬਾਅਦ ਕਾਰਜਕਾਰੀ ਪ੍ਰਿੰਸੀਪਲ ਡਾ. ਸ਼ੈਲਜਾ ਗੋਇਲ, ਐਚਓਡੀ, ਪ੍ਰੋਫੈਸਰ ਰੇਣੂ ਸਿੰਗਲਾ, ਪ੍ਰੋਫੈਸਰ ਕਾਲਿਕਾ ਜੈਨ, ਪ੍ਰੋਫੈਸਰ ਪੱਲਵੀ ਕਟਾਰੀਆ, ਪ੍ਰੋਫੈਸਰ ਰੋਹਿਤ ਵਰਮਾ, ਡਾ. ਵਰੁਣ ਗੋਇਲ, ਪ੍ਰੋਫੈਸਰ ਅਜੈ ਕੁਮਾਰ ਪਾਲ, ਡਾ. ਕਰਨਦੀਪ, ਪ੍ਰੋਫੈਸਰ ਸਾਹਿਲ ਬਾਂਸਲ ਅਤੇ ਕਾਮਰਸ ਫੈਕਲਟੀ ਦੇ ਮੈਂਬਰਾਂ ਨੇ ਫੁੱਲਾਂ ਦਾ ਸਵਾਗਤ ਕੀਤਾ।

ਬਾਅਦ ਵਿੱਚ, ਡਾ. ਸ਼ੈਲਜਾ ਗੋਇਲ ਨੇ ਰਸਮੀ ਤੌਰ 'ਤੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਾਲਜ ਦੇ ਅਮੀਰ ਇਤਿਹਾਸ ਤੋਂ ਜਾਣੂ ਕਰਵਾਇਆ। ਸੈਮੀਨਾਰ ਹਾਈਬ੍ਰਿਡ ਮੋਡ ਵਿੱਚ ਕਰਵਾਇਆ ਗਿਆ ਅਤੇ ਇਸ ਵਿੱਚ ਦੋ ਤਕਨੀਕੀ ਸੈਸ਼ਨ ਹੋਏ। ਪਹਿਲੇ ਸੈਸ਼ਨ ਵਿੱਚ, ਡਾ. ਬਿਮਲ ਅੰਜੁਮ ਨੇ ਉਦਘਾਟਨੀ ਭਾਸ਼ਣ ਵਿੱਚ, ਮਾਰਕੀਟਿੰਗ ਅਤੇ ਫੈਸਲਾ ਲੈਣ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸਾਰਥਕਤਾ ਅਤੇ ਕਾਰਨਾਮਿਆਂ @ਤੇ ਗੱਲ ਕੀਤੀ।

# ਨਗਰ ਕੌਂਸਲ ਸਾਹਨੇਵਾਲ ਦੀ ਪ੍ਰਧਾਨ ਦਾ ਵਾਰਡ ਬਣਿਆ ਨਰਕ, ਸੜਕਾਂ ਥਾਂ-ਥਾਂ ਤੋਂ ਟੁੱਟਣ ਕਰਕੇ ਹਾਲਤ ਤਰਸਯੋਗ



ਕੁਹਾੜਾ 25 ਜਨਵਰੀ (ਕੁਲਦੀਪ ਸਿੰਘ ਕੁਹਾੜਾ) : ਸਾਹਨੇਵਾਲ ਦੇ ਸਾਬਕਾ ਕੌਂਸਲਰ ਸੰਦੀਪ ਸੋਨੀ ਨੇ ਅੱਜ ਕੁਹਾੜਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਹਨੇਵਾਲ ਦੇ ਵਾਰਡ ਨੰਬਰ 13 ਦੀਆਂ ਸੜਕਾਂ ਥਾਂ ਥਾਂ ਤੋਂ ਟੁੱਟਣ ਕਰਕੇ ਉਹਨਾਂ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ।ਜਿਸ ਦੀ ਕੌਂਸਲਰ ਨਗਰ ਕੌਂਸਲ ਸਾਹਨੇਵਾਲ ਦੀ ਪ੍ਰਧਾਨ ਪੂਜਾ ਭਾਟੀਆ ਹੈ। ਜਿਸ ਨੂੰ ਇਸ ਵਾਰਡ ਦੇ ਵੋਟਰਾਂ ਨੇ ਵੱਧ ਤੋਂ ਵੱਧ ਵੋਟਾਂ ਪਾਕੇ ਜਿੱਤ ਦਰਜ ਕਰਵਾਈ ਜਿਸ ਦੇ ਆਪਣੇ ਵਾਰਡ ਦੀਆਂ ਵਾਟਰ ਸਪਲਾਈ ਦੀਆਂ ਪਾਈਪਾਂ ਵਿੱਚੋਂ ਥਾਂ ਥਾਂ ਤੋਂ ਪਾਣੀ ਲੀਕ ਹੋ ਰਿਹਾ ਹੈ। ਇਸ ਵਾਰਡ ਦੀਆਂ ਸੜਕਾਂ ਦੀ ਹਾਲਤ ਬਹੁਤ ਹੀ ਤਰਸਯੋਗ ਹੈ।ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਆਪਣੀ ਸਰਕਾਰ ਵੱਲੋਂ ਖਜ਼ਾਨੇ ਦਾ ਮੂੰਹ ਸਾਹਨੇਵਾਲ ਵੱਲ ਨੂੰ ਖੋਹਲਣ ਅਤੇ ਸਾਹਨੇਵਾਲ ਵਿੱਚ ਕਰੋੜਾਂ ਰੁਪਏ ਨਾਲ ਵਿਕਾਸ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ।ਜਦੋਂ ਕਿ ਸਾਹਨੇਵਾਲ ਨਗਰ ਕੌਂਸਲ ਦੀ ਪ੍ਰਧਾਨ ਦਾ ਆਪਣਾ ਵਾਰਡ ਇਸ ਵਿਕਾਸ ਦੀ ਪੋਲ ਖੋਲਦਾ ਨਜ਼ਰ ਆ ਰਿਹਾ ਹੈ।ਇਹ ਤਾਂ ਹੁਣ ਸਾਹਨੇਵਾਲ ਦੀ ਮਜੂਦਾ ਪ੍ਰਧਾਨ ਹੀ ਦੱਸ ਸਕਦੀ ਹੈ ਕਿ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਸਰਕਾਰੀ ਖਜ਼ਾਨੇ ਵਿੱਚੋਂ ਲਿਆਂਦੇ ਸਾਹਨੇਵਾਲ ਦੇ ਵਿਕਾਸ ਵਾਸਤੇ ਕਰੋੜਾਂ ਰੁਪਏ ਨਾਲ ਅਜਿਹਾ ਕਿਹੜਾ ਵਿਕਾਸ ਕੀਤਾ ਹੈ ਜ਼ੋ ਲੋਕਾਂ ਨੂੰ ਨਜ਼ਰ ਨਹੀਂ ਆ ਰਿਹਾ।

ਕੀ ਕਹਿਣਾ ਨਗਰ ਕੌਂਸਲ ਸਾਹਨੇਵਾਲ ਦੀ ਪ੍ਰਧਾਨ ਦਾ-ਜਦੋਂ ਇਸ ਸਬੰਧੀ ਨਗਰ ਕੌਂਸਲ ਦੀ ਪ੍ਰਧਾਨ ਪੂਜਾ ਰਾਣੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਗੁਰਦੁਆਰਾ ਸਾਹਿਬ ਵੱਲੋਂ ਨਗਰ ਕੀਰਤਨ ਨਿਕਲਣ ਕਰਕੇ ਸੜ੍ਹਕ ਦਾ ਕੰਮ ਰੋਕ ਦਿੱਤਾ ਸੀ ਕੁਝ ਦਿਨ ਬਾਅਦ ਇਹ ਕੰਮ ਫਿਰ ਸ਼ੁਰੂ ਕਰ ਦਿੱਤਾ ਜਾਵੇਗਾ ਵਾਰਡ ਨੰਬਰ 13 ਦਾ ਵਿਕਾਸ ਜੰਗੀ ਪੱਧਰ ਤੇ ਚੱਲ ਰਿਹਾ ਹੈ ਵਾਰਡ ਵਾਸੀਆਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

# ਗੁ: ਬੇਗ਼ਮਪੁਰਾ ਵਿਖੇ ਭਗਤ ਰਵਿਦਾਸ ਜੀ ਦਾ ਆਗਮਨ ਪੁਰਬ 1 ਫਰਵਰੀ ਨੂੰ

## ਨਗਰ ਕੀਰਤਨ 30 ਜਨਵਰੀ ਨੂੰ



ਲੁਧਿਆਣਾ 25 ਜਨਵਰੀ (ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਬੇਗਮ ਪੁਰਾ, ਪਿੰਡ ਨੱਤ ਵਿਖੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਜਥੇਦਾਰ ਪਰਮਜੀਤ ਸਿੰਘ ਨੱਤ ਪ੍ਰਧਾਨ ਗੁਰਦੁਆਰਾ ਬੇਗਮਪੁਰਾ ਪ੍ਰਬੰਧਕ ਕਮੇਟੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ 30 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 1 ਫ਼ਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। 30 ਜਨਵਰੀ ਨੂੰ ਸਵੇਰੇ 10 ਵਜੇ ਸ਼੍ਰੀ ਅਖੰਡ ਪਾਠ ਆਰੰਭ ਕਰਨ ਉਪਰੰਤ ਸਾਡੇ ਦਸ ਵਜੇ ਸਮੂਹ ਨਗਰ ਨਿਵਾਸੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਆਰੰਭ ਕੀਤਾ ਜਾਵੇਗਾ ਅਤੇ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। 31 ਜਨਵਰੀ ਨੂੰ ਮੱਧ ਦਾ ਭੋਗ ਸਵੇਰੇ 10 ਵਜੇ ਪਾਏ ਜਾਣਗੇ। 1 ਫ਼ਰਵਰੀ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰ ਗੁਰ ਇਤਿਹਾਸ ਨਾਲ ਜੋੜ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਪ੍ਰਬੰਧਕ ਕਮੇਟੀ ਵੱਲੋਂ ਸੰਗਤ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ। ਤਿੰਨ ਦਿਨ ਗੁਰਮਤਿ ਸਮਾਗਮ ਵਿੱਚ ਵੱਧ ਤੋਂ ਵੱਧ ਸੰਗਤਾਂ ਨੂੰ ਨਾਲ ਲਿਆ ਕੇ ਹਾਜ਼ਰੀਆਂ ਭਰੋ ਅਤੇ ਤਨ-ਮਨ-ਧਨ ਨਾਲ ਸਹਿਯੋਗ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕਰੋ।

# ਖੰਨਾ ਵਿੱਚ ਬਸੰਤ ਪੰਚਮੀ ਖੁਸ਼ੀ ਅਤੇ ਸੁਰੱਖਿਆ ਨਾਲ ਮਨਾਈ

ਲੁਧਿਆਣਾ, 25 ਜਨਵਰੀ (ਵਿਸ਼ਾਲ ਸ਼ਰਮਾ) : ਅੱਜ ਖੰਨਾ ਸ਼ਹਿਰ ਵਿੱਚ ਬਸੰਤ ਪੰਚਮੀ ਦਾ ਤਿਉਹਾਰ ਪੂਰੇ ਉਤਸ਼ਾਹ, ਖੁਸ਼ੀ ਅਤੇ ਸ਼ਾਂਤੀਪੂਰਨ ਮਾਹੌਲ ਵਿੱਚ ਮਨਾਇਆ ਗਿਆ। 23 ਜਨਵਰੀ ਨੂੰ ਪੰਜਾਬ ਵਿੱਚ ਹੋਈ ਭਾਰੀ ਵਰਖਾ ਕਾਰਨ ਉਸ ਦਿਨ ਪਤੰਗਬਾਜ਼ੀ ਨਹੀਂ ਹੋ ਸਕੀ ਸੀ, ਜਿਸ ਤੋਂ ਬਾਅਦ ਅੱਜ ਲੋਕਾਂ ਵਿੱਚ ਦੋਗੁਣਾ ਜੋਸ਼ ਵੇਖਣ ਨੂੰ ਮਿਲਿਆ। ਸ਼ਹਿਰ ਦੇ ਹਰ ਇਲਾਕੇ ਵਿੱਚ ਰੰਗ-ਬਰੰਗੀਆਂ ਪਤੰਗਾਂ ਅਸਮਾਨ ਵਿੱਚ ਉੱਡਦੀਆਂ ਨਜ਼ਰ ਆਈਆਂ ਅਤੇ ਛੱਤਾਂ ਉੱਤੇ ਪਰਿਵਾਰਾਂ ਵੱਲੋਂ ਬਸੰਤ ਦੇ ਗੀਤਾਂ ਨਾਲ ਤਿਉਹਾਰ ਮਨਾਇਆ ਗਿਆ। ਇਸ ਖੁਸ਼ਗਵਾਰ ਮੌਕੇ ਨੂੰ ਸੁਰੱਖਿਅਤ ਬਣਾਉਣ ਲਈ ਖੰਨਾ ਪੁਲਿਸ ਵੱਲੋਂ ਬਹੁਤ ਹੀ ਸ਼ਲਾਘਾਯੋਗ ਭੂਮਿਕਾ ਨਿਭਾਈ ਗਈ। ਖ਼ਾਸ ਕਰਕੇ ਖ਼ਤਰਨਾਕ ਚਾਈਨਾ ਡੋਰ ਦੀ ਵਰਤੋਂ ਨੂੰ ਰੋਕਣ ਲਈ ਪੁਲਿਸ ਨੇ ਪੂਰੀ ਸਖ਼ਤੀ ਨਾਲ ਕਾਰਵਾਈ ਕੀਤੀ। ਜ਼ਿਲ੍ਹਾ ਪੁਲਿਸ ਮੁਖੀ ਡਾ. ਦਰਪਣ ਆਹਲੂਵਾਲੀਆ ਖੁਦ ਸਵੇਰੇ ਤੋਂ ਹੀ ਪੁਲਿਸ ਟੀਮਾਂ ਦੇ ਨਾਲ ਛੱਤਾਂ ਅਤੇ ਮੈਦਾਨ ਤੋਂ ਨਿਗਰਾਨੀ ਕਰਨ ਲਈ ਮੌਜੂਦ ਰਹੇ ਅਤੇ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਖ਼ੁਦ ਕੀਤੀ। ਇਸਤੋਂ ਇਲਾਵਾ ਐਸ.ਐਸ.ਪੀ ਵੱਲੋਂ ਵਰਦੀਧਾਰੀ ਪੁਲਿਸ ਮੁਲਾਜ਼ਮਾਂ ਦੀ ਬਜਾਏ ਆਮ ਕੱਪੜਿਆਂ ਵਿੱਚ ਪੁਲੀਸ ਮੁਲਾਜਮਾਂ ਨੇ ਦੁਕਾਨਾਂ ਦੀ ਜਾਂਚ ਕਰਨ ਦੀ ਇੱਕ ਮੁਹਿੰਮ ਵੀ ਚਲਾਈ। ਪ੍ਰੰਤੂ ਕਿਸੇ ਵੀ ਦੁਕਾਨ ਤੋਂ ਪਲਾਸਟਿਕ, ਨਾਈਲਨ,ਸਿੰਥੈਟਿਕ ਡੋਰ ਨਹੀਂ ਮਿਲੀ ਐਸ.ਐਸ.ਪੀ ਨੇ ਸਿਰਫ਼ ਦਫ਼ਤਰਾਂ ਤੱਕ ਸੀਮਿਤ ਰਹਿਣ ਦੀ ਬਜਾਏ ਖੁਦ ਛੱਤਾਂ ਉੱਤੇ ਚੜ੍ਹ ਕੇ ਪਤੰਗਬਾਜ਼ੀ ਦੀ ਜਾਂਚ ਕੀਤੀ। ਕਈ ਥਾਵਾਂ 'ਤੇ ਪੁਲਿਸ ਮੁਲਾਜ਼ਮ ਛਾਲਾਂ ਮਾਰ ਕੇ ਇਕ ਛੱਤ ਤੋਂ ਦੂਜੀ ਛੱਤ ਉੱਤੇ ਪਹੁੰਚੇ ਅਤੇ ਲੋਕਾਂ ਨੂੰ ਸਮਝਾਇਆ ਕਿ ਖ਼ਤਰਨਾਕ ਡੋਰ ਨਾਲ ਕਿਸੇ ਦੀ ਜਾਨ ਵੀ ਜਾ ਸਕਦੀ ਹੈ। ਇਸਦੀ ਵਰਤੋਂ ਬਿਲਕੁਲ ਨਹੀਂ ਕਰਨੀ ਹੈ। ਪੁਲਿਸ ਵੱਲੋਂ ਉੱਚੇ ਸਥਾਨਾਂ ਤੋਂ ਨਿਗਰਾਨੀ ਰੱਖ ਕੇ ਹਰ ਗਲੀ, ਹਰ ਮੁਹੱਲੇ 'ਤੇ ਪੂਰਾ ਧਿਆਨ ਦਿੱਤਾ ਗਿਆ। ਡ੍ਰੋਨ ਅਤੇ ਦੂਰਬੀਨ ਦੀ ਮਦਦ ਲਈ ਗਈ। ਪੁਲਿਸ ਦੀ ਇਸ ਸਖ਼ਤ ਅਤੇ ਇਮਾਨਦਾਰ ਮੁਹਿੰਮ ਦਾ ਨਤੀਜਾ ਇਹ ਰਿਹਾ ਕਿ ਸ਼ਹਿਰ ਵਿੱਚ ਕਿਤੇ ਵੀ ਕਿਸੇ ਵੱਡੀ ਘਟਨਾ ਦੀ ਖ਼ਬਰ ਨਹੀਂ ਆਈ। ਲੋਕਾਂ ਨੇ ਵੀ ਪੁਲਿਸ ਦਾ ਪੂਰਾ ਸਹਿਯੋਗ ਦਿੱਤਾ ਅਤੇ ਕਈ ਥਾਵਾਂ 'ਤੇ ਨੌਜਵਾਨਾਂ ਵੱਲੋਂ ਖੁਦ ਹੀ ਚਾਈਨਾ ਡੋਰ ਨਾ ਵਰਤਣ ਦੀ ਕਸਮ ਖਾਈ ਗਈ। ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਸਾਫ਼ ਸ਼ਬਦਾਂ ਵਿੱਚ ਕਿਹਾ ਗਿਆ ਕਿ ਜੋ ਵੀ ਵਿਅਕਤੀ ਖ਼ਤਰਨਾਕ ਡੋਰ ਦੀ ਵਰਤੋਂ ਕਰੇਗਾ, ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਨੂੰ ਵੀ ਛੂਟ ਨਹੀਂ ਦਿੱਤੀ ਜਾਵੇਗੀ। ਸ਼ਹਿਰ ਵਾਸੀਆਂ ਨੇ ਪੁਲਿਸ ਦੀ ਇਸ ਮੁਹਿੰਮ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਲੋਕਾਂ ਦਾ ਕਹਿਣਾ ਹੈ ਕਿ ਜੇ ਪੁਲਿਸ ਹਰ ਤਿਉਹਾਰ 'ਤੇ ਇਸ ਤਰ੍ਹਾਂ ਜ਼ਮੀਨੀ ਪੱਧਰ 'ਤੇ ਕੰਮ ਕਰੇ ਤਾਂ ਕਈ ਜਾਨਲੇਵਾ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ। ਬਸੰਤ ਪੰਚਮੀ ਦੇ ਮੌਕੇ ਖੰਨਾ ਪੁਲਿਸ ਨੇ ਸਾਬਤ ਕਰ ਦਿੱਤਾ ਕਿ ਸੁਰੱਖਿਆ ਅਤੇ ਤਿਉਹਾਰ ਇਕੱਠੇ ਚੱਲ ਸਕਦੇ ਹਨ। ਕੁੱਲ ਮਿਲਾ ਕੇ ਅੱਜ ਦੀ ਬਸੰਤ ਪੰਚਮੀ ਖੰਨਾ ਲਈ ਖੁਸ਼ੀ, ਸੁਰੱਖਿਆ ਅਤੇ ਪੁਲਿਸ-ਜਨਤਾ ਸਾਂਝ ਦੀ ਇਕ ਸ਼ਾਨਦਾਰ ਮਿਸਾਲ ਬਣ ਕੇ ਸਾਹਮਣੇ ਆਈ, ਜਿਸ ਦਾ ਸਿਹਰਾ ਖੰਨਾ ਪੁਲਿਸ ਅਤੇ ਜ਼ਿਲ੍ਹਾ ਪੁਲਿਸ ਮੁਖੀ ਡਾ. ਦਰਪਣ ਆਹਲੂਵਾਲੀਆ ਨੂੰ ਜਾਂਦਾ ਹੈ।

# ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਚੀਮਾ 'ਤੇ ਫ਼ਾਇਰਿੰਗ ਦੀ ਘਟਨਾ ਦੀ ਸਖ਼ਤ ਨਿੰਦਾ



ਲੁਧਿਆਣਾ 25 ਜਨਵਰੀ (ਰਵਿੰਦਰ ਸਿੰਘ ਨਿੱਝਰ) : ਅਕਾਲੀ ਦਲ ਵਾਰਸ ਪੰਜਾਬ ਦੇ ਦੇ ਸੀਨੀਅਰ ਆਗੂ ਜਸਵੰਤ ਸਿੰਘ ਚੀਮਾ ਦੀ ਗੱਡੀ ਉੱਪਰ ਗੁਲਥੜੀ ਪਲ ਤੇ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਤੀਆਂ ਵੱਲੋਂ ਫਾਇਰਿੰਗ ਕਰਨ ਦੀ ਘਟਨਾ ਦੀ ਪਾਰਟੀ ਦੇ ਸੀਨੀਅਰ ਨੂੰ ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪਾਰਟੀ ਆਗੂਆਂ, ਰਾਜੀਵ ਕੁਮਾਰ ਲਵਲੀ, ਪ੍ਰਿਥੀਪਾਲ ਸਿੰਘ ਬਟਾਲਾ, ਸੰਦੀਪ ਸਿੰਘ ਰੁਪਾਲੋਂ, ਇੰਦਰਜੀਤ ਸਿੰਘ ਐਡਵੋਕੇਟ, ਜਸਬੀਰ ਸਿੰਘ ਲੁਧਿਆਣਾ, ਨੇ ਇਸ ਹਮਲੇ ਦੀ ਜੋਰਦਾਰ ਸ਼ਬਦਾ ਵਿੱਚ ਨਿੰਦਾ ਕੀਤੀ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਸ਼ਨੀਵਾਰ ਦੀ ਸ਼ਾਮ ਕਰੀਬ 7 ਵਜੇ ਜਸਵੰਤ ਸਿੰਘ ਚੀਮਾ ਦੋਰਾਹਾ ਤੋਂ ਖੰਨਾ ਵੱਲ ਨੂੰ ਜਾ ਰਹੇ ਸਨ ਕਿ ਗੁਰਥੜੀ ਦੇ ਪੁੱਲ ਦੇ ਕੋਲ ਇਹ ਹਮਲਾ ਹੋਇਆ। ਹਾਲਾਂਕਿ ਗੋਲੀ ਕਾਰ ਦੇ ਪਿਛਲੇ ਦਰਵਾਜ਼ੇ ਚ ਲੱਗਣ ਕਾਰਨ ਜਾਨੀ ਨੁਕਸਾਨ ਤੋਂ ਬਚਾਆ ਰਿਹਾ, ਲੇਕਿਨ ਇਸ ਹਮਲੇ ਨੇ ਕਾਨੂੰਨ ਅਤੇ ਵਿਵਸਥਾ ਨੂੰ ਕੰਟਰੋਲ ਕਰਨ ਵਿੱਚ ਸਰਕਾਰ ਦੀ ਨਾਕਾਮਯਾਬੀ ਨੂੰ ਇੱਕ ਵਾਰ ਫਿਰ ਤੋਂ ਸਾਹਮਣੇ ਲਿਆ ਦਿੱਤਾ ਹੈ।ਪਾਰਟੀ ਆਗੂਆਂ ਨੇ ਹਮਲੇ ਦੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਨ ਅਤੇ ਕਾਨੂੰਨ ਤੇ ਵਿਵਸਥਾ ਨੂੰ ਕੰਟਰੋਲ ਕਰਨ ਸਬੰਧੀ ਮੰਗ ਕੀਤੀ ਹੈ। ਉਹਨਾਂ ਨੇ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਖਿਲਾਫ ਉਹ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਵਿੱਚ ਸਰਕਾਰ ਦੇ ਨਾਲ ਹਨ, ਲੇਕਿਨ ਅਪਰਾਧੀਆਂ ਉੱਪਰ ਨੁਕੇਲ ਕੱਸਣਾ ਵੀ ਸਰਕਾਰ ਦੀ ਜਿੰਮੇਵਾਰੀ ਹੈ। ਜੇਕਰ ਸਰਕਾਰ ਨੇ ਉਕਤ ਮਾਮਲੇ ਵਿੱਚ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਨਾ ਕੀਤੀ, ਤਾਂ ਆਉਂਦੇ ਦਿਨਾਂ ਦੌਰਾਨ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਬਸੰਤ ਰਾਗ ਕੀਰਤਨ ਦਰਬਾਰ ਕਰਵਾਇਆ



ਲੁਧਿਆਣਾ 25 ਜਨਵਰੀ (ਰਵਿੰਦਰ ਸਿੰਘ ਨਿੱਝਰ) : ਬਸੰਤ ਰਾਗ ਕੀਰਤਨ ਦਰਬਾਰ ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ, ਪ੍ਰਤਾਪ ਨਗਰ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ। ਇਸ ਪਾਵਨ ਮੌਕੇ ਪੰਥ ਦੇ ਪ੍ਰਸਿੱਧ ਰਾਗੀ ਜੱਥੇ ਭਾਈ ਜਸਪਿੰਦਰ ਸਿੰਘ, ਭਾਈ ਸਤਿੰਦਰ ਸਿੰਘ ਬੋਦਲ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ), ਪ੍ਰਿੰਸੀਪਲ ਸੁਖਵੰਤ ਸਿੰਘ (ਜਵੱਦੀ ਟਕਸਾਲ), ਡਾ. ਜਤਿੰਦਰ ਸਿੰਘ ਪ੍ਰੋਫੈਸਰ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ, ਪ੍ਰੋਫੈਸਰ ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਆਨੰਦਪੁਰ ਸਾਹਿਬ ਦੇ ਵਿਦਿਆਰਥੀ ਅਤੇ ਭਾਈ ਹਰਸਿਮਰਨਜੀਤ ਸਿੰਘ ਕਰਨਲ ਲੁਧਿਆਣਾ ਵਾਲੇ ਅੰਮ੍ਰਿਤਮਈ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਗਿਆਨੀ ਗੁਰਬਚਨ ਸਿੰਘ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਪ੍ਰਬੰਧਕਾਂ ਗੁਰਵਿੰਦਰ ਸਿੰਘ ਗਿੰਦਾ ਅਤੇ ਉਨ੍ਹਾਂ ਦੇ ਪਰਿਵਾਰ ਕਰਨਦੀਪ ਸਿੰਘ ਵੱਲੋਂ ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਨੂੰ ਕਰਤਾਰ ਸਿੰਘ ਯਾਦਗਾਰੀ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਸੋਹਣ ਸਿੰਘ ਗੋਗਾ, ਜਗਬੀਰ ਸਿੰਘ ਸੋਖੀ, ਗੁਰਿੰਦਰ ਸਿੰਘ ਪਲਾਹਾ, ਜਸਵੰਤ ਸਿੰਘ ਭੋਗਲ, ਰਖਵਿੰਦਰ ਸਿੰਘ ਗਾਬੜੀਆ, ਜਸਪਾਲ ਸਿੰਘ, ਗੁਰਦੀਪ ਸਿੰਘ ਸੈਣੀ, ਐਡਵੋਕੇਟ ਰਤਨਦੀਪ ਸਿੰਘ ਸੈਣੀ, ਜਗਰੂਪ ਸਿੰਘ ਸੇਖਵਾਂ, ਦਵਿੰਦਰ ਸਿੰਘ ਪਨੇਸਰ, ਹਰਦੀਪ ਸਿੰਘ ਪਲਾਹਾ ਅਤੇ ਗੁਰਮੀਤ ਸਿੰਘ ਕੁਲਾਰ ਦਾ ਵੀ ਸਨਮਾਨ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਹਰਜਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਉੱਭੀ, ਜੋਗਾ ਸਿੰਘ, ਹਰੀ ਸਿੰਘ, ਅਰਵਿੰਦਰ ਸਿੰਘ ਧੰਜਲ, ਜਸਵੀਰ ਸਿੰਘ ਜੱਸੀ, ਬਲਵਿੰਦਰ ਸਿੰਘ ਬਿੱਲੂ ਅਤੇ ਚਰਨਜੀਤ ਸਿੰਘ ਚੰਨਾ ਆਦ ਨੇ ਗੁਰਮਤਿ ਸਮਾਗਮ ਵਿਚ ਹਾਜਰੀ ਭਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂ ਕੇ ਲੰਗਰ ਅਤੁੱਟ ਵਰਤੇ।

# ਸੋਖੀ ਦੇ ਉੱਦਮ ਸਦਕਾ ਅਨੇਕਾਂ ਆਗੂ ਅਕਾਲੀ ਦਲ ਵਿੱਚ ਸ਼ਾਮਿਲ



ਲੁਧਿਆਣਾ 25 ਜਨਵਰੀ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਅਤੇ ਹਲਕਾ ਆਤਮ ਨਗਰ ਦੇ ਇੰਚਾਰਜ ਜਗਬੀਰ ਸਿੰਘ ਸੋਖੀ ਦੇ ਉੱਦਮ ਸਦਕਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਬਹੁ ਗਿਣਤੀ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਵਿੱਚ ਸ਼ਾਮਿਲ ਕੀਤਾ। ਇਸ ਮੌਕੇ ਬਾਦਲ ਅਤੇ ਸੋਖੀ ਨੇ ਕਿਹਾ ਕਿ ਇਨਾਂ ਆਪ ਵਾਲਿਆਂ ਨੇ ਝੂਠ ਦੀਆਂ ਪੰਡਾਂ ਬੰਨਣ ਤੋਂ ਸਿਵਾ ਹੋਰ ਕੁਝ ਵੀ ਨਹੀਂ ਕੀਤਾ। ਜਿਸ ਨੂੰ ਲੋਕ ਹੁਣ ਸਮਝ ਚੁੱਕੇ ਹਨ ਤੇ ਜਦੋਂ ਉਹ ਪਿੱਛੇ ਪੰਜਾਬ ਦੇ ਇਤਿਹਾਸ ਵੱਲ ਝਾਤ ਮਾਰਦੇ ਹਨ ਤਾਂ ਉਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਚਲਾਈਆਂ ਗਈਆਂ ਲੋਕ ਭਲਾਈ ਦੀਆਂ ਅਨੇਕਾਂ ਸਕੀਮਾਂ, ਕਰਵਾਇਆ ਗਿਆ ਰਿਕਾਰਡ ਤੋੜ ਵਿਕਾਸ, ਬਾਦਲ ਸਰਕਾਰ ਸਮੇਂ ਪੰਜਾਬ ਦੇ ਵਿੱਚ ਅਮਨ ਸ਼ਾਂਤੀ, ਭਾਈਚਾਰਕ ਸਾਂਝ, ਕਾਰੋਬਾਰੀ ਤਰੱਕੀਆਂ ਸਦਕਾ ਖੁਸ਼ਹਾਲ ਪੰਜਾਬ ਨਜ਼ਰ ਆਉਂਦਾ ਹੈ। ਜਿਸ ਦੇ ਚਲਦਿਆਂ ਲੋਕ ਸੂਬੇ ਨੂੰ ਫਿਰ ਤੋਂ ਹੱਸਦਾ ਵੱਸਦਾ ਦੇਖਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣਾ ਚਾਹੁੰਦੇ ਹਨ ਤੇ ਆਪ ਮੁਹਾਰੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਜੁੜ ਰਹੇ ਹਨ। ਇਸ ਮੌਕੇ ਪ੍ਰਵੀਨ ਭਾਰਤੀ, ਸੰਤੋਖ ਸਿੰਘ, ਬਲਕਾਰ ਸਿੰਘ ਸਵਾਲੀ, ਕੁਲਦੀਪ ਸਿੰਘ ਮਨਜੀਤ ਨਗਰ ਆਦਿ ਵੀ ਨਾਲ ਹਾਜਿਰ ਸਨ ਅਤੇ ਰਾਜ ਕੁਮਾਰ ਨਾਹਰ, ਜੋਂਟੀ ਨਾਹਰ, ਰੰਗੇਸ਼ ਸਿੰਘ, ਕਮਲ, ਰਵੀ, ਇੰਦਰਪਾਲ ਸਿੰਘ, ਸ਼ਰਨਦੀਪ ਸੋਨੂ, ਅਮਨ ਸਿੰਘ, ਬਖਸ਼ੀਸ਼ ਸਿੰਘ, ਮਲਵਿੰਦਰ ਸਿੰਘ, ਕੁਲਦੀਪ ਸਿੰਘ, ਸਰਦੂਲ ਸਿੰਘ, ਅਮਨਦੀਪ ਮੰਡ, ਜਗਰਾਜ ਮਿੰਟਾ, ਭਗਵੰਤ ਸਿੰਘ, ਰਜਿੰਦਰ ਪਾਲ ਸਿੰਘ, ਸੁਖਪ੍ਰੀਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ।

# ਰਾਸ਼ਟਰੀ ਵੋਟਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ




ਲੁਧਿਆਣਾ, 25 ਜਨਵਰੀ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਦੀ ਅਗਵਾਈ ਵਿੱਚ 16ਵੇਂ ਰਾਸ਼ਟਰੀ ਵੋਟਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ ਲੁਧਿਆਣਾ ਵਿੱਚ ਕਰਵਾਇਆ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਗਰਾਉਂ)-ਕਮ-ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਕੁਲਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਸਿੰਘ, ਚੋਣ ਤਹਿਸੀਲਦਾਰ ਅਮਨਦੀਪ ਸਿੰਘ ਅਤੇ ਹੋਰ ਵੀ ਮੌਜੂਦ ਸਨ। ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਕੁਲਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਲੁਧਿਆਣਵੀਆਂ ਵਾਸਤੇ ਇਹ ਬੜੇ ਮਾਣ ਵਾਲੀ ਗੱਲ ਹੈ ਕਿ 16ਵੇਂ ਨੈਸ਼ਨਲ ਵੋਟਰ ਦਿਵਸ ਮੌਕੇ ਲੁਧਿਆਣਾ ਨੂੰ ਉੱਤਮ ਚੋਣ ਜ਼ਿਲ੍ਹਾ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਉਨ੍ਹਾਂ ਨੌਜਵਾਨਾਂ ਨੂੰ ਚੋਣਾਂ ਵਿੱਚ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਅਤੇ ਵੱਧ ਚੜ੍ਹ ਕੇ ਭਾਗੀਦਾਰੀ ਲਈ ਪ੍ਰੇਰਿਤ ਕੀਤਾ। ਉਨ੍ਹਾਂ 25 ਜਨਵਰੀ, 2011 ਤੋਂ ਮਨਾਏ ਜਾ ਰਹੇ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਲੋਕਤੰਤਰ ਦੀ ਰੱਖਿਆ ਲਈ, ਵੋਟ ਪਾਉਣ ਦਾ ਹੱਕ ਸਾਡੇ ਸੰਵਿਧਾਨ ਦੁਆਰਾ ਦਿੱਤੇ ਗਏ ਸਭ ਤੋਂ ਵੱਡੇ ਸਾਧਨਾਂ ਵਿੱਚੋਂ ਇੱਕ ਹੈ। ਉਨ੍ਹਾਂ ਅੱਗੇ ਕਿਹਾ ਕਿ ਵੋਟ ਪਾਉਣਾ ਸਾਡਾ ਫਰਜ਼ ਹੈ ਅਤੇ ਸਾਰਿਆਂ ਨੂੰ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ ਕਿਉਂਕਿ ਇਹ ਅਧਿਕਾਰਾਂ ਦੀ ਰੱਖਿਆ ਨੂੰ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਭਾਰਤ ਵਰਗੇ ਆਜ਼ਾਦ ਦੇਸ਼ ਵਿੱਚ ਰਹਿ ਕੇ ਮਾਣ ਮਹਿਸੂਸ ਕਰਦੇ ਹਾਂ, ਪਰ ਸਾਨੂੰ ਸਾਰਿਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਭਾਰਤ ਨੇ ਬਹੁਤ ਸੰਘਰਸ਼ ਤੋਂ ਬਾਅਦ ਆਜ਼ਾਦੀ ਪ੍ਰਾਪਤ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਕੇ ਆਪਣੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ, ਜੋ ਕਿ ਸਾਡਾ ਫਰਜ਼ ਵੀ ਹੈ। ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ, 18-19 ਸਾਲ ਦੇ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕਰਨ ਅਤੇ ਚੋਣਾਂ ਸਬੰਧੀ ਉਨ੍ਹਾਂ ਦੀਆਂ ਮਿਸਾਲੀ ਸੇਵਾਵਾਂ ਲਈ ਬੈਸਟ ਈ ਆਰ ਓ, ਬੈਸਟ ਬੀ ਐਲ ਓ, ਬੈਸਟ ਨੋਡਲ ਅਫ਼ਸਰ ਵਜੋਂ ਸਨਮਾਨਿਤ ਕੀਤਾ ਗਿਆ। ਇਸ ਲੜੀ ਵਿੱਚ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ ਨੂੰ ਵਿਧਾਨ ਸਭਾ ਹਲਕਾ 64-ਲੁਧਿਆਣਾ ਪੱਛਮੀ ਲਈ ਉੱਤਮ ਚੋਣ ਰਜਿਸ਼ਟਰੇਸ਼ਨ ਅਧਿਕਾਰੀ ਐਲਾਨਿਆ ਗਿਆ ਜਦਕਿ ਜਸਪਾਲ ਸਿੰਘ ਈ.ਟੀ.ਟੀ. ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ, ਅਗਵਾੜ ਲੋਪੋਂ ਨੂੰ ਭਾਗ ਨੰਬਰ 35, ਵਿਧਾਨ ਸਭਾ ਹਲਕਾ 70-ਜਗਰਾਉਂ ਤੋਂ ਬੈਸਟ ਬੀ.ਐਲ.ਓ. ਅਤੇ ਹਰਜੋਤ ਸਿੰਘ ਬੈਂਸ, ਸਹਾਇਕ ਪ੍ਰੋਫੈਸਰ ਸਰਕਾਰੀ ਕਾਲਜ (ਲੜਕੀਆਂ), ਲੁਧਿਆਣਾ ਨੂੰ ਬੈਸਟ ਨੋਡਲ ਅਫ਼ਸਰ ਦਾ ਖਿਤਾਬ ਦਿੱਤਾ ਗਿਆ। ਅਖੀਰ ਵਿੱਚ, ਸਰਕਾਰੀ ਕਾਲਜ (ਲੜਕੀਆਂ) ਦੇ ਵਿਦਿਆਰਥੀਆਂ ਵੱਲੋਂ ਵੋਟ ਦੇ ਅਧਿਕਾਰ ਦਾ ਸੰਦੇਸ਼ ਦੇਣ ਲਈ ਜਾਗਰੂਕਤਾ ਰੈਲੀ ਦਾ ਵੀ ਆਯੋਜਨ ਕੀਤਾ ਗਿਆ ਜਿਸ ਨੂੰ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਹਰੀ ਝੰਡੀ ਦਿੱਤੀ ਗਈ।

## ਅਮਰੀਕਾ ਨੂੰ ਰੈਵੋਲਿਊਸ਼ਨਰੀ ਗਾਰਡ ਦੇ ਕਮਾਂਡਰ ਜਨਰਲ ਵੱਲੋਂ ਸਿੱਧੀ ਚਿਤਾਵਨੀ

# ਸਾਡਾ ਮੁਲਕ ਪਹਿਲਾਂ ਤੋਂ ਕਿਤੇ ਵੱਧ ਤਿਆਰ ਹੈ ਤੇ ਸਿਰਫ਼ ਟ੍ਰਿਗਰ ਦੱਬਣ ਦੀ ਦੇਰ

ਦੁਬਈ, 25 ਜਨਵਰੀ (ਚ.ਨ.ਸ): ਇਰਾਨ 'ਚ ਪ੍ਰਦਰਸ਼ਨਾਂ ਨੂੰ ਠੱਲ੍ਹਣ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਰੈਵੋਲਿਊਸ਼ਨਰੀ ਗਾਰਡ ਦੇ ਕਮਾਂਡਰ ਜਨਰਲ ਮੁਹੰਮਦ ਪਾਕਪੁਰ ਨੇ ਅਮਰੀਕਾ ਨੂੰ ਸਿੱਧੀ ਚਿਤਾਵਨੀ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਮੁਲਕ ਪਹਿਲਾਂ ਤੋਂ ਕਿਤੇ ਵੱਧ ਤਿਆਰ ਹੈ ਤੇ ਸਿਰਫ਼ ਟ੍ਰਿਗਰ ਦੱਬਣ ਦੀ ਦੇਰ ਹੈ।ਇਹ ਚਿਤਾਵਨੀ ਅਮਰੀਕੀ ਜੰਗੀ ਬੇੜਿਆਂ ਦੇ ਮੱਧ ਪੂਰਬ ਵੱਲ ਵਧਣ ਦੀਆਂ ਰਿਪੋਰਟਾਂ ਦਰਮਿਆਨ ਦਿੱਤੀ ਗਈ ਹੈ।ਇਰਾਨ ਦੀ ਸੁਪਰੀਮ ਕੌਮੀ ਸੁਰੱਖਿਆ ਪ੍ਰੀਸ਼ਦ ਨੇੜਲੇ ਮੀਡੀਆ ਅਦਾਰੇ ਨੇ ਆਪਣੇ ਟੈਲੀਗ੍ਰਾਮ ਚੈਨਲ 'ਤੇ ਕਿਹਾ ਕਿ ਕਮਾਂਡਰ ਪਾਕਪੁਰ ਨੇ ਅਮਰੀਕਾ ਤੇ ਇਜ਼ਰਾਈਲ ਨੂੰ ਚਿਤਾਵਨੀ ਦਿੱਤੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਗਲਤਫਹਿਮੀ 'ਚ ਨਾ ਰਹਿਣ ਤੇ ਹਮਲਿਆਂ ਦਾ ਤਿੱਖਾ ਜਵਾਬ ਦਿੱਤਾ ਜਾਵੇਗਾ।ਇਰਾਨੀ ਕਰੰਸੀ ਰਿਆਲ ਦੀ ਡਿਗਦੀ ਕੀਮਤ ਕਾਰਨ 28 ਦਸੰਬਰ ਤੋਂ ਸ਼ੁਰੂ ਹੋਏ ਪ੍ਰਦਰਸ਼ਨਾਂ 'ਚ ਹੁਣ ਤੱਕ 5137 ਲੋਕ ਮਾਰੇ ਜਾ ਚੁੱਕੇ ਹਨ, ਜਿਸ ਮਗਰੋਂ ਇਰਾਨ ਤੇ ਅਮਰੀਕਾ ਵਿਚਾਲੇ ਤਣਾਅ ਬਣ ਗਿਆ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਸੀ ਕਿ ਅਮਰੀਕੀ ਜੰਗੀ ਬੇੜੇ ਇਰਾਨ ਵੱਲ ਵੱਧ ਰਹੇ ਹਨ ਪਰ ਹੋ ਸਕਦਾ ਹੈ ਕਿ ਉਨ੍ਹਾਂ ਦੀ ਲੋੜ ਨਾ ਪਵੇ।ਅਮਰੀਕੀ ਜਲ ਸੈਨਾ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਯੂਐਸਐਸ ਅਬਰਾਹਮ ਲਿੰਕਨ ਤੇ ਹੋਰ ਜੰਗੀ ਬੇੜੇ ਹਿੰਦ ਮਹਾਸਾਗਰ 'ਚ ਪਹੁੰਚ ਗਏ ਹਨ। ਉਧਰ, ਏਅਰ ਫਰਾਂਸ ਨੇ ਦੁਬਈ 'ਚ ਆਪਣੀ ਸੇਵਾ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤੀ ਜਿਸ ਨਾਲ ਕੁਝ ਸ਼ੰਕੇ ਖੜ੍ਹੇ ਹੋ ਗਏ ਸਨ।

# ਐਸਵਾਈਐਲ ਮੁੱਦੇ 'ਤੇ ਸੈਣੀ ਤੇ ਮਾਨ 27 ਨੂੰ ਕਰਨਗੇ ਮੁਲਾਕਾਤ

ਚੰਡੀਗੜ੍ਹ, 25 ਜਨਵਰੀ (ਚ.ਨ.ਸ): ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ 27 ਜਨਵਰੀ ਨੂੰ ਚੰਡੀਗੜ੍ਹ ਵਿੱਚ ਮੁਲਾਕਾਤ ਕਰਨਗੇ, ਜਦਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਸੁਪਰੀਮ ਕੋਰਟ ਵਿੱਚ ਅਗਲੀ ਸੁਣਵਾਈ ਅਪ੍ਰੈਲ ਵਿੱਚ ਹੋਣੀ ਤੈਅ ਹੋਈ ਹੈ। ਸੂਤਰਾਂ ਅਨੁਸਾਰ, ਇਹ ਦੁਵੱਲੀ ਮੀਟਿੰਗ ਕਰਨ ਦਾ ਫੈਸਲਾ ਕੇਂਦਰੀ ਜਲ ਸ਼ਕਤੀ ਮੰਤਰੀ ਵੱਲੋਂ ਨਵੰਬਰ ਵਿੱਚ ਦੋਵਾਂ ਮੁੱਖ ਮੰਤਰੀਆਂ ਨੂੰ ਲਿਖੇ ਪੱਤਰ ਦੇ ਮੱਦੇਨਜ਼ਰ ਲਿਆ ਗਿਆ ਹੈ।ਪੱਤਰ ਵਿੱਚ ਕਿਹਾ ਗਿਆ ਸੀ ਕਿ ਦੋਵਾਂ ਰਾਜਾਂ ਨੂੰ ਇੱਕ ਸੁਖਾਵੇਂ ਹੱਲ ਤੱਕ ਪਹੁੰਚਣ ਲਈ ਦੁਵੱਲੀ ਮੀਟਿੰਗ ਕਰਨੀ ਚਾਹੀਦੀ ਹੈ।ਇਸ ਵਿੱਚ ਇਹ ਵੀ ਸੰਕੇਤ ਦਿੱਤਾ ਗਿਆ ਸੀ ਕਿ ਇਸ ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਮੰਤਰੀ ਨਹੀਂ ਕਰਨਗੇ।ਪੱਤਰ ਵਿੱਚ ਅੱਗੇ ਕਿਹਾ ਗਿਆ ਕਿ ਵਿਚਾਰ-ਵਟਾਂਦਰੇ ਦੇ ਨਤੀਜੇ ਮੰਤਰਾਲੇ ਨੂੰ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਅਗਲੀ ਸੁਣਵਾਈ 'ਤੇ ਇਨ੍ਹਾਂ ਨੂੰ ਸੁਪਰੀਮ ਕੋਰਟ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ।ਇਸ ਤੋਂ ਬਾਅਦ 26 ਦਸੰਬਰ ਨੂੰ ਭਾਰਤ ਸਰਕਾਰ ਦੇ ਜਲ ਸਰੋਤ ਵਿਭਾਗ ਦੇ ਸਕੱਤਰ ਵੱਲੋਂ ਇੱਕ ਹੋਰ ਪੱਤਰ ਭੇਜਿਆ ਗਿਆ ਸੀ, ਜਿਸ ਵਿੱਚ ਅਦਾਲਤ ਵਿੱਚ ਪੇਸ਼ ਕਰਨ ਲਈ ਮੀਟਿੰਗ ਦੇ ਨਤੀਜੇ ਦੀ ਮੰਗ ਕੀਤੀ ਗਈ ਸੀ।ਜਦੋਂ ਕਿ ਹਰਿਆਣਾ ਦੇ ਮੁੱਖ ਮੰਤਰੀ ਦੇ ਮੀਡੀਆ ਸਕੱਤਰ ਪਰਵੀਨ ਅੱਤਰੇ ਨੇ ਪੁਸ਼ਟੀ ਕੀਤੀ ਕਿ 27 ਜਨਵਰੀ ਲਈ ਮੀਟਿੰਗ ਤੈਅ ਕੀਤੀ ਗਈ ਹੈ, ਸਿੰਚਾਈ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਰਾਜ ਸਰਕਾਰ ਦਾ ਇੱਕੋ-ਇੱਕ ਏਜੰਡਾ ਹੈ ਕਿ ਪੰਜਾਬ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਆਪਣੇ ਪਾਸੇ ਨਹਿਰ ਦੀ ਉਸਾਰੀ ਪੂਰੀ ਕਰੇ।ਜਾਣਕਾਰੀ ਅਨੁਸਾਰ ਇਸ ਮੀਟਿੰਗ ਲਈ ਹਰਿਆਣਾ ਨੇ ਪਹਿਲ ਕੀਤੀ ਹੈ।ਇੱਕ ਅਧਿਕਾਰੀ ਨੇ ਦੱਸਿਆ ਕਿ ਹਰਿਆਣਾ ਨੇ ਪਹਿਲ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਗੱਲਬਾਤ ਲਈ ਸੱਦਾ ਦਿੱਤਾ ਸੀ।ਇਸ ਨੂੰ ਪੰਜਾਬ ਸਰਕਾਰ ਨੇ ਸਵੀਕਾਰ ਕਰ ਲਿਆ ਹੈ। ਇਹ ਮੀਟਿੰਗ ਹਰਿਆਣਾ ਨਿਵਾਸ ਵਿਖੇ ਹੋਵੇਗੀ। ਪਿਛਲੇ ਮੌਕਿਆਂ ਦੇ ਉਲਟ, ਇਸ ਵਾਰ ਕੇਂਦਰੀ ਮੰਤਰੀ ਦੇ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਨਹੀਂ ਹੈ।ਸਾਨੂੰ ਉਮੀਦ ਹੈ ਕਿ ਜਦੋਂ ਇਸ ਸਾਲ ਮੁੱਖ ਮੰਤਰੀ ਮਿਲਣਗੇ ਤਾਂ ਹੋਰ ਤਰੱਕੀ ਹੋਵੇਗੀ।



# 'ਭਾਰਤ-ਵਿਰੋਧੀ' ਗ੍ਰੈਫਿਟੀ ਬਣਾਉਣ ਦੇ ਦੋਸ਼ 'ਚ ਔਰਤ ਗ੍ਰਿਫ਼ਤਾਰ

ਟੋਰਾਂਟੋ, 25 ਜਨਵਰੀ (ਚ.ਨ.ਸ): ਟੋਰਾਂਟੋ ਦੇ ਸਬਵੇਅ ਸਿਸਟਮ ਵਿੱਚ ਭਾਰਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਗ੍ਰੈਫਿਟੀ (ਕੰਧਾਂ 'ਤੇ ਲਿਖਤਾਂ) ਲਿਖਣ ਦੇ ਸਬੰਧ ਵਿੱਚ ਇੱਕ 29 ਸਾਲਾ ਔਰਤ ਨੂੰ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਟੋਰਾਂਟੋ ਪੁਲਿਸ ਸਰਵਿਸ ਨੇ ਕਿਹਾ ਕਿ ਉਨ੍ਹਾਂ ਨੇ ਨਫ਼ਰਤ ਤੋਂ ਪ੍ਰੇਰਿਤ ਸ਼ਰਾਰਤ ਦੀ ਜਾਂਚ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਉਸ ਦੀ ਪਛਾਣ ਟੋਰਾਂਟੋ ਦੀ ਰਹਿਣ ਵਾਲੀ ਮੇਗਨ ਐਲਸਲੇ ਵਜੋਂ ਕੀਤੀ ਹੈ।ਪਿਛਲੇ ਸਾਲ 3 ਜੁਲਾਈ ਤੋਂ 21 ਦਸੰਬਰ ਦੇ ਵਿਚਕਾਰ TPS ਅਧਿਕਾਰੀਆਂ ਨੇ ਟੋਰਾਂਟੋ ਟ੍ਰਾਂਜ਼ਿਟ ਕਮਿਸ਼ਨ ਦੇ ਵੱਖ-ਵੱਖ ਸਟੇਸ਼ਨਾਂ 'ਤੇ ਗ੍ਰੈਫਿਟੀ ਦੀਆਂ ਰਿਪੋਰਟਾਂ 'ਤੇ ਕਾਰਵਾਈ ਕੀਤੀ ਸੀ।ਬਿਆਨ ਵਿੱਚ ਕਿਹਾ ਗਿਆ ਹੈ ਕਿ ਸ਼ੱਕੀ ਨੇ ਕਥਿਤ ਤੌਰ 'ਤੇ ਸਟੇਸ਼ਨਾਂ 'ਤੇ ਜਾ ਕੇ ਸਬਵੇਅ ਕਾਰਾਂ (ਡੱਬਿਆਂ) ਤੇ ਸਟੇਸ਼ਨਾਂ ਦੇ ਅੰਦਰ ਭਾਰਤ-ਵਿਰੋਧੀ ਸੰਦੇਸ਼ ਲਿਖ ਕੇ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਇਆ।20 ਜਨਵਰੀ ਨੂੰ ਜਾਂਚਕਰਤਾਵਾਂ ਨੇ ਟੋਰਾਂਟੋ ਵਿੱਚ ਇੱਕ ਰਿਹਾਇਸ਼ ਦੀ ਤਲਾਸ਼ੀ ਲਈ ਜਿਸ ਤੋਂ ਬਾਅਦ ਇਹ ਗ੍ਰਿਫ਼ਤਾਰੀ ਹੋਈ। ਐਲਸਲੇ 'ਤੇ ਸ਼ਰਾਰਤ ਦੇ ਅੱਠ ਮਾਮਲਿਆਂ ਤਹਿਤ ਦੋਸ਼ ਲਗਾਏ ਗਏ ਹਨ। ਰਿਲੀਜ਼ ਵਿੱਚ ਨੋਟ ਕੀਤਾ ਗਿਆ ਹੈ ਕਿ ਇਸ ਜਾਂਚ ਨੂੰ ਇੱਕ ਸ਼ੱਕੀ ਨਫ਼ਰਤ-ਪ੍ਰੇਰਿਤ ਅਪਰਾਧ ਵਜੋਂ ਦੇਖਿਆ ਜਾ ਰੂਪ ਵਿੱਚ ਲਿਆ ਜਾ ਰਿਹਾ ਹੈ।ਇਸ ਵਿੱਚ ਕਿਹਾ ਗਿਆ ਹੈ ਕਿ ਜਦੋਂ ਅਜਿਹੇ ਅਪਰਾਧਾਂ ਦੀ ਰਿਪੋਰਟ ਪੁਲਿਸ ਨੂੰ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਜਾਂਚ ਹੇਟ ਕ੍ਰਾਈਮ ਯੂਨਿਟ (ਨਫ਼ਰਤੀ ਅਪਰਾਧ ਸ਼ਾਖਾ) ਦੁਆਰਾ ਕੀਤੀ ਜਾਂਦੀ ਹੈ।ਰਿਲੀਜ਼ ਵਿੱਚ ਅੱਗੇ ਕਿਹਾ ਗਿਆ ਹੈ, ਕਿ ਜੇਕਰ ਕਿਸੇ ਵਿਅਕਤੀ 'ਤੇ ਦੋਸ਼ ਲਗਾਏ ਜਾਂਦੇ ਹਨ ਤੇ ਉਹ ਅਪਰਾਧ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਜੱਜ ਸਜ਼ਾ ਸੁਣਾਉਣ ਵੇਲੇ ਨਫ਼ਰਤ ਨੂੰ ਇੱਕ ਗੰਭੀਰ ਕਾਰਕ ਵਜੋਂ ਵਿਚਾਰਨਗੇ।ਭਾਰਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਨਫ਼ਰਤ ਵਧੀ ਹੈ ਕਿਉਂਕਿ ਉਹ ਨਵੇਂ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਤੇ ਸਭ ਤੋਂ ਪ੍ਰਤੱਖ ਸਮੂਹ ਹਨ। ਹਾਲ ਹੀ ਦੇ ਮਹੀਨਿਆਂ ਵਿੱਚ ਲੋਕਾਂ ਦੀ ਉਨ੍ਹਾਂ ਦੀ ਰਾਸ਼ਟਰੀ ਪਛਾਣ ਕਾਰਨ ਉਨ੍ਹਾਂ 'ਤੇ ਹਮਲੇ ਹੋਣ ਦੀਆਂ ਕਈ ਵੀਡੀਓਜ਼ ਵੀ ਸਾਹਮਣੇ ਆਈਆਂ ਹਨ।



# ਵੱਖ-ਵੱਖ ਜ਼ਿਲ੍ਹਿਆਂ 'ਚ ਟਰੈਕਟਰ ਮਾਰਚ ਪਰੇਡ ਅੱਜ: ਚੌਹਾਨ ਤੇ ਗੁਰਾਇਆ



ਟਾਂਡਾ ਉੜਮੁੜ, 25 ਜਨਵਰੀ (ਅਰਜੁਨ ਜੈਨ): ਦੁਆਬਾ ਕਿਸਾਨ ਕਮੇਟੀ ਪੰਜਾਬ ਦੀ ਇੱਕ ਅਹਿਮ ਮੀਟਿੰਗ ਟਾਂਡਾ ਉੜਮੁੜ ਵਿੱਚ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਦੁਆਬਾ ਕਿਸਾਨ ਕਮੇਟੀ ਪੰਜਾਬ ਮੈਂਬਰ ਐਸਕੇਐਮ ਭਾਰਤ ਪਹੁੰਚੇ। ਪੰਜਾਬ ਵਿੱਚ ਕਿਸਾਨੀ ਦੇ ਸੰਕਟ ਬਾਰੇ ਗੱਲਬਾਤ ਕਰਦਿਆਂ ਵੱਖ-ਵੱਖ ਬੁਲਾਰਿਆਂ ਪ੍ਰਿਥਪਾਲ ਸਿੰਘ ਗੁਰਾਇਆ ਸੂਬਾ ਜਨਰਲ ਸਕੱਤਰ, ਸਤਪਾਲ ਸਿੰਘ ਮਿਰਜ਼ਾਪੁਰ ਸੂਬਾ ਸਕੱਤਰ, ਸਰਕਲ ਗੜ੍ਹਦੀਵਾਲਾ ਦੇ ਪ੍ਰਧਾਨ ਪਰਮਿੰਦਰ ਸਿੰਘ ਸਮਰਾ, ਮਹਿਤਾਬ ਸਿੰਘ ਹੁੰਦਲ ਕੋਰ ਕਮੇਟੀ ਮੈਂਬਰ, ਬਲਦੇਵ ਸਿੰਘ ਚੰਨਣ ਵਿੰਡੀ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਅਵਤਾਰ ਸਿੰਘ ਪਲਾਕੀ ਸਰਕਲ ਪ੍ਰਧਾਨ ਮੁਕੇਰੀਆਂ, ਦਲਜੀਤ ਸਿੰਘ ਮੰਝਪੁਰ ਜਨਰਲ ਸਕੱਤਰ ਜ਼ਿਲ੍ਹਾ ਪਠਾਨਕੋਟ, ਬਲਵਿੰਦਰ ਸਿੰਘ ਬਾਬਾ ਸਰਕਲ ਪ੍ਰਧਾਨ ਭੋਗਪੁਰ, ਰਣਜੀਤ ਸਿੰਘ ਰਾਣਾ ਸੀਨੀਅਰ ਮੀਤ ਪ੍ਰਧਾਨ ਜਲੰਧਰ ਨੇ ਕਿਹਾ ਕਿ ਸਰਕਾਰ ਪੰਜਾਬ ਦੇ ਮੀਡੀਆ ਦੀ ਆਵਾਜ਼ ਨੂੰ ਦਬਾਉਣ ਲਈ ਲਗਾਤਾਰ ਸੋਸ਼ਲ ਮੀਡੀਆ, ਪੱਤਰਕਾਰਾਂ 'ਤੇ ਪਰਚੇ ਦਰਜ ਕਰਕੇ ਸੱਚਾਈ ਨੂੰ ਦਬਾਉਣਾ ਚਾਹੁੰਦੀ ਹੈ, ਇਹ ਬਿਲਕੁਲ ਵੀ ਬਰਦਾਸ਼ਤ ਨਹੀਂ ਹੋਵੇਗਾ। ਚੌਹਾਨ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਜਨਵਰੀ ਨੂੰ ਪੂਰੇ ਭਾਰਤ ਵਿੱਚ ਤਹਿਸੀਲ ਪੱਧਰਾਂ 'ਤੇ ਟਰੈਕਟਰ ਮਾਰਚ ਕੀਤੇ ਜਾਣਗੇ। ਸੀਡ ਬਿੱਲ 2025, ਬਿਜਲੀ ਬਿੱਲ 2025, ਐਮਐਸਪੀ ਦਾ ਗਰੰਟੀ ਕਾਨੂੰਨ, ਲੇਬਰ ਬਿੱਲ ਕਾਨੂੰਨ, ਕਰਜ਼ਾ ਮੁਕਤੀ ਤੇ ਹੋਰ ਮੰਗਾਂ ਨੂੰ ਲੈ ਕੇ ਦੁਆਬਾ ਕਿਸਾਨ ਕਮੇਟੀ ਪੰਜਾਬ ਟਾਂਡਾ ਉੜਮੁੜ, ਦਸੂਹਾ, ਮੁਕੇਰੀਆਂ, ਪਠਾਨਕੋਟ, ਗੜ੍ਹਦੀਵਾਲਾ, ਜਲੰਧਰ, ਕਪੂਰਥਲਾ ਤੇ ਹੋਰ ਜ਼ਿਲ੍ਹਿਆਂ ਵਿੱਚ ਟਰੈਕਟਰ ਮਾਰਚ ਕਰਕੇ ਸਰਕਾਰ ਦੇ ਕੰਨਾਂ ਦੇ ਦੁਆਰ ਖੋਲ੍ਹੇਗੀ। ਦੋਆਬਾ ਕਿਸਾਨ ਕਮੇਟੀ ਪੰਜਾਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਜਿਹੜੇ ਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦੁਕਾਨਦਾਰ ਯੂਰੀਆ ਖਾਦ ਜਾਂ ਹੋਰ ਖਾਦਾਂ ਦਾ ਰੇਟ ਵੱਧ ਲਗਾ ਕੇ ਜਾਂ ਉਨ੍ਹਾਂ ਨਾਲ ਟੈਗਿੰਗ ਕਰਕੇ ਕਿਸਾਨਾਂ ਦੀ ਵੱਡੀ ਲੁੱਟ ਕਰ ਰਹੇ ਹਨ, ਉਹ ਤੁਰੰਤ ਉਨ੍ਹਾਂ 'ਤੇ ਕਾਰਵਾਈ ਕਰਕੇ ਨਕੇਲ ਕੱਸਣਗੇ। ਇਸ ਮੌਕੇ ਸਿਟੀ ਪ੍ਰਧਾਨ ਟਾਂਡਾ ਰਾਜ ਸਿੰਘ ਵਿਰਕ ਟਾਂਡਾ, ਜਗਮੋਹਨ ਸਿੰਘ ਮੀਰਪੁਰ ਸਰਕਲ ਪ੍ਰਧਾਨ ਕੰਢੀ ਏਰੀਆ, ਚਰਨਜੀਤ ਸਿੰਘ ਸੰਧੂ, ਬਲਵੀਰ ਸਿੰਘ ਬਾਜਵਾ, ਰਾਜਪਾਲ ਸਿੰਘ ਕਾਲਾ ਬੱਕਰਾ, ਅਮਰਜੀਤ ਸਿੰਘ ਕਲੋਏ, ਦਲਬੀਰ ਸਿੰਘ ਚਨੌਤਾ, ਬਲਦੇਵ ਸਿੰਘ ਦਬੁਰਜੀ, ਗੁਰਬਖਸ਼ ਸਿੰਘ ਦਬੁਰਜੀ, ਅੰਮ੍ਰਿਤਪਾਲ ਸਹਿਵਾਜਪੁਰ, ਧਰਮ ਸਿੰਘ ਬਾਬਕ, ਪ੍ਰਗਟ ਸਿੰਘ ਬਾਬੂ ਮੂਨਕ, ਮਿੰਟੂ ਮੂਨਕਾ ਹਾਜ਼ਰ ਸਨ।



ਜਗੀਰ ਸਿੰਘ ਮੰਡ ਇੰਚਾਰਜ ਚੜ੍ਹਦੀਕਲਾ ਅਖਬਾਰ ਗੁਰਦਾਸਪੁਰ ਦੀ ਬੇਟੀ ਮਨਪ੍ਰੀਤ ਕੌਰ ਦਾ ਅਨੰਦ ਕਾਰਜ ਇਕਬਾਲ ਸਿੰਘ ਰੰਧਾਵਾ ਨਾਲ ਗੁਰ ਮਰਯਾਦਾ ਅਨੁਸਾਰ ਸੰਪੰਨ ਹੋਇਆ। ਚੜ੍ਹਦੀਕਲਾ ਟਾਇਮ ਟੀਵੀ ਪੱਤਰਕਾਰ ਭਾਈਚਾਰਾ ਤੇ ਹੋਰ ਰਿਸ਼ਤੇਦਾਰ ਤੇ ਹੋਰ ਸੱਜਣ ਮਿੱਤਰ ਆਸ਼ੀਰਵਾਦ ਦੇਣ ਲਈ ਪਹੁੰਚੇ।
(ਫੋਟੋ ਤੇ ਵੇਰਵਾ: ਜਗੀਰ ਸਿੰਘ ਮੰਡ, ਗੁਰਦਾਸਪੁਰ)

# ਸਿਹਤ ਬੀਮਾ ਯੋਜਨਾ ਗਰੀਬ ਲੋਕਾਂ ਲਈ ਬਣੇਗੀ ਸਹਾਰਾ: 'ਆਪ' ਆਗੂ

ਆਦਮਪੁਰ, 25 ਜਨਵਰੀ (ਜੰਡੀਰ ਸੈਣੀ): ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਸ਼ਾਹਪੁਰ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਭਾਰੀ ਗਿਣਤੀ ਵਿੱਚ ਵਰਕਰ ਹਾਜ਼ਰ ਹੋਏ ਖਾਸ ਤੌਰ 'ਤੇ ਪਹੁੰਚੇ ਮਨਦੀਪ ਸਿੰਘ ਸ਼ਾਹਪੁਰ ਹਲਕਾ ਮੀਡੀਆ ਇੰਚਾਰਜ ਫਿਲੌਰ, ਡਾ. ਅਸ਼ਵਨੀ ਕੁਮਾਰ ਸਰਪੰਚ, ਬਲਾਕ ਪ੍ਰਧਾਨ ਨਸ਼ਾ ਮੋਰਚਾ ਪਿੰਡ ਸ਼ਾਹਪੁਰ ਦੇ ਸੈਕਟਰੀ, ਜਸਵਿੰਦਰ ਸਿੰਘ ਬਿੰਦੂ ਰਿਕੀ ਮਹਿਰਾ ਸ਼ਾਮਲ ਹੋਏ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਿਹਤ ਯੋਜਨਾ ਦਾ ਐਲਾਨ ਤਹਿਤ ਸੂਬੇ ਦੇ ਲੱਗਭਗ 65 ਲੱਖ ਪਰਿਵਾਰਾਂ ਲਈ ਹੈਲਥ ਕਾਰਡ ਜਾਰੀ ਕੀਤੇ ਜਾਣੇ ਹਨ, ਜਿਸ ਨਾਲ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਮਿਲੇਗਾ।

# 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਸਿਹਤ ਯੋਜਨਾ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ

ਡੇਰਾ ਬਾਬਾ ਨਾਨਕ, 25 ਜਨਵਰੀ (ਹੈਪੀ ਕੋਟਲੀ): ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਤੇ ਸੀਨੀਅਰ ਨੌਜਵਾਨ ਆਪ ਆਗੂ ਰੂਪਤਜਿੰਦਰ ਸਿੰਘ ਨਿੱਕੋਸਰਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਵਿੱਚ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ



ਦੇਣ ਵਾਲੀ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸਦਾ ਆਗਾਜ਼ ਕਰ ਦਿੱਤਾ ਗਿਆ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੀਤੀ 22 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕਰਕੇ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ, ਜਿਸ ਅਧੀਨ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਤੇ ਕੈਸ਼ਲੈਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ।ਉਨ੍ਹਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੋਹਾਲੀ ਤੋਂ ਇਸ ਯੋਜਨਾ ਦਾ ਆਗਾਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਵਿੱਚ ਕਿਸੇ ਵੀ ਤਰ੍ਹਾਂ ਦੀ ਆਮਦਨ ਸੀਮਾ ਨਹੀਂ ਰੱਖੀ ਗਈ ਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਇਸ ਦਾ ਪੂਰਾ ਲਾਭ ਮਿਲੇਗਾ। ਇਸ ਯੋਜਨਾ ਅਧੀਨ ਸਰਕਾਰੀ ਦੇ ਨਾਲ-ਨਾਲ ਪ੍ਰਾਈਵੇਟ ਐਮ ਪੈਨਲ ਹਸਪਤਾਲਾਂ ਵਿੱਚ ਵੀ ਇਲਾਜ ਦੀ ਸੁਵਿਧਾ ਉਪਲੱਬਧ ਹੋਵੇਗੀ, ਜਿਸ ਨਾਲ ਆਮ ਲੋਕਾਂ ਨੂੰ ਮਹਿੰਗੇ ਇਲਾਜ ਤੋਂ ਵੱਡੀ ਰਾਹਤ ਮਿਲੇਗੀ।

# ਫਤਹਿਗੜ੍ਹ ਚੂੜੀਆਂ ਦੀ ਨਗਰ ਕੌਂਸਲ ਚੋਣਾਂ 'ਚ ਕਾਂਗਰਸ ਜਿੱਤ ਹਾਸਲ ਕਰੇਗੀ: ਵਿਨੋਦ ਸ਼ਰਮਾ

ਫਤਹਿਗੜ੍ਹ ਚੂੜੀਆਂ, 25 ਜਨਵਰੀ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੀਆਂ 13 ਸੀਟਾਂ 'ਤੇ ਕਾਂਗਰਸ ਪਾਰਟੀ ਜਿੱਤ ਹਾਸਲ ਕਰੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਫਤਹਿਗੜ੍ਹ ਚੂੜੀਆਂ ਦੇ ਵਸਨੀਕ ਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਵਰਗਵਾਸੀ ਪੰਡਿਤ ਸ਼ਾਮ ਲਾਲ ਜੀ ਦੇ ਪੋਤਰੇ ਵਿਨੋਦ ਸ਼ਰਮਾ ਕੇਸ਼ਾ ਨੇ ਕੀਤਾ।



ਵਿਨੋਦ ਸ਼ਰਮਾ ਨੇ ਕਿਹਾ ਕਿ ਫਤਹਿਗੜ੍ਹ ਚੂੜੀਆਂ ਦੀਆਂ 13 ਦੀਆਂ 13 ਸੀਟਾਂ ਜਿੱਤ ਕੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੀ ਝੋਲੀ ਵਿੱਚ ਪਾਵਾਂਗੇ ਤੇ ਫਤਹਿਗੜ੍ਹ ਚੂੜੀਆਂ ਵਿਖੇ ਨਾ ਹੋ ਰਹੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ਉਪਰ ਕਰਵਾਵਾਂਗੇ।ਵਿਨੋਦ ਸ਼ਰਮਾ ਨੇ ਇਹ ਵੀ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਜੋ ਫਤਹਿਗੜ੍ਹ ਚੂੜੀਆਂ ਵਿਖੇ ਵਿਕਾਸ ਦਾ ਕੰਮ ਹੋਇਆ ਸੀ, ਉਹ ਮੌਜੂਦਾ ਸਰਕਾਰ ਨੇ ਕੋਈ ਵੀ ਵਿਕਾਸ ਦਾ ਕੰਮ ਫਤਹਿਗੜ੍ਹ ਚੂੜੀਆਂ ਵਿਖੇ ਨਹੀਂ ਕਰਵਾਇਆ ਹੈ।ਜਿਸ ਕਰਕੇ ਲੋਕ ਨਾਰਾਜ਼ ਹਨ।ਵਿਨੋਦ ਕੁਮਾਰ ਨੇ ਇਹ ਵੀ ਕਿਹਾ ਕਿ ਫਤਹਿਗੜ੍ਹ ਚੂੜੀਆਂ ਦੀਆਂ 13 ਦੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰਕੇ ਫਤਹਿਗੜ੍ਹ ਚੂੜੀਆਂ ਦੇ ਵਿਕਾਸ ਵਿੱਚ ਕੋਈ ਵੀ ਕਮੀ ਨਹੀਂ ਛੱਡੇਗੀ।

# ਸਿਵਲ ਸਰਜਨ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ

## ☛ਲੋਕਾਂ ਦੇ 10 ਲੱਖ ਦੇ ਮੁਫ਼ਤ ਬਣਨਗੇ ਬੀਮਾ ਕਾਰਡ: ਡਾ. ਰਾਜੀਵ ਪਰਾਸ਼ਰ

ਫਿਰੋਜ਼ਪੁਰ, 25 ਜਨਵਰੀ (ਤਿਵਾੜੀ): ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਚ ਗੁਣਵੱਤਾ ਵਾਲੀਆਂ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਇਸ ਸਿਹਤ ਯੋਜਨਾ ਦੇ ਰਜਿਸਟ੍ਰੇਸ਼ਨ ਫਾਰਮ ਜਾਰੀ ਕਰਕੇ ਕੀਤੀ ਗਈ। ਅੱਜ ਸਿਵਲ ਹਪਸਤਾਲ ਫ਼ਿਰੋਜ਼ਪੁਰ, ਸਬ-ਡਵੀਜ਼ਨ ਹਸਪਤਾਲ ਜ਼ੀਰਾ ਤੇ ਵੱਖ-ਵੱਖ ਸਮੁਦਾਇਕ ਸਿਹਤ ਕੇਂਦਰਾਂ ਹੇਠ ਆਉਂਦੇ ਕਾਮਨ ਸਰਵਿਸ ਸੈਂਟਰਾਂ ਤੋਂ ਲਾਭਪਾਤਰੀਆਂ ਦਾ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ। ਜਿਨ੍ਹਾਂ ਲਾਭਪਾਤਰੀਆਂ ਦੀ ਇਸ ਯੋਜਨਾ ਹੇਠ ਰਜਿਸਟ੍ਰੇਸ਼ਨ ਹੋ ਗਈ ਹੈ, ਉਹ ਅੱਜ ਤੋਂ ਹੀ ਮੁਫ਼ਤ ਇਲਾਜ ਕਰਵਾ ਕੇ ਇਸਦਾ ਲਾਭ ਲੈ ਸਕਦੇ ਹਨ। ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਦੱਸਿਆ ਗਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਸਿਹਤ ਸੰਭਾਲ ਯੋਜਨਾ ਹੈ ਜੋ ਪੰਜਾਬ ਦੇ ਸਾਰੇ ਪ੍ਰਮਾਣਿਤ ਨਾਗਰਿਕਾਂ ਨੂੰ ਨਕਦ ਰਹਿਤ ਦੂਜੇ ਤੇ ਤੀਜੇ ਦਰਜੇ ਦੀ ਡਾਕਟਰੀ ਦੇਖਭਾਲ ਪ੍ਰਦਾਨ ਕਰਦੀ ਹੈ।ਇਹ ਯੋਜਨਾ ਪੰਜਾਬ ਦੇ ਸਾਰੇ ਯੋਗ ਪਰਿਵਾਰਾਂ ਲਈ ਹੈ, ਜੋ ਬਿਨਾਂ ਕਿਸੇ ਵਿੱਤੀ ਪ੍ਰੇਸ਼ਾਨੀ ਦੇ ਮਿਆਰੀ ਸਿਹਤ ਸੰਭਾਲ ਪਹੁੰਚ ਯਕੀਨੀ ਬਣਾਉਂਦੀ ਹੈ।ਇਸ ਯੋਜਨਾ ਅਧੀਨ ਮਰੀਜ਼ ਆਪਣਾ ਇਲਾਜ ਕਿਸੇ ਵੀ ਸਰਕਾਰੀ ਹਸਪਤਾਲ ਜਾਂ ਸੂਚੀਬੱਧ ਕੀਤੇ ਪ੍ਰਾਈਵੇਟ ਹਸਪਤਾਲ ਤੋਂ ਕਰਵਾ ਸਕਦਾ ਹੈ।ਇਸ ਯੋਜਨਾ ਵਿੱਚ ਸੂਬੇ ਦੇ 219 ਸਰਕਾਰੀ ਹਸਪਤਾਲ ਤੇ ਲਗਭਗ 600 ਪ੍ਰਾਈਵੇਟ ਹਸਪਤਾਲਾਂ ਨੂੰ ਸ਼ਾਮਲ ਕੀਤਾ ਗਿਆ ਹੈ।ਸਿਵਲ ਸਰਜਨ ਫਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਨੇ ਜਾਣਕਾਰੀ ਦਿੱਤੀ ਕਿ ਇਸ ਯੋਜਨਾ ਹੇਠ ਰਜਿਸਟਰ ਹੋਣ ਲਈ ਸਾਰੇ ਜ਼ਿਲ੍ਹਿਆਂ ਵਿੱਚ ਈ-ਕਾਰਡ ਮੁਫ਼ਤ ਬਣਾਏ ਜਾਣਗੇ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸੁਸ਼ਮਾ ਠੱਕਰ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਮਨਦੀਪ ਕੌਰ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਮੀਨਾਕਸ਼ੀ ਅਬਰੋਲ, ਸੀਨੀਅਰ ਮੈਡੀਕਲ ਅਫਸਰ ਡਾ. ਨਿਖਿਲ ਗੁਪਤਾ, ਸੀਨੀਅਰ ਮੈਡੀਕਲ ਅਫਸਰ ਡਾ ਨਵੀਨ ਸੇਠੀ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ, ਡਿਪਟੀ ਮਾਸ ਮੀਡੀਆ ਅਫਸਰ ਅੰਕੁਸ਼ ਭੰਡਾਰੀ, ਨੇਹਾ ਭੰਡਾਰੀ ਤੇ ਹੋਰ ਅਧਿਕਾਰੀ, ਕਰਮਚਾਰੀ ਹਾਜ਼ਰ ਸਨ।




# ਪੁਲਿਸ ਪ੍ਰਸ਼ਾਸਨ ਨੇ ਗਣਤੰਤਰ ਦਿਵਸ ਦੇ ਮੱਦੇਨਜ਼ਰ ਫਲੈਗ ਮਾਰਚ ਕੱਢਿਆ

ਟਾਂਡਾ ਉੜਮੁੜ, 25 ਜਨਵਰੀ (ਅਰਜੁਨ ਜੈਨ): ਦੇਸ਼ ਦੇ ਗਣਤੰਤਰ ਦਿਵਸ ਨੂੰ ਸ਼ਾਂਤੀਪੂਰਵਕ, ਸੁਚੱਜੇ ਤੇ ਸੁਰੱਖਿਅਤ ਢੰਗ ਨਾਲ ਮਨਾਉਣ ਲਈ ਟਾਂਡਾ ਉੜਮੁੜ ਵਿੱਚ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਅਲਰਟ ਮੋਡ 'ਤੇ ਹੈ।ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਥਾਨਕ ਪੁਲਿਸ ਵੱਲੋਂ ਸ਼ਹਿਰ ਭਰ ਵਿੱਚ ਸੁਰੱਖਿਆ ਪ੍ਰਬੰਧ ਹੋਰ ਵੀ ਮਜ਼ਬੂਤ ਕੀਤੇ ਗਏ ਹਨ।ਗਣਤੰਤਰ ਦਿਵਸ ਦੇ ਮੱਦੇਨਜ਼ਰ ਸ਼ਹਿਰ ਦੇ ਮੁੱਖ ਚੌਕਾਂ, ਬਾਜ਼ਾਰਾਂ, ਬੱਸ ਸਟੈਂਡ, ਰੇਲਵੇ ਸਟੇਸ਼ਨ, ਸਰਕਾਰੀ ਦਫਤਰਾਂ, ਸਕੂਲਾਂ ਤੇ ਕਾਲਜਾਂ ਦੇ ਆਲੇ-ਦੁਆਲੇ ਗਸ਼ਤ ਵਧਾਈ ਗਈ ਹੈ।ਇਸਦੇ ਨਾਲ ਹੀ ਸੰਵੇਦਨਸ਼ੀਲ ਇਲਾਕਿਆਂ ਵਿੱਚ ਖਾਸ ਨਿਗਰਾਨੀ ਰੱਖੀ ਜਾ ਰਹੀ ਹੈ। ਪੁਲਿਸ ਵੱਲੋਂ ਦਿਨ-ਰਾਤ ਪੈਟਰੋਲਿੰਗ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਚਾਹੀ ਘਟਨਾ ਨੂੰ ਰੋਕਿਆ ਜਾ ਸਕੇ। ਪੁਲਿਸ ਅਧਿਕਾਰੀਆਂ ਡੀ.ਐਸ.ਪੀ. ਦਵਿੰਦਰ ਸਿੰਘ ਬਾਜਵਾ ਤੇ ਐਸ.ਐਚ.ਓ. ਗੁਰਿੰਦਰਜੀਤ ਸਿੰਘ ਨਾਗਰਾ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ।ਜਿਸ ਦੌਰਾਨ ਸੁਰੱਖਿਆ ਬਲਾਂ ਨੇ ਲੋਕਾਂ ਨਾਲ ਸੰਵਾਦ ਕਰਦੇ ਹੋਏ ਉਨ੍ਹਾਂ ਨੂੰ ਨਿਡਰ ਹੋ ਕੇ ਗਣਤੰਤਰ ਦਿਵਸ ਮਨਾਉਣ ਦਾ ਸੰਦੇਸ਼ ਦਿੱਤਾ। ਫਲੈਗ ਮਾਰਚ ਦੌਰਾਨ ਬਾਜ਼ਾਰਾਂ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਪੁਲਿਸ ਦੀ ਮੌਜੂਦਗੀ ਨੇ ਆਮ ਲੋਕਾਂ ਵਿੱਚ ਸੁਰੱਖਿਆ ਦਾ ਅਹਿਸਾਸ ਪੈਦਾ ਕੀਤਾ।ਇਸ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਨਾਕਾਬੰਦੀ ਕਰਕੇ ਵਾਹਨਾਂ ਦੀ ਸਖਤ ਚੈਕਿੰਗ ਕੀਤੀ ਜਾ ਰਹੀ ਹੈ।ਸ਼ੱਕੀ ਵਿਅਕਤੀਆਂ ਤੇ ਬੇਸਹਾਰਾ ਘੁੰਮ ਰਹੇ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਸੀ ਸੀ.ਟੀ.ਵੀ. ਕੈਮਰਿਆਂ ਰਾਹੀਂ ਵੀ ਸ਼ਹਿਰ ਦੇ ਹਰ ਮੁੱਖ ਸਥਾਨ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਗਣਤੰਤਰ ਦਿਵਸ ਦੇ ਸਮਾਗਮਾਂ ਦੌਰਾਨ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਹਰ ਪੱਖੋਂ ਤਿਆਰੀਆਂ ਮੁਕੰਮਲ ਹਨ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਅਫਵਾਹਾਂ 'ਤੇ ਧਿਆਨ ਨਾ ਦਿੱਤਾ ਜਾਵੇ ਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਨਜ਼ਦੀਕੀ ਪੁਲਿਸ ਜਾਂ ਹੈਲਪਲਾਈਨ ਨੰਬਰ 'ਤੇ ਸੂਚਨਾ ਦਿੱਤੀ ਜਾਵੇ।



# ਅਹਿਮਦੀਆ ਯੂਥ ਵਿੰਗ ਭਾਰਤ ਨੇ ਦਿਲ ਤੇ ਸ਼ੂਗਰ ਦੇ ਮਰੀਜ਼ਾਂ ਲਈ ਮੁਫ਼ਤ ਮੈਡੀਕਲ ਕੈਂਪ ਲਗਾਇਆ

ਕਾਦੀਆਂ, 25 ਜਨਵਰੀ (ਸਲਾਮ ਤਾਰੀ/ਸਿਕੰਦਰ ਸੰਧੂ): ਅਹਿਮਦੀਆ ਯੂਥ ਵਿੰਗ ਭਾਰਤ ਵੱਲੋਂ ਅੱਜ ਦਿਲ ਦੇ ਮਰੀਜ਼ਾਂ ਤੇ ਸ਼ੂਗਰ ਦੇ ਮਰੀਜ਼ਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ।ਇਹ ਕੈਂਪ ਅਹਿਮਦੀਆ ਨੂਰ ਹਸਪਤਾਲ ਵਿਖੇ ਲਗਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੇ ਪਹੁੰਚ ਕੇ ਆਪਣੀ ਜਾਂਚ ਕਰਵਾਈ।ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀ ਪੂਰੀ ਜਾਂਚ ਕੀਤੀ ਗਈ ਤੇ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਕੈਂਪ ਦਾ ਸ਼ੁਭ ਆਰੰਭ ਕੁਰਾਨ ਪਾਕ ਦੀ ਤਿਲਾਵਤ ਨਾਲ ਕੀਤਾ ਗਿਆ, ਜਿਸ ਨਾਲ ਸਮੂਹ ਵਾਤਾਵਰਨ ਅਧਿਆਤਮਿਕਤਾ ਤੇ ਸੇਵਾ ਭਾਵਨਾ ਨਾਲ ਭਰਪੂਰ ਨਜ਼ਰ ਆਇਆ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਅਹਿਮਦੀਆ ਯੂਥ ਵਿੰਗ ਭਾਰਤ ਦੇ ਪ੍ਰਧਾਨ ਨਿਆਜ਼ ਨਾਇਕ ਨੇ ਕਿਹਾ ਕਿ ਅਹਿਮਦੀਆ ਯੂਥ ਵਿੰਗ ਪੂਰੇ ਭਾਰਤ ਵਿੱਚ ਮਾਨਵਤਾ ਦੀ ਸੇਵਾ ਲਈ ਵੱਧ ਚੜ੍ਹ ਕੇ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਯੂਥ ਵਿੰਗ ਵੱਲੋਂ ਸਮੇਂ-ਸਮੇਂ 'ਤੇ ਮੁਫ਼ਤ ਮੈਡੀਕਲ ਕੈਂਪ, ਖੂਨ ਦਾਨ ਕੈਂਪ ਤੇ ਹੋਰ ਸਮਾਜ ਸੇਵਕ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ, ਤਾਂ ਜੋ ਲੋੜਵੰਦ ਲੋਕਾਂ ਤੱਕ ਮਦਦ ਪਹੁੰਚ ਸਕੇ।ਇਸ ਮੌਕੇ ਅਹਿਮਦੀਆ ਜਮਾਤ ਦੇ ਬੁਲਾਰੇ ਕੇ. ਤਾਰਿਕ ਅਹਿਮਦ ਨੇ ਕਿਹਾ ਕਿ ਅੱਜ ਗਣਤੰਤਰ ਦਿਵਸ ਨੂੰ ਸਮਰਪਿਤ ਇਹ ਮੈਡੀਕਲ ਕੈਂਪ ਲਗਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਦੇਸ਼ ਨਾਲ ਪਿਆਰ ਤੇ ਉਸ ਦੀ ਸੇਵਾ ਕਰਨਾ ਹਰ ਨਾਗਰਿਕ ਦਾ ਫਰਜ਼ ਹੈ ਕਿਉਂਕਿ ਦੇਸ਼ ਨਾਲ ਮੁਹੱਬਤ ਇਮਾਨ ਦਾ ਹਿੱਸਾ ਹੈ।ਉਨ੍ਹਾਂ ਹੋਰ ਕਿਹਾ ਕਿ ਜਮਾਤੇ ਅਹਿਮਦੀਆ ਮਾਨਵਤਾ ਦੀ ਸੇਵਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਮੇਸ਼ਾ ਤੋਂ ਹੀ ਬਿਨਾਂ ਕਿਸੇ ਭੇਦਭਾਵ ਦੇ ਲੋਕਾਂ ਦੀ ਸੇਵਾ ਕਰਦੀ ਆ ਰਹੀ ਹੈ।ਇਸ ਮੌਕੇ ਨੂਰ ਹਸਪਤਾਲ ਦੇ ਐਡਮਨਿਸਟ੍ਰੇਟਰ ਨਾਸਰ ਵਹੀਦ, ਡਾ. ਤਾਰਕ ਅਹਿਮਦ, ਡਾ. ਮਹਿਮੂਦ ਬੱਟ, ਡਾ. ਮੰਜੂ, ਡਾ. ਮਰੀਅਮ, ਡਾ. ਇਮਰਾਨ, ਡਾ. ਬਦਰ, ਡਾ. ਨਿਸ਼ਾਨ, ਡਾ. ਮਾਜਦ, ਅਬਦੁਲ ਵਾਸੇ ਚੱਠਾ, ਮੁਨੀਰ ਅਹਿਮਦ ਹਾਫਿਜ਼ਾਬਾਦੀ, ਮੁਹੰਮਦ ਨੂਰੁਦੀਨ, ਸਰਜੀਲ ਅਹਿਮਦ, ਸਬਾਹਤ ਰਜ਼ਾ, ਡਾ. ਹਫੀਜ਼, ਮੌਲਾਨਾ ਮੁਹੰਮਦ ਹਮੀਦ ਕੌਸਰ, ਮੁਹੰਮਦ ਸ਼ਰੀਫ ਕੌਸਰ ਸਮੇਤ ਹੋਰ ਕਈ ਪਤਵੰਤੇ ਵਿਅਕਤੀ ਹਾਜ਼ਰ ਸਨ।ਕੈਂਪ ਵਿੱਚ ਆਏ ਮਰੀਜ਼ਾਂ ਨੇ ਅਹਿਮਦੀਆ ਯੂਥ ਵਿੰਗ ਭਾਰਤ ਤੇ ਨੂਰ ਹਸਪਤਾਲ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਮੁਫ਼ਤ ਮੈਡੀਕਲ ਕੈਂਪ ਲੋੜਵੰਦ ਲੋਕਾਂ ਲਈ ਵੱਡੀ ਰਹਿਮਤ ਸਾਬਤ ਹੁੰਦੇ ਹਨ।




# ਡੀ.ਏ.ਐਨ. ਕਾਲਜ ਵਿਖੇ ਜ਼ਿਲ੍ਹਾ ਪੱਧਰੀ ਰਾਸ਼ਟਰੀ ਵੋਟਰ ਦਿਵਸ ਮਨਾਇਆ

ਨਵਾਂਸ਼ਹਿਰ, 25 ਜਨਵਰੀ (ਸੁਖਦੇਵ ਸਿੰਘ ਉੜਾਪੜ): ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 16ਵਾਂ ਰਾਸ਼ਟਰੀ ਵੋਟਰ ਦਿਵਸ ਦਾ ਜ਼ਿਲ੍ਹਾ ਪੱਧਰੀ ਸਮਾਗਮ ਬੜੇ ਉਤਸ਼ਾਹ ਨਾਲ ਡੀ.ਏ.ਐਨ. ਕਾਲਜ ਵਿਖੇ ਉਪ-ਮੰਡਲ ਮੈਜਿਸਟਰੇਟ ਨਵਾਂਸ਼ਹਿਰ ਅਨਮਜਯੋਤ ਕੌਰ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ ਤੇ ਨਵੇਂ ਵੋਟਰਾਂ ਨੂੰ ਵੋਟਰ ਫੋਟੋ ਪਹਿਚਾਣ ਪੱਤਰ ਵੰਡੇ ਗਏ।ਉਪ-ਮੰਡਲ ਮੈਜਿਸਟਰੇਟ ਨਵਾਂਸ਼ਹਿਰ ਅਨਮਜਯੋਤ ਕੌਰ ਨੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਸਬੰਧੀ ਜਾਗਰੂਕ ਕਰਦਿਆਂ ਵੋਟ ਪਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਜਿਨ੍ਹਾਂ ਨੌਜਵਾਨਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਤੇ ਜਿਨ੍ਹਾਂ ਦੀ ਅਜੇ ਤੱਕ ਆਪਣੀ ਵੋਟ ਲਈ ਰਜਿਸਟ੍ਰੇਸ਼ਨ ਨਹੀ ਕਰਵਾਈ, ਉਹ ਵੀ ਆਪਣੀ ਵੋਟ ਬਣਾਉਣ ਲਈ ਆਪਣਾ ਫਾਰਮ ਆਨਲਾਈਨ (https://voters.eci.gov.in or Voter Helpline Mobile App) 'ਤੇ ਭਰ ਸਕਦੇ ਹਨ ਜਾਂ ਸਬੰਧ ਬੀ.ਐਲ.ਓਜ਼ ਜਾਂ ਈ.ਆਰ.ਓ. ਦਫ਼ਤਰ ਵਿੱਚ ਵੀ ਆਪਣਾ ਫਾਰਮ ਭਰਕੇ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਦਾ 16ਵਾਂ ਰਾਸ਼ਟਰੀ ਵੋਟਰ ਦਿਵਸ 'My India My Vote' ਥੀਮ 'ਤੇ ਆਧਾਰਿਤ ਸੀ।ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰ ਵੋਟ ਅਹਿਮ ਹੁੰਦੀ ਹੈ ਤੇ ਭਾਰਤ ਵਰਗੇ ਲੋਕਤੰਤਰਿਕ ਦੇਸ਼ ਵਿੱਚ ਹਰ ਸ਼੍ਰੇਣੀ ਦੇ ਹਰੇਕ ਨਾਗਰਿਕ ਦੀ ਵੋਟ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।ਸਮਾਰੋਹ ਦੌਰਾਨ ਨੋਡਲ ਅਫ਼ਸਰ ਸਵੀਪ ਸਤਨਾਮ ਸਿੰਘ ਤੇ ਚੋਣ ਕਾਨੂੰਗੋ ਅਮਨਦੀਪ ਸਿੰਘ ਵੱਲੋਂ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਗਿਆ। ਸਮਾਰੋਹ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਹਰਦੀਪ ਕੌਰ ਨੇ ਨਿਭਾਈ।ਇਸ ਮੌਕੇ ਪਰਮਜੀਤ ਕੌਰ, ਮੁਸਕਾਨ, ਰਾਕੇਸ਼ ਕੁਮਾਰ ਹਾਜ਼ਰ ਸਨ।



# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਡਰੋਨ ਕੈਮਰਿਆਂ ਨੂੰ ਚਲਾਉਣ/ਉਡਾਉਣ 'ਤੇ ਪਾਬੰਦੀ

ਗੁਰਦਾਸਪੁਰ, 25 ਜਨਵਰੀ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 22.01.2026 ਤੋਂ 31.01.2026 ਤੱਕ ਡਰੋਨ ਕੈਮਰਿਆਂ ਨੂੰ ਚਲਾਉਣ/ਉਡਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦਫਤਰ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ ਇੰਟੈਲੀਜੈਂਸ ਪੰਜਾਬ ਵੱਲੋਂ ਆਪਣੇ ਦਫਤਰ ਦੇ ਪੱਤਰ ਰਾਹੀਂ ਦੱਸਿਆ ਗਿਆ ਕਿ 26 ਜਨਵਰੀ 2026 ਨੂੰ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ, ਸਰਕਾਰੀ ਕਾਲਜ ਗੁਰਦਾਸਪੁਰ ਦੇ ਸਟੇਡੀਅਮ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਹਰ ਤਰ੍ਹਾਂ ਦੇ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਜਾਣੇ ਲਾਜ਼ਮੀ ਹਨ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਇਸ ਦੇ ਤਹਿਤ ਡਰੋਨ ਕੈਮਰਿਆਂ ਨੂੰ ਚਲਾਉਣ/ਉਡਾਉਣ 'ਤੇ ਪਾਬੰਦੀ ਲਗਾਉਣੀ ਵੀ ਜ਼ਰੂਰੀ ਬਣ ਜਾਂਦੀ ਹੈ, ਕਿਉਂਕਿ ਡਰੋਨ ਕੈਮਰਿਆਂ ਦਾ ਫਾਇਦਾ ਉਠਾਉਂਦੇ ਹੋਏ ਕੁਝ ਸ਼ਰਾਰਤੀ ਅਨਸਰ ਕਿਸੇ ਮੰਦਭਾਗੀ ਘਟਨਾ ਨੂੰ ਅੰਜਾਮ ਦੇ ਸਕਦੇ ਹਨ। ਇਸ ਲਈ ਇਹ ਹੁਕਮ ਜਾਰੀ ਕੀਤਾ ਗਿਆ ਹੈ।



# ਬਾਬੂ ਵੇਦ ਪ੍ਰਕਾਸ਼ ਕਿਰਪਾਲ ਦਾ ਭੋਗ 29 ਨੂੰ

ਗੜ੍ਹਸ਼ੰਕਰ, 25 ਜਨਵਰੀ (ਅਜਮੇਰ ਸਿੰਘ ਭਨੋਟ): ਪਿਛਲੇ ਦਿਨੀ ਕਾਂਗਰਸ ਪਾਰਟੀ ਦੇ ਨੇਤਾ ਪੰਕਜ ਕਿਰਪਾਲ ਦੇ ਪਿਤਾ ਬਾਬੂ ਵੇਦ ਪ੍ਰਕਾਸ਼ ਕਿਰਪਾਲ ਜੀ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦਾ ਭੋਗ ਸਮਾਗਮ 29 ਜਨਵਰੀ (ਵੀਰਵਾਰ) ਨੂੰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਸ੍ਰੀ ਵਿਸ਼ਵਕਰਮਾ ਮੰਦਰ ਗੜ੍ਹਸ਼ੰਕਰ (ਸ੍ਰੀ ਅਨੰਦਪੁਰ ਸਾਹਿਬ ਰੋਡ) ਵਿਖੇ ਹੋਵੇਗਾ।ਪਰਿਵਾਰ ਵੱਲੋਂ ਇਲਾਕੇ ਦੇ ਸ਼ੁਭ ਚਿੰਤਕਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ ਕਿ 29 ਜਨਵਰੀ (ਵੀਰਵਾਰ) ਨੂੰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਸ੍ਰੀ ਵਿਸ਼ਵਕਰਮਾ ਮੰਦਰ ਗੜ੍ਹਸ਼ੰਕਰ (ਸ੍ਰੀ ਅਨੰਦਪੁਰ ਸਾਹਿਬ ਰੋਡ) ਵਿਖੇ ਇਸ ਸ਼ਰਧਾਂਜਲੀ ਸਮਾਰੋਹ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨ।

# ਫਤਹਿਗੜ੍ਹ ਚੂੜੀਆਂ ਵਿਖੇ ਸ੍ਰੀ ਬਾਲਾ ਜੀ ਦਾ ਵਿਸ਼ਾਲ ਮੇਲਾ ਹੋਇਆ ਸੰਪੂਰਨ

ਫਤਹਿਗੜ੍ਹ ਚੂੜੀਆਂ, 25 ਜਨਵਰੀ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਵਿਖੇ ਸ੍ਰੀ ਹਨੂੰਮਾਨ ਚਾਲੀਸਾ ਪਰਿਵਾਰ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਲਾ ਜੀ ਦਾ ਵਿਸ਼ਾਲ ਮੇਲਾ ਮੰਦਰ ਗਾਗਰਾਂ ਵਾਲਾ ਵਿਖੇ ਕਰਵਾਇਆ ਗਿਆ, ਜਿਸ ਦੀ ਜਾਣਕਾਰੀ ਦਿੰਦਿਆਂ ਪ੍ਰਧਾਨ ਰਕੇਸ਼ ਕੁਮਾਰ ਨੇ ਦੱਸਿਆ ਕਿ ਸ੍ਰੀ ਹਨੂੰਮਾਨ ਚਾਲੀਸਾ ਪਰਿਵਾਰ ਰਜਿਸਟਰਡ ਦੁਰਗਿਆਣਾ ਤੀਰਥ ਅੰਮ੍ਰਿਤਸਰ ਦੁਆਰਾ ਤੇ ਸ੍ਰੀ ਰੋਬਿਨ ਮਹਿਰਾ ਬਟਾਲਾ ਦੁਬਾਰਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਆਈਆਂ ਹੋਈਆਂ ਸੰਗਤਾਂ ਨੂੰ ਬਾਲਾ ਜੀ ਦੇ ਪਾਠ ਤੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਬਾਲਾ ਜੀ ਵਿਸ਼ਾਲ ਮੇਲੇ ਵਿੱਚ ਫਤਹਿਗੜ੍ਹ ਚੂੜੀਆਂ ਦੀ ਸੰਗਤ ਨੇ ਆਪਣੀ ਹਾਜ਼ਰੀ ਲਗਵਾਈ ਤੇ ਕਈ ਧਾਰਮਿਕ ਸੰਸਥਾਵਾਂ ਨੇ ਤੇ ਮੋਹਤਬਰਾਂ ਵੱਲੋਂ ਵੀ ਇਸ ਵਿਸ਼ਾਲ ਮੇਲੇ ਵਿੱਚ ਆਪਣੀ ਹਾਜ਼ਰੀ ਲਗਵਾਈ ਤੇ ਬਾਲਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸ੍ਰੀ ਹਨੂੰਮਾਨ ਚਲੀਸਾ ਪਰਿਵਾਰ ਫਤਹਿਗੜ੍ਹ ਚੂੜੀਆਂ ਵੱਲੋਂ ਆਈਆਂ ਹੋਈਆਂ ਸੰਗਤਾਂ ਦੇ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ ਸਨ। ਸ੍ਰੀ ਬਾਲਾ ਜੀ ਦੇ ਵਿਸ਼ਾਲ ਮੇਲੇ ਦੀ ਰੌਣਕ ਨੂੰ ਵਧਾਉਣ ਦੇ ਆਏ ਹੋਏ ਭਗਤਾਂ ਵੱਲੋਂ ਕੀਰਤਨ ਗੁਣਗਾਨ ਕਰਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ 'ਤੇ ਰਕੇਸ਼ ਕੁਮਾਰ, ਹਰਸ਼, ਲਲਿਤ, ਵਿਨੇ, ਅਨਿਕੇਤ, ਅੰਸ਼ੂ, ਰੇਹਾਨ, ਗੋਬਿੰਦਾ, ਸ਼ੁਭਮ, ਸੰਜੀਵ, ਅਰਜੁਨ, ਸੂਰਜ, ਅਭਿਨਵ, ਨਿਤਨ ਹਾਜ਼ਰ ਸਨ।



# ਲਾਲਾ ਜਗਤ ਨਾਰਾਇਣ ਡੀ.ਏ.ਵੀ. ਪਬਲਿਕ ਸਕੂਲ ਵਿਖੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ

ਗੜ੍ਹਦੀਵਾਲ, 25 ਜਨਵਰੀ (ਗੌਰਵ): ਲਾਲਾ ਜਗਤ ਨਾਰਾਇਣ ਡੀਏਵੀ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਸ਼ੇਖਰ ਮੌਦਗਿਲ ਦੀ ਪ੍ਰਧਾਨਗੀ ਹੇਠ ਗਣਤੰਤਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਬੱਚਿਆਂ ਨੇ ਨਾਚ, ਭਾਸ਼ਣ ਤੇ ਕਵਿਤਾ, ਪਾਠਾਂ ਤੇ ਦੇਸ਼ ਭਗਤੀ ਦੇ ਗੀਤਾਂ ਰਾਹੀਂ ਦੇਸ਼ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ 11ਵੀਂ ਜਮਾਤ ਦੇ ਵਿਦਿਆਰਥੀ ਜਨਪ੍ਰੀਤ ਸਿੰਘ ਨੇ 8ਵੀਂ ਜਮਾਤ ਦੀ ਵਿਦਿਆਰਥਣ ਅਨਿਆ, ਦੂਜੀ ਜਮਾਤ ਦੀ ਵਿਦਿਆਰਥਣ ਦੂਜੀ ਜਮਾਤ ਦੇ ਵਿਦਿਆਰਥੀ ਪਾਰਥ ਨੇ ਕਵਿਤਾ, ਗਾਵਿਸ਼ ਨੇ ਭਾਸ਼ਣ, ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ 'ਤੇ ਸੁੰਦਰ ਨਾਚ ਪੇਸ਼ ਕੀਤਾ। ਪ੍ਰਿੰਸੀਪਲ ਸ਼ੇਖਰ ਮੌਦਗਿਲ ਨੇ ਸਾਰਿਆਂ ਨੂੰ 77ਵੇਂ ਗਣਤੰਤਰ ਦਿਵਸ ਦੀ ਵਧਾਈ ਦਿੱਤੀ ਨਾਲ ਦੇਸ਼ ਨੂੰ ਆਜ਼ਾਦੀ ਕਿਵੇਂ ਮਿਲੀ ਤੇ 26 ਜਨਵਰੀ ਨੂੰ ਸੰਵਿਧਾਨ ਕਿਵੇਂ ਲਾਗੂ ਕੀਤਾ ਗਿਆ ਬਾਰੇ ਜਾਣਕਾਰੀ ਦਿੱਤੀ ਗਈ।



# ਪੜ੍ਹਾਈ ਲਈ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ ਆਈ ਗਿਰਾਵਟ

ਚੰਡੀਗੜ੍ਹ, 25 ਜਨਵਰੀ (ਚ.ਨ.ਸ.): ਕੈਨੇਡਾ 'ਚ ਪੜ੍ਹਾਈ ਲਈ ਜਾਣ ਵਾਲੇ ਪੰਜਾਬੀ ਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2022



ਤੇ 2023 ਦੇ ਮੁਕਾਬਲੇ 2024 ਤੇ 2025 'ਚ ਘਟੀ ਹੈ। ਇਨ੍ਹਾਂ 'ਚ ਪੰਜਾਬੀ ਵਿਦਿਆਰਥੀਆਂ ਦਾ ਵੱਡਾ ਹਿੱਸਾ ਸ਼ਾਮਲ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2022 'ਚ ਭਾਰਤੀ ਵਿਦਿਆਰਥੀਆਂ ਨੂੰ ਲਗਭਗ 2, 25, 835 ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ ਜਦਕਿ 2023 'ਚ ਇਹ ਗਿਣਤੀ ਵਧ ਕੇ 2,78,005 ਹੋ ਗਈ ਸੀ ਪਰ ਸਾਲ 2024 'ਚ ਭਾਰਤੀਆਂ ਨੂੰ ਸਿਰਫ਼ 1,88,255 ਤੇ 2025 'ਚ ਇਕ ਅੰਦਾਜ਼ੇ ਅਨੁਸਾਰ ਸਿਰਫ਼ 90,454 ਭਾਰਤੀਆਂ ਨੂੰ ਹੀ ਪੜ੍ਹਾਈ ਦੇ ਪਰਮਿਟ ਜਾਰੀ ਕੀਤੇ ਗਏ, ਜੋ 2023 ਨਾਲੋਂ ਤੀਜੇ ਹਿੱਸੇ ਤੋਂ ਵੀ ਘੱਟ ਹਨ।ਜਨਵਰੀ ਤੋਂ ਅਗਸਤ 2025 ਤੱਕ ਸਿਰਫ਼ 9,995 ਭਾਰਤੀਆਂ ਨੂੰ ਹੀ ਪੜ੍ਹਾਈ ਦੀ ਇਜਾਜ਼ਤ ਮਿਲੀ ਹੈ, ਜਦਕਿ ਇਸੇ ਮਿਆਦ 'ਚ 2023 'ਚ 1,49,875 ਵਿਦਿਆਰਥੀਆਂ ਨੂੰ ਇਹ ਇਜਾਜ਼ਤ ਮਿਲੀ ਸੀ।ਇਸ ਗਿਰਾਵਟ ਦਾ ਕਾਰਨ ਜਨਵਰੀ 2024 'ਚ ਲਾਗੂ ਕੀਤੇ ਗਏ ਨਵੇਂ ਨਿਯਮ, ਧੋਖਾਧੜੀ ਦੀ ਜਾਂਚ, ਵਿੱਤੀ ਜ਼ਰੂਰਤਾਂ 'ਚ ਵਾਧਾ ਤੇ ਭਾਰਤ-ਕੈਨੇਡਾ ਵਿਚਕਾਰ ਕੂਟਨੀਤਕ ਤਣਾਅ ਵੀ ਹਨ। ਭਾਰਤੀ ਵਿਦਿਆਰਥੀਆਂ ਵਿਚ 50 ਤੋਂ 60 ਫ਼ੀਸਦੀ ਹਿੱਸਾ ਪੰਜਾਬੀਆਂ ਦਾ ਹੁੰਦਾ ਹੈ। ਇਸੇ ਤਰ੍ਹਾਂ ਕੈਨੇਡਾ ਤੋਂ ਵਾਪਸੀ ਕਰਨ ਵਾਲਿਆਂ ਦੀ ਗਿਣਤੀ ਵੀ ਵਧੀ ਹੈ ਜਦਕਿ ਕੈਨੇਡਾ 'ਚ ਭਾਰਤੀਆਂ ਨੂੰ ਸ਼ਰਨ ਮਿਲਣ ਦੇ ਆਸਾਰ ਵੀ ਘਟੇ ਹਨ।

# ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ-1984 ਨੇ ਰਾਸ਼ਟਰਪਤੀ ਮੁਰਮੂ ਦੇ ਦਫ਼ਤਰ ਮੰਗ ਪੱਤਰ ਸੌਂਪਿਆ

## ☛1984 ਸਿੱਖ ਕਤਲੇਆਮ ਦੀ ਯਾਦਗਾਰ ਦਿੱਲੀ 'ਚ ਸਥਾਪਤ ਕਰਨ ਦੀ ਮੰਗ

ਨਵੀਂ ਦਿੱਲੀ, 25 ਜਨਵਰੀ (ਚ.ਨ.ਸ): 1984 ਸਿੱਖ ਕਤਲੇਆਮ ਦੀ ਯਾਦਗਾਰ ਦਿੱਲੀ ਵਿਚ ਸਥਾਪਤ ਕਰਨ ਦੀ ਮੰਗ ਨੂੰ ਲੈ ਕੇ ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ-1984 ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਦਫ਼ਤਰ ਮੰਗ ਪੱਤਰ ਸੌਂਪਿਆ ਗਿਆ। ਰਾਹਤ ਕਮੇਟੀ ਦੇ ਮੁਖੀ ਕੁਲਦੀਪ ਸਿੰਘ ਭੋਗਲ ਤੇ ਜਨਰਲ ਸਕੱਤਰ ਰਵਿੰਦਰ ਸਿੰਘ ਖੁਰਾਨਾ ਨੇ ਦੱਸਿਆ ਕਿ ਇਸ ਮੰਗ ਪੱਤਰ ਰਾਹੀਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਇਹ ਜਾਣੂੰ ਕਰਵਾਇਆ ਗਿਆ ਹੈ ਕਿ ਸੰਸਥਾ ਵੱਲੋਂ ਕੁਝ ਸਮਾਂ ਪਹਿਲਾਂ ਹੀ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਤੇ ਮੰਤਰੀਆਂ ਨੂੰ ਕਤਲੇਆਮ ਦੀ ਯਾਦਗਾਰ ਸਥਾਪਤ ਕਰਨ ਵਾਸਤੇ ਇਕ ਮੰਗ ਪੱਤਰ ਸੌਂਪਿਆ ਸੀ ਪਰ ਦਿੱਲੀ ਸਰਕਾਰ ਵੱਲੋਂ ਇਸ ਮਾਮਲੇ ਬਾਰੇ ਕੋਈ ਵਿਚਾਰ ਨਹੀਂ ਕੀਤਾ ਗਿਆ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਪਿਛਲੇ ਸਾਲ ਇਸ ਮਾਮਲੇ ਨੂੰ ਜੁਲਾਈ ਮਹੀਨੇ ਵਿਚ ਦਿੱਲੀ ਸਰਕਾਰ ਵੱਲੋਂ ਇਕ ਚਿੱਠੀ ਪ੍ਰਾਪਤ ਹੋਈ ਸੀ। ਇਸ ਚਿੱਠੀ



'ਚ ਮੁੱਖ ਮੰਤਰੀ ਦੇ ਵਿਸ਼ੇਸ਼ ਕਾਰਜ ਅਧਿਕਾਰੀ ਰਾਜੇਸ਼ ਸ਼ੰਕਰ ਵੱਲੋਂ ਰਾਹਤ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਨੂੰ ਦੱਸਿਆ ਗਿਆ ਹੈ ਕਿ ਤੁਹਾਡੇ ਮੰਗ ਪੱਤਰ ਨੂੰ ਉਚਿਤ ਕਾਰਵਾਈ ਲਈ ਸਬੰਧਤ ਵਿਭਾਗ ਕੋਲ ਭੇਜ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਚਿੱਠੀ ਤੋਂ ਬਾਅਦ ਸਾਨੂੰ ਉਮੀਦ ਬੱਝੀ ਸੀ ਕਿ ਦਿੱਲੀ ਸਰਕਾਰ ਸਿੱਖ ਕਤਲੇਆਮ ਦੀ ਯਾਦਗਾਰ ਸਥਾਪਤ ਕਰਨ ਵਾਸਤੇ ਛੇਤੀ ਫ਼ੈਸਲਾ ਲਏਗੀ ਪਰ ਪਤਾ ਨਹੀਂ ਕਿਉਂ ਇਸ ਸਬੰਧੀ ਸਰਕਾਰ ਵੱਲੋਂ ਗੰਭੀਰਤਾ ਨਹੀਂ ਵਿਖਾਈ ਜਾ ਰਹੀ ਹੈ। ਰਾਸ਼ਟਰਪਤੀ ਦਫ਼ਤਰ ਵਿਖੇ ਸੌਂਪੇ ਮੰਗ ਪੱਤਰ ਵਿਚ ਰਾਹਤ ਕਮੇਟੀ 1984 ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਬਣਨ ਤੋਂ ਬਾਅਦ ਸਿੱਖਾਂ ਲਈ ਕੀਤੇ ਗਏ ਕਾਰਜਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸੰਸਥਾ ਵੱਲੋਂ ਰਾਸ਼ਟਰਪਤੀ ਨੂੰ ਅਪੀਲ ਕੀਤੀ ਗਈ ਹੈ ਕਿ ਸਬੰਧਤ ਮੰਤਰੀਆਂ ਨੂੰ, ਸਿੱਖ ਕਤਲੇਆਮ ਦੀ ਯਾਦਗਾਰ ਸਥਾਪਤ ਕਰਨ ਵਾਸਤੇ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਜਾਣ।

## ਅਮਰੀਕਾ 'ਚ ਪਰਿਵਾਰਕ ਝਗੜਾ ਬਣਿਆ ਮੌਤ ਦਾ ਕਾਰਨ

# ਪਤਨੀ ਤੇ 3 ਰਿਸ਼ਤੇਦਾਰਾਂ ਨੂੰ ਕਥਿਤ ਤੌਰ 'ਤੇ ਗੋਲੀ ਮਾਰ ਕੇ ਮਾਰਨ ਦੇ ਦੋਸ਼ 'ਚ ਭਾਰਤੀ ਮੂਲ ਦਾ ਵਿਅਕਤੀ ਗ੍ਰਿਫ਼ਤਾਰ

ਨਿਊਯਾਰਕ, 25 ਜਨਵਰੀ (ਚ.ਨ.ਸ.): ਅਮਰੀਕਾ ਦੇ ਜਾਰਜੀਆ ਰਾਜ ਵਿਚ ਇਕ ਪਰਿਵਾਰਕ ਝਗੜੇ ਕਾਰਨ ਆਪਣੀ ਪਤਨੀ ਤੇ 3 ਰਿਸ਼ਤੇਦਾਰਾਂ ਨੂੰ ਕਥਿਤ ਤੌਰ 'ਤੇ ਗੋਲੀ ਮਾਰ ਕੇ ਮਾਰਨ ਦੇ ਦੋਸ਼ ਵਿਚ ਇਕ 51 ਸਾਲਾਂ ਦੇ ਭਾਰਤੀ ਮੂਲ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗਵਿਨੇਟ ਕਾਊਂਟੀ ਪੁਲਿਸ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਵਿਜੇ ਕੁਮਾਰ ਨੂੰ ਲਾਰੈਂਸਵਿਲੇ ਸ਼ਹਿਰ ਵਿਚ ਹਿਰਾਸਤ ਵਿਚ ਲਿਆ ਗਿਆ ਹੈ ਜੋ ਕਿ ਘਰ ਤੋਂ ਥੋੜ੍ਹੀ ਦੂਰ ਹੈ, ਜਿਥੇ ਸ਼ੁੱਕਰਵਾਰ ਨੂੰ ਗੋਲੀਬਾਰੀ ਹੋਈ ਸੀ। ਗਵਿਨੇਟ ਕਾਊਂਟੀ ਪੁਲਿਸ ਨੇ ਪੀੜਤਾਂ ਦੀ ਪਛਾਣ ਪਵਨ ਕੁਮਾਰ ਦੀ ਪਤਨੀ, ਮੀਮੂ ਡੋਗਰਾ (43), ਇਕ ਭਾਰਤੀ ਨਾਗਰਿਕ ਅਤੇ ਰਿਸ਼ਤੇਦਾਰਾਂ ਗੌਰਵ ਕੁਮਾਰ (33), ਨਿਧੀ ਚੰਦਰ (37) ਅਤੇ ਹਰੀਸ਼ ਚੰਦਰ (38) ਵਜੋਂ ਹੋਈ ਹੈ। ਅਟਲਾਂਟਾ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਗੋਲੀਬਾਰੀ 'ਤੇ ਦੁੱਖ



ਪ੍ਰਗਟ ਕੀਤਾ ਅਤੇ ਕਿਹਾ ਕਿ ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਸੋਗ ਵਿਚ ਡੁੱਬੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਬਹਿਸ ਕੁਮਾਰ ਅਤੇ ਡੋਗਰਾ ਦੇ ਅਟਲਾਂਟਾ ਸਥਿਤ ਘਰ ਤੋਂ ਸ਼ੁਰੂ ਹੋਈ ਸੀ ਅਤੇ ਉਹ ਆਪਣੇ 12 ਸਾਲ ਦੇ ਬੱਚੇ ਦੇ ਨਾਲ ਬਰੂਕ ਆਈ.ਵੀ.ਕੋਰਟ ਸਥਿਤ ਆਪਣੇ ਰਿਸ਼ਤੇਦਾਰਾਂ ਦੇ ਘਰ ਗਏ ਸਨ। ਗੌਰਵ ਕੁਮਾਰ, ਨਿਧੀ ਚੰਦਰ ਅਤੇ ਹਰੀਸ਼ ਚੰਦਰ ਬਰੂਕ ਆਈ ਵੀ ਕੋਰਟ ਦੇ ਘਰ ਵਿਚ ਤਿੰਨ ਨਾਬਾਲਗਾਂ, ਜਿਨ੍ਹਾਂ ਦੀ ਉਮਰ ਸੱਤ ਅਤੇ ਦਸ ਸਾਲ ਸੀ, ਦੇ ਨਾਲ ਰਹਿੰਦੇ ਸਨ। ਅਧਿਕਾਰੀਆਂ ਨੂੰ ਘਰ ਦੇ ਅੰਦਰ ਚਾਰ ਮ੍ਰਿਤਕ ਬਾਲਗ ਮਿਲੇ, ਜਿਨ੍ਹਾਂ ਸਾਰਿਆਂ ਨੂੰ ਗੋਲੀਆਂ ਦੇ ਜ਼ਖ਼ਮ ਸਨ। ਤਿੰਨ ਬੱਚੇ ਘਰ ਦੇ ਅੰਦਰ ਇਕ ਅਲਮਾਰੀ ਵਿਚ ਲੁਕੇ ਹੋਏ ਸਨ ਅਤੇ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਜਾਂਚ ਜਾਰੀ ਹੈ, ਪਰ ਇਹ ਘਰੇਲੂ ਮਾਮਲਾ ਲੱਗਦਾ ਹੈ।

# ਯੂਐਨਐਚਆਰਸੀ 'ਚ ਪੱਛਮੀ ਦੇਸ਼ਾਂ ਵੱਲੋਂ ਈਰਾਨ ਦੇ ਖ਼ਿਲਾਫ਼ ਲਿਆਂਦੇ ਵਿਵਾਦਿਤ ਵੋਟਿੰਗ ਪ੍ਰਸਤਾਵ 'ਚ ਭਾਰਤ ਨੇ ਵਿਰੋਧ 'ਚ ਵੋਟ ਪਾਈ

ਨਵੀਂ ਦਿੱਲੀ, 25 ਜਨਵਰੀ (ਚ.ਨ.ਸ): ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂਐਨਐਚਆਰਸੀ) ਵਿਚ ਪੱਛਮੀ ਦੇਸ਼ਾਂ ਵੱਲੋਂ ਈਰਾਨ ਦੇ ਖ਼ਿਲਾਫ਼ ਲਿਆਂਦੇ ਗਏ ਇਕ ਵਿਵਾਦਿਤ ਵੋਟਿੰਗ ਪ੍ਰਸਤਾਵ ਵਿਚ ਭਾਰਤ ਨੇ ਅਸਿੱਧੇ ਰੂਪ ਨਾਲ ਵਿਰੋਧ ਵਿਚ ਵੋਟ ਪਾਈ। ਇਸ ਕਦਮ ਨਾਲ ਭਾਰਤ ਨੇ ਆਪਣੀ ਕੂਟਨੀਤਕ ਆਜ਼ਾਦੀ ਤੇ ਨਿਰਪੱਖਤਾ ਦਾ ਸਪੱਸ਼ਟ ਪ੍ਰਦਰਸ਼ਨ ਕੀਤਾ ਹੈ। ਪ੍ਰਸਤਾਵ ਵਿਚ ਈਰਾਨ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਲਜ਼ਾਮ ਲਗਾਉਂਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ, ਪਰ ਭਾਰਤ ਦੇ ਵੋਟ ਨੇ ਇਸ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਚੀਨ, ਪਾਕਿਸਤਾਨ, ਕਿਊਬਾ, ਇੰਡੋਨੇਸ਼ੀਆ, ਇਰਾਕ ਵੀਅਤਨਾਮ ਵਰਗੇ ਕੁਝ ਗਿਣੇ ਚੁਣੇ ਦੇਸ਼ਾਂ ਨੇ ਹੀ ਇਸ ਪ੍ਰਸਤਾਵ ਦਾ ਵਿਰੋਧ ਕੀਤਾ। ਇਹ ਪ੍ਰਸਤਾਵ ਪੱਛਮੀ ਦੇਸ਼ਾਂ, ਵਿਸ਼ੇਸ਼ ਕਰ ਕੇ ਅਮਰੀਕਾ ਤੇ ਉਸ ਦੇ ਸਹਿਯੋਗੀਆਂ ਵੱਲੋਂ ਯੂਐੱਨ 'ਚ ਭਾਰਤ-ਪਾਕਿ ਤੇ ਚੀਨ ਈਰਾਨ ਦੇ ਪੱਖ 'ਚ ਖੜ੍ਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਨਿਖੇਧੀ ਖ਼ਿਲਾਫ਼ ਹੈ ਤਜਵੀਜ਼ ਪੇਸ਼ ਕੀਤਾ ਗਿਆ ਸੀ। ਇਸ ਵਿਚ ਈਰਾਨ ਦੀ ਸਰਕਾਰ 'ਤੇ ਔਰਤਾਂ ਦੇ ਅਧਿਕਾਰਾਂ, ਪ੍ਰਗਟਾਵਿਆਂ ਦੀ ਆਜ਼ਾਦੀ ਅਤੇ ਰਾਜਨੀਤਕ ਅਸਹਿਮਤੀ ਦੇ ਦਬਾਅ ਦੇ ਇਲਜ਼ਾਮ ਲਗਾਏ ਗਏ ਸਨ। ਭਾਰਤ ਨੇ ਇਸ ਫੈਸਲੇ 'ਤੇ ਨਵੀਂ ਦਿੱਲੀ ਵਿਚ ਈਰਾਨ ਦੇ ਰਾਜਦੂਤ ਮੁਹੰਮਦ ਫ਼ਤਾਲੀ ਨੇ ਸ਼ਨਿਚਰਵਾਰ ਨੂੰ ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, 'ਭਾਰਤ ਸਰਕਾਰ ਨੂੰ ਈਰਾਨ ਇਸਲਾਮਿਕ ਗਣਰਾਜ ਦੇ ਵਿਰੁੱਧ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਸਿਧਾਂਤਵਾਦੀ ਅਤੇ ਦ੍ਰਿੜ੍ਹ ਸਮਰਥਨ ਲਈ ਮੈਂ ਇਸ ਦਾ ਧੰਨਵਾਦ ਕਰਦਾ ਹਾਂ, ਜਿਸ ਵਿਚ ਬੇਇਨਸਾਫ਼ੀ ਤੇ ਰਾਜਨੀਤਕ ਤੌਰ 'ਤੇ ਪ੍ਰੇਰਿਤ ਇਕ ਪ੍ਰਸਤਾਵ ਦਾ ਵਿਰੋਧ ਵੀ ਸ਼ਾਮਲ ਹੈ। ਇਹ ਰੁਖ਼ ਭਾਰਤ ਦੀ ਨਿਆਂ, ਬਹੁਪੱਖਵਾਦ ਅਤੇ ਰਾਸ਼ਟਰੀ ਖ਼ੁਦਮੁਖ਼ਤਿਆਰੀ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਰੇਖਾਂਕਿਤ ਕਰਦਾ ਹੈ। ਭਾਰਤ ਨੇ ਇਸ ਪ੍ਰਸਤਾਵ ਦੇ ਖ਼ਿਲਾਫ਼ ਵੋਟ ਕਰ ਕੇ ਸਪੱਸ਼ਟ ਕੀਤਾ ਹੈ ਕਿ ਉਹ ਜਿੱਥੋਂ ਤੱਕ ਹੋ ਸਕਦਾ ਹੈ ਇਰਾਨ ਦੇ ਨਾਲ ਆਪਣੇ ਸੱਭਿਆਚਰਕ ਅਤੇ ਕੂਟਨੀਤਕ ਸਬੰਧਾਂ ਦੀ ਹਿਫਾਜ਼ਤ ਕਰੇਗਾ। ਦੱਸ ਦਈਏ ਕਿ ਯੂਐੱਨਐੱਚਆਰਸੀ ਨੇ ਇਸ ਪ੍ਰਸਤਾਵ ਨੂੰ 25 ਵੋਟਾਂ ਦੇ ਬਹੁਮਤ ਦੇ ਨਾਲ ਪਾਸ ਕੀਤਾ। ਸੱਤ ਵੋਟਾਂ ਇਸ ਦੇ ਖ਼ਿਲਾਫ਼ ਪਈਆਂ ਅਤੇ 14 ਮੈਂਬਰਾਂ ਨੇ ਵੋਟ ਨਹੀਂ ਪਾਇਆ। ਹਾਲ ਹੀ ਵਿਚ ਅਮਰੀਕਾ ਸਰਕਾਰ ਨੇ ਈਰਾਨ ਦੇ ਨਾਲ ਕਾਰੋਬਾਰ ਕਰਨ ਵਾਲੇ ਹਰ ਦੇਸ਼ 'ਤੇ 10 ਫ਼ੀਸਦ ਦਾ ਵਾਧੂ ਟੈਕਸ ਲਗਾਉਣ ਦਾ ਫੈਸਲਾ ਕੀਤਾ ਹੈ। ਈਰਾਨ ਵਿਚ ਭਾਰਤ ਵੱਲੋਂ ਵਿਕਸਤ ਕੀਤੇ ਜਾ ਰਹੇ ਚਾਬਹਾਰ ਪੋਰਟ 'ਤੇ ਵੀ ਬੇਯਕੀਨੀ ਛਾਈ ਹੈ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਮੁਤਾਬਕ, ਭਾਰਤ ਦਾ ਇਹ ਫੈਸਲਾ ਖੇਤਰੀ ਅਸਥਿਰਤਾ ਅਤੇ ਬਹੁਪੱਖੀ ਕੂਟਨੀਤਕ ਸਿਧਾਂਤ 'ਤੇ ਆਧਾਰਿਤ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਭਾਰਤ ਪਹਿਲਾਂ ਹੀ ਅਮਰੀਕੀ ਦਬਾਅ ਦੇ ਕਾਰਨ ਈਰਾਨ ਤੋਂ ਕੱਚੇ ਤੇਲ ਦੀ ਖਰੀਦ ਬੰਦ ਕਰ ਚੁੱਕਿਆ ਹੈ।2019 'ਚ ਸ਼ੁਰੂ ਹੋਈਆਂ ਪਾਬੰਦੀਆਂ ਮਗਰੋਂ ਭਾਰਤ ਨੇ ਈਰਾਨ ਦੇ ਨਾਲ ਵਪਾਰਕ ਸਬੰਧਾਂ ਨੂੰ ਸੀਮਤ ਕੀਤਾ ਹੋਇਆ ਹੈ, ਜਿਸ ਵਿਚ ਊਰਜਾ ਖੇਤਰ ਤੋਂ ਲੈ ਕੇ ਹੋਰ ਕਾਰੋਬਾਰੀ ਗਤੀਵਿਧੀਆਂ ਸ਼ਾਮਲ ਹਨ।

# ਮੈਡੀਕਲ ਐਮਰਜੈਂਸੀ ਲਈ ਨਿੱਜੀ ਫੰਡ ਦੀ ਕਮੀ ਕਾਰਨ ਲੋਕ ਲੈ ਰਹੇ ਨੇ ਪਰਸਨਲ ਲੋਨ

ਨਵੀਂ ਦਿੱਲੀ, 25 ਜਨਵਰੀ (ਚ.ਨ.ਸ.): ਮੈਡੀਕਲ ਐਮਰਜੈਂਸੀ ਲਈ ਨਿੱਜੀ ਫੰਡ ਦੀ ਕਮੀ ਕਾਰਨ ਲੋਕ ਹੁਣ ਪਰਸਨਲ ਲੋਨ ਲੈ ਰਹੇ ਹਨ। ਵੱਡੇ ਸ਼ਹਿਰਾਂ 'ਚ 14 ਫ਼ੀਸਦੀ ਤੇ ਛੋਟੇ ਸ਼ਹਿਰਾਂ 'ਚ 11 ਫ਼ੀਸਦੀ ਲੋਨ ਇਲਾਜ ਦੇ ਨਾਂ 'ਤੇ ਲਏ ਜਾ ਰਹੇ ਹਨ। ਇਲਾਜ ਲਈ ਪਰਸਨਲ ਲੋਨ ਲੈਣ ਵਾਲੇ 60 ਫ਼ੀਸਦੀ ਤੋਂ ਜ਼ਿਆਦਾ ਲੋਕ ਸਾਲਾਨਾ ਤਿੰਨ ਤੋਂ 10 ਲੱਖ ਰੁਪਏ ਤੱਕ ਕਮਾਉਂਦੇ ਹਨ। ਇਨ੍ਹਾਂ 'ਚੋਂ ਕਈਆਂ ਕੋਲ ਹੈਲਥ ਇੰਸ਼ੋਰੈਂਸ ਤਾਂ ਹੁੰਦੀ ਹੈ ਪਰ ਕਵਰੇਜ ਘੱਟ ਹੋਣ ਕਾਰਨ ਇਲਾਜ ਦੌਰਾਨ ਜ਼ਿਆਦਾ ਬਿੱਲ ਆਉਣ 'ਤੇ ਉਨ੍ਹਾਂ ਨੂੰ ਤੁਰੰਤ ਭੁਗਤਾਨ ਲਈ ਪਰਸਨਲ ਲੋਨ ਦਾ ਸਹਾਰਾ ਲੈਣਾ ਪੈਂਦਾ ਹੈ। ਪਰਸਨਲ ਲੋਨ 'ਤੇ ਫਿਨਟੈੱਕ ਕੰਪਨੀ ਪੈਸਾ ਬਾਜ਼ਾਰ ਵੱਲੋਂ ਦੇਸ਼ ਭਰ 'ਚ ਕਰਵਾਏ ਗਏ ਸਰਵੇ ਦੀ ਰਿਪੋਰਟ 'ਚ ਇਹ ਜਾਣਕਾਰੀ ਸਾਹਮਣੇ ਆਈ ਹੈ। ਹਾਲਾਂਕਿ ਦੇਸ਼ 'ਚ ਹੈਲਥ ਇੰਸ਼ੋਰੈਂਸ ਦੀ ਪੈਠ ਵਧਦੀ ਜਾ ਰਹੀ ਹੈ। ਇਰਡਾ ਮੁਤਾਬਕ, ਵਿੱਤੀ ਸਾਲ 2024-25 'ਚ ਹੈਲਥ ਇੰਸ਼ੋਰੈਂਸ ਕੰਪਨੀਆਂ ਨੇ 2.65 ਕਰੋੜ ਹੈਲਥ ਪਾਲਿਸੀਆਂ ਜਾਰੀ ਕੀਤੀਆਂ, ਜਿਸ ਤਹਿਤ 58 ਕਰੋੜ ਲੋਕਾਂ ਨੂੰ ਕਵਰੇਜ ਮਿਲਿਆ। 8 ਵੱਡੇ ਸ਼ਹਿਰਾਂ 'ਚ 14 ਤੇ ਛੋਟੇ ਸ਼ਹਿਰਾਂ 'ਚ 11 ਫ਼ੀਸਦੀ ਲੋਕਾਂ ਵੱਲੋਂ ਲਿਆ ਜਾ ਰਿਹੈ ਪਰਸਨਲ ਲੋਨ 10 ਕਰੋੜ ਤੋਂ ਜ਼ਿਆਦਾ ਲੋਕ ਹੈਲਥ ਇੰਸ਼ੋਰੈਂਸ ਦੀ ਜ਼ਿਆਦਾ ਕੀਮਤ ਹੋਣ ਨਾਲ ਜਾਂ ਤਾਂ ਇਸ ਨੂੰ ਖ਼ਰੀਦਣ ਤੋਂ ਪਰਹੇਜ਼ ਕਰਦੇ ਹਨ ਜਾਂ ਘੱਟ ਕਵਰੇਜ ਲੈਂਦੇ ਹਨ ਤਾਂ ਜੋ ਉਨ੍ਹਾਂ ਨੂੰ ਪ੍ਰੀਮੀਅਮ ਘੱਟ ਦੇਣਾ ਪਵੇ 36 ਫ਼ੀਸਦੀ ਪਰਸਨਲ ਲੋਨ ਵਿਆਹਾਂ, ਮਕਾਨਾਂ ਦੀ ਰੈਨੋਵੇਸ਼ਨ ਵਰਗੇ ਕੰਮਾਂ ਲਈ ਲਏ ਜਾ ਰਹੇ ਹਨ। ਆਯੁਸ਼ਮਾਨ ਭਾਰਤ ਸਕੀਮ ਤਹਿਤ ਦੇਸ਼ ਦੇ 55 ਕਰੋੜ ਲੋਕਾਂ ਨੂੰ ਕਵਰੇਜ ਮਿਲ ਰਿਹਾ ਹੈ ਪਰ ਸਾਲਾਨਾ ਛੇ ਤੋਂ 10 ਲੱਖ ਰੁਪਏ ਕਮਾਉਣ ਵਾਲੇ 10 ਕਰੋੜ ਤੋਂ



ਜ਼ਿਆਦਾ ਲੋਕ ਹੈਲਥ ਇੰਸ਼ੋਰੈਂਸ ਦੀ ਜ਼ਿਆਦਾ ਕੀਮਤ ਹੋਣ ਕਾਰਨ ਜਾਂ ਤਾਂ ਇਸ ਨੂੰ ਖ਼ਰੀਦਣ ਤੋਂ ਪਰਹੇਜ਼ ਕਰਦੇ ਹਨ ਜਾਂ ਘੱਟ ਕਵਰੇਜ ਲੈਂਦੇ ਹਨ ਤਾਂ ਜੋ ਉਨ੍ਹਾਂ ਨੂੰ ਪ੍ਰੀਮੀਅਮ ਘੱਟ ਦੇਣਾ ਪਵੇ। ਪੈਸਾਬਾਜ਼ਾਰ ਦੀ ਸੀਈਓ ਸੰਤੋਸ਼ ਅਗਰਵਾਲ ਮੁਤਾਬਕ, ਇਲਾਜ ਦੀ ਲਾਗਤ 'ਚ ਤੇਜ਼ ਵਾਧੇ ਨਾਲ ਵੀ ਲੋਕ ਪਰਸਨਲ ਲੋਨ ਲੈਣ ਲਈ ਮਜਬੂਰ ਹੋ ਰਹੇ ਹਨ। 36 ਫ਼ੀਸਦੀ ਪਰਸਨਲ ਲੋਨ ਵਿਆਹ 'ਤੇ ਹੋਣ ਵਾਲੇ ਖ਼ਰਚ, ਮਕਾਨ ਨੂੰ ਚਮਕਾਉਣ ਤੇ ਟੀਵੀ-ਫਰਿੱਜ ਵਰਗਾ ਸਾਮਾਨ ਖ਼ਰੀਦਣ ਲਈ ਲੋਕ ਲੈ ਰਹੇ ਹਨ। ਛੋਟੇ ਸ਼ਹਿਰਾਂ ਤੇ ਪੇਂਡੂ ਇਲਾਕਿਆਂ 'ਚ 10 ਫ਼ੀਸਦੀ ਤੋਂ ਜ਼ਿਆਦਾ ਲੋਕ ਰੋਜ਼ਾਨਾ ਦਾ ਖ਼ਰਚ ਪੂਰਾ ਕਰਨ ਲਈ ਪਰਸਨਲ ਲੋਨ ਲੈ ਰਹੇ ਹਨ।

# ਚੰਡੀਗੜ੍ਹ ਪ੍ਰਸ਼ਾਸਨ ਵੱਲੋਂ 'ਸਾਹਸ-ਸਪੋਰਟ ਐਂਡ ਅਸਿਸਟੈਂਸ ਫ਼ੋਰ ਹੀਲਿੰਗ ਐਸਿਡ ਸਰਵਾਈਵਰਜ਼' ਯੋਜਨਾ ਨੂੰ ਮਨਜ਼ੂਰੀ

ਚੰਡੀਗੜ੍ਹ, 25 ਜਨਵਰੀ (ਚ.ਨ.ਸ): ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਤੇਜ਼ਾਬ ਹਮਲੇ ਦੇ ਪੀੜਤਾਂ ਲਈ ਮਹੱਤਵਪੂਰਨ ਫ਼ੈਸਲਾ ਲਿਆ ਗਿਆ ਹੈ। ਕੇਂਦਰ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ ਦੀ 'ਸਾਹਸ-ਸਪੋਰਟ ਐਂਡ ਅਸਿਸਟੈਂਸ ਫ਼ੋਰ ਹੀਲਿੰਗ ਐਸਿਡ ਸਰਵਾਈਵਰਜ਼' ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਯੋਜਨਾ ਅਧੀਨ, ਚੰਡੀਗੜ੍ਹ ਵਿਚ ਰਹਿੰਦੇ ਹਰ ਤੇਜ਼ਾਬ ਹਮਲੇ ਦੇ ਹਰ ਪੀੜਤ ਨੂੰ ਮਹੀਨਾਵਾਰ 10,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਹ ਜਾਣਕਾਰੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਦੌਰਾਨ ਪੇਸ਼ ਕੀਤੀ ਗਈ। ਕੇਸ ਵਿਚ ਐਡਵੋਕੇਟ ਐਚ.ਸੀ. ਅਰੋੜਾ ਨੇ ਅਰਜ਼ੀ ਦਾਇਰ ਕਰ ਕੇ ਦੱਸਿਆ ਸੀ ਕਿ ਪੰਜਾਬ ਸਰਕਾਰ 2016 ਤੋਂ ਹੀ ਤੇਜ਼ਾਬ ਹਮਲੇ ਦੇ ਪੀੜਤਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਰਹੀ ਹੈ, ਪਰ ਚੰਡੀਗੜ੍ਹ ਪ੍ਰਸ਼ਾਸਨ ਨੇ ਵਾਅਦਾ ਕਰਨ ਦੇ ਬਾਵਜੂਦ ਇਹ ਸਹਾਇਤਾ ਨਹੀਂ ਦਿੱਤੀ।ਨਵੀਂ ਯੋਜਨਾ ਅਧੀਨ, ਪੀੜਤਾਂ ਨੂੰ ਸਿੱਧਾ ਲਾਭ ਬਦਲੀ (ਡੀ.ਬੀ.ਟੀ.) ਰਾਹੀਂ ਰਕਮ ਮਿਲੇਗੀ। ਅਰਜ਼ੀ ਦੇਣ ਲਈ ਪੀੜਤਾਂ ਨੂੰ ਐਸਿਡ ਹਮਲੇ ਕਾਰਨ ਹੋਈ ਅਪਾਹਜਤਾ ਦਾ ਸਰਟੀਫਿਕੇਟ, ਐਫ.ਆਈ.ਆਰ., ਆਧਾਰ ਕਾਰਡ, ਰਿਹਾਇਸ਼ ਦਾ ਸਬੂਤ ਤੇ ਬੈਂਕ ਖਾਤੇ ਦੀ ਜਾਣਕਾਰੀ ਦੇਣੀ ਲਾਜ਼ਮੀ ਹੋਵੇਗੀ।ਜੇਕਰ ਕਿਸੇ ਅਰਜ਼ੀ ਨੂੰ ਰੱਦ ਕੀਤਾ ਜਾਂਦਾ ਹੈ ਤਾਂ ਪੀੜਤ ਸੋਸ਼ਲ ਵੈਲਫੇਅਰ ਵਿਭਾਗ ਦੇ ਸਕੱਤਰ ਕੋਲ ਅਪੀਲ ਕਰ ਸਕਦਾ ਹੈ।ਪ੍ਰਸ਼ਾਸਨ ਨੇ ਕਿਹਾ ਹੈ ਕਿ ਸਾਰੀਆਂ ਅਰਜ਼ੀਆਂ ਇਕ ਮਹੀਨੇ ਵਿਚ ਨਿਪਟਾਈਆਂ ਜਾਣਗੀਆਂ ਤੇ ਭੁਗਤਾਨ ਅਗਲੇ ਮਹੀਨੇ ਤੋਂ ਸ਼ੁਰੂ ਹੋ ਜਾਵੇਗਾ। ਇਹ ਕਦਮ ਐਸਿਡ ਹਮਲੇ ਦੇ ਪੀੜਤਾਂ ਲਈ ਆਰਥਕ ਸਹਾਰਾ ਹੀ ਨਹੀਂ, ਸਗੋਂ ਸਮਾਜਿਕ ਨਿਆਂ ਵਲ ਇਕ ਮਹੱਤਵਪੂਰਨ ਪੈਰਵੀ ਵੀ ਹੈ।

# ਬਲਰਾਜ ਸਿੰਘ ਨੇ 69ਵੀਂ ਨੈਸ਼ਨਲ ਸਕੂਲ ਗੇਮਜ਼ 'ਚ ਗੋਲਡ ਮੈਡਲ ਹਾਸਲ ਕੀਤਾ

ਗੜ੍ਹਦੀਵਾਲਾ, 25 ਜਨਵਰੀ (ਗੌਰਵ): ਛੱਤੀਸਗੜ੍ਹ ਨੈਸ਼ਨਲ ਸਕੂਲ ਗੇਮਜ਼ ਗੱਤਕਾ ਖੇਡ ਵਿੱਚ ਭਾਗ ਲੈਕੇ



'ਬਲਰਾਜ ਸਿੰਘ ਨੇ 69ਵੀਂ ਨੈਸ਼ਨਲ ਸਕੂਲ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗਤਕਾ ਕੋਚ ਬਲਰਾਜ ਸਿੰਘ ਨੇ ਦੱਸਿਆ ਕਿ ਛੱਤੀਸਗੜ੍ਹ ਨੈਸ਼ਨਲ ਸਕੂਲ ਗੇਮਜ ਗਤਕਾ ਖੇਡ ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਬਹੁਤ ਹੀ ਸੰਘਰਸ਼ ਪੂਰਨ ਮੁਕਾਬਲਾ ਖੇਡਦੇ ਹੋਏ ਪੰਜਾਬ ਲਈ ਨੈਸ਼ਨਲ ਵਿੱਚੋਂ ਪਹਿਲੀ ਪੁਜੀਸ਼ਨ ਹਾਸਲ ਕੀਤੀ। ਉਹਨਾਂ ਦੱਸਿਆ ਕਿ ਇਸ ਉਪਲਬਧੀ ਦੇ ਹਾਸਲ ਕਰਦਿਆਂ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਉਹਨਾਂ ਦੱਸਿਆ ਕਿ ਬਲਰਾਜ ਸਿੰਘ ਨੇ ਇਹ ਉਪਲਬਧੀ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਗਤਕਾ ਸਪੋਰਟਸ ਕਲੱਬ ਤੋਂ ਗਤਕਾ ਸਿਖਲਾਈ ਹਾਸਲ ਕਰਕੇ ਪ੍ਰਾਪਤ ਕੀਤੀ। ਉਹਨਾਂ ਦੱਸਿਆ ਕਿ ਇਸ ਪ੍ਰਾਪਤੀ ਦੇ ਪਿੱਛੇ ਬਲਰਾਜ ਸਿੰਘ ਦੇ ਪਿਤਾ ਸੁਖਦੇਵ ਸਿੰਘ ਤੇ ਮਾਤਾ ਸੁਖਜੀਤ ਕੌਰ ਤੇ ਛੋਟੇ ਵੀਰ ਜਗਜੋਤ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

# 16ਵਾਂ ਰਾਸ਼ਟਰੀ ਵੋਟਰ ਦਿਵਸ ਉਤਸ਼ਾਹ ਨਾਲ ਮਨਾਇਆ

## ☛ਜ਼ਿਲ੍ਹੇ 'ਚ 18-19 ਸਾਲ ਦੇ ਸਭ ਤੋਂ ਵੱਧ ਨਵੇਂ ਵੋਟਰ ਦਰਜ ਕਰਨ ਲਈ ਐਸਡੀਐਮ ਚੇਤਨ ਬੰਗੜ ਨੂੰ ਕੀਤਾ ਸਨਮਾਨਤ

ਸ੍ਰੀ ਫਤਹਿਗੜ੍ਹ ਸਾਹਿਬ, 25 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ 16ਵਾਂ ਰਾਸ਼ਟਰੀ ਵੋਟਰ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮੁੱਖ ਮੰਤਰੀ ਫੀਲਡ ਅਫ਼ਸਰ ਸ਼ੰਕਰ ਸ਼ਰਮਾ ਨੇ ਕੀਤੀ। ਇਸ ਮੌਕੇ ਵਿਧਾਨ ਸਭਾ ਹਲਕਾ ਅਮਲੋਹ ਦੇ ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ ਚੇਤਨ ਬੰਗੜ ਨੂੰ ਜ਼ਿਲ੍ਹੇ ਵਿੱਚ ਸਭ ਤੋਂ ਵੱਧ 18-19 ਸਾਲ ਦੇ ਨਵੇਂ ਵੋਟਰ ਦਰਜ ਕਰਨ ਲਈ 2000/- ਰੁਪਏ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਤੋਂ ਇਲਾਵਾ ਪੇਂਟਿੰਗ ਅਤੇ ਭਾਸ਼ਣ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੇ ਨਾਲ ਨਾਲ ਬੂਥ ਨੰ. 67 (ਫਤਹਿਗੜ੍ਹ ਸਾਹਿਬ) ਦੇ ਬੂਥ ਲੈਵਲ ਅਫ਼ਸਰ ਸ਼੍ਰੀ ਜਸਵੀਰ ਨੂੰ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਲਈ 1000/- ਰੁਪਏ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਚੋਣ ਦਫ਼ਤਰ ਦੇ ਕਲਰਕ ਸਨਪ੍ਰੀਤ ਸਿੰਘ ਤੇ ਗੁਰਵਿੰਦਰ ਸਿੰਘ ਨੂੰ ਚੰਗੀ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ



ਰਾਸ਼ਟਰੀ ਵੋਟਰ ਦਿਵਸ ਦੀ ਮਹੱਤਤਾ ਨੂੰ ਦਰਸਾਉਂਦੇ ਭਾਸ਼ਣ ਤੇ ਕਵਿਤਾਵਾਂ ਪੇਸ਼ ਕੀਤੀਆਂ। ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਬਸੀ ਪਠਾਣਾਂ ਦੇ ਲੈਕਚਰਾਰ ਸ਼੍ਰੀਮਤੀ ਰੁਪਪ੍ਰੀਤ ਕੌਰ ਨੇ ਟੱਪਿਆਂ ਰਾਹੀਂ ਵੋਟ ਦੀ ਮਹੱਤਤਾ ਦਾ ਸੁਨੇਹਾ ਦਿੱਤਾ। ਇਸ ਮੌਕੇ ਲੋਕਤੰਤਰ ਦੀ ਮਰਿਆਦਾ ਨੂੰ ਕਾਇਮ ਰੱਖਣ ਤੇ ਨਿਰਪੱਖ ਹੋ ਕੇ ਵੋਟ ਪਾਉਣ ਦਾ ਵੋਟਰ ਪ੍ਰਣ ਵੀ ਦਿਵਾਇਆ ਗਿਆ। ਸਮਾਗਮ ਵਿੱਚ ਨਹਿਰੂ ਯੁਵਾ ਕੇਂਦਰ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ ਜਦਕਿ ਮੁੱਖ ਮਹਿਮਾਨ ਸਮੇਤ ਹੋਰਨਾਂ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ 'ਚ 'ਇੱਕ ਦੇਸ਼-ਇੱਕ ਚੋਣ' ਮੁਹਿੰਮ ਦੀ ਸ਼ੁਰੂਆਤ

ਅਮਲੋਹ, 25 ਜਨਵਰੀ (ਜਸਵੰਤ ਸਿੰਘ): ਪੰਜਾਬ ਵਿੱਚ 'ਇੱਕ ਦੇਸ਼-ਇੱਕ ਚੋਣ' ਦੀ ਮੁਹਿੰਮ ਦੀ ਸ਼ੁਰੂਆਤ ਅਮਲੋਹ ਤੋਂ ਕੀਤੀ ਗਈ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਐਡਵੋਕੇਟ ਮਯੰਕ ਸ਼ਰਮਾ ਨੇ ਸੰਬੋਧਿਤ ਕਰਦੇ ਕਿਹਾ ਕਿ 'ਇੱਕ ਰਾਸ਼ਟਰ-ਇੱਕ ਚੋਣ' ਦੀ ਇਸ ਮੁਹਿੰਮ ਦਾ ਮੁੱਖ ਉਦੇਸ਼ ਇਸ ਵਿਚਾਰ ਨੂੰ ਜਨ-ਜਨ ਤੱਕ ਪਹੁੰਚਾਉਣਾ ਹੈ ਤਾਂ ਜੋ ਦੇਸ਼ ਭਰ ਵਿੱਚ ਸਾਰੀਆਂ ਚੋਣਾਂ ਨੂੰ ਇਕੋ ਸਮੇਂ ਕ੍ਰਮਵਾਰ ਤਰੀਕੇ ਨਾਲ ਕਰਵਾਇਆਂ ਜਾ ਸਕੇ। ਦੇਸ਼ ਵਿੱਚ ਇੱਕ ਚੰਗੀ ਗਵਰਨੈਂਸ, ਚੋਣਾਂ ਦਾ ਖਰਚ, ਸਰਕਾਰੀ ਅਮਲੇ ਉੱਪਰ ਬੋਝ ਦੀ ਕਮੀ, ਰਾਜ ਸਰਕਾਰਾਂ ਦਾ ਕੇਂਦਰ ਸਰਕਾਰ ਨਾਲ ਤਾਲਮੇਲ, ਲੋਕਤੰਤਰ ਦੀ ਮਜ਼ਬੂਤੀ ਤੇ ਲੋਕਾਂ ਵਿੱਚ ਚੋਣਾਂ ਦਾ ਉਤਸ਼ਾਹ ਬਣੇ ਇਹ ਸਭ ਵਿਸ਼ੇ ਨੂੰ ਲਾਗੂ ਕਰਨ ਉਪਰ ਜ਼ੋਰ ਦਿੱਤਾ ਤੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਮੁਹਿੰਮ ਦੇ ਪ੍ਰਦੇਸ਼ ਸੰਯੋਜਕ ਸੌਰਭ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਮਲੋਹ ਬਾਰ ਐਸੋਸੀਏਸ਼ਨ ਵਿੱਚ ਦਸਤਖ਼ਤ ਮੁਹਿੰਮ (ਹਸਤਾਖਰ ਅਭਿਆਨ) ਦੇ ਪ੍ਰੋਗਰਾਮ ਨਾਲ ਇਸ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਸੀਨੀਅਰ ਐਡ. ਡਿੰਪਲ ਸ਼ਰਮਾ, ਐਡ. ਹਰਦੀਪ ਸਿੰਘ, ਐਡ. ਗੋਲਡੀ ਅਰੋੜਾ, ਐਡ. ਰਾਜ ਕੁਮਾਰ ਦੇਵੜਾ, ਐਡ. ਲਖਵਿੰਦਰ ਸਿੰਘ, ਐਡ. ਹਰੀਸ਼ਰਨਜੀਤ ਸ਼ਰਮਾ, ਐਡ. ਮੁਨੀਸ਼



ਐਡ. ਜਤਿੰਦਰ ਕਰਕਰਾ, ਐਡ. ਸੁਭਾਸ਼ ਲੁਟਾਵਾ, ਐਡ. ਯਾਦਵਿੰਦਰਪਾਲ ਸਿੰਘ, ਐਡ. ਮਯੰਕ ਸ਼ਰਮਾ, ਐਡ. ਰਾਜੇਸ਼ ਜਾਲੂ, ਸੀਨੀਅਰ ਐਡ. ਤੇਜਵੰਤ ਸਿੰਘ, ਐਡ. ਯਾਦਵਿੰਦਰ ਸਿੰਘ ਰਾਏ, ਐਡ. ਗੌਰਵ ਲੁਟਾਵਾ, ਐਡ. ਅਮਰੀਕ ਸਿੰਘ ਬਿਲਿੰਗ, ਐਡ. ਗੋਪਾਲ ਕ੍ਰਿਸ਼ਨ ਗਰਗ, ਐਡ. ਮੋਹਿਤ ਪੁਰੀ, ਐਡ. ਸੁਨੀਲ ਗਰਗ, ਐਡ. ਮੇਵਾ ਸਿੰਘ, ਐਡ. ਨਵਜੋਤ ਸਿੰਘ, ਐਡ. ਨਰਿੰਦਰ ਸਿੰਘ, ਐਡ. ਸ਼ੀਤਲ ਸ਼ਰਮਾ, ਮੋਦੀ, ਐਡ. ਜਸਵੀਰ ਸਿੰਘ, ਐਡ. ਰਸ਼ਮੀਤ ਸਿੰਘ, ਐਡ. ਰਾਮ ਗੋਪਾਲ ਸ਼ਾਰਦਾ, ਐਡ. ਨਵੀਨ ਵਰਮਾ, ਐਡ. ਅਮਨਿੰਦਰ ਗਰਗ, ਐਡ. ਬੂਟਾ ਸਿੰਘ, ਐਡ. ਸਮਿਰ ਸ਼ਰਮਾ, ਐਡ. ਰੋਹਿਤ ਸ਼ਰਮਾ, ਐਡ. ਯੁਵਰਾਜ ਸਿੰਘ, ਐਡ. ਅਮਨਦੀਪ ਸਿੰਘ, ਐਡ. ਨਵਜੋਤ ਧੀਮਾਨ, ਐਡਵੋਕੇਟ ਮਨਦੀਪ ਸਿੰਘ, ਐਡ. ਗੁਰਵਿੰਦਰ ਸਿੰਘ ਐਡ. ਇਮਰਾਨ ਤੇ ਐਡ. ਮੋਹਿਤ ਗਰਗ ਹਾਜ਼ਰ ਸਨ।

# ਪਿੰਡ ਭਿੰਡੀ ਸੈਦਾਂ ਵਿਖੇ ਸੋਨੀਆ ਮਾਨ ਵੱਲੋਂ ਸਿਹਤ ਬੀਮਾ ਯੋਜਨਾ ਤਹਿਤ ਕਾਰਡ ਬਣਾਉਣ ਦੀ ਸ਼ੁਰੂਆਤ

ਚੋਗਾਵਾਂ, 25 ਜਨਵਰੀ (ਸੁਬੇਗ ਸਿੰਘ ਸੋਨਾ): ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਤੇ 10 ਲੱਖ ਤਕ ਦਾ ਮੁਫ਼ਤ ਇਲਾਜ ਦੇਣ ਲਈ ਸ਼ੁਰੂ ਕੀਤੀ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਪਿੰਡ ਭਿੰਡੀ ਸੈਦਾਂ ਵਿਖੇ ਲਖਵਿੰਦਰ ਸਿੰਘ ਲੱਖਾ ਹਲਕਾ ਸੰਗਠਨ ਇੰਚਾਰਜ ਦੀ ਅਗਵਾਈ ਹੇਠ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ



ਮੌਕੇ ਹਲਕਾ ਰਾਜਾ ਸਾਂਸੀ ਦੀ ਇੰਚਾਰਜ ਮੈਡਮ ਸੋਨੀਆ ਮਾਨ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰੇਸ਼ਮ ਵੜੈਚ ਵੱਲੋਂ ਸ਼ਿਰਕਤ ਕਰ ਕੇ ਬੀਮਾ ਯੋਜਨਾ ਦੇ ਕਾਰਡ ਬਣਾਉਣ ਦੀ ਰਸਮੀ ਸ਼ੁਰੂਆਤ ਕਰਵਾਈ ਗਈ। ਲਖਵਿੰਦਰ ਸਿੰਘ ਲੱਖਾ ਹਲਕਾ ਸੰਗਠਨ ਇੰਚਾਰਜ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਮੈਡਮ ਸੋਨੀਆ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ 10 ਲੱਖ ਰੁਪਏ ਦਾ ਸਿਹਤ ਬੀਮਾ ਦੇ ਕੇ ਹਰ ਵਰਗ ਨੂੰ ਵੱਡੀ ਰਾਹਤ ਦਿੱਤੀ ਹੈ। ਅੱਜ ਦੇ ਮਹਿੰਗਾਈ ਦੇ ਦੌਰ ਵਿਚ ਗ਼ਰੀਬ ਲਈ ਦਵਾਈ ਖਰੀਦਣੀ ਵੀ ਔਖੀ ਹੈ, ਪਰ ਸਰਕਾਰ ਨੇ ਇਸ ਚਿੰਤਾ ਨੂੰ ਖਤਮ ਕਰ ਦਿੱਤਾ ਹੈ। ਜੇਕਰ ਸਿਹਤ ਚੰਗੀ ਹੋਵੇਗੀ ਤਾਂ ਹੀ ਇਨਸਾਨ ਕੰਮ ਕਰ ਸਕਦਾ ਹੈ। ਇਸ ਮੌਕੇ ਸੁਖਦੀਪ ਸਿੰਘ ਛੀਨਾ, ਵੀਡੀਓ ਭੁਪਿੰਦਰ ਸਿੰਘ, ਲਖਬੀਰ ਸਿੰਘ ਆੜਤੀ ਮੰਜ, ਭਜਨ ਕੌਰ ਬਲਾਕ ਸੰਮਤੀ ਮੈਂਬਰ, ਸੁਰਿੰਦਰ ਸਿੰਘ ਫੌਜੀ, ਬਗੀਚਾ ਸਿੰਘ, ਨਿਸ਼ਾਨ ਸਿੰਘ, ਬਿੱਲਾ ਸਿੰਘ, ਗੋਪੀ ਸਿੰਘ, ਸ਼ਰਮਾ ਸਿੰਘ ਮੈਂਬਰ, ਮੋਰ ਸਿੰਘ ਸੁੱਚਾ ਸਿੰਘ ਮੈਂਬਰ, ਦਲਬੀਰ ਸਿੰਘ, ਜਗੀਰ ਸਿੰਘ, ਸੂਰਤੀ, ਵੀਰ ਸਿੰਘ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਵਿਖੇ ਆਯੂਸ਼ ਕੈਂਪ ਲਗਾਇਆ

ਦਸੂਹਾ, 25 ਜਨਵਰੀ (ਰਜਿੰਦਰ ਸਿੰਘ): ਡਾਇਰੈਕਟਰ ਆਯੁਰਵੈਦਾ ਪੰਜਾਬ ਡਾਕਟਰ ਰਮਨ ਖੰਨਾ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਆਯੁਰਵੈਦਿਕ ਅਤੇ




ਯੂਨਾਨੀ ਅਫਸਰ ਹੁਸ਼ਿਆਰਪੁਰ ਡਾਕਟਰ ਸੁਰਿੰਦਰ ਪਾਲ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਸਾਹਿਬ ਹਲੇੜ ਵਿਖੇ ਆਯੂਸ਼ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਸਰਪੰਚ ਦਲਜੀਤ ਕੌਰ ਜੀ ਨੇ ਕੀਤਾ। ਕੈਂਪ ਵਿੱਚ ਡਾਕਟਰ ਗੁਰਪ੍ਰੀਤ ਕੌਰ, ਡਾ. ਸੁਰਿੰਦਰ ਜੀ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਅਤੇ ਆਯੁਰਵੈਦਿਕ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਹੋਮਿਓਪੈਥੀ ਵਿਭਾਗ ਵੱਲੋਂ ਡਾਕਟਰ ਮਨਜੀਤ ਸਿੰਘ ਅਤੇ ਡਾਕਟਰ ਕਰਮਜੀਤ ਸਿੰਘ ਜੀ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ ਹੋਮਿਓਪੈਥਿਕ ਦਵਾਈਆਂ ਦਿੱਤੀਆਂ। ਕੈਂਪ ਵਿੱਚ 634 ਮਰੀਜ਼ਾਂ ਦਾ ਫਰੀ ਚੈੱਕ ਅੱਪ ਕੀਤਾ ਗਿਆ ਤੇ ਫਰੀ ਦਵਾਈਆਂ ਦਿੱਤੀਆਂ ਗਈਆਂ। ਕੈਂਪ ਇੰਚਾਰਜ ਡਾਕਟਰ ਬਰਜਿੰਦਰ ਸਿੰਘ ਵੱਲੋਂ ਮਰੀਜ਼ਾਂ ਨੂੰ ਆਯੁਰਵੈਦ ਤੇ ਯੋਗ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਵਿੱਚ ਉਪ ਵੈਦ ਗੌਰਵ ਸੋਨੀ ਸੁਨੀਤਾ ਰਾਣੀ, ਡਿਸਪੈਂਸਰ ਸ਼੍ਰੀ ਕੁਲਜੀਤ ਸਿੰਘ, ਸ਼੍ਰੀਮਤੀ ਰੁਪਿੰਦਰ ਕੌਰ ਵਲੋਂ ਦਵਾਈਆਂ ਦੀ ਵੰਡ ਕੀਤੀ ਗਈ। ਟੀ.ਡੀ ਬਲਜਿੰਦਰ ਕੌਰ ਤੇ ਦਰਜਾ ਚਾਰ ਕੁਲਵੀਰ ਸਿੰਘ ਨੇ ਤਨਦੇਹੀ ਨਾਲ ਡਿਊਟੀ ਨਿਭਾਈ। ਇਸ ਕੈਂਪ ਵਿੱਚ ਮਰੀਜ਼ਾਂ ਦੀ ਫ੍ਰੀ ਸ਼ੂਗਰ ਚੈੱਕਅਪ ਸਾਈ ਕਲੀਨੀਕਲ ਲੈਬੋਰਟਰੀ ਦਸੂਆ ਵੱਲੋਂ ਕੀਤੀ ਗਈ। ਕੈਂਪ ਵਿੱਚ ਤਰਸੇਮ ਸਿੰਘ ਸਾਬਕਾ ਸਰਪੰਚ ਕੁਲਦੀਪ ਸਿੰਘ ਸਾਬਕਾ ਸਰਪੰਚ ਅਮਨਦੀਪ ਕੌਰ ਮੈਂਬਰ ਪੰਚਾਇਤ ਹਰਪ੍ਰੀਤ ਕੌਰ ਮੈਂਬਰ ਪੰਚਾਇਤ ਗੁਰਦੇਵ ਸਿੰਘ ਇਕਬਾਲ ਸਿੰਘ ਤੇ ਹੋਰ ਲੋਕ ਮੌਜੂਦ ਰਹੇ।

# ਲਾਰੈਂਸ ਇੰਟਰਨੈਸ਼ਨਲ ਸਕੂਲ 'ਚ ਬਸੰਤ ਪੰਚਮੀ ਮਨਾਈ

ਕਲਾਨੌਰ, 25 ਜਨਵਰੀ (ਇਕਬਾਲ ਵਾਲੀਆ ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ ਵਿੱਚ ਅੱਜ 'ਬਸੰਤ ਪੰਚਮੀ' ਦਾ ਤਿਉਹਾਰ ਬੜੀ ਧੂਮ-ਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦਾ ਸਾਰਾ ਮਾਹੌਲ ਖੁਸ਼ੀਆਂ ਭਰਿਆ ਤੇ ਕੇਸਰੀ ਰੰਗ ਵਿੱਚ ਰੰਗਿਆ ਨਜ਼ਰ ਆਇਆ।ਸਮਾਗਮ ਦੀ ਸ਼ੁਰੂਆਤ ਵਿੱਦਿਆ ਦੀ ਦੇਵੀ ਮਾਂ ਸਰਸਵਤੀ ਜੀ ਦੇ ਚਰਨਾਂ ਵਿੱਚ ਜੋਤ ਜਗਾ ਕੇ ਕੀਤੀ ਗਈ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਮਿਲ ਕੇ ਵੰਦਨਾ ਗਾਈ ਤੇ ਗਿਆਨ ਦਾ ਆਸ਼ੀਰਵਾਦ ਲਿਆ। ਨੰਨ੍ਹੇ-ਮੁੰਨੇ ਬੱਚੇ ਪੀਲੇ ਰੰਗ ਦੇ ਪਹਿਰਾਵੇ ਵਿੱਚ ਸਕੂਲ ਆਏ, ਜੋ ਬਸੰਤ ਦੀ ਆਮਦ ਦਾ ਪ੍ਰਤੀਕ ਸਨ। ਵਿਦਿਆਰਥੀਆਂ ਨੇ ਬਸੰਤ ਰੁੱਤ ਦੇ ਸਵਾਗਤ ਵਿੱਚ ਕਵਿਤਾਵਾਂ, ਗੀਤ ਤੇ ਲੋਕ ਨਾਚ ਪੇਸ਼ ਕੀਤੇ। ਪ੍ਰਿੰਸੀਪਲ ਡਾ: ਉਪਮਾ ਮਹਾਜਨ ਜੀ ਨੇ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਹ ਤਿਉਹਾਰ ਨਵੀਂ ਉਮੀਦ ਤੇ ਗਿਆਨ ਦੇ ਪ੍ਰਕਾਸ਼ ਦਾ ਪ੍ਰਤੀਕ ਹੈ। ਉਨ੍ਹਾਂ ਨੇ ਬੱਚਿਆਂ ਨੂੰ ਅਪੀਲ



ਕੀਤੀ ਕਿ ਉਹ ਹਮੇਸ਼ਾ ਕੁਦਰਤ ਨਾਲ ਜੁੜੇ ਰਹਿਣ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮੱਲਿਆਂਵਾਲ, ਡਾਇਰੈਕਟਰ ਡਾ: ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ: ਉਪਮਾ ਮਹਾਜਨ, ਸਮੂਹ ਅਧਿਆਪਕ ਵਰਗ ਤੇ ਸਮੂਹ ਵਿਦਿਆਰਥੀ ਵਰਗ ਵੱਲੋਂ ਮਾਂ ਸਰਸਵਤੀ ਦੀ ਪੂਜਾ ਕੀਤੀ ਗਈ ਤੇ ਜੀਵਨ ਵਿੱਚ ਚੰਗੀ ਸਿੱਖਿਆ ਗ੍ਰਹਿਣ ਕਰਨ ਦਾ ਪ੍ਰਣ ਲਿਆ।

# 'ਸਵਰਗ ਸਾ ਗੋਵਿੰਦ ਧਾਮ' ਭਜਨ ਦੇ ਸ਼ਾਨਦਾਰ ਰਿਲੀਜ਼ ਨੇ ਈਸ਼ਾਨ ਸ਼ਰਮਾ ਦਾ ਸਨਮਾਨ ਕੀਤਾ



ਮੰਡੀ ਗੋਬਿੰਦਗੜ੍ਹ, 25 ਜਨਵਰੀ (ਸੂਦ): ਮੰਡੀ ਗੋਬਿੰਦਗੜ੍ਹ ਦੇ ਨੌਜਵਾਨ ਕਲਾਕਾਰ ਤੇ ਭਜਨ ਗਾਇਕ ਈਸ਼ਾਨ ਸ਼ਰਮਾ ਦਾ ਨਵਾਂ ਭਜਨ 'ਸਵਰਗ ਸਾ ਗੋਵਿੰਦ ਧਾਮ' ਨਗਰ ਕੌਂਸਲ ਅਹਾਤੇ ਵਿੱਚ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਵੱਲੋਂ ਰਲੀਜ਼ ਕੀਤਾ ਗਿਆ। ਇਸ ਮੌਕੇ ਸ਼ਹਿਰ ਦੀਆਂ ਧਾਰਮਿਕ, ਸਮਾਜਿਕ ਤੇ ਰਾਜਸੀ ਸ਼ਖਸੀਅਤਾਂ ਨੇ ਭਜਨ ਗਾਇਕ ਈਸ਼ਾਨ ਸ਼ਰਮਾ ਤੇ ਉਨ੍ਹਾਂ ਦੇ ਪਿਤਾ ਰਾਜੇਸ਼ ਸ਼ਰਮਾ ਨੂੰ ਇਸ ਅਧਿਆਤਮਿਕ ਪ੍ਰਾਪਤੀ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਭਜਨ ਨਾ ਸਿਰਫ਼ ਸ਼ਰਧਾ ਪੈਦਾ ਕਰਦਾ ਹੈ ਸਗੋਂ ਨੌਜਵਾਨ ਪੀੜ੍ਹੀ ਨੂੰ ਕਦਰਾਂ-ਕੀਮਤਾਂ ਨਾਲ ਜੋੜਨ ਦਾ ਕੰਮ ਵੀ ਕਰਦਾ ਹੈ। ਇਸ ਮੌਕੇ ਭਜਨ ਲੇਖਕ ਓਮ ਸੈਨ, ਕੁਆਲਿਟੀ ਗਰੁੱਪ ਤੋਂ ਮੁਨੀਸ਼ ਬਾਂਸਲ, ਸੰਚਿਤ ਸਿੰਗਲਾ, ਰਣਧੀਰ ਸਿੰਘ ਹੈਪੀ, ਰਾਜੀਵ ਵਰਮਾ, ਨਰੇਂਦਰ ਭਾਟੀਆ, ਕੁਲਦੀਪ ਰਾਏ ਭਾਰਦਵਾਜ, ਦੀਪਕ ਜੈਨ, ਸੰਦੀਪ ਮਿੱਤਲ, ਕੌਂਸਲਰ ਪੁਨੀਤ ਗੋਇਲ, ਨਰਾਇਣ ਦਾਸ, ਮਨੋਜ ਮਹਿੰਦਰ ਗੁਪਤਾ, ਯੋਗੇਸ਼ ਦਾਤਾ, ਅੰਕੁਰ ਗਰਗ, ਭਜਨ ਸਿੰਘ ਭਜਨ ਸਿੰਘ, ਏ. ਪਦਮ, ਅਮਿਤ ਸ਼ਰਮਾ, ਬਲਦੇਵ ਸ਼ਰਮਾ, ਕੌਂਸਲਰ ਰਣਜੀਤ ਸਿੰਘ ਅੰਬੇ ਮਾਜਰਾ ਤੇ ਹਰਚੰਦ ਸਿੰਘ ਨਸਰਾਲੀ ਹਾਜ਼ਰ ਸਨ।

# ਸ੍ਰੀ ਰਾਮ ਮੰਦਰ ਅਮਲੋਹ 'ਚ ਬਸੰਤ ਪੰਚਮੀ ਮੌਕੇ ਸਰਸਵਤੀ ਮਾਤਾ ਦੀ ਪੂਜਾ ਕੀਤੀ

ਅਮਲੋਹ, 25 ਜਨਵਰੀ (ਜਸਵੰਤ ਸਿੰਘ): ਬਸੰਤ ਪੰਚਮੀ ਦੇ ਸ਼ੁਭ ਮੌਕੇ 'ਤੇ ਸ਼੍ਰੀ ਰਾਮ ਮੰਦਰ ਬੁੱਗਾ ਬੱਸ ਸਟੈਂਡ ਅਮਲੋਹ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ ਜਿਸ ਵਿਚ ਸ਼ਹਿਰ ਦੇ ਵੱਡੀ ਗਿਣਤੀ ਵਿਚ ਪਤਵੰਤਿਆਂ ਨੇ ਸ਼ਿਰਕਤ ਕੀਤੀ ਤੇ ਸ਼੍ਰੀ ਗਣੇਸ਼, ਨਵਜੋਤੀ ਅਤੇ ਦੇਵੀ ਸਰਸਵਤੀ ਦੀ ਪੂਜਾ ਕੀਤੀ ਗਈ। ਮੰਦਰ ਦੇ ਪੁਜਾਰੀ ਪੰਡਤ ਰਜੇਸ਼ ਕੁਮਾਰ ਸ਼ਰਮਾ ਨੇ



ਮੰਤਰਾਂ ਦਾ ਉਚਾਰਣ ਕਰਦਿਆਂ ਦਸਿਆ ਕਿ ਇਸ ਦਿਨ ਨੂੰ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਲਈ ਗਿਆਨ ਅਤੇ ਸਿੱਖਿਆ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਦੇਵੀ ਸਰਸਵਤੀ ਨੂੰ ਬੁੱਧੀ, ਭਾਸ਼ਣ ਅਤੇ ਸਿੱਖਿਆ ਦੀ ਪ੍ਰਮੁੱਖ ਦੇਵੀ ਮੰਨਿਆ ਜਾਂਦਾ ਹੈ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਸੋਹਣ ਲਾਲ ਅਬਰੋਲ, ਖਜ਼ਾਨਚੀ ਸ਼ਿਵ ਕੁਮਾਰ ਗੋਇਲ, ਮਾਸਟਰ ਸੁਭਾਸ਼ ਜਿੰਦਲ, ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ, ਅਸ਼ੋਕ ਬਾਂਸਲ, ਗਊ ਸੇਵਾ ਸਮਿਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਅਨਿਲ ਗੋਇਲ, ਮਦਨ ਮੋਹਨ ਅਬਰੋਲ, ਯੁਗੇਸ਼ ਬਾਂਸਲ, ਦੰਦਾਂ ਦੇ ਮਾਹਰ ਡਾ. ਹਿਮਾਂਸੂ ਸੂਦ ਐਮਡੀਐਸ, ਡਾ. ਰੂਪਲ ਸੂਦ, ਡਾ. ਸੁਸ਼ੀਲ ਗੋਇਲ, ਐਡਵੋਕੇਟ ਕੇਸ਼ਵ ਗਰਗ, ਅਨਿਲ ਗਰਗ, ਪ੍ਰਦਮਣ ਗੋਇਲ, ਅਜੇ ਗੋਇਲ, ਪੁਜਾਰੀ ਪੰਡਤ ਰਜੇਸ਼ ਕੁਮਾਰ ਸ਼ਰਮਾ, ਸ਼੍ਰੀਮਤੀ ਸੁਦੇਸ਼ ਬਾਂਸਲ, ਸੁਨੀਤਾ ਗੋਇਲ, ਆਸ਼ੂ ਗੋਇਲ, ਪ੍ਰਿੰਸੀਪਲ ਮੀਨਾ ਗੋਇਲ, ਸਮਾਂ ਗੋਇਲ, ਦਰਸ਼ਨਾ ਦੇਵੀ, ਸਰੋਜ ਗੋਇਲ ਅਤੇ ਕਿਆਂਸ਼ ਸੂਦ ਆਦਿ ਨੇ ਪੂਜਾ ਦੀਆਂ ਰਸਮਾਂ ਵਿਚ ਹਿਸਾ ਲਿਆ। ਬਾਅਦ ਵਿਚ ਮਠਿਆਈ, ਫ਼ਲ ਤੇ ਮਿੱਠੇ ਚਾਵਲਾਂ ਦੇ ਨਾਲ-ਨਾਲ ਕਾਪੀਆਂ ਤੇ ਪੈਨ ਵੰਡੇ ਗਏ।

# ਸ੍ਰੀ ਬਾਬਾ ਲਾਲ ਦਿਆਲ ਮੰਦਰ ਵਿਖੇ ਬਸੰਤ ਪੰਚਮੀ 'ਤੇ ਸੰਕੀਰਤਨ ਕਰਵਾਇਆ

ਮੰਡੀ ਗੋਬਿੰਦਗੜ੍ਹ, 25 ਜਨਵਰੀ (ਸੂਦ): ਬਸੰਤ ਪੰਚਮੀ ਦੇ ਸ਼ੁਭ ਮੌਕੇ 'ਤੇ ਸ਼੍ਰੀ ਬਾਬਾ ਲਾਲ ਦਿਆਲ ਸੰਕੀਰਤਨ ਮੰਡਲ ਨੇ ਸ਼੍ਰੀ ਬਾਬਾ ਲਾਲ ਦਿਆਲ ਮੰਦਿਰ ਵਿਖੇ ਸੰਕੀਰਤਨ ਕੀਤਾ। ਮੰਦਰ ਦੇ ਪੁਜਾਰੀ ਆਚਾਰੀਆ ਪੰਡਿਤ ਬਦਰੀ ਪ੍ਰਸਾਦ ਨੇ ਮੁੱਖ ਮੇਜ਼ਬਾਨ ਸ਼੍ਰੀਮਤੀ ਬਬਲੀ ਦੇਵੀ ਦੀ ਅਗਵਾਈ ਵਿੱਚ ਸ਼੍ਰੀ ਗਣੇਸ਼, ਨੌਂ ਗ੍ਰਹਿਆਂ ਅਤੇ ਸਤਿਗੁਰੂ ਸ਼੍ਰੀ 1008 ਸ਼੍ਰੀ ਬਾਬਾ ਲਾਲ ਦਿਆਲ ਜੀ ਮਹਾਰਾਜ ਦੀ ਰਸਮੀ ਪੂਜਾ ਕੀਤੀ। ਇਸ ਮੌਕੇ ਚੇਅਰਮੈਨ ਊਸ਼ਾ ਕਵਾਤਰਾ ਨੇ ਦੱਸਿਆ ਕਿ ਬਸੰਤ ਪੰਚਮੀ ਮਾਘ ਮਹੀਨੇ ਦੇ ਸ਼ੁਕਲ ਪੱਖ (ਵੈਕਸਿੰਗ ਪੜਾਅ) ਦੇ ਪੰਜਵੇਂ ਦਿਨ ਮਨਾਈ ਜਾਂਦੀ ਹੈ। ਇਸ ਦਿਨ ਸਿੱਖਿਆ ਦੀ ਦੇਵੀ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਿਨ ਨੂੰ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਲਈ ਗਿਆਨ ਤੇ ਸਿੱਖਿਆ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਦੇਵੀ ਸਰਸਵਤੀ ਨੂੰ ਬੁੱਧੀ,



ਭਾਸ਼ਣ ਤੇ ਸਿੱਖਿਆ ਦੀ ਪ੍ਰਮੁੱਖ ਦੇਵੀ ਮੰਨਿਆ ਜਾਂਦਾ ਹੈ। ਸੰਕੀਰਤਨ ਦੌਰਾਨ ਦੇਵੀ ਸਰਸਵਤੀ ਤੇ ਸ਼੍ਰੀ ਬਾਬਾ ਲਾਲ ਦਿਆਲ ਨੂੰ ਸਮਰਪਿਤ ਭਜਨ ਗਾਏ ਜਿਨ੍ਹਾਂ ਵਿਚ 'ਗਿਆਨ ਦਾ ਦੀਵਾ ਜਗਾਓ', 'ਮੇਰੇ ਗਲੇ ਵਿੱਚ ਵੱਸੋ', 'ਬਾਬਾ ਲਾਲ ਦਿਆਲ, ਮੇਰੇ ਉੱਤੇ ਰਹਿਮ ਕਰੋ' ਅਤੇ 'ਮੈਂ ਤਿਲਕ ਵਾਲੇ ਨਾਲ ਪਿਆਰ ਕਰਾਂ, ਲਾਲ ਜੀ' ਆਦਿ ਸਾਮਲ ਸਨ। ਇਸ ਮੌਕੇ ਫ਼ਲ, ਮਠਿਆਈਆਂ ਤੇ ਮਿੱਠੇ ਚਾਵਲਾਂ ਦਾ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਨਰਿੰਦਰ ਭਾਟੀਆ, ਵਿਜੇ ਭਾਰਤੀ, ਸੁਭਾਸ਼ ਭਾਰਤੀ, ਪ੍ਰਦੀਪ ਭਾਰਤੀ, ਊਸ਼ਾ ਕਵਾਤਰਾ, ਨੀਲਮ ਭਾਟੀਆ, ਸੰਤੋਸ਼ ਕੁਮਾਰ, ਗੁੜੀਆ, ਪਾਰੁਲ, ਰੇਖਾ ਭਾਰਤੀ, ਸੀਮਾ ਮਦਾਨ, ਕਾਂਤਾ, ਵੀਨਾ ਅਰੋੜਾ, ਵੰਦਨਾ, ਪੂਨਮ, ਅੰਜਲੀ, ਪ੍ਰੀਤੀ, ਸੁਨੀਤਾ ਭਾਟੀਆ, ਦੀਪਿਕਾ ਭਾਟੀਆ, ਰੀਤੀ ਭਾਟੀਆ, ਡਾ. ਬਬਲੀ, ਜਸਬੀਰ ਕੌਰ, ਸੁਨੀਤਾ, ਨਿਰਮਲਾ ਦੇਵੀ, ਰੀਟਾ ਦੇਵੀ, ਅਕਾਂਕਸ਼ਾ ਕੁਮਾਰੀ, ਕਲਪਨਾ ਤੇ ਯੋਗੇਸ਼ ਹਾਜ਼ਰ ਸਨ।

# ਗਣਤੰਤਰ ਦਿਹਾੜੇ ਮੌਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਕੌਮੀ ਝੰਡਾ ਲਹਿਰਾਉਣਗੇ : ਡੀ.ਸੀ.



ਬਰਨਾਲਾ, 25 ਜਨਵਰੀ (ਬਘੇਲ ਸਿੰਘ ਧਾਲੀਵਾਲ) : ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਜੈ ਕ੍ਰਿਸ਼ਨ ਸਿੰਘ ਰੌੜੀ 26 ਜਨਵਰੀ ਗਣਤੰਤਰ ਦਿਹਾੜੇ ਮੌਕੇ ਬਾਬਾ ਕਾਲਾ ਮਹਿਰ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਨੇ ਇਹ ਜਾਣਕਾਰੀ ਅੱਜ ਸਟੇਡੀਅਮ ਵਿਖੇ ਗਣਤੰਤਰ ਦਿਵਸ ਜ਼ਿਲ੍ਹਾ ਪੱਧਰੀ ਸਮਾਗਮ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਇਹ ਰਾਸ਼ਟਰੀ ਸਮਾਗਮ ਨੂੰ ਮਰਿਆਦਾ ਅਨੁਸਾਰ ਨੇਪਰੇ ਚਾੜ੍ਹਨ ਲਈ ਸਾਰੇ ਲੋੜੀਂਦੇ ਪ੍ਰਬੰਧ ਕਰ ਲਏ ਜਾਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਚ ਪੰਜਾਬ ਪੁਲਿਸ, ਐੱਨ ਸੀ ਸੀ ਕੈਡੇਟਸ ਅਤੇ ਪੁਲਿਸ ਬੈਂਡ ਵੱਲੋਂ ਤਿਰੰਗੇ ਝੰਡੇ ਨੂੰ ਸਲਾਮੀ ਦਿੰਦੀ ਹੋਈ ਪਰੇਡ ਪੇਸ਼ ਕੀਤੀ ਜਾਵੇਗੀ। ਸਕੂਲ ਅਤੇ ਕਾਲਜਾਂ ਦੇ ਵਿਦਿਆਰਥੀ ਮਾਸ ਪੀ ਟੀ ਸ਼ੋਅ, ਦੇਸ਼ ਭਗਤੀ ਨੂੰ ਸਮਰਪਿਤ ਸੱਭਿਆਚਾਰਕ ਵੰਨਗੀਆਂ, ਭੰਗੜਾ ਅਤੇ ਗਿੱਧਾ ਪੇਸ਼ ਕਰਨਗੇ। ਨਾਲ ਹੀ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਲਈ ਚਲਾਈ ਜਾ ਰਹੀ ਲੋਕ ਪੱਖੀ ਸਕੀਮਾਂ ਨੂੰ ਦਰਸਾਉਂਦੀ ਝਾਕੀਆਂ ਗਣਤੰਤਰ ਦਿਵਸ ਮੌਕੇ ਪੇਸ਼ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਖ ਵੱਖ ਵਿਭਾਗਾਂ ਵੱਲੋਂ ਸ਼ਹਿਰ 'ਚ ਗਣਤੰਤਰ ਦਿਹਾੜੇ ਮੌਕੇ ਸਵਾਗਤੀ ਗੇਟ ਲਗਾਏ ਗਏ ਹਨ। ਇਸ ਤੋਂ ਇਲਾਵਾ ਨਗਰ ਨਿਗਮ ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸ਼ਹਿਰ ਦੀ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣ। ਉਨ੍ਹਾਂ ਦੱਸਿਆ ਕਿ ਤਪਾ ਅਤੇ ਮਹਿਲ ਕਲਾਂ ਸਬ ਡਿਵੀਜ਼ਨਾਂ ਵਿਖੇ ਵੀ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਸਬੰਧੀ ਫੁੱਲ ਡਰੈੱਸ ਰਿਹਰਸਲ ਮਿਤੀ 25 ਜਨਵਰੀ ਦਿਨ ਐਤਵਾਰ ਨੂੰ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸਮਾਗਮਾਂ ਚ ਸ਼ਿਰਕਤ ਕਰਨ ਲਈ ਆਪਣੇ ਪਰਿਵਾਰਾਂ ਸਮੇਤ ਪੁੱਜਣ। ਇਸ ਮੌਕੇ ਐੱਸ ਐੱਸ ਪੀ ਮੁਹੰਮਦ ਸਰਫ਼ਰਾਜ਼ ਆਲਮ, ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ, ਉਪ ਮੰਡਲ ਮੈਜਿਸਟ੍ਰੇਟ ਬਰਨਾਲਾ ਡਾ. ਅਜੀਤਪਾਲ ਸਿੰਘ ਅਤੇ ਸਾਰੇ ਵਿਭਾਗਾਂ ਦੇ ਮੁਖੀ ਅਤੇ ਕਰਮਚਾਰੀ ਹਾਜ਼ਰ ਸਨ।

# ਤਿੰਨ ਰੋਜ਼ਾ ਮਾਤਾ ਸਰਸਵਤੀ ਪੂਜਾ ਸਮਾਰੋਹ ਸ਼ਰਧਾ ਨਾਲ ਸੰਪੰਨ



ਤਪਾ ਮੰਡੀ, 25 ਜਨਵਰੀ (ਰਾਜੂ ਮਹਿਰਾ) : ਪੰਚਮੁਖੀ ਹਨੂੰਮਾਨ ਅਤੇ ਸ਼ਨੀਦੇਵ ਮੰਦਰ,ਰਵਾਜ਼ ਫਾਟਕ ਵਿਖੇ ਪੰਜਾਬ ਲੇਬਰ ਯੂਨੀਅਨ ਤਪਾ ਵੱਲੋਂ ਮਾਤਾ ਸਰਸਵਤੀ ਦੀ ਉਪਾਸਨਾ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਸਮਾਰੋਹ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਸੰਪੰਨ ਹੋਇਆ। ਇਸ ਪਾਵਨ ਅਵਸਰ 'ਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਵਿਦਿਆ, ਬੁੱਧੀ ਅਤੇ ਸੁਰ-ਸੰਗੀਤ ਦੀ ਦੇਵੀ ਮਾਤਾ ਸਰਸਵਤੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਸਮਾਰੋਹ ਦੌਰਾਨ ਵਿਦਵਾਨ ਪੰਡਿਤਾਂ ਵੱਲੋਂ ਵੈਦਿਕ ਮੰਤ੍ਰੋਚਾਰਣ ਸਹਿਤ ਸਮੂਹ ਜਜਮਾਨਾਂ ਤੋਂ ਹਵਨ-ਯੱਗ ਕਰਵਾਇਆ। ਹਵਨ ਉਪਰੰਤ ਮਾਤਾ ਸਰਸਵਤੀ ਦੀ ਭਵ੍ਯ ਆਰਤੀ ਕੀਤੀ ਗਈ, ਜਿਸ ਵਿਚ ਸੰਗਤਾਂ ਨੇ ਭਗਤੀ ਭਾਵ ਨਾਲ ਭਾਗ ਲਿਆ। ਧਾਰਮਿਕ ਰਸਮਾਂ ਤੋਂ ਬਾਅਦ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਭਗਤਾਂ ਨੇ ਪ੍ਰਸਾਦ ਛੱਕਿਆ।ਇਸ ਮੌਕੇ 'ਤੇ ਆਜ਼ਾਦ ਪਾਸਵਾਨ, ਹਰੀਸ਼ ਮਿੱਤਲ ਗੋਸ਼ਾ, ਸੁਰੇਸ਼ ਮਿੱਤਲ, ਕੀਰਤੀ ਦੇਵ,ਚੇਤਨ ਗਰਗ, ਰਜੀਵ ਕੁਮਾਰ,ਗੰਗਾ ਸਿੰਘ, ਬੱਬੂ ਸਿੰਘ, ਸ਼ੰਭੂ ਯਾਦਵ, ਰਵਿੰਦਰ ਪਾਲ ਇੰਦਰੋਲ, ਸ਼੍ਰੀ ਪਾਸਵਾਨ, ਤਲਵਿੰਦਰ ਪੰਡਿਤ, ਰਾਹੁਲ ਸ਼ਰਮਾ, ਪੰਡਿਤ ਰਾਜੂ ਅਤੇ ਪੰਡਿਤ ਵਾਲਾ ਰਾਮ ਸਮੇਤ ਕਈ ਪਤਵੰਤੇ ਹਾਜ਼ਰ ਰਹੇ। ਆਯੋਜਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਮਾਜ ਵਿੱਚ ਅਧਿਆਤਮਿਕ ਚੇਤਨਾ, ਸਦਭਾਵਨਾ ਅਤੇ ਏਕਤਾ ਨੂੰ ਮਜ਼ਬੂਤ ਕਰਦੇ ਹਨ।

# 11ਵੀਂ ਡੀ.ਟੀ.ਐੱਫ. ਵਜ਼ੀਫ਼ਾ ਪ੍ਰੀਖਿਆ ਸਮਾਪਤ

## ਪ੍ਰੀਖਿਆ ਕੇਂਦਰ ਤਪਾ ਵਿਖੇ 446 ਵਿਦਿਆਰਥੀਆਂ ਨੇ ਲਿਆ ਹਿੱਸਾ



ਤਪਾ ਮੰਡੀ, 25 ਜਨਵਰੀ (ਰਾਜੂ ਮਹਿਰਾ) : ਵਿਦਿਆਰਥੀ ਤੇ ਅਧਿਆਪਕ ਹਿੱਤਾਂ ਨੂੰ ਪ੍ਰਣਾਈ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਬਰਨਾਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ 11ਵੀਂ ਡੀ.ਟੀ.ਐੱਫ. ਵਜ਼ੀਫ਼ਾ ਪ੍ਰੀਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਪਾ (ਲੜਕੇ) ਵਿਖੇ ਬਲਾਕ ਪ੍ਰਧਾਨ ਸੰਤਪਾਲ ਬਾਂਸਲ ਤੇ ਸਟੇਟ ਕਮੇਟੀ ਮੈਂਬਰ ਸੁਖਦੀਪ ਤਪਾ ਦੀ ਅਗਵਾਈ ਹੇਠ ਕਰਵਾਈ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਇਸ ਵਜ਼ੀਫਾ ਪ੍ਰੀਖਿਆ ਵਿਚ ਪੰਜਵੀਂ,ਅੱਠਵੀਂ ਤੇ ਦਸਵੀਂ ਜਮਾਤ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਕੁੱਲ 446 ਵਿਦਿਆਰਥੀਆਂ ਵੱਲੋਂ ਬੜੇ ਉਤਸ਼ਾਹ ਨਾਲ ਭਾਗ ਲਿਆ ਗਿਆ ਤੇ ਇਸ ਵਾਰ ਦੀ ਵਜ਼ੀਫਾ ਪ੍ਰੀਖਿਆ ਗਦਰੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅੰਦਰ ਨਕਲ ਦੀ ਭਾਵਨਾ ਖ਼ਤਮ ਕਰਨ, ਪ੍ਰਤਿਭਾ ਦੀ ਸਹੀ ਪਰਖ ਕਰਨ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਯੋਗ ਬਣਾਉਣਾ ਹੈ । ਲੈਕਚਰਾਰ ਰਾਕੇਸ਼ ਕੁਮਾਰ ਅਤੇ ਹੈੱਡਮਾਸਟਰ ਸਾਧੂ ਸਿੰਘ ਵੱਲੋਂ ਬਤੌਰ ਕੇਂਦਰ ਸੁਪਰਡੈਂਟ ਇਸ ਵਜ਼ੀਫਾ ਪ੍ਰੀਖਿਆ ਦਾ ਸੰਚਾਲਨ ਕੀਤਾ ਗਿਆ। ਸੁਰਿੰਦਰ ਤਪਾ, ਅਮਨਦੀਪ ਤਪਾ ਤੇ ਅੰਕੁਰ ਕੁਮਾਰ ਨੇ ਡਿਪਟੀ ਸੁਪਰਡੈਂਟ ਦੀ ਡਿਊਟੀ ਨਿਭਾਈ । ਪ੍ਰਿੰਸੀਪਲ ਮੇਜਰ ਸਿੰਘ ਵੱਲੋਂ ਬਤੌਰ ਅਬਜਰਵਰ ਪ੍ਰੀਖਿਆ ਕੇਂਦਰ ਦਾ ਨਿਰੀਖਣ ਕੀਤਾ ਗਿਆ। ਮੈਡਮ ਸੁਖਪਾਲ ਤਪਾ, ਜਗਜੀਤ ਕੌਰ ਢਿਲਵਾਂ, ਜਗਰਾਜ ਅਕਲੀਆ, ਯੋਗੇਸ਼ ਮਿੱਤਲ, ਗੁਰਮੀਤ ਸਿੰਘ, ਕੁਲਦੀਪ ਰਾਣੀ, ਜਸਵੰਤ ਰਾਏ, ਰਜਿੰਦਰ ਸਿੰਘ, ਰਿਸ਼ੀ ਕੁਮਾਰ, ਰੀਟਾ ਰਾਣੀ, ਮਨਜੀਤ ਕੌਰ,ਅਨੂ ਗੁਪਤਾ, ਬਲਦੀਪ ਸਿੰਘ, ਗੁਰਵਿੰਦਰ ਸਿੰਘ, ਰੀਤੀ ਰਾਣੀ, ਕੰਚਨ, ਅੰਜੂ ਬਾਲਾ, ਕੀਰਤੀ ਬੱਬਰ ਨੇ ਨਿਗਰਾਨੀ ਅਮਲੇ ਦੀ ਡਿਊਟੀ ਨਿਭਾਈ।ਮਾਪਿਆਂ ਨੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਇਸ ਨੇਕ ਕੰਮ ਦੀ ਪ੍ਰਸੰਸਾ ਕੀਤੀ । ਇਸ ਮੌਕੇ ਸਟੇਟ ਕਮੇਟੀ ਮੈਂਬਰ ਸੁਖਦੀਪ ਤਪਾ, ਬਲਾਕ ਪ੍ਰਧਾਨ ਸੰਤਪਾਲ ਬਾਂਸਲ ਤੇ ਬਲਾਕ ਮੀਤ ਪ੍ਰਧਾਨ ਗਜਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨਾਲ਼ ਸਮਾਜ ਵਿੱਚ ਫੈਲ ਰਹੀਆਂ ਕੁਰੀਤੀਆਂ ਤੇ ਨਸ਼ਿਆਂ ਦੇ ਪੈਦਾ ਹੋ ਰਹੇ ਰੁਝਾਨ ਸੰਬੰਧੀ ਗੱਲਬਾਤ ਕੀਤੀ ਗਈ।



ਗਣਤੰਤਰ ਦਿਵਸ ਨੂੰ ਮੁੱਖ ਰੱਖਦਿਆਂ ਪੁਲਿਸ ਵੱਲੋਂ ਬਰਨਾਲਾ ਦੇ ਬਾਜ਼ਾਰਾਂ ਵਿੱਚ ਫਲੈਗ ਮਾਰਚ ਕੱਢਿਆ।

# ਡੀ.ਐਸ.ਪੀ. ਨਵਦੀਪ ਸਿੰਘ ਜਵੰਧਾ ਨੂੰ ਮਿਲਿਆ ਰਾਸ਼ਟਰਪਤੀ ਪੁਰਸਕਾਰ, ਵਿਜੀਲੈਂਸ ਵਿਭਾਗ ਵਿੱਚ ਨਿਭਾਅ ਰਹੇ ਨੇ ਸੇਵਾਵਾਂ



ਧਨੌਲਾ, 25 ਜਨਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਪੁਲਿਸ ਦੇ ਇਮਾਨਦਾਰ, ਮਿਹਨਤੀ ਅਤੇ ਲੋਕ-ਹਿੱਤ ਨੂੰ ਸਮਰਪਿਤ ਅਧਿਕਾਰੀ DSP ਨਵਦੀਪ ਸਿੰਘ ਜਵੰਦਾ ਨੂੰ ਉਨ੍ਹਾਂ ਦੀ ਸ਼ਾਨਦਾਰ, ਨਿਸ਼ਠਾਵਾਨ ਅਤੇ ਸਰਾਹਣਯੋਗ ਸੇਵਾ ਲਈ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਮੈਡਲ ਉਨ੍ਹਾਂ ਨੂੰ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਅਪਰਾਧਾਂ 'ਤੇ ਪ੍ਰਭਾਵਸ਼ਾਲੀ ਕਾਬੂ ਪਾਉਣ ਅਤੇ ਮਹਿਕਮੇ ਵਿੱਚ ਵਧੀਆਂ ਸੇਵਾਵਾਂ ਬਦਲੇ ਦਿੱਤਾ ਗਿਆ। ਗਣਤੰਤਰ ਦਿਵਸ ਮੌਕੇ ਰਾਸ਼ਟਰਪਤੀ ਪੁਰਸਕਾਰ ਲਈ ਵੱਖ ਵੱਖ ਵਿਭਾਗਾਂ ਵਿੱਚੋ ਆਪਣੀ ਡਿਊਟੀ ਤਨਦੇਹੀ ਲਗਨ ਨਾਲ ਨਿਭਾਉਣ ਵਾਲੇ ਮੁਲਾਜ਼ਮਾਂ ਦੀ ਚੋਣ ਹੋਈ ਹੈ ਜਿਸ ਵਿੱਚ ਪੰਜਾਬ ਪੁਲਿਸ ਦੇ ਤਿੰਨ ਡੀ ਐਸ ਪੀ ਪੁਰਸਕਾਰ ਲਈ ਚੁਣੇ ਗਏ ਹਨ, ਜਿਨਾ ਵਿੱਚ ਵਿਜੀਲੈਂਸ ਵਿਭਾਗ ਮੋਹਾਲੀ ਵਿੱਚ ਬਤੌਰ ਡੀ ਐਸ ਪੀ ਵਜੋਂ ਸੇਵਾਵਾਂ ਨਿਭਾ ਰਹੇ ਡੀ ਐਸ ਪੀ ਨਵਦੀਪ ਸਿੰਘ ਜਵੰਦਾ ਨੂੰ ਮੈਡਲ ਆਫ ਮੈਰੀਟੋਰੀਅਸ ਨਾਲ ਸਨਮਾਨਿਤ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਨਵਦੀਪ ਸਿੰਘ ਜਵੰਦਾ ਨੇ ਆਪਣੀ ਡਿਊਟੀ ਦੌਰਾਨ ਕਈ ਸੰਵੇਦਨਸ਼ੀਲ ਅਤੇ ਚੁਣੌਤੀਪੂਰਨ ਮਾਮਲਿਆਂ ਨੂੰ ਬੇਹੱਦ ਸੂਝਬੂਝ ਅਤੇ ਨਿਸ਼ਠਾ ਨਾਲ ਨਿਪਟਾਇਆ। ਉਨ੍ਹਾਂ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਕਈ ਮਹੱਤਵਪੂਰਨ ਕਾਮਯਾਬੀਆਂ ਹਾਸਲ ਕੀਤੀਆਂ। ਮੌਜੂਦਾ ਸਮੇਂ ਵਿੱਚ ਡੀ ਐੱਸ ਪੀ ਨਵਦੀਪ ਸਿੰਘ ਵਿਜੀਲੈਂਸ ਵਿਭਾਗ ਮੋਹਾਲੀ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਜਿੱਥੇ ਉਹ ਭ੍ਰਿਸ਼ਟਾਚਾਰ ਖ਼ਿਲਾਫ਼ ਕਾਰਵਾਈ ਕਰਦੇ ਹੋਏ ਸਰਕਾਰੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਸਰਗਰਮ ਹਨ।ਉਨ੍ਹਾਂ ਦੀ ਕਾਰਗੁਜ਼ਾਰੀ ਨਾਲ ਨਾ ਸਿਰਫ਼ ਪੁਲਿਸ ਅਤੇ ਵਿਜੀਲੈਂਸ ਵਿਭਾਗ ਦਾ ਮਾਣ ਵਧਿਆ ਹੈ, ਸਗੋਂ ਆਮ ਲੋਕਾਂ ਵਿੱਚ ਕਾਨੂੰਨੀ ਪ੍ਰਣਾਲੀ ਪ੍ਰਤੀ ਭਰੋਸਾ ਵੀ ਮਜ਼ਬੂਤ ਹੋਇਆ ਹੈ। ਡੀ ਐੱਸ ਪੀ ਨਵਦੀਪ ਸਿੰਘ ਨੂੰ ਮਿਲੇ ਇਸ ਸਨਮਾਨ 'ਤੇ ਸੀਨੀਅਰ ਅਧਿਕਾਰੀਆਂ, ਸਹਿਕਰਮੀਆਂ ਅਤੇ ਇਲਾਕੇ ਦੇ ਪ੍ਰਮੁੱਖ ਨਾਗਰਿਕਾਂ ਪੱਤਰਕਾਰਾਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ DSP ਨਵਦੀਪ ਸਿੰਘ ਨੇ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਪ੍ਰੇਰਨਾ ਹੈ ਅਤੇ ਉਹ ਅੱਗੇ ਵੀ ਪੂਰੀ ਇਮਾਨਦਾਰੀ, ਨਿਡਰਤਾ ਅਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਰਹਿਣਗੇ। ਇਸਤੋਂ ਪਹਿਲਾਂ ਨਵਦੀਪ ਸਿੰਘ ਜਵੰਦਾ ਬਰਨਾਲਾ ਧਨੌਲਾ ਸੰਗਰੂਰ ਸ਼੍ਰੀ ਫ਼ਤਹਿਗੜ੍ਹ ਸਾਹਿਬ ਦੇ ਵੱਖ ਵੱਖ ਥਾਣਿਆਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

# ਪੰਜਾਬ ਪਬਲਿਕ ਸਕੂਲ ਵਿੱਚ ਗਣਤੰਤਰ ਦਿਵਸ ਮਨਾਇਆ



ਧਨੌਲਾ, 25 ਜਨਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਪਬਲਿਕ ਸਕੂਲ ਮਾਨਾਂ ਪਿੰਡੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਸਿਮਰਨ ਕੌਰ ਦੀ ਅਗਵਾਈ ਹੇਠ ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਵੱਲੋ ਗਣਤੰਤਰ ਦਿਵਸ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ 26 ਜਨਵਰੀ ਬਾਰੇ ਮੈਡਮ ਨਵਰੂਪ ਕੌਰ ਵੱਲੋ ਬੱਚਿਆਂ ਨੂੰ ਵਿਸਥਾਰ ਸਹਿਤ ਦੱਸਿਆ ਗਿਆ ਕਿ ਗਣਤੰਤਰ ਦਿਵਸ ਕਿਉਂ ਮਨਾਇਆ ਜਾਂਦਾ ਹੈ।ਪ੍ਰੋਗਰਾਮ ਦੌਰਾਨ ਬੱਚਿਆਂ ਵੱਲੋ ਗਰੁੱਪ ਸੌਂਗ, ਸਬਦ ਗਾਇਨ, ਦੇਸ਼ ਭਗਤੀ ਦੇ ਗੀਤ ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸੰਵਿਧਾਨ ਨੂੰ ਦਰਸਾਉਂਦਿਆਂ 9ਵੀ ਜਮਾਤ ਦੀ ਵਿਦਿਆਰਥਣ ਹਿਮਾਨੀ ਨੇ ਬੜਾ ਹੀ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਉਸਨੇ ਗਣਤੰਤਰ ਦਿਵਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ।ਉਸ ਨੇ ਗਣਤੰਤਰ ਦਿਵਸ ਬਾਰੇ ਵਿਸਥਾਰ ਨਾਲ ਦੱਸਿਆ ਕਿ ਇਹ ਦਿਨ ਕਿਉਂ ਮਨਾਇਆ ਜਾਂਦਾ ਹੈ।ਡਾ: ਬੀ ਆਰ ਅੰਬੇਡਕਰ ਜੀ ਦੇ ਸੰਵਿਧਾਨ ਨੂੰ ਲਿਖਣ ਬਾਰੇ ਪਾਏ ਯੋਗਦਾਨ ਬਾਰੇ ਵੀ ਦੱਸਿਆ। ਸਾਡੇ ਦੇਸ਼ ਵਿੱਚ ਜਿਨ੍ਹਾਂ ਕਾਨੂੰਨਾਂ ਦੇ ਦਇਰੇ ਵਿੱਚ ਰਹਿ ਕੇ ਅਸੀਂ ਆਪਣੇ ਕੰਮ ਕਰ ਰਹੇ ਹਾਂ ਤੇ ਉਨ੍ਹਾਂ ਦੀ ਪਾਲਣਾ ਕਰ ਰਹੇ ਹਾਂ ਉਨ੍ਹਾਂ ਕਾਨੂੰਨਾਂ ਨੂੰ ਬਣਾਉਣ ਤੋਂ ਬਾਅਦ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ,ਜਿਸ ਨੂੰ ਕਿ ਗਣਤੰਤਰ ਦਿਵਸ ਦੇ ਨਾ ਨਾਲ ਜਾਣਿਆਂ ਜਾਂਦਾ ਹੈ। ਉਸ ਨੇ ਸਾਰੇ ਸਟਾਫ ਅਤੇ ਬੱਚਿਆ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ। ਇਸ ਪ੍ਰੋਗਰਾਮ ਵਿੱਚ ਇੰਟਰ ਹਾਊਸ ਕਵਿਤਾ ਮੁਕਾਬਲੇ ਵੀ ਕਰਵਾਏ ਗਏ। ਡਾਇਰੈਕਟਰ ਸੁਖਦੀਪ ਸਿੰਘ ਚੀਮਾਂ ਵੱਲੋ ਵੀ ਗਣਤੰਤਰ ਦਿਵਸ ਭਾਵ 26 ਜਨਵਰੀ ਅਤੇ ਤਿਰੰਗੇ ਦੀ ਮਹੱਤਤਾ ਬਾਰੇ ਵਿਸਥਾਰ ਸਹਿਤ ਦੱਸਿਆ। ਅੰਤ ਵਿੱਚ ਸਕੂਲ ਦੇ ਚੇਅਰਮੈਨ ਸ੍: ਅਮਰਜੀਤ ਸਿੰਘ ਚੀਮਾਂ ਵੱਲੋ ਵੀ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ।ਇਹ ਸਾਰਾ ਪ੍ਰੋਗਰਾਮ ਮੈਡਮ ਨਵਰੂਪ ਕੌਰ, ਸਤਨਾਮ ਸਿੰਘ ਪਾਠਕ ਅਦਿ ਨੇ ਕੋਆਰਡੀਨੇਟਰ ਸਰ ਮਿਸਟਰ ਸਾਹਿਲ ਕੁਮਾਰ ਦੀ ਰਹਿਨੁਮਾਈ ਹੇਠ ਆਯੋਜਤ ਕੀਤਾ।

# ਪੰਜਾਬ ਖੇਤੀਬਾੜੀ ਵਿਭਾਗ ਵੱਲੋਂ ਗ਼ੈਰ-ਅਧਿਕ੍ਰਿਤ ਆਨਲਾਈਨ ਕੀਟਨਾਸ਼ਕ ਵਪਾਰ 'ਤੇ ਸ਼ਿਕੰਜਾ, ਕਿਸਾਨਾਂ ਲਈ ਹਦਾਇਤਾ ਜਾਰੀ



ਬਰਨਾਲਾ, 25 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਰਾਜ ਦੇ ਕਿਸਾਨਾਂ ਨੂੰ ਮਿਆਰੀ ਅਤੇ ਅਸਲੀ ਖੇਤੀਬਾੜੀ ਰਸਾਇਣਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਪੰਜਾਬ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਆਨਲਾਈਨ ਪਲੇਟਫਾਰਮਾਂ ਰਾਹੀਂ ਹੋ ਰਹੀ ਕੀਟਨਾਸ਼ਕਾਂ ਦੀ ਗੈਰ-ਅਧਿਕ੍ਰਿਤ ਵਿਕਰੀ 'ਤੇ ਮੁਕੰਮਲ ਰੋਕ ਲਗਾ ਦਿੱਤੀ ਹੈ। ਵਿਭਾਗ ਨੇ ਅੰਤਰ-ਰਾਜ ਵਪਾਰਕ ਨਿਯਮਾਂ ਨੂੰ ਹੋਰ ਸਖ਼ਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਨਰਿੰਦਰ ਸਿੰਘ ਬੇਨੀਪਾਲ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੌਦ ਸੁਰੱਖਿਆ) ਨੇ ਕਿਹਾ ਕਿ ਅਸੀਂ ਨਕਲੀ ਅਤੇ ਘਟੀਆ ਦਰਜੇ ਦੇ ਖੇਤੀਬਾੜੀ ਉਤਪਾਦਾਂ ਤੋਂ ਕਿਸਾਨਾਂ ਨੂੰ ਬਚਾਉਣ ਲਈ ਵਚਨਬੱਧ ਹਾਂ। ਪਾਰਦਰਸ਼ੀ ਮਾਰਕੀਟ ਸਿਸਟਮ ਬਣਾਈ ਰੱਖਣ ਲਈ ਨਿਯਮਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਬੇਨੀਪਾਲ ਨੇ ਦੱਸਿਆ ਕਿ ਵਿਭਾਗ ਦੀ ਜਾਂਚ ਵਿੱਚ ਇਹ ਸਾਹਮਣੇ ਆਇਆ ਸੀ ਕਿ ਕੁਝ ਆਨਲਾਈਨ ਪਲੇਟਫਾਰਮ ਡੀਲਰਾਂ ਵਿਚਕਾਰ ਗੈਰ-ਅਧਿਕ੍ਰਿਤ ਵਪਾਰਕ ਗਤੀਵਿਧੀਆਂ ਦਾ ਕੇਂਦਰ ਬਣ ਰਹੇ ਸਨ। ਵਿਭਾਗ ਦੀ ਤੁਰੰਤ ਦਖ਼ਲਅੰਦਾਜ਼ੀ ਤੋਂ ਬਾਅਦ, ਇਨ੍ਹਾਂ ਕੰਪਨੀਆਂ ਨੇ ਗੈਰ-ਅਧਿਕ੍ਰਿਤ ਵਿਕਰੀ ਬੰਦ ਕਰ ਦਿੱਤੀ ਹੈ। ਹੁਣ ਇਹ ਵਪਾਰ ਕੇਵਲ ਨਿਯਮਤ ਅਤੇ ਵਿਭਾਗ ਵੱਲੋਂ ਮਨਜ਼ੂਰਸ਼ੁਦਾ ਚੈਨਲਾਂ ਰਾਹੀਂ ਹੀ ਹੋ ਸਕੇਗਾ। ਬੇਨੀਪਾਲ ਨੇ ਸੂਬੇ ਦੇ ਸਾਰੇ ਮੁੱਖ ਖੇਤੀਬਾੜੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਡੀਲਰਾਂ ਨਾਲ ਮੀਟਿੰਗਾਂ ਕਰਕੇ ਕੁੱਝ ਨਿਯਮ ਸਖ਼ਤੀ ਨਾਲ ਲਾਗੂ ਕਰਵਾਉਣਗੇ ਜਿਸ ਵਿੱਚ ਕੋਈ ਵੀ ਡੀਲਰ ਰਾਜ ਤੋਂ ਬਾਹਰ ਦੀਆਂ ਇਕਾਈਆਂ ਨਾਲ ਬਿਨਾਂ ਅਧਿਕਾਰਤ ਪਰਮਿਟ ਦੇ ਕੀਟਨਾਸ਼ਕਾਂ ਦਾ ਲੈਣ-ਦੇਣ ਨਹੀਂ ਕਰੇਗਾ। ਕੀਟਨਾਸ਼ਕਾਂ ਦੀ ਖਰੀਦ ਸਿਰਫ਼ ਪੰਜਾਬ ਸਰਕਾਰ ਦੁਆਰਾ ਲਾਇਸੰਸ ਪ੍ਰਾਪਤ ਸਰੋਤਾਂ ਤੋਂ ਹੀ ਹੋਣੀ ਚਾਹੀਦੀ ਹੈ ਅਤੇ ਜੇਕਰ ਕੋਈ ਡੀਲਰ ਗੈਰ-ਅਧਿਕ੍ਰਿਤ ਆਨਲਾਈਨ ਜਾਂ ਬਾਹਰਲੇ ਰਾਜਾਂ ਦੇ ਵਪਾਰ ਵਿੱਚ ਸ਼ਾਮਲ ਪਾਇਆ ਜਾਂਦਾ ਹੈ, ਤਾਂ ਉਸ ਦਾ ਲਾਇਸੰਸ ਤੁਰੰਤ ਰੱਦ ਕਰ ਦਿੱਤਾ ਜਾਵੇਗਾ।ਕਿਸਾਨਾਂ ਲਈ ਵਿਸ਼ੇਸ਼ ਸਲਾਹ ਦਿੰਦਿਆ ਖੇਤੀਬਾੜੀ ਵਿਭਾਗ ਨੇ ਕਿਸਾਨ ਭਾਈਚਾਰੇ ਨੂੰ ਵੀ ਸੁਚੇਤ ਕੀਤਾ ਹੈ। ਕਿਸਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਕੀਟਨਾਸ਼ਕ ਹਮੇਸ਼ਾ ਲਾਇਸੰਸ ਪ੍ਰਾਪਤ ਡੀਲਰਾਂ ਤੋਂ ਹੀ ਖਰੀਦਣ। ਖਰੀਦ ਦੇ ਸਮੇਂ ਡੀਲਰ ਤੋਂ ਪੱਕਾ ਬਿੱਲ ਜ਼ਰੂਰ ਲੈਣ ਅਤੇ ਜੇਕਰ ਉਤਪਾਦ ਦੀ ਗੁਣਵੱਤਾ ਵਿੱਚ ਕੋਈ ਸਮੱਸਿਆ ਆਉਂਦੀ ਹੈ, ਤਾਂ ਬਿੱਲ ਦੇ ਅਧਾਰ 'ਤੇ ਵਿਭਾਗ ਤੁਰੰਤ ਕਾਰਵਾਈ ਕਰ ਸਕਦਾ ਹੈ।

# ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਬਾਰ ਕੌਂਸਲ ਦੀਆਂ ਚੋਣਾਂ ਵਿੱਚ ਐਡਵੋਕੇਟ ਹਰਗੋਬਿੰਦ ਸਿੰਘ ਗਿੱਲ (ਬੱਗਾ) ਦੀ ਜਿੱਤ ਯਕੀਨੀ



ਬਰਨਾਲਾ, 25 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਬਾਰ ਕੌਂਸਲ ਦੀ 17 ਅਤੇ 18 ਮਾਰਚ ਨੂੰ ਹੋ ਰਹੀ ਚੋਣ ਵਿੱਚ ਬਰਨਾਲਾ ਜ਼ਿਲ੍ਹੇ ਨਾਲ ਸਬੰਧ ਰੱਖਣ ਵਾਲੇ ਵਕੀਲ ਹਰਗੋਬਿੰਦ ਸਿੰਘ ਗਿੱਲ (ਬੱਗਾ) ਵੱਲੋਂ ਆਪਣਾ ਚੋਣ ਪ੍ਰਚਾਰ ਪੂਰੇ ਜੋਰ ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਹਰਗੋਬਿੰਦ ਸਿੰਘ ਗਿੱਲ ਵੱਲੋਂ ਆਪਣੀ ਜਿੱਤ ਨੂੰ ਯਕੀਨੀ ਦੱਸਦੇ ਹੋਏ ਕਿਹਾ ਕਿ ਉਹ ਬਰਨਾਲਾ ਜਿਲ੍ਹੇ ਦੇ ਸ਼ਹਿਣਾ ਕਸਬੇ ਦੇ ਜੰਮ ਪਲ ਹਨ ਅਤੇ ਉਹਨਾਂ ਦੇ ਪਿਤਾ ਭਾਵੇਂ ਉਹ ਅੱਜ ਪੰਜਾਬ ਸਰਕਾਰ ਦੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਵਜੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਹਨ ਪਰ ਉਨ੍ਹਾਂ ਆਪਣੀ ਵਕਾਲਤ ਦੀ ਸ਼ੁਰੂਆਤ ਬਰਨਾਲਾ ਕਚਹਿਰੀ ਵਿੱਚੋਂ ਹੀ ਸ਼ੁਰੂ ਕੀਤੀ ਸੀ ਅਤੇ ਸੀਨੀਅਰ ਵਕੀਲ ਰਾਹੁਲ ਗੁਪਤਾ ਉਹਨਾਂ ਦੇ ਵਕਾਲਤੀ ਗੁਰੂ ਹਨ। ਆਪਣੇ ਸਿਆਸੀ ਜੀਵਨ ਬਾਰੇ ਉਨਾ ਵੱਲੋਂ ਦੱਸਿਆ ਗਿਆ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਰਹੇ ਅਤੇ ਉਨਾਂ ਵੱਲੋਂ ਆਪਣੇ ਕੁਝ ਸਾਥੀਆਂ ਨਾਲ ਮਿਲ ਕਰ ਵਿਦਿਆਰਥੀ ਯੂਨੀਅਨ ਸੋਪੂ (SOPU) ਦਾ ਗਠਨ ਕੀਤਾ ਸੀ ਅਤੇ ਸੋਪੂ ਸੰਗਠਨ ਦੇ ਉਹ ਸਾਲ 1997 ਵਿੱਚ ਪਹਿਲੇ ਮੀਤ ਪ੍ਰਧਾਨ ਸਨ ਪਿਛਲੀਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਬਾਰ ਕੌਂਸਲ ਦੀਆਂ ਚੋਣਾਂ ਵਿੱਚ ਉਹ 25 ਮੈਂਬਰੀ ਚੋਣ ਜਿੱਤੇ ਸਨ ਅਤੇ ਉਨਾਂ ਨੂੰ ਲਗਭਗ ਛੇ ਮਹੀਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਬਾਰ ਕੌਂਸਲ ਦੇ ਸਕੱਤਰ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ ਸੀ । ਇਨਾ ਛੇ ਮਹੀਨਿਆਂ ਦੌਰਾਨ ਉਨਾਂ ਵੱਲੋਂ ਵਕੀਲ ਭਾਈਚਾਰੇ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ਜਿਸ ਦੇ ਨਤੀਜੇ ਵਜੋਂ ਅੱਜ ਸਾਰਾ ਵਕੀਲ ਭਾਈਚਾਰਾ ਉਹਨਾਂ ਦੀ ਚੋਣ ਖੁਦ ਦੀ ਚੋਣ ਵਾਂਗ ਲੜ ਰਿਹਾ ਹੈ। ਉਹਨਾਂ ਵੱਲੋਂ ਨਿਮਰਤਾ ਸਹਿਤ ਮੀਡੀਆ ਰਾਹੀਂ ਸਾਰੇ ਵਕੀਲ ਭਾਈਚਾਰੇ ਨੂੰ ਬੇਨਤੀ ਕੀਤੀ ਕਿ ਸਾਰਾ ਭਾਈਚਾਰਾ ਆਉਣ ਵਾਲੀਆਂ 17 ਅਤੇ 18 ਮਾਰਚ ਦੀ ਚੋਣ ਵਾਲੇ ਦਿਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਮੁੜ ਜਿਤਾਇਆ ਜਾਵੇ। ਉਹ ਹਰ ਸਮੇਂ ਵਕੀਲ ਭਾਈਚਾਰੇ ਦੇ ਸੁੱਖ ਦੁੱਖ ਵਿੱਚ ਅੱਗੇ ਹੋ ਕੇ ਪਹਿਲਾਂ ਵਾਂਗ ਖੜੇ ਰਹਿਣਗੇ।ਜ਼ਿਲ੍ਹਾ ਕਚਹਿਰੀ ਬਰਨਾਲਾ ਦੇ ਸੀਨੀਅਰ ਵਕੀਲ ਧੀਰਜ ਕੁਮਾਰ ਨਾਲ ਗੱਲ ਕੀਤੀ ਤਾਂ ਉਨਾ ਕਿਹਾ ਕਿ ਹਰਗੋਬਿੰਦ ਸਿੰਘ ਗਿੱਲ ਬੱਗਾ ਇੱਕ ਨੇਕ ਦਿਲ ਇਨਸਾਨ ਹਨ। ਹਰਗੋਬਿੰਦ ਸਿੰਘ ਅਤੇ ਉਹ ਦੋਨੋਂ ਇਕੱਠੇ ਰਾਹੁਲ ਗੁਪਤਾ ਜੀ ਦੇ ਦਫਤਰ ਵਿੱਚ ਬਤੌਰ ਵਕੀਲ ਇਕੱਠੇ ਕੰਮ ਕਰਦੇ ਰਹੇ ਹਨ ਅਤੇ ਇਸ ਲਈ ਉਹ ਹਰਗੋਬਿੰਦ ਸਿੰਘ ਗਿੱਲ ਦੇ ਵਿਅਕਤੀਤਵ ਅਤੇ ਸੁਭਾਵ ਤੋਂ ਚੰਗੀ ਤਰ੍ਹਾਂ ਵਾਕਿਫ਼ ਹਨ। ਧੀਰਜ ਕੁਮਾਰ ਨੇ ਦੱਸਿਆ ਕਿ ਹਰਗੋਬਿੰਦ ਸਿੰਘ ਗਿੱਲ ਵੱਲੋਂ ਬਤੌਰ ਸਕੱਤਰ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਵਲ ਛੇ ਮਹੀਨਿਆਂ ਦੇ ਆਪਣੇ ਕਾਰਜ ਕਾਲ ਦੌਰਾਨ ਇਤਿਹਾਸਕ ਕੰਮ ਕੀਤੇ ਹਨ। ਇਨ੍ਹਾਂ ਵੱਲੋਂ ਵਕੀਲ ਭਾਈਚਾਰੇ ਦੇ ਸਾਲਾਂ ਤੋਂ ਲੰਬਿਤ ਜੀਵਨ ਅਤੇ ਹੋਰ ਬੀਮਿਆਂ ਦੇ ਕਲੇਮ ਕਲੀਅਰ ਕਰਕੇ ਉਹਨਾਂ ਦਾ ਭੁਗਤਾਨ ਪਹਿਲ ਦੇ ਅਧਾਰ ਤੇ ਕਰਵਾਇਆ ਹੈ। ਕਈ ਸਾਡੇ ਸੀਨੀਅਰ ਵਕੀਲ ਸਾਹਿਬਾਨ ਜਿਨਾਂ ਦੇ ਡੈਥ ਕਲੇਮ ਉਹਨਾਂ ਦੇ ਅਕਾਲ ਚਲਾਨੇ ਤੋਂ ਕਈ ਸਾਲਾਂ ਬਾਅਦ ਵੀ ਪੈਂਡਿੰਗ ਸਨ ਨੂੰ ਕਲੀਅਰ ਕਰਵਾ ਕਰਵਾ ਕੇ ਉਹਨਾਂ ਦੇ ਵਾਰਿਸਾਂ ਨੂੰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਹਰਗੋਬਿੰਦ ਸਿੰਘ ਗਿੱਲ ਬੱਗਾ ਵੱਲੋਂ ਬਰਨਾਲਾ ਕਚਹਿਰੀ ਵਿੱਚ ਬਣੇ ਬਾਰ ਰੂਮ ਨੂੰ 2 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦੇ ਕੇ ਅਤੇ ਲਗਭਗ 50 ਹਜਾਰ ਰੁਪਏ ਆਪਣੀ ਜੇਬ ਵਿੱਚੋਂ ਯੋਗਦਾਨ ਪਾ ਕੇ ਤਿਆਰ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਹਰਗੋਬਿੰਦ ਸਿੰਘ ਗਿੱਲ ਵੱਲੋਂ ਇੱਕ ਬਹੁਤ ਹੀ ਵੱਡਾ ਅਤੇ ਸ਼ਲਾਘਾਯੋਗ ਕੰਮ ਕਰਦੇ ਹੋਏ ਸੀਨੀਅਰ ਵਕੀਲ ਸਾਹਿਬਾਨ ਚਾਹੇ ਉਹ ਵਕਾਲਤ ਛੱਡ ਚੁੱਕੇ ਹਨ, ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਸਾਹਿਬਾਨ ਪਾਸੋਂ ਸਮਾਨਿਤ ਕਰਨ ਦੀ ਇੱਕ ਨਿਵੇਕਲੀ ਪਰੰਪਰਾ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਨਾਲ ਇਹ ਵਕੀਲ ਭਾਈਚਾਰੇ ਦੇ ਹਰਮਨ ਪਿਆਰੇ ਨੇਤਾ ਬਣ ਚੁੱਕੇ ਹਨ ਮੈਂ ਸਾਰੇ ਵਕੀਲ ਭਾਈਚਾਰੇ ਨੂੰ ਅਪੀਲ ਕਰਦਾ ਹਾਂ ਕਿ ਸਾਨੂੰ ਹਰਗੋਬਿੰਦ ਸਿੰਘ ਗਿੱਲ ਨੂੰ ਇੱਕ ਨੰਬਰ ਤੇ ਲਿਆਉਣ ਲਈ ਵੋਟਿੰਗ ਕਰਨੀ ਚਾਹੀਦੀ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਾਨ ਵਿਖੇ ਮਨਾਇਆ ਵੋਟਰ ਦਿਵਸ




ਬਰਨਾਲਾ, 25 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਾਨ ਬਰਨਾਲਾ ਵਿੱਚ ਵੋਟਰ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਿੰਦਰ ਪਾਲ ਬੀ ਐਲ ਓ ਬੂਥ ਨੰਬਰ 90 ਨੇ ਦੱਸਿਆ ਕਿ ਬੂਥ ਨੰਬਰ 90 ਤੋਂ 92 ਜੋ ਕਿ ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਾਨ ਬਰਨਾਲਾ ਵਿਖੇ ਸਥਿਤ ਹੈ ਵਿੱਚ ਸੁਪਰਵਾਈਜ਼ਰ ਜੈਸਮੀਨ ਸਿੰਘ ਦੀ ਅਗਵਾਈ ਵਿੱਚ ਲੋਕਾਂ ਨੂੰ ਵੋਟਰ ਦਿਵਸ ਮੌਕੇ ਵੋਟ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਵੋਟ ਪਾਉਣ ਸਬੰਧੀ ਪ੍ਰਣ ਵੀ ਲਿਆ ਗਿਆ 9 ਇਸ ਮੌਕੇ ਤੇ ਮਹਿੰਦਰ ਪਾਲ ਬੀ ਐਲ ਓ ਨੇ ਦੱਸਿਆ ਕਿ 25 ਜਨਵਰੀ 2011 ਤੋਂ ਭਾਰਤ ਅੰਦਰ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ 9 ਉਹਨਾਂ ਕਿਹਾ ਕਿ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਬਹੁਤ ਘੱਟ ਵੋਟਰਾਂ ਵੱਲੋਂ ਆਪਣੇ ਵੋਟ ਦਾ ਇਸਤੇਮਾਲ ਕੀਤਾ ਗਿਆ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ 9 ਇਸ ਲਈ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣੀ ਜ਼ਰੂਰੀ ਹੈ 9 ਇਸ ਸਮੇਂ ਬੀ ਐਲ ਓ ਮਹਿੰਦਰ ਪਾਲ, ਦਵਿੰਦਰ ਸਿੰਘ, ਜਸਵੀਰ ਕੁਮਾਰ ਅਤੇ ਹੋਰ ਬਹੁਤ ਸਾਰੇ ਵੋਟਰ ਹਾਜ਼ਰ ਸਨ।

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਨਾਲਾ ਨੇ ਵੀਰ ਗਾਥਾ ਪ੍ਰੋਜੈਕਟ ਦਾ ਜ਼ਿਲ੍ਹਾ ਪੱਧਰੀ ਨਤੀਜਾ ਐਲਾਨਿਆ



ਬਰਨਾਲਾ, 25 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸੁਨੀਤਇੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਜਿੰਦਰਪਾਲ ਸਿੰਘ ਦੀ ਅਗਵਾਈ ਵਿੱਚ ਹੈਡਮਾਸਟਰ ਹਰੀਸ਼ ਕੁਮਾਰ ਨੋਡਲ ਅਫ਼ਸਰ ਦੀ ਨਿਗਰਾਨੀ ਹੇਠ ਜ਼ਿਲ੍ਹਾ ਬਰਨਾਲਾ ਦੇ ਸਕੂਲਾਂ ਦੇ ਵਿਦਿਆਰਥੀਆਂ ਦੇ ਵੀਰ ਗਾਥਾ ਪ੍ਰੋਜੈਕਟ ਅਧੀਨ ਆਨ ਲਾਈਨ ਵਿਧੀ ਰਾਹੀਂ ਐਕਟੀਵਿਟੀ ਮੁਕਾਬਲੇ ਕਰਵਾਏ ਗਏ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰੀਸ਼ ਕੁਮਾਰ ਨੋਡਲ ਅਫ਼ਸਰ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਦੇ ਚਾਰ ਪੱਧਰ ਨਿਸ਼ਚਿਤ ਕੀਤੇ ਗਏ ਸਨ । ਜ਼ਿਲ੍ਹਾ ਪੱਧਰੀ ਨਤੀਜਾ ਜਾਰੀ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸੁਨੀਤਇੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਜਿੰਦਰਪਾਲ ਸਿੰਘ ਅਤੇ ਹੈਡਮਾਸਟਰ ਹਰੀਸ਼ ਕੁਮਾਰ ਨੋਡਲ ਅਫ਼ਸਰ ਨੇ ਦੱਸਿਆ ਕਿ ਤੀਜੀ ਤੋਂ ਪੰਜਵੀਂ ਦੇ ਪੱਧਰ ਤੇ ਗੁਰਸਿਮਰਨ ਸਿੰਘ ਸਪ੍ਰਸ ਦਰਾਕਾ , ਛੇਵੀਂ ਤੋਂ ਅੱਠਵੀਂ ਪੱਧਰ ਤੇ ਪਰਵਾਨਦੀਪ ਕੌਰ ਸ਼ਹੀਦ ਜਸ਼ਨਦੀਪ ਸਿੰਘ ਸਰਾਂ ਸਹਸ ਨੈਣੇਵਾਲ, ਨੌਵੀਂ ਤੋਂ ਦਸਵੀਂ ਪੱਧਰ ਤੇ ਲਖਵੀਰ ਸਿੰਘ ਲਾਲਾ ਜਗਤ ਨਾਥ ਬਾਂਸਲ ਸਰਵਿੱਤਕਾਰੀ ਵਿੱਦਿਆ ਮੰਦਿਰ ਧਨੌਲਾ ਅਤੇ ਗਿਆਰਵੀਂ ਤੋਂ ਬਾਰਵੀਂ ਪੱਧਰ ਤੇ ਪ੍ਰਿਯਾ ਵਰਮਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਧੂ ਪੱਤੀ ਬਰਨਾਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਵੱਲੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਗਈਆਂ।

## ਵਰ੍ਹੇਗੰਢ ਮੌਕੇ ਵਧਾਈ



ਸਮਾਜ ਸੇਵੀ ਸੁਖਵਿੰਦਰ ਸਿੰਘ ਭੰਡਾਰੀ ਤੇ ਸੋਮਾ ਭੰਡਾਰੀ

# ਸੰਧੂ ਪੱਤੀ ਸਕੂਲ ਵਿਖੇ ਮਨਾਇਆ ਕੌਮੀ ਬਾਲੜੀ ਦਿਵਸ




ਬਰਨਾਲਾ, 25 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਮਾਈ ਭਾਰਤ ਕੇਂਦਰ ਬਰਨਾਲਾ ਦੀ ਸਰਪ੍ਰਸਤੀ ਹੇਠ ਨੈਸ਼ਨਲ ਗਰਲ ਡੇਅ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਧੂ ਪੱਤੀ ਬਰਨਾਲਾ ਵਿਖੇ ਪ੍ਰਿੰਸੀਪਲ ਸ਼੍ਰੀ ਰਾਜੇਸ਼ ਕੁਮਾਰ ਦੇ ਪ੍ਰਬੰਧਾਂ ਅਤੇ ਐਨਐਸਐਸ ਪ੍ਰੋਗਰਾਮ ਅਫ਼ਸਰ ਹਰਜੀਤ ਸਿੰਘ ਅਤੇ ਸਟਾਫ਼ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸ਼ਿਰਕਤ ਮੁੱਖ ਮਹਿਮਾਨ ਵਜੋਂ ਜਿਲ੍ਹਾ ਸਿੱਖਿਆ ਅਫ਼ਸਰ ਸੈਸਿ ਬਰਨਾਲਾ ਸੁਨੀਤਇੰਦਰ ਸਿੰਘ ਨੇ ਕੀਤੀ। ਉਹਨਾਂ ਨੇ ਵਿਦਿਆਰਥਣਾ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਕਲ੍ਹ ਦੇ ਸਮੇਂ ਵਿੱਚ ਹਰ ਇੱਕ ਖੇਤਰ ਵਿੱਚ ਲੜਕੀਆਂ ਵੱਲੋਂ ਵਿਸ਼ੇਸ਼ ਤੇ ਸ਼ਲਾਘਾਯੋਗ ਭੂਮਿਕਾ ਨਿਭਾਈ ਜਾਂਦੀ ਹੈ। ਪਿਛੋਕੜ ਵੱਲ ਝਾਤ ਮਾਰੀਏ ਤਾਂ ਕੋਈ ਜ਼ਮਾਨਾ ਸੀ ਜਦੋਂ ਕੁੜੀਆ ਨੂੰ ਜਨਮ ਦੇਣ ਤੋਂ ਪਹਿਲਾ ਹੀ ਮਾਰ ਮੁਕਾਇਆ ਜਾਂਦਾ ਸੀ ਪਰ ਅੱਜ ਦੇ ਸਮੇਂ ਵਿਚ ਵੱਖ ਵੱਖ ਸਮੇਂ ਤੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਹੁੰਦੇ ਆਦੇਸ਼ਾਂ ਤੇ ਜਨਤਾ ਜਾਗਰੂਕਤਾ ਹੋਈ ਹੈ। ਲੋਕ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਸਮਝਣ ਲੱਗ ਪਏ ਹਨ । ਜਿਸਦੀ ਉਦਾਹਰਣ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਕੁੜੀਆਂ ਵੱਲੋਂ ਖੇਡਾਂ ਤੇ ਪੜਾਈ ਵਿਚ ਮੋਹਰੀ ਰੋਲ ਨਿਭਾਇਆ ਜਾ ਰਿਹਾ ਹੈ । ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਸਿ ਬਰਨਾਲਾ ਸ.ਬਰਜਿੰਦਲਪਾਲ ਸਿੰਘ ਨੇ ਕਿਹਾ ਕਿ ਅੱਜਕੱਲ੍ਹ ਸਮਾਜ ਵਿੱਚ ਅਨੇਕਾਂ ਹੀ ਮਾਪੇ ਬੇਟੀਆਂ ਦੀ ਲੋਹੜੀ ਮਨਾਉਣ ਲਗ ਪਏ ਹਨ । ਜੋ ਖੁਸ਼ੀ ਦੀ ਗੱਲ ਹੈ। ਇਸ ਸਮੇਂ ਸਕੂਲ ਦੀਆਂ ਅਧਿਆਪਕਾਵਾਂ ਸੁਪਿੰਦਰ ਕੌਰ, ਰਾਜ ਕੌਰ, ਬਿੰਦੂ ਬਾਲਾ ਹਾਜ਼ਰ ਸਨ।

# 'ਮੇਰਾ ਵੋਟ, ਮੇਰਾ ਅਧਿਕਾਰ' : ਲੋਕਤੰਤਰ ਦੀ ਮਜ਼ਬੂਤੀ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਿਨ੍ਹਾਂ ਕਿਸੇ ਲਾਲਚ ਦੇ ਕਰੋ



ਬਰਨਾਲਾ, 25 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਾਰਤ ਅੰਦਰ ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2011 ਤੋਂ ਮਨਾਇਆ ਜਾ ਰਿਹਾ ਹੈ। ਲੋਕਾਂ ਨੂੰ ਵੋਟ ਦੀ ਮਹੱਤਤਾ ਤੋਂ ਜਾਣੂੰ ਕਰਵਾਉਣ ਲਈ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਹਰ ਵੋਟਰ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਜ਼ਰੂਰੀ ਹੈ।ਇਸ ਮੌਕੇ ਬੋਲਦਿਆਂ ਸਮਾਜ ਸੇਵੀ ਅਸ਼ੋਕ ਕੁਮਾਰ ਭਾਰਦਵਾਜ ਨੇ ਕਿਹਾ ਕਿ ਹਰ ਵੋਟਰ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਵਿੱਚ ਕਿਹਾ ਕਿ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਵੋਟ ਚ ਵੋਟਰ ਪੂਰੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਪਰੰਤੂ ਭਾਰਤ ਅੰਦਰ ਵੋਟਰ, ਵੋਟ ਪਾਉਣ ਸਮੇਂ ਐਨੀ ਪ੍ਰਤੀਬਧਤਾ ਨਹੀਂ ਦਿਖਾਉਂਦੇ ਜਿੰਨੀ ਪ੍ਰਤੀਬੱਧਤਾ ਲੋਕਤੰਤਰ ਚ ਜ਼ਰੂਰੀ ਹੈ।ਵਾਤਾਵਰਨ ਪ੍ਰੇਮੀ ਤਰਵਿੰਦਰ ਸਿੰਘ ਮੈਕਲਾਈਫ ਡੇਅਰੀ ਵਾਲਿਆਂ ਨੇ ਕਿਹਾ ਕਿ ਪਿਛਲੀਆਂ ਲੋਕ ਸਭਾ ਕਿ ਦੀਆਂ ਹੋਈਆਂ ਚੋਣਾਂ 'ਚ ਔਸਤਨ ਲਗਭਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਨਹੀਂ ਕੀਤਾ। ਵੋਟ ਦਾ ਅਧਿਕਾਰ ਹਰ ਨਾਗਰਿਕ ਦਾ ਕਾਨੂੰਨੀ ਅਤੇ ਮਨੁੱਖੀ ਅਧਿਕਾਰ ਹੈ। ਹਰ ਵੋਟਰ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੇ ਵੋਟ ਦਾ ਇਸਤੇਮਾਲ ਜ਼ਰੂਰ ਕਰੇ।ਸਮਾਜ ਸੇਵੀ ਅਤੇ ਵਾਤਾਵਰਨ ਪ੍ਰੇਮੀ ਐਸ ਪੀ ਕੌਸ਼ਲ ਨੇ ਕਿਹਾ ਕਿ ਜੇਕਰ ਰਾਸ਼ਟਰ ਮਜ਼ਬੂਤ ਹੈ ਤਾਂ ਸਮਾਜ ਵੀ ਮਜ਼ਬੂਤ ਹੈ । ਉਨ੍ਹਾਂ ਕਿਹਾ ਕਿ 2024 ਦੀਆਂ ਹੋਈਆਂ ਚੋਣਾਂ ਚ 90 ਕਰੋੜ ਤੋਂ ਵੱਧ ਵੋਟਰਾਂ ਚੋਂ ਲਗਭਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਨਹੀਂ ਕੀਤਾ ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਦੌਰਾਨ ਆਪਣੀ ਰਾਇ ਦਾ ਪ੍ਰਗਟਾਵਾ ਕਰਦਿਆਂ ਮਨੀਸ਼ ਗੋਇਲ ਭਾਰਤੀ ਫੈਸਨਜ ਵਾਲੇ ਨੇ ਕਿਹਾ ਕਿ ਇਹ ਬੜਾ ਦੁੱਖਦਾਈ ਰੁਝਾਨ ਹੈ ਕਿ 35 ਤੋਂ 40 ਪ੍ਰਤੀਸ਼ਤ ਵੋਟਰ ਅਜਿਹੇ ਹਨ ਜਿਹੜੇ ਆਪਣੇ ਵੋਟ ਦੇ ਮਹੱਤਵ ਨੂੰ ਨਹੀਂ ਜਾਣਦੇ ਅਤੇ ਉਹ ਵੋਟਾਂ ਪਾਉਣ ਨਹੀਂ ਜਾਂਦੇ। ਹਰ ਵੋਟਰ ਨੂੰ ਰਾਸ਼ਟਰ ਦੀ ਮਜ਼ਬੂਤੀ ਲਈ ਵੋਟ ਦਾ ਸਹੀ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ। ਸਾਬਕਾ ਪ੍ਰਧਾਨ ਨਗਰ ਕੌਂਸਲ ਬਰਨਾਲਾ ਸੰਜੀਵ ਸ਼ੋਰੀ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਵੋਟਾਂ ਸਮੇਂ ਕੁੱਝ ਰਾਜਨੇਤਾ ਵੋਟਰਾਂ ਨੂੰ ਪੈਸੇ ਦਾ ਜਾਂ ਨਸ਼ਿਆਂ ਦਾ ਲਾਲਚ ਦਾ ਲਾਲਚ ਦੇ ਕੇ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਦੇ ਹਨ ਤਾਂ ਵੋਟਰਾਂ ਨੂੰ ਅਜਿਹੇ ਲੀਡਰਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਨਗਰ ਕੌਂਸਲਰ ਧਰਮ ਸਿੰਘ ਫ਼ੌਜੀ ਨੇ ਆਪਣੀ ਰਾਇ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਨੇ ਹਰ ਇੱਕ ਨਾਗਰਿਕ ਨੂੰ ਇੱਕ ਸਮਾਨ ਵੋਟ ਪਾਉਣ ਦਾ ਅਧਿਕਾਰ ਦਿੱਤਾ ਹੈ। । ਇਸ ਲਈ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਵੋਟ ਪਾਉਣੀ ਚਾਹੀਦੀ ਹੈ । ਸੂਝਵਾਨ ਵੋਟਰਾਂ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਨ।

# ਆਯੂਰਵੈਦਿਕ ਤੇ ਹੋਮਿਓਪੈਥਿਕ ਵਿਭਾਗ ਵੱਲੋਂ ਮੁਫ਼ਤ ਆਯੂਸ਼ ਡਾਕਟਰੀ ਜਾਂਚ ਕੈਂਪ



ਬਰਨਾਲਾ, 25 ਜਨਵਰੀ (ਇਸ਼ਨ ਕੰਗ) : ਆਯੂਸ਼ ਕਮਿਸ਼ਨਰ ਸ. ਦਿਲਰਾਜ ਸਿੰਘ ਡਾਇਰੈਕਟਰ ਆਯੂਰਵੈਦਾ ਪੰਜਾਬ ਡਾ. ਰਮਨ ਖੰਨਾ ਡਾਇਰੈਕਟਰ ਹੋਮਿਓਪੈਥੀ ਡਾ. ਹਰਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੂਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਅਮਨ ਕੌਸਲ ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ.ਰਜੀਵ ਜਿੰਦੀਆ ਦੀ ਯੋਗ ਅਗਵਾਈ ਵਿੱਚ ਅੱਜ ਪਿੰਡ ਵੱਡਾ ਡੇਰਾ ਉਗੋਕੇ ਵਿੱਚ ਆਯੂਸ਼ ਮੈਡੀਕਲ ਚੈੱਕ-ਅਪ ਕੈਂਪ ਦਾ ਲਗਾਇਆ ਗਿਆ। ਇਸ ਕੈਂਪ ਦਾ ਆਗਾਜ਼ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਬਰਨਾਲਾ ਡਾ. ਅਮਨ ਕੌਸ਼ਲ ਵੱਲੋਂ ਕੀਤਾ ਗਿਆ।ਇਸ ਕੈਂਪ ਵਿੱਚ ਆਯੂਰਵੈਦ ਵਿਭਾਗ ਵੱਲੋਂ 308 ਅਤੇ ਹੋਮਿਓਪੈਥਿਕ ਵਿਭਾਗ ਵੱਲੋਂ 240 ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ, ਇਸ ਕੈਂਪ ਵਿੱਚ ਆਯੂਰਵੈਦ ਵਿਭਾਗ ਵੱਲੋਂ ਡਾ.ਅਮਨਦੀਪ ਸਿੰਘ ਨੋਡਲ ਅਫ਼ਸਰ, ਡਾ ਰਾਕੇਸ਼ ਕੁਮਾਰ ਡਾ.ਪੂਨਮ ਰਾਣੀ ਡਾ.ਹਰਜੋਤ ਸ਼ਰਮਾ ਵੱਲੋਂ ਮਰੀਜ਼ਾਂ ਦਾ ਨਰੀਖਣ ਕੀਤਾ ਗਿਆ ਅਤੇ ਇੰਦਰਜੀਤ ਕੁਮਾਰ, ਗੁਰਸ਼ਿੰਗਾਰ ਸਿੰਘ, ਸਰਬਜੀਤ ਕੌਰ ਉਪਵੈਦ ਵੱਲੋਂ ਆਏ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ। ਹੋਮਿਓਪੈਥਿਕ ਵਿਭਾਗ ਵੱਲੋਂ ਡਾ.ਪਰਮਿੰਦਰ ਪੁੰਨ ਐਚ ਐਮ ਓ ਨੇ ਮਰੀਜ਼ਾਂ ਦਾ ਨਿਰੀਖਣ ਕੀਤਾ। ਹੋਮਿਓਪੈਥੀ ਡਿਸਪੈਂਸਰ ਇੰਦਰਜੀਤ ਸਿੰਘ ਅਤੇ ਗੁਰਮੀਤ ਸਿੰਘ ਧਨੌਲਾਂ ਅਤੇ ਗੁਲਸਨ ਕੁਮਾਰ ਨੇ ਮਰੀਜ਼ਾਂ ਨੂੰ ਹੋਮਿਓਪੈਥਿਕ ਦਵਾਈਆਂ ਵੰਡੀਆਂ ਗਈਆਂ।ਇਸ ਮੌਕੇ ਪਿੰਡ ਵਾਸੀਆਂ ਨੇ ਮੈਡੀਕਲ ਟੀਮ ਦਾ ਧੰਨਵਾਦ ਕੀਤਾ ਅਤੇ ਪੰਜਾਬ ਸਰਕਾਰ ਵੱਲੋਂ ਇਹਨਾਂ ਚਕਿਤਸਾ ਪ੍ਰਣਾਲੀਆਂ ਨੂੰ ਘਰ ਘਰ ਪਹਚਾਉਣ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।



# ਪਟਿਆਲਾ-ਆਸ/ਪਾਸ



## ਗਣਤੰਤਰ ਦਿਵਸ ਮੌਕੇ ਅਮਨ-ਕਾਨੂੰਨ ਕਾਇਮ ਰੱਖਣਾ ਪੁਲਿਸ ਦੀ ਸਭ ਤੋਂ ਵੱਡੀ ਤਰਜ਼ੀਹ : ਗੁਰਮੀਤ ਸਿੰਘ ਚੌਹਾਨ

ਮਲੇਰਕੋਟਲਾ, 25 ਜਨਵਰੀ (ਚ.ਨ.ਸ.) : ਗਣਤੰਤਰ ਦਿਵਸ ਦੇ ਪਵਿੱਤਰ ਮੌਕੇ ’ਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖਣ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮਾਲੇਰਕੋਟਲਾ ਪੁਲਿਸ ਵੱਲੋਂ ਅੱਜ ਸ਼ਹਿਰ ਵਿੱਚ ਭਾਰੀ ਪੁਲਿਸ ਫੋਰਸ ਦੇ ਨਾਲ ਫਲੈਗ ਮਾਰਚ ਕੱਢਿਆ ਗਿਆ। ਇਸ ਫਲੈਗ ਮਾਰਚ ਦੀ ਅਗਵਾਈ ਡੀ.ਆਈ.ਜੀ. ਗੁਰਮੀਤ ਸਿੰਘ ਚੌਹਾਨ ਅਤੇ ਐੱਸ.ਐੱਸ.ਪੀ. ਮਾਲੇਰਕੋਟਲਾ ਗਗਨ ਅਜੀਤ ਸਿੰਘ ਨੇ ਸਮੂਹ ਸੀਨੀਅਰ ਅਧਿਕਾਰੀਆਂ ਸਮੇਤ ਕੀਤੀ। ਫਲੈਗ ਮਾਰਚ ਡਾ. ਜਾਕਿਰ ਹੁਸੈਨ ਸਟੇਡੀਅਮ ਤੋਂ ਰਵਾਨਾ ਹੋ ਕੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਹੁੰਦਾ ਹੋਇਆ ਹੰਗਰੀ ਪੁਆਇੰਟ ਸਰਹੰਦੀ ਤੋਂ ਜਰਗ ਚੌਕ ਅਤੇ ਗਰੇਵਾਲ ਚੌਕ ਤੱਕ ਪਹੁੰਚਿਆ। ਮਾਰਚ ਦੌਰਾਨ ਪੁਲਿਸ ਫੋਰਸ ਨੇ ਬਾਜ਼ਾਰਾਂ, ਭੀੜਭਾੜ ਵਾਲੇ ਇਲਾਕਿਆਂ ਅਤੇ ਸੰਵੇਦਨਸ਼ੀਲ ਸਥਾਨਾਂ ‘ਤੇ ਪੈਟਰੋਲਿੰਗ ਕਰਕੇ ਲੋਕਾਂ ਨੂੰ ਸੁਰੱਖਿਆ ਦਾ ਭਰੋਸਾ ਦਿਵਾਇਆ। ਡੀ.ਆਈ.ਜੀ (ਏ.ਜੀ.ਟੀ.ਐੱਫ ਪੰਜਾਬ) ਗੁਰਮੀਤ ਸਿੰਘ ਚੌਹਾਨ ਨੇ ਕਿਹਾ ਕਿ ਗਣਤੰਤਰ ਦਿਵਸ ਵਰਗੇ ਰਾਸ਼ਟਰੀ ਤਿਉਹਾਰ ਮੌਕੇ ਸ਼ਾਂਤੀ, ਭਾਈਚਾਰੇ ਅਤੇ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣਾ ਪੁਲਿਸ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਹਰ ਕਿਸਮ ਦੀ ਅਣਚਾਹੀ ਘਟਨਾ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਹੈ ਅਤੇ ਸ਼ਹਿਰ ਦੇ ਹਰ ਕੋਨੇ ਵਿੱਚ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਕੀਤੇ ਗਏ ਹਨ। ਐੱਸ.ਐੱਸ.ਪੀ. ਗਗਨ ਅਜੀਤ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਆਮ ਜਨਤਾ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਗਣਤੰਤਰ ਦਿਵਸ ਸਮਾਗਮਾਂ ਦੌਰਾਨ ਸ਼ਹਿਰ ਵਿੱਚ ਵਾਧੂ ਪੁਲਿਸ ਨਾਕਾਬੰਦੀ ਅਤੇ ਪੈਟਰੋਲਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਕਿਸਮ ਦੀ ਸ਼ੱਕੀ ਗਤੀਵਿਧੀ ਜਾਂ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਪੁਲਿਸ ਹੈਲਪਲਾਈਨ ਨੰਬਰ 112 ’ਤੇ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਜਨਤਾ ਦੇ ਆਪਸੀ ਸਹਿਯੋਗ ਨਾਲ ਹੀ ਸ਼ਹਿਰ ਵਿੱਚ ਅਮਨ-ਅਮਾਨ ਅਤੇ ਭਾਈਚਾਰੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।



## ਮਲਕਪੁਰ ਜੱਟਾਂ ’ਚ ਵਿਕਾਸ ਕਾਰਜਾਂ ਨੂੰ ਮਿਲੀ ਨਵੀਂ ਰਫ਼ਤਾਰ : ਹਡਾਣਾ

### ➢ਸਕੂਲ ਦੀ ਚਾਰ-ਦੀਵਾਰੀ ਅਤੇ ਸੀਵਰੇਜ਼ ਪ੍ਰੋਜੈਕਟਾਂ ਦਾ ਉਦਘਾਟਨ

ਦੇਵੀਗੜ੍ਹ, 25 ਜਨਵਰੀ (ਗੁਰਜੀਤ ਸਿੰਘ ਢੋਟ) :ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਤੇ ਗਤੀਸ਼ੀਲ ਅਗਵਾਈ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਲਗਾਤਾਰ ਯਤਨਾਂ ਸਦਕੇ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਅਧੀਨ ਪੈਂਦੇ ਪਿੰਡ ਮਲਕਪੁਰ ਜੱਟਾਂ ਵਿੱਚ ਵਿਕਾਸ ਕਾਰਜਾਂ ਨੂੰ ਪੂਰਾ ਕਰਦੇ ਹੋਏ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਨੇ ਪੰਚਾਇਤ ਮੈਂਬਰਾਂ ਸਮੇਤ ਸਰਕਾਰੀ ਮਿਡਲ ਸਕੂਲ ਮਲਕਪੁਰ ਜੱਟਾਂ ਦੀ ਨਵੀਂ ਤਿਆਰ ਕੀਤੀ ਚਾਰ-ਦੀਵਾਰੀ ਦਾ ਉਦਘਾਟਨ ਕੀਤਾ।ਇਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਸਕੂਲਾਂ ਦੀ ਸੁਰੱਖਿਆ ਅਤੇ ਵਿਦਿਆਰਥੀਆਂ ਲਈ ਬਿਹਤਰ ਵਾਤਾਵਰਨ ਤਿਆਰ ਕਰਨਾ ਸਰਕਾਰ ਦਾ ਮੁੱਢਲਾ ਉਦੇਸ਼ ਹੈ। ਸਕੂਲ ਦੀ ਚਾਰ-ਦੀਵਾਰੀ ਬਣਨ ਨਾਲ ਬੱਚਿਆਂ ਦੀ ਸੁਰੱਖਿਆ ਯਕੀਨੀ ਹੋਵੇਗੀ ਅਤੇ ਸਿੱਖਿਆ ਦਾ ਮਾਹੌਲ ਹੋਰ ਸੁਧਰੇਗਾ। ਪਿੰਡ ਵਾਸੀਆਂ ਨੇ ਇਸ ਉਪਰਾਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਮਲਕਪੁਰ ਜੱਟਾਂ ਵਿੱਚ ਗਲੀਆਂ, ਨਾਲੀਆਂ ਅਤੇ ਸੀਵਰੇਜ ਦੇ ਮਹੱਤਵਪੂਰਨ ਵਿਕਾਸ ਕਾਰਜਾਂ ਦਾ ਵੀ ਉਦਘਾਟਨ ਕੀਤਾ ਗਿਆ। ਇਹ ਪ੍ਰੋਜੈਕਟ ਪਿੰਡ ਦੀ ਸਫ਼ਾਈ, ਸਿਹਤ ਅਤੇ ਬੁਨਿਆਦੀ ਸੁਵਿਧਾਵਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਸੀਵਰੇਜ਼ ਅਤੇ ਨਾਲੀਆਂ ਦੇ ਕੰਮ ਮੁਕੰਮਲ ਹੋਣ ਨਾਲ ਪਿੰਡ ਵਾਸੀਆਂ ਨੂੰ ਗੰਦਗੀ ਅਤੇ ਪਾਣੀ ਦੀ ਨਿਕਾਸੀ ਨਾਲ ਜੁੜੀਆਂ ਸਮੱਸਿਆਵਾਂ ਤੋਂ ਰਾਹਤ ਮਿਲੇਗੀ।ਉਨ੍ਹਾਂ ਨੇ ਦੱਸਿਆ ਕਿ ਲੋਕਾਂ ਦੇ ਪਿਆਰ ਅਤੇ ਆਸ਼ੀਰਵਾਦ ਸਦਕੇ ਹਲਕਾ ਸਨੌਰ ਵਿੱਚ ਜਲਦ ਹੀ ਹੋਰ ਨਵੇਂ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ, ਜੋ ਇਲਾਕੇ ਦੇ ਵਿਕਾਸ ਦਾ ਅਹਿਮ ਹਿੱਸਾ ਹੋਣਗੇ। ਸਰਕਾਰ ਦਾ ਮਕਸਦ ਪਿੰਡਾਂ ਨੂੰ ਸ਼ਹਿਰੀ ਸੁਵਿਧਾਵਾਂ ਦੇ ਸਮਾਨ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਤੋਂ ਇਲਾਵਾ ਮਨਦੀਪ ਸਿੰਘ ਬੀਡੀਪੀਓ ਸਨੌਰ, ਪ੍ਰਭਜੋਤ ਸਿੰਘ ਜੇਈ, ਤੇਜਿੰਦਰ ਸਿੰਘ ਪੰਚਾਇਤ ਸਕੱਤਰ, ਮਨਦੀਪ ਸਿੰਘ ਮੈਂਬਰ ਬਲਾਕ ਸੰਮਤੀ ਜੋਨ ਮਲਕਪੁਰ ਜੱਟਾ, ਗੁਰਿੰਦਰ ਸਿੰਘ ਸਰਪੰਚ, ਗੁਰਲਾਲ ਸਿੰਘ ਪੰਚ, ਸੰਦੀਪ ਸਿੰਘ ਪੰਚ, ਲਵਪ੍ਰੀਤ ਸਿੰਘ ਪੰਚ, ਮਨਦੀਪ ਕੌਰ ਪੰਚ, ਚਰਨਜੀਤ ਕੌਰ ਪੰਚ, ਕੁਲਜੀਤ ਕੌਰ ਪ੍ਰਿੰਸੀਪਲ, ਬਿੰਦਰ ਸਿੰਘ ਚੇਅਰਮੈਨ, ਬਹਾਦਰ ਸਿੰਘ ਵਾਈਸ ਚੇਅਰਮੈਨ, ਗੁਰਿੰਦਰ ਸਿੰਘ ਸਰਪੰਚ,ਅਮਰਿੰਦਰ ਸਿੰਘ ਸਰਪੰਚ ਰਾਠੀਆਂ, ਸੁਖਵਿੰਦਰ ਸਿੰਘ ਭੋਲਾ ਸਾਬਕਾ ਸਰਪੰਚ, ਗੁਰਿੰਦਰ ਸਿੰਘ ਸਰਪੰਚ ਮਲਕਪੁਰ ਜੱਟਾਂ, ਜਰਨੈਲ ਸਿੰਘ ਸਰਪੰਚ ਨਗਰ, ਮਲਕੀਤ ਸਿੰਘ ਮੈਂਬਰ ਬਲਾਕ ਸੰਮਤੀ, ਤਜਿੰਦਰ ਸਿੰਘ ਮੈਂਬਰ ਸੈਕਟਰੀ ਪੂਨੀਆ ਜੱਟਾਂ, ਗੁਰਪ੍ਰੀਤ ਸਿੰਘ ਸਰਪੰਚ ਸਿਰਕੱਪੜਾ, ਦਵਿੰਦਰ ਸਿੰਘ ਮਾੜੂ ਅਤੇ ਸੁੱਚਾ ਸਿੰਘ ਮਲਕਪੁਰ ਜੱਟਾਂ ਸਮੇਤ ਸਮੂਹ ਮੈਂਬਰ ਸਕੂਲ ਮੈਨੇਜਮੈਂਟ ਕਮੇਟੀ ਮਲਕਪੁਰ ਜੱਟਾਂ ਅਤੇ ਹੋਰ ਕਈ ਪਿੰਡ ਵਾਸੀ ਮੌਜੂਦ ਰਹੇ। ਪਿੰਡ ਵਾਸੀਆਂ ਨੇ ਵਿਕਾਸ ਕਾਰਜਾਂ ਦੀ ਸ਼ੁਰੂਆਤ ‘ਤੇ ਖੁਸ਼ੀ ਜਤਾਈ ਅਤੇ ਉਮੀਦ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਮਲਕਪੁਰ ਜੱਟਾਂ ਅਤੇ ਸਨੌਰ ਹਲਕੇ ਨੂੰ ਹੋਰ ਵੀ ਵਿਕਾਸ ਦੀਆਂ ਨਵੀਆਂ ਉਚਾਈਆਂ ’ਤੇ ਲਿਜਾਇਆ ਜਾਵੇਗਾ।



## ਰੁਹਤਾਸ਼ ਕੌਰ ਨੇ ਐਸ.ਡੀ.ਐਸ.ਸੀ. ਸਕੂਲ ਦਾ ਨਾਮ ਚਮਕਾਇਆ



ਪਟਿਆਲਾ, 25 ਜਨਵਰੀ (ਰੁਪਾਣਾ) : ਐਸਡੀਐਸ ਸਕੂਲ ਪਟਿਆਲਾ ਦੀ ਮੈਡੀਕਲ ਸਟਰੀਮ ਦੀ ਵਿਦਿਆਰਥਣ ਰੁਹਤਾਸ਼ ਕੌਰ ਸਪੁੱਤਰੀ ਡਾ ਆਸਾ ਸਿੰਘ ਨੇ 69ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਅੰਡਰ-19 ਸਾਫਟਬਾਲ ਗੇਮ ਦੇ ਵਿੱਚ ਸਿਲਵਰ ਮੈਡਲ ਜਿੱਤ ਕੇ ਐਸਡੀਐਸ ਸਕੂਲ ਦਾ ਨਾਮ ਸਟੇਟ ਪੱਧਰ ਤੇ ਚਮਕਾਇਆ ਹੈ।ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕਿਹਾ ਕਿ ਇਹ ਸਕੂਲ ਲਈ ਬੜੇ ਮਾਣ ਵਾਲੀ ਗੱਲ ਹੈ ਅਤੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਮੈਂਬਰਾਂ ਨੇ ਰੁਹਤਾਸ਼ ਕੌਰ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ’ਤੇ ਪਟਿਆਲਾ ਡਿਸਟ੍ਰਿਕਟ ਬੇਸਬਾਲ ਐਸੋਸੀਏਸ਼ਨ ਦੇ ਪ੍ਰਧਾਨ ਹਰੀਸ਼ ਸਿੰਘ ਰਾਵਤ,ਡਾ. ਆਸਾ ਸਿੰਘ, ਵਾਈਸ ਪ੍ਰਿੰਸੀਪਲ ਪੰਕਜ ਕੌਸ਼ਿਲ, ਜਸਦੇਵ ਸਿੰਘ ਡੀਪੀਈ ਤੇ ਜਸਪ੍ਰੀਤ ਸਿੰਘ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

## ਸੇਫ ਸਕੂਲ ਵਾਹਨ ਪਾਲਿਸੀ ਤਹਿਤ 44 ਸਕੂਲ ਬੱਸਾਂ ਦੀ ਚੈਕਿੰਗ, 4 ਬੱਸਾਂ ਦੇ ਮੌਕੇ ’ਤੇ ਚਲਾਨ

ਮਲੇਰਕੋਟਲਾ, 25 ਜਨਵਰੀ (ਚ.ਨ.ਸ.) : ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਦੀ ਅਗਵਾਈ ਹੇਠ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵੱਖ-ਵੱਖ ਸਕੂਲੀ ਵਾਹਨਾਂ ਦੀ ਜਾਂਚ ਕੀਤੀ ਗਈ। ਇਸ ਮੁਹਿੰਮ ਦੌਰਾਨ ਕੁੱਲ 44 ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ, ਜਿਸ ਦਾ ਮਕਸਦ ਵਿਦਿਆਰਥੀਆਂ ਦੀ ਆਵਾਜਾਈ ਦੌਰਾਨ ਸੁਰੱਖਿਆ ਮਿਆਰਾਂ ਦੀ ਪਾਲਣਾ ਯਕੀਨੀ ਬਣਾਉਣਾ ਸੀ। ਚੈਕਿੰਗ ਦੌਰਾਨ ਬੱਸਾਂ ਦੇ ਦਸਤਾਵੇਜ਼, ਡਰਾਈਵਰਾਂ ਦੇ ਲਾਇਸੈਂਸ, ਵਾਹਨਾਂ ਦੇ ਟੈਕਸ, ਫਿਟਨੈੱਸ ਸਰਟੀਫਿਕੇਟ, ਫਸਟ ਏਡ ਕਿੱਟ, ਫਾਇਰ ਇਕਸਟਿੰਗੁਇਸ਼ਰ, ਫਾਸਟਟੈਗ, ਨੰਬਰ ਪਲੇਟ, ਸਪੀਡ ਗਵਰਨਰ ਅਤੇ ਐਮਰਜੈਂਸੀ ਦਰਵਾਜ਼ਿਆਂ ਆਦਿ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ। ਜਾਂਚ ਦੌਰਾਨ 4 ਸਕੂਲ ਬੱਸਾਂ ਵਿੱਚ ਖਾਮੀਆਂ ਪਾਈਆਂ ਗਈਆਂ, ਜਿਨ੍ਹਾਂ ਵਿੱਚ ਮੁੱਖ ਤੌਰ ’ਤੇ ਟੈਕਸ ਦੀ ਅਧੂਰੀ ਪਾਲਣਾ, ਫਸਟ ਏਡ ਕਿੱਟ ਦੀ ਅਣਹੋਂਦ ਅਤੇ ਨੰਬਰ ਪਲੇਟ ਨਾਲ ਸਬੰਧਤ ਤਰੁੱਟੀਆਂ ਸ਼ਾਮਲ ਸਨ। ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਮੌਕੇ ’ਤੇ ਹੀ ਚਲਾਨ ਕੀਤੇ ਗਏ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਨੇ ਸਕੂਲ ਪ੍ਰਬੰਧਕਾਂ ਅਤੇ ਵਾਹਨ ਮਾਲਕਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਸਾਰੇ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇ ਅਤੇ ਬੱਚਿਆਂ ਦੀ ਸੁਰੱਖਿਆ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਾ ਕੀਤਾ ਜਾਵੇ। ਉਨ੍ਹਾਂ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਅਜਿਹੀਆਂ ਚੈਕਿੰਗ ਮੁਹਿੰਮਾਂ ਨਿਰੰਤਰ ਜਾਰੀ ਰਹਿਣਗੀਆਂ, ਤਾਂ ਜੋ ਸਕੂਲੀ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਲੀਗਲ ਅਫ਼ਸਰ ਬਾਲ ਸੁਰੱਖਿਆ ਵਿਭਾਗ ਬਾਬੀਤਾ ਕੁਮਾਰੀ, ਟਰੈਫਿਕ ਇੰਚਾਰਜ ਗੁਰਮੁੱਖ ਸਿੰਘ ਲੱਡੀ, ਸਿੱਖਿਆ ਵਿਭਾਗ ਤੋਂ ਹੈਡਮਾਸਟਰ ਗੁਰਵੀਰ ਸਿੰਘ, ਲਵਪ੍ਰੀਤ ਸਿੰਘ, ਗੁਰਜੰਟ ਸਿੰਘ ਅਤੇ ਮੀਡੀਆ ਸਹਾਇਕ ਪ੍ਰਗਟ ਸਿੰਘ ਹਾਜ਼ਰ ਸਨ ।




## ਪੰਜਾਬ ਸਰਕਾਰ ਦੀ ਸਿਹਤ ਨੀਤੀ ਗਰੀਬ ਤੇ ਮੱਧ ਵਰਗ ਲਈ ਵਰਦਾਨ ਸਾਬਤ ਹੋਵੇਗੀ : ਜੌੜਾਮਾਜਰਾ

### ➢ਹਲਕਾ ਵਿਧਾਇਕ ਵੱਲੋਂ ਸਿਹਤ ਬੀਮਾ ਕਾਰਡ ਬਣਾਉਣ ਦੇ ਕੈਂਪ ਦਾ ਉਦਘਾਟਨ

ਸਮਾਣਾ, 25 ਜਨਵਰੀ (ਵਿਜੇ ਕੁਮਾਰ) : ਹਲਕਾ ਵਿਧਾਇਕ ਨੇ ਸਮਾਣਾ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹਰਇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਕੈਸ਼ਲੈਸ ਦੇਣ ਲਈ ਵਾਰਡ ਨੰਬਰ 11 ’ਚ ਲਗਾਏ ਗਏ ਕੈਂਪ ਦਾ ਉਦਘਾਟਨ ਕਰਕੇ ਲੋਕਾਂ ਦੀ ਕੈਸਲੈਸ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਦੀ ਸ਼ੁਰੂਆਤ ਕੀਤੀ। ਹਲਕਾ ਵਿਧਾਇਕ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਮੁਫਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 22 ਜਨਵਰੀ ਨੂੰ ਮੋਹਾਲੀ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਕੀਤੀ ਗਈ। ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੀ ਨਿਜੀ ਹਸਪਤਾਲ ਵੀ ਗਰੀਬਾਂ ਲਈ ਖੋਲ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁਨ ਬਦਲਾਅ ਹੈ। ਉਹਨਾਂ ਕਿਹਾ ਕਿ ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਔਰਤਾਂ ਲਈ ਮੁਫਤ ਸਿਹਤ ਸੰਭਾਲ, ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ ਅਤੇ ਮੁਫ਼ਤ ਬਸ ਯਾਤਰਾ ਦੀ ਗਰੰਟੀ ਦਿੱਤੀ ਹੈ। ਇਸ ਯੋਜਨਾ ਤਹਿਤ 850 ਸਰਕਾਰੀ ਅਤੇ ਨਿਜੀ ਹਸਪਤਾਲ ਪਹਿਲਾ ਹੀ ਸੂਚੀਬੱਧ ਕੀਤੇ ਜਾ ਚੁੱਕੇ ਹਨ, ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਹਸਪਤਾਲ ਸ਼ਾਮਲ ਕੀਤੇ ਜਾਣਗੇ। ਹਸਪਤਾਲ ਦੇ ਖਰਚਿਆਂ ਦੇ ਨਾਲ ਨਾਲ ਡਾਇਗਨੌਸਟਿਕ ਸੇਵਾਵਾਂ ਨੂੰ ਵੀ ਇਸ ਸਕੀਮ ਅਧੀਨ ਸ਼ਾਮਿਲ ਕੀਤਾ ਗਿਆ ਹੈ, ਅਤੇ ਕਿਹਾ ਕਿ ਕੋਈ ਵੀ ਨਾਗਰਿਕ ਹੁਣ ਪੰਜਾਬ ਜਾਂ ਚੰਡੀਗੜ੍ਹ ਦੇ ਕਿਸੇ ਵੀ ਸਰਕਾਰੀ ਨਿਜੀ ਹਸਪਤਾਲ ਵਿੱਚ ਮੁਫਤ ਇਲਾਜ ਕਰਵਾ ਸਕਦਾ ਹੈ।ਇਸ ਮੌਕੇ ਆਪ ਆਗੂ ਮਹਿਲਾ ਪ੍ਰਧਾਨ ਸੁਨੈਨਾ ਮਿੱਤਲ, ਰੰਮੀ ਸ਼ਰਮਾ ਤੋ ਇਲਾਵਾ ਮੁਹੱਲਾ ਨਿਵਾਸੀ ਮੌਜੂਦ ਸਨ।



## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਰਾਸ਼ਟਰੀ ਬਾਲੜੀ ਦਿਵਸ ਮਨਾਇਆ

ਭੁਨਰਹੇੜੀ, 25 ਜਨਵਰੀ (ਗੁਰਜੀਤ ਸਿੰਘ ਢੋਟ) : ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ ਜੁਡੀਸ਼ਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ, ਮੁੱਖ ਅਧਿਆਪਕਾ ਮੈਡਮ ਸ਼ੈਲੀ ਸ਼ਰਮਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਰਾਸ਼ਟਰੀ ਬਾਲੜੀ ਦਿਵਸ ਮਨਾਉਣ ਲਈ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੇ ਤਹਿਤ ਕਾਨੂੰਨੀ ਸੇਵਾਵਾਂ ਅਤੇ ਬਾਲ ਵਿਆਹ ਵਿਰੋਧੀ ਜਾਗਰੂਕਤਾ ਸੈਮੀਨਾਰ ਸਰਕਾਰੀ ਹਾਈ ਸਕੂਲ ਖੇੜੀ ਮੁਸਲਮਾਨਾਂ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸ਼ਨਲ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ,ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ,ਟੋਲ ਫ੍ਰੀ ਨੰਬਰ 15100, ਨੈਸ਼ਨਲ ਲੋਕ ਅਦਾਲਤ ਅਤੇ ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ।ਓਹਨਾਂ ਨੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਲਾਭ ਲੈਣ ਅਤੇ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੇ ਨਾਲ ਜੁੜਨ ਦੀ ਅਪੀਲ ਕੀਤੀ।ਸਕੂਲ ਦੇ ਇੰਚਾਰਜ ਪਰਮਜੀਤ ਸਿੰਘ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਬਾਲ ਵਿਆਹ ਤੇ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਵੀ ਕੀਤੀ। ਅਧਿਆਪਕ ਬਿਕਰਮਜੀਤ ਸਿੰਘ ਨੇ ਧੰਨਵਾਦੀ ਸ਼ਬਦ ਕਹੇ। ਇਸ ਮੌਕੇ ਦਵਿੰਦਰ ਸਿੰਘ ਕਨਿਕਾ ਗੁਪਤਾ, ਮਨਦੀਪ ਕੌਰ, ਹਰਪਾਲ ਕੌਰ, ਸਮੂੰਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



## ਇੱਕ ਕੁਇੰਟਲ ਭੁੱਕੀ ਸਮੇਤ ਕਾਰ ਸਵਾਰ ਕਾਬੂ

ਪਟਿਆਲਾ, 25 ਜਨਵਰੀ (ਚ.ਨ.ਸ.) : ਪਾਤੜਾਂ ਪੁਲਸ ਨੇ ਕਾਰ ਸਵਾਰ 2 ਸਮੱਗਲਰਾਂ ਨੂੰ ਇਕ ਕੁਇੰਟਲ ਭੁੱਕੀ ਚੂਰਾ-ਪੋਸਤ/ਡੋਡਿਆਂ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਜਾਣਕਾਰੀ ਅਨੁਸਾਰ ਡੀ. ਐੱਸ.ਪੀ. ਚੌਹਾਨ ਦੀ ਅਗਵਾਈ ਹੇਠ ਸਬ-ਇੰਸਪੈਕਟਰ ਜਸਪਾਲ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਅਤੇ ਭੈੜੇ ਅਨਸਰਾਂ ਨੂੰ ਕਾਬੂ ਕਰਨ ਦੇ ਮਕਸਦ ਨਾਲ ਪਿੰਡ ਸ਼ੁੱਤਰਾਣਾ ਵਿਖੇ ਮੌਜੂਦ ਸਨ। ਜਿਥੇ ਉਨ੍ਹਾਂ ਕਾਰ ਨੰਬਰ ਡੀ. ਐੱਲ. 12 ਸੀ 4306 ਨੂੰ ਸ਼ੱਕ ਦੇ ਆਧਾਰ ’ਤੇ ਚੈੱਕ ਕਰਨ ’ਤੇ ਉਸ ’ਚੋਂ 4 ਥੈਲਿਆਂ ਵਿਚ 25/25 ਕਿੱਲੋ ਪਾਈ 100 ਕਿੱਲੋ ਭੁੱਕੀ ਚੂਰਾ-ਪੋਸਤ/ਡੋਡੇ ਬਰਾਮਦ ਕਰ ਕੇ 2 ਕਾਰ ਸਵਾਰਾਂ ਨੂੰ ਕਾਬੂ ਕਰਨ ’ਚ ਸਫਲਤਾ ਹਾਸਲ ਕੀਤੀ ਹੈ।ਕਥਿਤ ਦੋਸ਼ੀਆਂ ਦੀ ਪਛਾਣ ਸ਼ਿੰਦਰਪਾਲ ਸਿੰਘ ਵਾਸੀ ਪਿੰਡ ਕਲਵਾਨੂੰ ਥਾਣਾ ਘੱਗਾ ਅਤੇ ਬਿਕਰਮਜੀਤ ਸਿੰਘ ਵਾਸੀ ਪਿੰਡ ਨਿਹਾਲਗੜ੍ਹ ਥਾਣਾ ਦਿੜ੍ਹਬਾ ਜ਼ਿਲਾ ਸੰਗਰੂਰ ਵਜੋਂ ਹੋਈ ਹੈ। ਪੁਲਸ ਨੇ ਦੋਸ਼ੀਆਂ ਖਿਲਾਫ ਮੁਕੱਦਮਾ ਨੰਬਰ 20, ਮਿਤੀ 22-1-2026, ਐੱਨ. ਡੀ. ਪੀ. ਐੱਸ. ਐਕਟ ਦੀ ਧਾਰਾ 15/61/85 ਅਧੀਨ ਥਾਣਾ ਪਾਤੜਾਂ ਵਿਖੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮੋਟਰਸਾਈਕਲ ਚੋਰੀ, ਮਾਮਲਾ ਦਰਜ

ਪਟਿਆਲਾ, 25 ਜਨਵਰੀ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਪਾਰਸ ਕੁਮਾਰ ਪੁੱਤਰ ਭੁਪਿੰਦਰ ਕੁਮਾਰ ਵਾਸੀ ਗਗਨ ਵਿਹਾਰ ਭਾਦਸੋ ਰੋਡ ਪਿੰਡ ਸਿੱਧੂਵਾਲ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣਾ ਮੋਟਰਸਾਈਕਲ ਜੋ ਕਿ ਪੁਲ ਹੇਠਾ ਖੜ੍ਹਾ ਕੀਤਾ ਸੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਕਰ ਲਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ 37ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ 28 ਤੋਂ

ਪਟਿਆਲਾ, 25 ਜਨਵਰੀ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ 37ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਮਿਤੀ 28 ਤੋਂ 30 ਜਨਵਰੀ ਦੌਰਾਨ ਕਰਵਾਈ ਜਾ ਰਹੀ ਹੈ। ਇਸ ਵਾਰ ਇਸ ਕਾਨਫ਼ਰੰਸ ਦਾ ਵਿਸ਼ਾ ‘ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਮਾਧਿਅਮ ਵਜੋਂ ਵਰਤੋਂ : ਸਮੱਸਿਆਵਾਂ ਅਤੇ ਸਮਾਧਾਨ’ ਰੱਖਿਆ ਗਿਆ ਹੈ। ਵਿਭਾਗ ਦੇ ਮੁਖੀ ਡਾ. ਗੁਰਸੇਵਕ ਸਿੰਘ ਲੰਬੀ ਨੇ ਇਸ ਸਬੰਧੀ ਗੱਲ ਕਰਦਿਆਂ ਦੱਸਿਆ ਕਿ ਕਾਨਫ਼ਰੰਸ ਦਾ ‘ਉਦਘਾਟਨੀ ਸੈਸ਼ਨ’ 28 ਜਨਵਰੀ ਨੂੰ ਗੁਰੂ ਤੇਗ ਬਹਾਦਰ ਹਾਲ ਵਿੱਚ ਕੀਤਾ ਜਾਵੇਗਾ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ‘ਉਦਘਾਟਨੀ ਸੈਸ਼ਨ’ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਕਰਨਗੇ। ਇਸ ਕਾਨਫ਼ਰੰਸ ਦਾ ਮੁੱਖ-ਸੁਰ ਭਾਸ਼ਣ ਉੱਘੇ ਜੀਵ ਵਿਗਿਆਨੀ ਅਤੇ ਲੰਮਾ ਸਮਾਂ ਪੰਜਾਬੀ ਯੂਨੀਵਰਸਿਟੀ ਵਿੱਚ ਬਤੌਰ ਪ੍ਰੋਫ਼ੈਸਰ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਡਾ. ਮਲਕੀਅਤ ਸਿੰਘ ਸੈਣੀ ਦੇਣਗੇ। ‘ਉਦਘਾਟਨੀ ਸੈਸ਼ਨ’ ਦੌਰਾਨ ਡਾ. ਬਲਬੀਰ ਸਿੰਘ, ਸਿਹਤ ਮੰਤਰੀ, ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸੇ ਤਰ੍ਹਾਂ ਦੁਨੀਆ ਭਰ ਵਿੱਚ ਪੰਜਾਬੀ ਦੇ ਹਵਾਲੇ ਨਾਲ ਸਾਈਬਰ ਸੁਰੱਖਿਆ ਦੇ ਖੇਤਰ ਵਿੱਚ ਕਾਰਜ ਕਰਨ ਵਾਲੇ ਡਾ. ਜਸਵੀਰ ਸਿੰਘ ਗਿੱਲ (ਅਮਰੀਕਾ) ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਨਗੇ। ਉਦਘਾਟਨੀ ਸਮਾਗਮ ਵਿੱਚ ਵਿਭਾਗ ਵੱਲੋਂ ਤਿਆਰ ਕੀਤੀਆਂ ਪੁਸਤਕਾਂ ਲੋਕ-ਅਰਪਣ ਕੀਤੀਆਂ ਜਾਣਗੀਆਂ। ਡਾ. ਲੰਬੀ ਨੇ ਦੱਸਿਆ ਕਿ ਕਾਨਫ਼ਰੰਸ ਵਿੱਚ ਛੇ ਅਕਾਦਮਿਕ ਸੈਸ਼ਨ ਰੱਖੇ ਗਏ ਹਨ, ਜਿਸ ਵਿੱਚ ਵਿਗਿਆਨ, ਸਮਾਜ-ਵਿਗਿਆਨ, ਕਲਾ, ਸਾਹਿਤ, ਵਣਜ, ਕਨੂੰਨ, ਔਸ਼ਧੀ-ਵਿਗਿਆਨ ਆਦਿ ਖੇਤਰਾਂ ਵਿੱਚ ਪੰਜਾਬੀ ਦੇ ਹਵਾਲੇ ਨਾਲ ਕੰਮ ਕਰਨ ਵਾਲੇ ਵਿਦਵਾਨਾਂ ਨੂੰ ਖੋਜ-ਪੱਤਰ ਪੇਸ਼ ਕਰਨ ਲਈ ਸੱਦਾ ਦਿੱਤਾ ਗਿਆ ਹੈ। ਕਾਨਫ਼ਰੰਸ ਦਾ ‘ਵਿਦਾਇਗੀ ਸੈਸ਼ਨ’ 30 ਜਨਵਰੀ ਨੂੰ ਸੈਨੇਟ ਹਾਲ ਵਿਖੇ ਹੋਵੇਗਾ, ਜਿਸ ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ‘ਵਿਦਾਇਗੀ ਭਾਸ਼ਣ’ ਡਾ. ਸਤੀਸ਼ ਕੁਮਾਰ ਵਰਮਾ ਦੇਣਗੇ। ਡਾ. ਰਵੇਲ ਸਿੰਘ, ਕਨਵੀਨਰ, ਪੰਜਾਬੀ ਸਲਾਹਕਾਰ ਬੋਰਡ, ਸਾਹਿਤ ਅਕਾਦਮੀ, ਦਿੱਲੀ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਣਗੇ। ਕਾਨਫ਼ਰੰਸ ਵਿੱਚ ਸਿਰਫ਼ ਅਕਾਦਮਿਕਤਾ ਦੇ ਖੇਤਰ ਨੂੰ ਹੀ ਸ਼ਾਮਿਲ ਨਹੀਂ ਕੀਤਾ ਗਿਆ ਬਲਕਿ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਹਵਾਲੇ ਨਾਲ ਪ੍ਰੋਗਰਾਮ ਉਲੀਕੇ ਗਏ ਹਨ, ਜਿਸ ਵਿੱਚ ਪਹਿਲੇ ਦਿਨ ਦੀ ਸ਼ਾਮ ਨੂੰ ਗੁਰੂ ਤੇਗ ਬਹਾਦਰ ਹਾਲ ਵਿਖੇ ਪੰਜਾਬੀ ਯੂਨੀਵਰਸਿਟੀ ਦੇ ਆਜੀਵਨ ਫ਼ੈਲੋ ਪਦਮਸ੍ਰੀ ਹੰਸ ਰਾਜ ਹੰਸ ਜੀ ਦੀ ‘ਸੂਫ਼ੀਆਨਾ ਸ਼ਾਮ’ ਦਾ ਆਯੋਜਨ ਕੀਤਾ ਗਿਆ ਹੈ। ਇਸ ‘ਸੂਫ਼ੀਆਨਾ ਸ਼ਾਮ’ ਵਿੱਚ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਇਸ ਸ਼ਾਮ ਦੀ ਪ੍ਰਧਾਨਗੀ ਉਪ-ਕੁਲਪਤੀ ਡਾ. ਜਗਦੀਪ ਸਿੰਘ ਕਰਨਗੇ। ਭਾਸ਼ਾ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਦੋ ਸੱਭਿਆਚਾਰਿਕ ਸ਼ਾਮਾਂ ਉਲੀਕੀਆਂ ਗਈਆਂ ਹਨ, ਜਿਸ ਵਿੱਚ ਕਾਨਫ਼ਰੰਸ ਦੇ ਦੂਜੀ ਸ਼ਾਮ ਪ੍ਰਸਿੱਧ ਰੰਗਕਰਮੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿੱਚ ਭਾਸ਼ਾ ਦੇ ਥੀਮ ਨਾਲ ਜੁੜੇ ਹੋਏ ਨਾਟਕ ‘ਸਾਂਦਲਬਾਰ’ ਦੀ ਪੇਸ਼ਕਾਰੀ ਰੱਖੀ ਗਈ ਹੈ। ਇਸ ਤੋਂ ਬਿਨਾ ਕਾਨਫ਼ਰੰਸ ਦੇ ਅੰਤਲੇ ਦਿਨ ਦੀ ਸ਼ਾਮ ਨੂੰ ਕਲਾ ਭਵਨ ਵਿਖੇ ‘ਤ੍ਰੈ-ਭਾਸ਼ੀ ਕਵੀ ਦਰਬਾਰ’ ਦਾ ਆਯੋਜਨ ਕੀਤਾ ਜਾਣਾ ਹੈ ਜਿਸ ਵਿੱਚ ਪੰਜਾਬੀ, ਉਰਦੂ ਅਤੇ ਹਿੰਦੀ ਦੇ ਨਾਮਵਰ ਕਵੀ ਸ਼ਮੂਲੀਅਤ ਕਰਨਗੇ।



## ਖ਼ਾਲਸਾ ਕਾਲਜ ਵਿਖੇ ਰਾਸ਼ਟਰੀ ਵੋਟਰ ਦਿਵਸ ਮੌਕੇ ਵਿਸ਼ੇਸ਼ ਪ੍ਰੋਗਰਾਮ




ਪਟਿਆਲਾ, 25 ਜਨਵਰੀ (ਚ.ਨ.ਸ.): ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਰਾਜਨੀਤਿਕ ਵਿਗਿਆਨ ਵਿਭਾਗ ਅਤੇ ਫ਼ਾਈਨ ਆਰਟਸ ਵਿਭਾਗ ਵੱਲੋਂ ਸਾਂਝੇ ਤੌਰ ਤੇ ਭਾਰਤੀ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਤੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਵੱਲੋਂ ਨੌਜਵਾਨ ਵੋਟਰਾਂ ਨੂੰ ਵੋਟ ਦੇ ਅਧਿਕਾਰ ਦੀ ਉਚਿਤ ਵਰਤੋਂ ਕਰਨ ਲਈ ਜਾਗਰੂਕ ਕਰਨ ਹਿੱਤ ਕਰਵਾਏ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਗਈ। ਉਹਨਾਂ ਕਿਹਾ ਕਿ ਵਰਤਮਾਨ ਸਮੇਂ ਲੋਕਤੰਤਰ ਪ੍ਰਤੀ ਨੌਜਵਾਨਾਂ ਦੀ ਦਿਲਚਸਪੀ ਵਧਾਉਣਾ ਇੱਕ ਵੱਡੀ ਚੁਣੌਤੀ ਹੈ ਅਤੇ ਇਹ ਤਾਂ ਹੀ ਸੰਭਵ ਹੋਵੇਗੀ ਜੇਕਰ ਨੌਜਵਾਨਾਂ ਨੂੰ ਵੱਖ-ਵੱਖ ਢੰਗ ਤਰੀਕਿਆਂ ਨਾਲ ਲੋਕਤੰਤਰੀ ਪ੍ਰਕਿਰਿਆ ਅਤੇ ਲੋਕਤੰਤਰੀ ਸੰਸਥਾਵਾਂ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਣ। ਇਸ ਮੌਕੇ ਬੋਲਦਿਆਂ ਰਾਜਨੀਤਿਕ ਵਿਗਿਆਨ ਵਿਭਾਗ ਮੁਖੀ ਡਾ. ਜਗਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤੀ ਲੋਕਤੰਤਰ ਵਿੱਚ ਚੋਣ ਪ੍ਰਕਿਰਿਆ ਨੂੰ ਸਫ਼ਲ ਬਣਾਉਣ ਅਤੇ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਹਰ ਸਾਲ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸਵੀਪ ਮੁਹਿੰਮ ਅਧੀਨ ਕਾਲਜ ਵਿੱਚ ਅਠਾਰਾਂ ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀਆਂ ਨੂੰ ਨਵੇਂ ਵੋਟਰ ਵਜੋ ਰਜਿਸਟਰਡ ਕੀਤਾ ਜਾਂਦਾ ਹੈ ਅਤੇ ਚੋਣ ਪ੍ਰਣਾਲੀ ਅਤੇ ਵੋਟ ਦੀ ਮਹੱਤਤਾ ਸਮਝਾਉਣ ਹਿੱਤ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਮੌਕੇ ਕਾਲਜ ਦੇ ਫ਼ਾਈਨ ਆਰਟਸ ਵਿਭਾਗ ਮੁਖੀ ਡਾ. ਮਨਵੀਰ ਕੌਰ ਦੀ ਦੇਖ-ਰੇਖ ਅਧੀਨ ਕਾਲਜ ਵਿਦਿਆਰਥੀਆਂ ਦਾ ਪੋਸਟਰ ਮੇਕਿੰਗ ਮੁਕਾਬਲਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਅਮਾਨਤ, ਸੁਖਪ੍ਰੀਤ ਕੌਰ ਅਤੇ ਜਸ਼ਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਦੌਰਾਨ ਵੋਟ ਦੇ ਅਧਿਕਾਰ ਦੀ ਉਚਿਤ ਅਤੇ ਲਾਜਮੀ ਵਰਤੋਂ ਕਰਨ ਲਈ ਵਿਦਿਆਰਥੀਆਂ ਨੂੰ ਸਹੁੰ ਵੀ ਚੁਕਾਈ ਗਈ। ਇਸ ਪ੍ਰੋਗਰਾਮ ਦੌਰਾਨ ਪ੍ਰੋ. ਮਨਪ੍ਰੀਤ ਕੌਰ ,ਪ੍ਰੋ. ਹਰਮਨਪ੍ਰੀਤ ਸਿੰਘ , ਪ੍ਰੋ. ਸੰਦੀਪ ਕੌਰ ਅਤੇ ਡਾ: ਉਪਾਸਨਾ ਗਰਗ ਵੀ ਹਾਜ਼ਰ ਸਨ।

## ਕੁੱਟਮਾਰ ਕਰਨ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਸਬੰਧੀ ਪਿਓ-ਪੁੱਤਰ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 25 ਜਨਵਰੀ (ਵਿਜੇ ਕੁਮਾਰ) : ਸਾਂਝੀ ਕੰਧ ਨੂੰ ਲੈ ਕੇ ਗੁਆਂਢੀਆਂ ਵਿਚਕਾਰ ਹੋਏ ਝਗੜੇ ਦੌਰਾਨ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਸਦਰ ਪੁਲਿਸ ਨੇ ਪਿਓ-ਪੁੱਤਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਅਜਾਇਬ ਸਿੰਘ ਅਤੇ ਉਸ ਦਾ ਪੁੱਤਰ ਸੁਖਚੈਨ ਸਿੰਘ ਵਾਸੀ ਪਿੰਡ ਡਰੌਲਾ ਸ਼ਾਮਲ ਹਨ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐੱਸ.ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਜਸਵੀਰ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਡਰੌਲਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 20 ਜਨਵਰੀ ਦੀ ਸਵੇਰ 11 ਵਜੇ ਮੁਲਜ਼ਮਾਂ ਨੇ ਉਸ ਨੂੰ ਘੇਰ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫ਼ਰਾਰ ਸ਼ਹੋ ਗਏ। ਉਸ ਨੂੰ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ।ਅਧਿਕਾਰੀ ਅਨੁਸਾਰ ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।



## ਵਧੀਕ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੀਐਮ ਸਵਨਿਧੀ ਸਕੀਮ ਤਹਿਤ ਵਿਸ਼ੇਸ਼ ਕੈਂਪਾਂ ਦਾ ਸਫ਼ਲ ਆਯੋਜਨ

### ➢50 ਤੋਂ ਵੱਧ ਲੋਨ ਕੇਸ ਡਿਸਬਰਸ, ਸੈਂਕੜੇ ਨਵੇਂ ਕੇਸ ਅਤੇ ਕ੍ਰੈਡਿਟ ਕਾਰਡ ਅਪਲਾਈ ਕਰਵਾਏ

ਮਲੇਰਕੋਟਲਾ, 25 ਜਨਵਰੀ (ਚ.ਨ.ਸ.) : ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਨਗਰ ਕੌਂਸਲ ਮਾਲੇਰਕੋਟਲਾ, ਨਗਰ ਕੌਂਸਲ ਅਹਿਮਦਗੜ੍ਹ ਅਤੇ ਨਗਰ ਪੰਚਾਇਤ ਅਮਰਗੜ੍ਹ ਵਿਖੇ ਪੀਐਮ ਸਵਨਿਧੀ ਸਕੀਮ ਤਹਿਤ ਕ੍ਰੈਡਿਟ ਕਾਰਡ ਅਪਲਾਈ ਕਰਨ ਅਤੇ ਲੋਨ ਡਿਸਬਰਸਮੈਂਟ ਲਈ ਵਿਸ਼ੇਸ਼ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਦੌਰਾਨ ਵੱਖ-ਵੱਖ ਬੈਂਕਾਂ ਵੱਲੋਂ 50 ਤੋਂ ਵੱਧ ਲੋਨ ਕੇਸ ਸਫਲਤਾਪੂਰਵਕ ਡਿਸਬਰਸ ਕੀਤੇ ਗਏ, ਜਦਕਿ ਨਗਰ ਕੌਂਸਲਾਂ ਅਤੇ ਨਗਰ ਪੰਚਾਇਤ ਵੱਲੋਂ ਵੱਡੀ ਗਿਣਤੀ ਵਿੱਚ ਨਵੇਂ ਲੋਨ ਕੇਸ ਅਤੇ ਕ੍ਰੈਡਿਟ ਕਾਰਡ ਅਪਲਾਈ ਕਰਵਾਏ ਗਏ। ਇਸ ਮੌਕੇ ਸਟੇਟ ਬੈਂਕ ਆਫ ਇੰਡੀਆ ਮੋਤੀ ਬਾਜ਼ਾਰ ਬ੍ਰਾਂਚ ਮਾਲੇਰਕੋਟਲਾ ਦੇ ਮੈਨੇਜਰ ਪੁਸ਼ਪਿੰਦਰ ਸ਼ਰਮਾ, ਲੋਨ ਮੈਨੇਜਰ ਹਰਜੀਤ ਸਿੰਘ, ਪੰਜਾਬ ਨੈਸ਼ਨਲ ਬੈਂਕ ਅਮਰਗੜ੍ਹ ਦੇ ਮੈਨੇਜਰ ਹਰਮਨਦੀਪ ਸਿੰਘ, ਪੀਐਮ ਸਵਨਿਧੀ ਸਕੀਮ ਨਗਰ ਕੌਂਸਲ ਮਾਲੇਰਕੋਟਲਾ ਦੇ ਨੋਡਲ ਅਫਸਰ ਅਛਰਾ ਸਿੰਘ, ਨਗਰ ਕੌਂਸਲ ਅਹਿਮਦਗੜ੍ਹ ਦੇ ਨੋਡਲ ਅਫਸਰ ਵਿਜੇ ਅਤੇ ਆਕਾਸ਼, ਸਿਟੀ ਮਿਸ਼ਨ ਮੈਨੇਜਰ ਅਵਿਨਾਸ਼ ਸਿੰਗਲਾ ਅਤੇ ਯਸ਼ਪਾਲ ਸ਼ਰਮਾ ਵੱਲੋਂ ਭਾਗ ਲਿਆ ਗਿਆ।ਜ਼ਿਕਰਯੋਗ ਹੈ ਕਿ ਸਟੇਟ ਬੈਂਕ ਆਫ ਇੰਡੀਆ ਅਹਿਮਦਗੜ੍ਹ ਦੇ ਮੈਨੇਜਰ ਰਿਪੁਦਮਨ ਸਿੰਘ ਵੱਲੋਂ ਪੂਰੇ ਜ਼ਿਲ੍ਹੇ ਵਿੱਚ ਸਕੀਮ ਤਹਿਤ ਤਿੰਨ ਕ੍ਰੈਡਿਟ ਕਾਰਡ ਸਟਰੀਟ ਵੈਂਡਰਾਂ ਨੂੰ ਜਾਰੀ ਕੀਤੇ ਗਏ। ਇਸ ਮੌਕੇ ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ ਨੇ ਬੈਂਕਾਂ ਅਤੇ ਕਮੇਟੀ ਸਟਾਫ ਨੂੰ ਹਦਾਇਤ ਕੀਤੀ ਕਿ ਸਟਰੀਟ ਵੈਂਡਰਾਂ ਨੂੰ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਲੋਨ ਡਿਸਬਰਸ ਕੀਤੇ ਜਾਣ ਅਤੇ ਨਵੇਂ ਰੇੜੀ-ਫੜੀ ਵਾਲਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਵੀ ਸਕੀਮ ਦਾ ਲਾਭ ਦਿਵਾਇਆ ਜਾਵੇ।ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਮਾਲੇਰਕੋਟਲਾ ਵਿੱਚ 15 ਹਜ਼ਾਰ ਰੁਪਏ ਤੱਕ ਦੇ 2597 ਕੇਸ, 25 ਹਜ਼ਾਰ ਰੁਪਏ ਤੱਕ ਦੇ 852 ਕੇਸ ਅਤੇ 50 ਹਜ਼ਾਰ ਰੁਪਏ ਤੱਕ ਦੇ 181 ਕੇਸ ਡਿਸਬਰਸ ਕੀਤੇ ਜਾ ਚੁੱਕੇ ਹਨ, ਜੋ ਕਿ ਸਕੀਮ ਦੀ ਵੱਡੀ ਸਫਲਤਾ ਨੂੰ ਦਰਸਾਉਂਦਾ ਹੈ।




## ਐੱਸ.ਸੀ. /ਬੀ. ਸੀ. ਅਧਿਆਪਕ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ

ਪਟਿਆਲਾ, 25 ਜਨਵਰੀ (ਰੁਪਾਣਾ) :ਐੱਸ ਸੀ /ਬੀ ਸੀ ਅਧਿਆਪਕ ਯੂਨੀਅਨ ਪੰਜਾਬ ਜਿਲ੍ਹਾ ਪਟਿਆਲਾ ਦੀ ਜ਼ਰੂਰੀ ਤੇ ਅਹਿਮ ਮੀਟਿੰਗ ਜਿਲ੍ਹਾ ਪ੍ਰਧਾਨ ਸ. ਲਛਮਣ ਸਿੰਘ ਨਬੀਪੁਰ ਪ੍ਰਧਾਨ ਦੀ ਅਗਵਾਈ ਵਿੱਚ ਹੋਈ। ਮੀਟਿੰਗ ਚ ਸਿੱਖਿਆ ਵਿਭਾਗ ਤੇ ਹੋਰ ਵਿਭਾਗਾਂ ’ਚ ਰਿਜ਼ਰਵੇਸ਼ਨ ਨੀਤੀ ਅਤੇ ਵੈਲਫੇਅਰ ਵਿਭਾਗ ਦੇ ਪੱਤਰਾਂ , ਕੋਰਟ ਦੇ ਆਏ ਫੈਸਲਿਆਂ ਤੇ ਵਿਚਾਰ ਚਰਚਾ ਕੀਤੀ ਗਈ। ਦੇਖਣ ਵਿਚ ਆਇਆ ਹੈ ਕਿ ਮਾੜੀ ਮਾਨਸਿਕਤਾ ਤਹਿਤ ਐੱਸ ਸੀ /ਬੀ ਸੀ ਅਧਿਆਪਕਾਂ/ਮੁਲਾਜ਼ਮਾਂ ਦੇ ਹੱਕ ਵਿੱਚ ਆਏ ਫੈਸਲਿਆ, ਪੱਤਰਾਂ ਆਦਿ ਨੂੰ ਸਿੱਖਿਆ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਵਿਚ ਸਹੀ ਰੂਪ ਵਿੱਚ ਲਾਗੂ ਨਹੀਂ ਕੀਤਾ ਜਾਂਦਾ। ਇਹ ਸਭ ਕੁਝ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਜਿਸ ਚ ਰਾਖਵਾਂਕਰਣ ਸੈੱਲ ਵਿਖੇ ਤਾਇਨਾਤ ਅਧਿਕਾਰੀ, ਜਿਨ੍ਹਾਂ ਨੇ ਇਹਨਾਂ ਪੱਤਰਾਂ ਨੂੰ ਸਹੀ ਰੂਪ ਵਿੱਚ ਲਾਗੂ ਕਰਵਾਉਣਾ ਹੁੰਦਾ ਹੈ,ਓਹ ਹੀ ਪੱਤਰਾਂ ਤੇ ਫੈਸਲਿਆ ਦੇ ਗਲਤ ਅਰਥ ਕੱਢ ਕੇ, ਬਿਨਾਂ ਸੀਨੀਆਰਤਾ ਸੂਚੀ, ਤਰੱਕੀ ਸੂਚੀਆਂ ਦੇਖਿਆਂ ਹੀ ਵਿਭਾਗਾਂ ਵੱਲੋਂ ਗਲਤ ਤਿਆਰ ਕੀਤੇ ਰੋਸਟਰ ਰਜਿਸਟਰਾਂ ਨੂੰ ਹੀ ਪ੍ਰਵਾਨ ਕਰ ਦਿੰਦੇ ਹਨ। ਤਰੱਕੀਆਂ ਕਰਨ ਸਮੇਂ ਬਣਦੀ ਰਿਜਰਵੇਸ਼ਨ ਐਸ ਸੀ ਤੇ ਅੰਗਹੀਣ ਕਰਮਚਾਰੀਆਂ ਨੂੰ ਨਹੀਂ ਦਿੱਤੀ ਜਾਂਦੀ। ਇਸ ਸਬੰਧੀ ਵਾਰ ਵਾਰ ਸਮਾਜਿਕ ਨਿਆਂ ਅਧਿਕਾਰਤਾ ਤੇ ਘਟ ਗਿਣਤੀ ਵਿਭਾਗ ਦੇ ਡਾਇਰੈਕਟਰ , ਸਕੱਤਰ ਤੇ ਮੰਤਰੀ ਨੂੰ ਈ ਮੇਲ ਰਾਹੀਂ ਸਿਕਾਇਤਾਂ ਭੇਜ ਕੇ ਜਾਣੂੰ ਕਰਵਾਇਆ ਗਿਆ ਹੈ। ਪਰ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਮੰਤਰੀ ਡਾਕਟਰ ਬਲਜੀਤ ਕੌਰ ਨੂੰ ਮੀਟਿੰਗ ਲਈ ਜਥੇਬੰਦੀ ਵਲੋਂ ਸਮਾਂ ਮੰਗਿਆ ਗਿਆ। ਪਰ ਅਜੇ ਤੱਕ ਵੀ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ। ਇਸ ਸਭ ਕੁਝ ਨੂੰ ਵਿਚਾਰਦੇ ਹੋਏ ਜਥੇਬੰਦੀ ਨੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 27 ਜਨਵਰੀ 2026 ਨੂੰ ਸਕੱਤਰ ਤੇ ਮੰਤਰੀ ਵਿਰੁੱਧ ਜਿਲਾ ਪੱਧਰ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਡੀਸੀ ਦਫ਼ਤਰ ਪਟਿਆਲਾ ਅੱਗੇ ਰੋਸ ਪ੍ਰਦਰਸ਼ਨ ਉਪਰੰਤ ਪੁਤਲੇ ਸਾੜਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਵਿੱਚ ਸਕੱਤਰ ਜਨਰਲ ਗੁਰਪ੍ਰੀਤ ਸਿੰਘ ਗੁਰੂ , ਜਨਰਲ ਸਕੱਤਰ ਜਗਤਾਰ ਸਿੰਘ ਜੱਗੀ,ਸਕੱਤਰ ਸੁਖਪਾਲ ਸਿੰਘ ਬਕਰਾਹਾ, ਨਾਰੰਗ ਸਿੰਘ, ਪਰੇਮ ਸਿੰਘ ਮੌਲਵੀਵਾਲਾ, ਸਮਸ਼ੇਰ ਸਿੰਘ ਨਿਆਲ, ਪੂਰਨ ਸਿੰਘ ਮੈਣ, ਅਮਰਜੀਤ ਸਿੰਘ, ਬਿਕਰਮਜੀਤ ਸਿੰਘ,ਬਲਵਿੰਦਰ ਸਿੰਘ ਘੱਗਾ, ਅਮਰੀਕ ਸਿੰਘ ਸਮਾਣਾ, ਗੁਰਨੈਬ ਸਿੰਘ, ਬਿਕਰਮਜੀਤ ਰਾਜਪੁਰਾ, ਲਾਲ ਸਿੰਘ ਪਟਿਆਲਾ, ਅਵਤਾਰ ਸਿੰਘ ਸੰਜਾ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



# ਅੱਜ ਪਟਿਆਲਾ ਵਿਖੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਲਹਿਰਾਉਣਗੇ ਤਿਰੰਗਾ

## ਡੀ.ਸੀ. ਤੇ ਐਸ.ਐਸ.ਪੀ ਵੱਲੋਂ ਗਣਤੰਤਰ ਦਿਵਸ ਸਮਾਗਮ ਲਈ ਫੁੱਲ ਡਰੈਸ ਰਿਹਰਸਲ ਦਾ ਜਾਇਜ਼ਾ





ਪਟਿਆਲਾ, 25 ਜਨਵਰੀ (ਰੁਪਾਣਾ/ਵਿਨੋਦ ਸ਼ਰਮਾ) : ਦੇਸ਼ ਦੇ 77ਵੇਂ ਗਣਤੰਤਰ ਦਿਵਸ ਮੌਕੇ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ, ਪੋਲੋ ਗਰਾਊਂਡ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਅੱਜ ਇੱਥੇ ਫੁਲ ਡਰੈਸ ਰਿਹਰਸਲ ਹੋਈ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਇਸ ਮੌਕੇ ਕੌਮੀ ਝੰਡਾ ਲਹਿਰਾਇਆ ਅਤੇ ਐਸ.ਐਸ.ਪੀ ਵਰੁਣ ਸ਼ਰਮਾ ਨਾਲ ਪਰੇਡ ਦਾ ਨਿਰੀਖਣ ਕਰਕੇ ਸਾਰੀ ਰਿਹਰਸਲ ਦਾ ਜਾਇਜ਼ਾ ਲਿਆ। ਇਸ ਦੌਰਾਨ ਏ.ਡੀ.ਸੀਜ ਦਮਨਜੀਤ ਸਿੰਘ ਮਾਨ ਤੇ ਡਾ. ਇਸਮਤ ਵਿਜੇ ਸਿੰਘ, ਐਸ.ਪੀਜ ਵੈਭਵ ਚੌਧਰੀ ਤੇ ਪਲਵਿੰਦਰ ਸਿੰਘ ਚੀਮਾ, ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਸੀ.ਐਮ.ਐਫ.ਓ. ਸਤੀਸ਼ ਚੰਦਰ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ। ਪਰੇਡ ਕਮਾਂਡਰ ਡੀ.ਐਸ.ਪੀ. ਫ਼ਤਹਿ ਸਿੰਘ ਬਰਾੜ ਦੀ ਅਗਵਾਈ ਹੇਠ ਅੱਜ ਰਿਹਰਸਲ ਮੌਕੇ ਮਾਰਚ ਪਾਸਟ ਵਿੱਚ ਆਈ.ਟੀ.ਬੀ.ਪੀ., ਪਟਿਆਲਾ ਪੁਲਿਸ ਦੀਆਂ ਦੋ ਟੁਕੜੀਆਂ (ਪੁਰਸ਼ ਤੇ ਮਹਿਲਾ ਵਿੰਗ), ਪੰਜਾਬ ਹੋਮ ਗਾਰਡਜ, ਐਨ.ਸੀ.ਸੀ ਦੇ ਵੱਖ-ਵੱਖ ਵਿੰਗਾਂ ਦੀਆਂ ਤਿੰਨ ਟੁਕੜੀਆਂ, ਰੈਡ ਕਰਾਸ ਦੀ ਸੈਂਟ ਜੋਨ ਐਂਬੂਲੈਂਸ ਬ੍ਰਿਗੇਡ, ਸਟੂਡੈਂਟ ਪੁਲਿਸ ਕੈਡੇਟ, ਸਕਾਊਟ ਐਂਡ ਗਾਈਡ ਅਤੇ ਆਈ.ਆਰ.ਬੀ. ਦਾ ਪਾਈਪ ਬੈਂਡ ਦੀਆਂ ਟੁਕੜੀਆਂ ਸ਼ਾਮਲ ਰਹੀਆਂ। ਇਸ ਦੌਰਾਨ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਪਟਿਆਲਾ ਵਿਖੇ ਗਣਤੰਤਰ ਸਮਾਗਮ ਮੌਕੇ ਪੰਜਾਬ ਦੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਅਤੇ ਸੂਚਨਾ ਅਤੇ ਲੋਕ ਸੰਪਰਕ ਵਿਭਾਗਾਂ ਦੇ ਮੰਤਰੀ ਸ. ਹਰਜੋਤ ਸਿੰਘ ਬੈਂਸ ਕੌਮੀ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਉਨ੍ਹਾਂ ਨੇ ਸਮਾਗਮ ਦੇ ਪ੍ਰਬੰਧਾਂ ਨੂੰ ਅੰਤਿਮ ਛੂਹਾਂ ਦਿੱਤੇ ਜਾਣ ਬਾਬਤ ਅਧਿਕਾਰੀਆਂ ਨਾਲ ਇੱਕ ਬੈਠਕ ਵੀ ਕੀਤੀ। ਉਨ੍ਹਾਂ ਦੱਸਿਆ ਕਿ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਾਰੇ ਸਮਾਗਮ ਦੀ ਅੱਜ ਫੁਲ ਡਰੈਸ ਰਿਹਰਸਲ ਕਰਵਾਈ ਗਈ ਹੈ। ਵਰਜੀਤ ਵਾਲੀਆ ਨੇ ਦੱਸਿਆ ਕਿ ਸਮਾਗਮ ਮੌਕੇ ਕੈਬਨਿਟ ਮੰਤਰੀ ਜਿੱਥੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਆਪਣਾ ਮਹਾਨ ਯੋਗਦਾਨ ਪਾਉਣ ਵਾਲੇ ਸੁਤੰਤਰਤਾ ਸੈਨਾਨੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਤਰਾਧਿਕਾਰੀਆਂ ਦਾ ਸਨਮਾਨ ਕਰਨਗੇ ਉਥੇ ਵੱਖ-ਵੱਖ ਖੇਤਰਾਂ ਵਿੱਚ ਪ੍ਰਸੰਸਾਯੋਗ ਕੰਮ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਵੀ ਸਨਮਾਨ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਗਮ ਮੌਕੇ ਸਿੱਖਿਆ, ਪੁਲਿਸ, ਸਿਹਤ ਤੇ ਪਰਿਵਾਰ ਭਲਾਈ, ਵਣ ਤੇ ਜੰਗਲੀ ਜੀਵ ਸੁਰੱਖਿਆ, ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ, ਖੇਡ ਵਿਭਾਗ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੀ.ਐਮ. ਦੀ ਯੋਗਸ਼ਾਲਾ, ਪੰਜਾਬ ਰਾਜ ਬਿਜਲੀ ਨਿਗਮ, ਵੇਰਕਾ ਮਿਲਕ ਪਲਾਂਟ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਝਾਕੀਆਂ ਵੀ ਕੱਢੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਣਤੰਤਰ ਦਿਵਸ ਦੇ ਸਮਾਗਮ ਮੌਕੇ ਮਾਡਲ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨ, ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨਿਊ ਪਾਵਰ ਹਾਊਸ ਕਲੋਨੀ, ਵਿਕਟੋਰੀਆ ਸਕੂਲ, ਸਰਕਾਰੀ ਕੰਨਿਆ ਸਕੂਲ ਪੁਰਾਣੀ ਪੁਲਿਸ ਲਾਈਨ, ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਤੇ ਸਰਕਾਰੀ ਸਕੂਲ ਸਨੌਰੀ ਗੇਟ ਦੀਆਂ ਵਿਦਿਆਰਥਣਾਂ ਦੇਸ਼ ਭਗਤੀ ਦੇ ਗੀਤਾਂ 'ਤੇ ਕੋਰੀਓਗ੍ਰਾਫ਼ੀ ਪੇਸ਼ ਕਰਨਗੀਆਂ। ਇਸ ਮੌਕੇ ਪੀ.ਟੀ. ਸ਼ੋਅ 'ਚ ਡੀ.ਏ.ਵੀ. ਪਬਲਿਕ ਸਕੂਲ, ਰਿਆਨ ਇੰਟਰਨੈਸ਼ਨਲ ਸਕੂਲ, ਨਰਾਇਣ ਸਕੂਲ ਅਤੇ ਜੈਮਸ ਪਬਲਿਕ ਸਕੂਲ ਦੇ ਕਰੀਬ 400 ਵਿਦਿਆਰਥੀ ਹਿੱਸਾ ਲੈਣਗੇ ਅਤੇ ਬੁੱਢਾ ਦਲ ਪਬਲਿਕ ਸਕੂਲ ਵੱਲੋਂ ਸਾਡੇ ਦੇਸ਼ ਦੀ ਅਨੇਕਤਾ ਵਿੱਚ ਏਕਤਾ ਨੂੰ ਦਰਸਾਉਂਦੀ ਪੇਸ਼ਕਾਰੀ ਕੀਤੀ ਜਾਵੇਗੀ, ਜਦੋਂਕਿ ਗਿੱਧੇ ਵਿੱਚ ਸਰਕਾਰੀ ਕਾਲਜ ਲੜਕੀਆਂ ਸਮੇਤ ਪੀ.ਐਮ. ਸ੍ਰੀ ਸਰਕਾਰੀ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ, ਸਰਕਾਰੀ ਸਕੂਲ ਮਾਡਲ ਟਾਊਨ, ਸਕੂਲ ਆਫ਼ ਐਮੀਨੈਂਸ ਫੀਲਖਾਨਾ ਅਤੇ ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਸੈਕੰਡਰੀ ਮਾਡਲ ਸਕੂਲ ਦੀਆਂ ਲੜਕੀਆਂ ਸ਼ਾਮਲ ਹੋਣਗੀਆਂ।

# ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲ ਗੁਰਮਤਿ ਸਮਾਗਮ ਨਾਲ ਸਮਾਪਤ

## ਗੁਰਦੁਆਰਾ ਪ੍ਰਬੰਧਕਾਂ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦਾ ਕੀਤਾ ਸਨਮਾਨ

ਪਟਿਆਲਾ, 25 ਜਨਵਰੀ (ਰੁਪਾਣਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲ ਸ਼ਾਨੋ ਸ਼ੌਕਤ ਅਤੇ ਗੁਰਮਤਿ ਸਮਾਗਮ ਨਾਲ ਸਮਾਪਤ ਹੋਇਆ। ਦੇਰ ਰਾਤ ਕਰਵਾਏ ਗੁਰਮਤਿ ਸਮਾਗਮ ਦੌਰਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੰਵਲਜੀਤ ਸਿੰਘ, ਭਾਈ ਜਗਤਾਰ ਸਿੰਘ ਅਤੇ ਭਾਈ ਸ਼ੁਭਦੀਪ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਅਤੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਕਥਾਵਾਚਕ ਪ੍ਰਿਤਪਾਲ ਸਿੰਘ ਨੇ ਪੁੱਜੀਆਂ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਦੌਰਾਨ ਸਹਿਯੋਗ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਮੈਨੇਜਰ ਭਾਗ ਸਿੰਘ ਨੇ ਦੱਸਿਆ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਕਾਰਜਾਂ ਨੂੰ ਨੇਪਰੇ ਚਾੜਨ ਲਈ ਤਾਇਨਾਤ ਕੀਤਾ ਗਿਆ, ਜਿਨ੍ਹਾਂ ਨੇ ਆਪਣਾ ਕਾਰਜਾਂ ਵਿਚ ਪਾਰਦਰਸ਼ਤਾ ਲਿਆਉਣ ਲਈ ਆਪਣਾ ਅਹਿਮ ਯੋਗਦਾਨ ਪਾਇਆ। ਗੁਰੂ ਘਰ ਦੀ ਪ੍ਰੰਪਰਾ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਵਿਚ ਸ਼ਾਮਲ ਸਹਾਇਕ ਚੀਫ ਤਲਵਿੰਦਰ ਸਿੰਘ, ਫਲਾਇੰਗ ਇੰਚਾਰਜ ਸਰਬਜੀਤ ਸਿੰਘ ਤੋਂ ਇਲਾਵਾ ਇੰਸਪੈਕਟਰ ਸਾਹਿਬਾਨਾਂ ਵਿਚ ਰਾਜਵਿੰਦਰ ਸਿੰਘ, ਚਿੰਤਵੰਤ ਸਿੰਘ, ਗੁਰਜੀਤ ਸਿੰਘ ਮੀਤ ਮੈਨੇਜਰ, ਸੁਖਮਿੰਦਰ ਸਿੰਘ ਇੰਸਪੈਕਟਰ, ਹਰਮੀਤ ਸਿੰਘ, ਗੁਰਿੰਦਰ ਸਿੰਘ ਚੇਤਨ ਸਿੰਘ, ਹਰਮੀਤ ਸਿੰਘ ਆਦਿ ਨੇ ਆਪਣਾ ਅਹਿਮ ਸਹਿਯੋਗ ਕੀਤਾ। ਇਸ ਮੌਕੇ ਮੈਨੇਜਰ ਭਾਗ ਸਿੰਘ ਨੇ ਬਸੰਤ ਪੰਚਮੀ ਦੇ ਸਾਲਾਨਾ ਜੋੜ ਦੌਰਾਨ ਡਿਊਟੀਆਂ ਨਿਭਾਉਣ ਵਾਲੇ ਮੁਲਾਜ਼ਮਾਂ,



ਪੁੱਜੀਆਂ ਸਖਸ਼ੀਅਤਾਂ ਅਤੇ ਕਾਰਜਾਂ ਦੀ ਮੀਡੀਆ ਕਵਰੇਜ ਕਰਨ ਵਾਲੇ ਪੱਤਰਕਾਰ ਸਾਹਿਬਾਨਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਜਸਵਿੰਦਰ ਸਿੰਘ ਬਿੱਲਾ, ਸੁਪਰਵਾਈਜ਼ਰ ਵਰਿੰਦਰ ਸਿੰਘ ਗੋਲਡੀ, ਅਕਾਊਂਟੈਂਟ ਗੁਰਮੀਤ ਸਿੰਘ, ਰਿਕਾਰਡਕੀਪਰ ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਸੁਖਦੇਵ ਸਿੰਘ ਕਾਹਲਵਾਂ, ਮਨਜੀਤ ਸਿੰਘ ਪਵਾਰ, ਹਰਵਿੰਦਰ ਸਿੰਘ ਕਾਹਲਵਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

## ਲੈਕਚਰਾਰ ਸੁਸ਼ੀਲ ਕੁਮਾਰ ਸ਼ਰਮਾ ਦਾ ਸਨਮਾਨ



ਸਮਾਣਾ, 25 ਜਨਵਰੀ (ਵਿਜੇ ਕੁਮਾਰ) : 16ਵੇਂ ਨੈਸ਼ਨਲ ਵੋਟਰ ਦਿਵਸ ਤੇ ਡੀ.ਸੀ. ਦਫਤਰ ਪਟਿਆਲਾ ਵੱਲੋਂ ਸਮਾਣਾ ਹਲਕਾ-116 ਦੇ ਸਵੀਪ ਨੋਡਲ ਅਫਸਰ ਗੁਰਪ੍ਰੀਤ ਸਿੰਘ ਗੋਲਡੀ ਬੀ.ਪੀ.ਈ.ਓ ਅਤੇ ਅਸਿਸਟੈਂਟ ਨੋਡਲ ਅਫਸਰ ਸਵੀਪ ਲੈਕਚਰਾਰ ਸੁਸ਼ੀਲ ਕੁਮਾਰ ਸ਼ਰਮਾ ਕਾਰਜਕਾਰੀ ਪ੍ਰਿੰਸੀਪਲ ਪੀ.ਐੱਮ. ਸ਼੍ਰੀ ਸਰਕਾਰੀ ਕੰਨਿਆ ਸਕੂਲ ਸਮਾਣਾ ਦਾ ਸਨਮਾਨ ਉਹਨਾਂ ਦੇ ਸੱਤ ਸਾਲਾਂ ਦੇ ਕੀਤੇ ਗਏ ਸਵੀਪ ਸਬੰਧੀ ਕੰਮ ਲਈ ਐਸ ਸਰਕਾਰੀ ਬਿਕਰਮ ਕਾਲਜ ਵਿਖੇ ਸਨਮਾਨ ਕੀਤਾ ਗਿਆ। ਇਹ ਸਨਮਾਨ ਸਾਡੇ ਮਾਨਯੋਗ ਏ.ਡੀ.ਸੀ ਜਨਰਲ ਸ਼੍ਰੀਮਤੀ ਸਿਮਰਪ੍ਰੀਤ ਕੌਰ ਅਤੇ ਐਸ.ਡੀ.ਐਮ. ਪਟਿਆਲਾ ਸ਼੍ਰੀਮਤੀ ਹਰਜੋਤ ਕੌਰ ਤੇ ਸਵੀਪ ਨੋਡਲ ਅਫਸਰ ਪਟਿਆਲਾ ਸ੍ਰੀ ਰੇਖੀ ਵੱਲੋਂ ਬਿਕਰਮ ਕਾਲਜ ਵਿਖੇ ਦਿੱਤਾ ਗਿਆ।



**ਐਸ.ਡੀ.ਐਮ ਹਰਜੋਤ ਕੌਰ ਮਾਵੀ, ਡਾ. ਇਸਮਤ ਵਿਜੇ ਸਿੰਘ, ਮੈਡਮ ਸਿਮਰਪ੍ਰੀਤ ਕੌਰ ਏਡੀਸੀ ਅਤੇ ਪਟਿਆਲਾ ਪ੍ਰਸ਼ਾਸਨ ਤੇ ਇਲੈਕਸ਼ਨ ਵਿਭਾਗ ਪਟਿਆਲਾ ਵੱਲੋਂ 113 ਹਲਕਾ ਘਨੌਰ ਬਤੌਰ ਸਵੀਪ ਨੋਡਲ ਅਫ਼ਸਰ (ਇਲੈਕਸ਼ਨ) ਦੀ ਬਿਹਤਰੀਨ ਸੇਵਾ ਬਦਲੇ ਵਿਸ਼ੇਸ਼ ਸਨਮਾਨ ਕੀਤਾ। (ਫੋਟੋ ਤੇ ਵੇਰਵਾ ਮਦਨ ਘਨੌਰ)**

# ਨਵੇਂ ਡੀ.ਸੀ. ਵਰਜੀਤ ਵਾਲੀਆ ਦੀ ਅਗਵਾਈ ਹੇਠ ਜ਼ਿਲ੍ਹਾ ਨਵੀਆਂ ਬੁਲੰਦੀਆਂ ਨੂੰ ਛੂਹੇਗਾ : ਪ੍ਰਾਣ ਸੱਭਰਵਾਲ



ਪਟਿਆਲਾ, 25 ਜਨਵਰੀ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੁਸਾਇਟੀ (ਨਟਾਸ) ਨੇ ਨਵੇਂ ਪਟਿਆਲਾ ਡੀ.ਸੀ. ਸ਼੍ਰੀ ਵਰਜੀਤ ਵਾਲੀਆ ਆਈ.ਏ.ਐਸ. ਨੂੰ ਡੀ.ਸੀ. ਕੰਪਲੈਕਸ ਵਿਖੇ ਆਯੋਜਿਤ ਇਕ ਸਾਦਾ ਪਰ ਸਨੇਹ ਭਰਭੂਰ ਸਨਮਾਨ ਸਮਾਗਮ ਵਿਚ ਸਨਮਾਨਤ ਕੀਤਾ. ਨਟਾਸ ਡਾਇਰੈਕਟਰ ਤੇ ਸ਼੍ਰੀ ਪ੍ਰਾਣ ਸੱਭਰਵਾਲ ਪਦਮ ਸ਼੍ਰੀ ਅਵਾਰਡੀ, ਅੰਮ੍ਰਿਤਪਾਲ ਸਿੰਘ, ਹਰਪਾਲ ਮਾਨ ਆਦਿ ਕਲਾਕਾਰਾਂ ਨੇ ਡੀ.ਸੀ. ਸਾਹਿਬ ਨੂੰ ਅਵਾਰਡ ਆਫ ਆਨਰ, ਸ਼ਾਲ, ਗੁਲਦਸਤੇ ਭੇਂਟ ਕਰਕੇ ਸਨਮਾਨਿਤ ਕੀਤਾ। ਨਟਾਸ ਪ੍ਰਧਾਨ ਸ਼੍ਰੀ ਜੀ.ਐਸ. ਕੱਕੜ ਅਤੇ ਪ੍ਰਾਣ ਸੱਭਰਵਾਲ ਨੇ ਦਸਿਆ ਕਿ ਸ਼੍ਰੀ ਵਰਜੀਤ ਵਾਲੀਆ ਇੱਕ ਇਮਾਨਦਾਰ, ਲੋਕ ਹਿਤੈਸ਼ੀ, ਕੁਸ਼ਲ ਪ੍ਰਸ਼ਾਸ਼ਕ ਦੇ ਤੌਰ ਤੇ ਜਾਣੇ ਜਾਂਦੇ ਹਨ। ਸੱਭਰਵਾਲ ਨੇ ਕਿਹਾ ਕਿ ਡੀ.ਸੀ. ਵਰਜੀਤ ਵਾਲੀਆ ਦੀ ਅਗਵਾਈ ਹੇਠ ਜ਼ਿਲ੍ਹਾ ਪਟਿਆਲਾ ਨਵੀਆਂ ਉਚਾਈਆਂ ਨੂੰ ਛੂਹੇਗਾ ਅਤੇ ਥੀਏਟਰ ਕਲਾਵਾਂ ਨੂੰ ਵੀ ਬਲ ਮਿਲੇਗਾ. ਨਟਾਸ ਨੇ ਉਨ੍ਹਾਂ ਦੀ ਸੁਖ-ਸ਼ਾਂਤੀ ਅਤੇ ਸਮਰਿੱਧੀ ਲਈ ਸ਼ੁੱਭ ਇਛਾਵਾਂ ਭੇਂਟ ਕੀਤੀਆਂ ਅਤੇ ਸਰਕਾਰੀ ਸਕੀਮਾਂ ਨੂੰ ਸਿਰੇ ਚਾੜਨ ਵਿਚ ਸਹਿਯੋਗ ਦਾ ਭਰੋਸਾ ਦਿਵਾਇਆ. ਡੀ.ਸੀ. ਸਾਹਿਬ ਨੇ ਨਟਾਸ ਦੀ 25 ਸਾਲ ਪੁਰਾਣੀ ਬਾਰਾਦਰੀ ਗਾਰਡਨ ਥੀਏਟਰ ਲਹਿਰ ਤਹਿਤ ਹੁਣ ਤੱਕ 281 ਮਾਸਿਕ ਨਾਟਕ ਮੇਲਿਆਂ ਦੇ ਸਫਲ ਆਯੋਜਿਨ ਬਾਰੇ ਪ੍ਰਸ਼ੰਸਾ ਕੀਤੀ। ਸ਼੍ਰੀ ਸੱਭਰਵਾਲ ਨੇ ਦਸਿਆ ਕਿ ਇਸ ਅਭੀਨੰਦਨ ਉਦਮ ਵਿਚ ਨਟਾਸ ਦੇ ਮੁੱਖ ਸਰਪਰਸਤ ਦਾਨਵੀਰ ਡਾ: ਐਸ.ਪੀ. ਸਿੰਘ ਓਬਰਾਏ (ਦੁਬਈ), ਪ੍ਰਧਾਨ ਸ੍ਰ: ਗੁਰਬਚਨ ਸਿੰਘ ਕੱਕੜ, ਸੀ.ਮੀਤ ਪ੍ਰਧਾਨ ਸਾਹਿਬਾਨ ਸ਼੍ਰੀ ਰਾਜਿੰਦਰ ਵਰਮਾ, ਸ਼੍ਰੀ ਪੀ.ਸੀ. ਤਿਵਾੜੀ, ਚੇਅਰਮੈਨ ਅਕਸ਼ੇ ਗੋਪਾਲ ਅਤੇ ਸਮੂੰਹ ਕਲਾਕਾਰਾਂ ਦੀਆਂ ਸ਼ੁਭਇਛਾਵਾਂ ਸ਼ਾਮਲ ਹਨ।

# ਸਰਕਾਰੀ ਬਿਕਰਮ ਕਾਲਜ ਵਿਖੇ ਜ਼ਿਲ੍ਹਾ ਪੱਧਰੀ ਰਾਸ਼ਟਰੀ ਵੋਟਰ ਦਿਵਸ ਮਨਾਇਆ



ਪਟਿਆਲਾ, 25 ਜਨਵਰੀ (ਰੁਪਾਣਾ) : ਮੁੱਖ ਚੋਣ ਅਫਸਰ ਪੰਜਾਬ ਅਤੇ ਜ਼ਿਲਾ ਚੋਣ ਅਫਸਰ ਪਟਿਆਲਾ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਪੱਧਰੀ ਵੋਟਰ ਦਿਵਸ ਸਮਾਗਮ ਸ਼ਹੀਦ ਭਗਤ ਸਿੰਘ ਹਾਲ, ਸਰਕਾਰੀ ਬਿਕਰਮ ਕਾਲਜ ਆਫ ਕਾਮਰਸ, ਪਟਿਆਲਾ ਵਿਖੇ ਮਨਾਇਆ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਇਸਮਤ ਵਿਜੇ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ ਉਹਨਾਂ ਨੇ ਸਾਰੇ ਯੋਗ ਵੋਟਰਾਂ ਨੂੰ ਬਿਨਾਂ ਕਿਸੇ ਡਰ ਭੇਦਭਾਵ ਦੇ ਆਪਣੀ ਵੋਟ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਸਾਰੇ ਯੋਗ ਵੋਟਰਾਂ ਨੂੰ ਆਪਣ ਵੋਟ ਬਣਾਉਣ ਅਤੇ ਵੋਟਰ ਵਜੋਂ ਰਜਿਸਟਰ ਕਰਨ ਦੀ ਅਪੀਲ ਕੀਤੀ, ਉਹਨਾਂ ਨੇ ਕਿਹਾ ਕਿ ਦੇਸ਼ ਦਾ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਸਾਰੇ ਜ਼ਿੰਮੇਵਾਰ ਨਾਗਰਿਕ ਵੋਟਰ ਬਣ ਕੇ ਵੱਧ ਤੋਂ ਵੱਧ ਮਤਦਾਨ ਕਰਨ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਐਸ ਡੀ ਐਮ ਪਟਿਆਲਾ ਹਰਜੋਤ ਕੌਰ ਨੇ ਆਪਣੇ ਸੰਬੋਧਨ ਵਿੱਚ ਲੋਕਤੰਤਰ ਦੀ ਮਜ਼ਬੂਤੀ ਲਈ ਨਾਗਰਿਕਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਅਤੇ ਚੋਣ ਕਮਿਸ਼ਨ ਵਲੋਂ ਜਾਰੀ ਐਪਸ ਅਤੇ ਇਨ੍ਹਾਂ ਦੇ ਮਹੱਤਵ ਬਾਰੇ ਦੱਸਿਆ। ਇਸ ਮੌਕੇ 18-19 ਸਾਲ ਦੇ ਨਵੇਂ ਨੌਜਵਾਨ ਵੋਟਰਾਂ ਨੂੰ ਵੋਟਰ ਕਾਰਡ ਵੰਡੇ ਗਏ। ਜ਼ਿਲ੍ਹਾ ਸਵੀਪ ਨੋਡਲ ਅਫਸਰ, ਸਵਿੰਦਰ ਸਿੰਘ ਰੇਖੀ ਨੇ ਰਾਸ਼ਟਰੀ ਵੋਟਰ ਦਿਵਸ ਮੌਕੇ ਹਾਜ਼ਰੀਨ ਅਤੇ ਪਤਵੰਤਿਆਂ ਨੂੰ ਵੋਟਰ ਸਹੁੰ ਚੁਕਾਈ। ਇਸ ਮੌਕੇ ਮਹਿੰਦਰਾ ਕਾਲਜ ਦੇ ਵਿਦਿਆਰਥੀ ਸਾਗਰ ਵਿੱਚ ਵੋਟਰ ਜਾਗਰੂਕਤਾ ਵਿਸ਼ੇ ਉੱਪਰ ਇੱਕ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ। ਸਰਕਾਰੀ ਸਟੇਟ ਕਾਲਜ ਅਤੇ ਬਿਕਰਮ ਕਾਲਜ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗਈਤ ਪੇਸ਼ ਕੀਤਾ ਗਿਆ। ਇਸ ਮੌਕੇ ਸਰਵੋਤਮ ਈ.ਆਰ.ਓ. ਕਨੂੰ ਗਰਗ, ਪੀ.ਸੀ.ਐਸ., ਈ.ਆਰ.ਓ. 109-ਨਾਭਾ-ਕਮ-ਐਸ.ਡੀ.ਐਮ. ਨਾਭਾ, ਸਰਵੋਤਮ ਨੋਡਲ ਅਫਸਰ ਸ਼੍ਰੀ ਨਰਿੰਦਰ ਸਿੰਘ ਢੀਂਡਸਾ, ਸਰਵੋਤਮ ਬੂਥ ਲੈਵਲ ਅਫਸਰ ਸ਼੍ਰੀ ਅਕਾਸ਼ਇੰਦਰ ਸਿੰਘ, ਹਲਕਾ 116-ਸਮਾਣਾ ਨੂੰ ਸਰਟੀਫਿਕੇਟ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸਾਲ 2025 ਦੌਰਾਨ ਵੋਟਰ ਜਾਗਰੂਕਤਾ ਨਾਲ ਸਬੰਧਤ ਵਧੀਆ ਗਤੀਵਿਧੀਆਂ ਕਰਨ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਜ਼ਿਲ੍ਹਾ ਚੋਣ ਅਫਸਰ ਜੀ ਵੱਲੋਂ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸਰਕਾਰੀ ਬਿਕਰਮ ਕਾਲਜ ਫਾਰ ਕਾਮਰਸ ਦੇ ਪ੍ਰੋ. ਵਿਵੇਕ ਪ੍ਰੋ. ਰਿਤੂ ਕਪੂਰ ਅਤੇ ਪ੍ਰੋ. ਰਜਨੀ ਬਾਲਾ ਵੱਲੋਂ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਤੇ ਵਿਜੇ ਕੁਮਾਰ ਚੌਧਰੀ, ਚੋਣ ਤਹਿਸੀਲਦਾਰ, ਪਟਿਆਲਾ, ਸ਼੍ਰੀ ਮੋਹਿਤ ਕੌਸ਼ਲ ਸਹਾਇਕ ਸਵੀਪ ਨੋਡਲ ਅਫਸਰ, ਰੁਪਿੰਦਰ ਸਿੰਘ ਗੁਰਪ੍ਰੀਤ ਸਿੰਘ ਸੁਸ਼ੀਲ ਸ਼ਰਮਾ, ਜ਼ਿਲਾ ਸਵੀਪ ਆਈਕੌਨ ਜਗਵਿੰਦਰ ਸਿੰਘ , ਜਗਦੀਪ ਸਿੰਘ , ਆਈ ਟੀ ਆਈ ਤੋਂ ਜਗਦੀਪ ਜੋਸ਼ੀ, ਪਟਿਆਲ਼ਾ ਰੂਰਲ ਤੋਂ ਸਤਬੀਰ ਸਿੰਘ ਗਿੱਲ , ਡੀ ਸੀ ਆਫਿਸ ਤੋਂ ਤੇਜ਼ ਪਰਕਾਸ਼, ਪਾਰਸ, ਰਮਣੀਕ ਪਟਿਆਲਾ ਆਦਿ ਹਾਜ਼ਰ ਸਨ।

# ਕੌਮਾਂਤਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਭਾਰਤੀ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ



ਪਟਿਆਲਾ, 25 ਜਨਵਰੀ (ਚ.ਨ.ਸ.) : ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਉਹ ਜਾਪਾਨ ਦੇ ਟੋਕੀਓ ਵਿੱਚ ਰੇਂਕੋਜੀ ਮੰਦਰ ਵਿੱਚ ਸੁਰੱਖਿਅਤ ਨੇਤਾਜੀ ਸੁਭਾਸ਼ ਚੰਦਰ ਬੋਸ ਦੀਆਂ ਅਸਥੀਆਂ ਦਾ ਡੀਐਨਏ ਟੈਸਟ ਕਰਵਾ ਕੇ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਜੀਵਨ ਅਤੇ ਮੌਤ ਨਾਲ ਜੁੜੇ ਰਹੱਸਾਂ ਨੂੰ ਖੋਲ੍ਹ ਕੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਆਪਣਾ ਵਾਅਦਾ ਪੂਰਾ ਕਰਨ ਅਤੇ ਭਾਰਤ ਦੇ ਲੋਕਾਂ ਪ੍ਰਤੀ ਆਪਣਾ ਫਰਜ਼ ਨਿਭਾਉਣ। ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਜੋ ਕਿ ਇੱਕ ਸਮਾਜ ਸੇਵੀ ਜਾਗਰੂਕ ਨਾਗਰਿਕ ਅਤੇ ਇੱਕ ਸੇਵਾਮੁਕਤ ਅਧਿਆਪਕ ਹਨ ਨੇ ਇਸ ਪੱਤਰ ਰਾਹੀਂ ਲੱਖਾਂ ਭਾਰਤੀਆਂ ਦੀਆਂ ਭਾਵਨਾਵਾਂ ਅਤੇ ਰਾਸ਼ਟਰੀ ਸਵੈਮਾਨ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਇੱਕ ਰਾਸ਼ਟਰੀ ਮੁੱਦੇ ਵੱਲ ਪ੍ਰਧਾਨ ਮੰਤਰੀ ਮੋਦੀ ਦਾ ਧਿਆਨ ਖਿੱਚਿਆ ਹੈ। ਨੇਤਾਜੀ ਸੁਭਾਸ਼ ਚੰਦਰ ਬੋਸ ਦਾ ਜੀਵਨ ਅਤੇ ਮੌਤ ਸਾਲ 1945 ਤੋਂ ਹੀ ਇੱਕ ਰਹੱਸ ਬਣਿਆ ਹੋਇਆ ਹੈ। ਜਦੋਂ ਕਿ ਕੁਝ ਸਰਕਾਰੀ ਦਸਤਾਵੇਜ਼ 18 ਅਗਸਤ, 1945 ਦੇ ਜਹਾਜ਼ ਹਾਦਸੇ ਨੂੰ ਸਵੀਕਾਰ ਕਰਦੇ ਹਨ, ਪਰ ਮੁਖਰਜੀ ਕਮਿਸ਼ਨ ਦੀ ਰਿਪੋਰਟ ਅਤੇ ਭਾਰਤੀ ਜਨਤਕ ਚੇਤਨਾ ਦੇ ਅੰਦਰ ਮੌਜੂਦ ਸ਼ੰਕੇ ਇਸ ਮੰਨੀ ਜਾਂਦੀ ਸੱਚਾਈ 'ਤੇ ਸਵਾਲ ਉਠਾਉਂਦੇ ਰਹਿੰਦੇ ਹਨ ਅਤੇ ਵਿਮਾਨ ਦੁਰਘਟਨਾ ਵਿੱਚ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਮੌਤ ਨੂੰ ਸੱਚ ਨਹੀਂ ਮੰਨਦੇ ਅਤੇ ਸੱਚ ਜਾਣਨ ਲਈ ਸਮੇਂ ਸਮੇਂ ਤੇ ਇੱਕ ਵਿਗਿਆਨੀ ਪੱਖ ਵਾਲੀ ਜਾਂਚ ਦੀ ਮੰਗ ਕਰਦੇ ਰਹਿੰਦੇ ਹਨ। ਵਰਤਮਾਨ ਵਿੱਚ, ਜਦੋਂ ਭਾਰਤ ਵਿਗਿਆਨ ਅਤੇ ਤਕਨਾਲੋਜੀ ਵਿੱਚ ਦੁਨੀਆ ਦੀ ਅਗਵਾਈ ਕਰ ਰਿਹਾ ਹੈ, ਇਸ ਅਣਸੁਲਝੇ ਰਹੱਸ ਨੂੰ ਹੱਲ ਕਰਨਾ ਹੁਣ ਅਸੰਭਵ ਨਹੀਂ ਹੈ। ਇਸ ਲਈ, ਸਿੱਖਿਆ ਸ਼ਾਸਤਰੀ ਅਨਿਲ ਭਾਰਤੀ ਨੇ ਦਲੀਲ ਦਿੱਤੀ ਹੈ ਕਿ, ਇੱਕ ਵਿਗਿਆਨਕ ਹੱਲ ਵਜੋਂ, ਆਧੁਨਿਕ ਮਾਈਟੋਕੌਂਡਰੀਅਲ ਡੀਐਨਏ ਤਕਨਾਲੋਜੀ ਦੀ ਵਰਤੋਂ ਕਰਕੇ ਟੋਕੀਓ ਦੇ ਰੇਂਕੋਜੀ ਮੰਦਰ ਵਿੱਚ ਸੁਰੱਖਿਅਤ ਹੱਡੀਆਂ ਦਾ ਡੀਐਨਏ ਟੈਸਟਿੰਗ, ਇੱਕ ਬਹੁਤ ਹੀ ਸੂਝਵਾਨ ਅਤੇ ਵਿਗਿਆਨਕ ਤਕਨੀਕ ਹੈ ਜੋ ਪਰਿਵਾਰ ਦੇ ਮੈਂਬਰਾਂ ਦੇ ਡੀਐਨਏ ਨੂੰ ਸਦੀਆਂ ਪੁਰਾਣੀਆਂ ਅਵਸ਼ੇਸ਼ਾਂ ਨਾਲ ਮਿਲਾ ਕੇ ਸੱਚਾਈ ਨੂੰ ਪ੍ਰਗਟ ਕਰ ਸਕਦੀ ਹੈ। ਇਹ ਟੈਸਟ ਸੱਚਾਈ ਨੂੰ ਪੂਰੀ ਤਰ੍ਹਾਂ ਪ੍ਰਗਟ ਕਰੇਗਾ। ਜੇਕਰ ਅਵਸ਼ੇਸ਼ ਨੇਤਾਜੀ ਦੇ ਹਨ, ਤਾਂ ਉਹਨਾਂ ਨੂੰ ਉਹਨਾਂ ਦੀ ਧੀ ਅਨੀਤਾ ਬੋਸ ਫਾਫ ਜਾਂ ਉਹਨਾਂ ਦੇ ਪਰਿਵਾਰ ਦੇ ਖੂਨ ਦੇ ਰਿਸ਼ਤੇਦਾਰਾਂ ਨਾਲ ਮਿਲਾਉਣ ਨਾਲ ਸੱਚਾਈ ਸਾਹਮਣੇ ਆਵੇਗੀ।ਇਤਿਹਾਸ ਦੀ ਸਫਾਈ: ਜੇਕਰ ਟੈਸਟ ਸਕਾਰਾਤਮਕ ਹੈ, ਤਾਂ ਰਾਸ਼ਟਰ ਆਪਣੇ ਮਹਾਨ ਨੇਤਾ ਦੀਆਂ ਅਸਥੀਆਂ ਨੂੰ ਪੂਰੇ ਸਤਿਕਾਰ ਨਾਲ ਭਾਰਤ ਲਿਆਉਣ ਅਤੇ ਉਹਨਾਂ ਦੀ ਅੰਤਿਮ ਵਿਦਾਈ ਦੇ ਅਧੂਰੇ ਸੰਸਕਾਰਾਂ ਨੂੰ ਪੂਰਾ ਕਰਨ ਦੇ ਯੋਗ ਹੋਵੇਗਾ। ਜੇਕਰ ਟੈਸਟ ਨੈਗੇਟਿਵ ਆਉਂਦਾ ਹੈ, ਤਾਂ ਅਸੀਂ ਸਾਰੇ ਸੱਚਾਈ ਦੀ ਨਵੇਂ ਸਿਰੇ ਤੋਂ ਖੋਜ ਕਰ ਸਕਾਂਗੇ।ਅਨਿਲ ਕੁਮਾਰ ਭਾਰਤੀ ਨੇ ਇਹ ਵੀ ਲਿਖਿਆ ਕਿ ਸੱਚਾਈ ਦੀ ਖੋਜ ਸਾਡੀ ਸਦੀਵੀ ਸੱਭਿਆਚਾਰ ਦੀ ਨੀਂਹ ਹੈ ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਭਾਰਤ ਸਰਕਾਰ, ਜੋ ਹਮੇਸ਼ਾ ਮਹਾਨ ਪੁਰਸ਼ਾਂ ਦੇ ਸਤਿਕਾਰ ਪ੍ਰਤੀ ਸੁਚੇਤ ਰਹੀ ਹੈ।

## ਸੁਰਿੰਦਰ ਬਾਂਸਲ ਤੇ ਵਿਜੇ ਬਾਂਸਲ ਦਾ ਸਨਮਾਨ



**ਜਲੰਧਰ 'ਚ ਇੱਕ ਸਮਾਗਮ ਦੌਰਾਨ ਡਿੰਪਲ ਸੂਰੀ ਸਮਾਣਾ ਦੇ ਸਮਾਜ ਸੇਵੀ ਸੁਰਿੰਦਰ ਬਾਂਸਲ ਤੇ ਉਨ੍ਹਾਂ ਦੀ ਪਤਨੀ ਵਿਜੇ ਬਾਂਸਲ ਨੂੰ ਸਮਾਜ ਨੂੰ ਚੰਗੀਆਂ ਸੇਵਾਵਾਂ ਦੇਣ ਲਈ ਸਨਮਾਨਿਤ ਕਰਦੇ ਹੋਏ। (ਫੋਟੋ ਵੇ ਵੇਰਵਾ : ਵਿਜੇ ਕੁਮਾਰ)**

# ਮਨਰੇਗਾ 'ਚ ਕੀਤੇ ਬਦਲਾਅ ਵਿਰੁੱਧ ਮਜ਼ਦੂਰ ਇੱਕ ਜੁੱਟ ਹੋਣ: ਅਰਾਈਮਾਜਰਾ

ਪਾਤੜਾਂ, 25 ਜਨਵਰੀ (ਹਰਮਿੰਦਰ ਕਰਤਾਰਪੁਰ): ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਮਨਰੇਗਾ ਵਿੱਚ ਕੀਤੇ ਗਏ ਬਦਲਾਅ ਵਿਰੁੱਧ ਕਾਂਗਰਸ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਵੱਡਾ ਜਨ ਅੰਦੋਲਨ ਸ਼ੁਰੂ ਕਰਦਿਆਂ ਮਜ਼ਦੂਰ ਵਰਗ ਨੂੰ ਇਸ ਸਕੀਮ ਵਿੱਚ ਕੀਤੇ ਗਏ ਬਦਲਾਅ ਵਿਰੁੱਧ ਇੱਕ ਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ।ਕਾਂਗਰਸ ਐਸੀ.ਸੀ ਵਿੰਗ ਪੰਜਾਬ ਦੇ ਚੇਅਰਮੈਨ ਨਛੱਤਰ ਸਿੰਘ ਅਰਾਈ ਮਾਜਰਾ ਦੀ ਅਗਵਾਈ ਵਿੱਚ ਅੱਜ ਪਿੰਡ ਕਕਰਾਲਾ ਭਾਈਕਾ ਵਿੱਚ ਨੁੱਕੜ ਮੀਟਿੰਗ ਦੌਰਾਨ ਮਜ਼ਦੂਰਾਂ ਦੇ ਵੱਡੇ ਇਕੱਠ ਨੂੰ ਕਾਂਗਰਸੀ ਆਗੂਆਂ ਵਲੋਂ ਸੰਬੋਧਨ ਕੀਤਾ ਗਿਆ। ਸੰਬੋਧਨ ਦੌਰਾਨ ਨਛੱਤਰ ਸਿੰਘ ਅਰਾਈ ਮਾਜਰਾ, ਹਰਦੀਪ ਸਿੰਘ ਪ੍ਰਧਾਨ ਕਾਂਗਰਸ ਕਮੇਟੀ ਬਲਾਕ ਘੱਗਾ, ਪ੍ਰਿਤਪਾਲ ਸਿੰਘ ਬਿੱਟੂ ਬਿੱਟੂ ਸ਼ਾਹਪੁਰ ਮੈਂਬਰ ਕਾਂਗਰਸ ਕਮੇਟੀ ਪੰਜਾਬ, ਚੇਅਰਮੈਨ ਕੁਲਦੀਪ ਕੁਮਾਰ ਰਿੰਕੂ ਬ੍ਰਾਹਮਣ ਮਾਜਰਾ, ਸ਼ੇਖਰ ਬ੍ਰਾਹਮਣ ਮਾਜਰਾ ਨੇ ਕਿਹਾ ਕਿ ਭਾਜਪਾ ਧਰਮ ਨੂੰ ਮੁੱਖ ਆਧਾਰ ਬਣਾ ਕੇ ਮਨਰੇਗਾ ਦਾ ਨਾਮ 'ਵਿਕਸਤ ਭਾਰਤ ਜੀ ਰਾਮ ਜੀ ਸਕੀਮ' ਕੀਤਾ ਗਿਆ ਹੈ ਤਾਂ ਜੋਂ ਵੋਟਾਂ ਦੌਰਾਨ ਇਸ ਦਾ ਲਾਹਾ ਲਿਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਗੁਰਪ੍ਰੀਤ ਮਵੀ,ਰਾਜੂ ਖੱਟੜਾ, ਕਰਮਜੀਤ ਸਿੰਘ ਚਾਹਲ, ਸਰਦੀਪ ਸਿੰਘ ਗੋਸਲ, ਤਰਸੇਮ ਚੰਦ ਸ਼ਰਮਾ , ਰਛਪਾਲ ਸਿੰਘ ਚਾਹਲ, ਪਿੰਦਰੀ ਨੰਬਰਦਾਰ , ਬਲਜੀਤ ਸਿੰਘ ਮੱਕੂ ਆਦਿ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।



# ਦੋ ਮਹੀਨੇ ਪਹਿਲਾਂ ਭਜਾਈ ਲੜਕੀ ਮੁਲਜ਼ਮ ਸਮੇਤ ਕਾਬੂ

ਸਮਾਣਾ, 25 ਜਨਵਰੀ (ਵਿਜੇ ਕੁਮਾਰ) : ਕਰੀਬ ਦੋ ਮਹੀਨੇ ਪਹਿਲਾਂ ਵਿਆਹ ਦਾ ਝਾਂਸਾ ਦੇ ਕੇ ਨਬਾਲਗ ਲੜਕੀ ਨੂੰ ਭਜਾ ਲੈ ਜਾਣ ਦੇ ਮਾਮਲੇ 'ਚ ਗਾਜੇਵਾਸ ਪੁਲਸ ਨੇ ਮੁਲਜ਼ਮ ਨੌਜਵਾਨ ਰਣਧੀਰ ਸਾਹੂ ਨਿਵਾਸੀ ਜਿਲਾ ਵਿਸ਼ਾਲੀ (ਬਿਹਾਰ) ਨੂੰ ਭਜਾਈ ਗਈ ਲੜਕੀ ਸਣੇ ਕਾਬੂ ਕਰ ਲਿਆ। ਪੁਲਸ ਨੇ ਕਾਬੂ ਕੀਤੇ ਗਏ ਮੁਲਜ਼ਮ ਨੌਜਵਾਨ ਨੂੰ ਪੁਛਗਿੱਛ ਲਈ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਇਕ ਦਿਨ ਦਾ ਰਿਮਾਂਡ ਹਾਸਲ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਾਮਲੇ ਦੇ ਜਾਂਚ ਅਧਿਕਾਰੀ ਗਾਜੇਵਾਸ ਪੁਲਸ ਚੌਂਕੀ ਮੁੱਖੀ ਹਰਬੰਸ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਅੰਮ੍ਰਿਤਪਾਲ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਸਮਾਣਾ-ਭਵਾਨੀਗੜ੍ਹ ਸੜਕ ਤੇ ਪਿੰਡ ਬੰਮਣਾ ਦੇ ਚੋਆ ਨੇੜੇ ਮੁਲਜ਼ਮ ਨੂੰ ਭਜਾਈ ਗਈ ਲੜਕੀ ਸਣੇ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਸਿਵਲ ਹਸਪਤਾਲ ਸਮਾਣਾ 'ਚ ਲੜਕੀ ਦੀ ਮੈਡੀਕਲ ਜਾਂਚ ਉਪਰੰਤ ਵਾਰਸਾ ਹਵਾਲੇ ਕਰ ਦਿੱਤਾ, ਜਦੋਂ ਕਿ ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਮੁਲਜ਼ਮ ਨੂੰ ਨਿਆਇਕ ਹਿਰਾਸਤ ਵਿਚ ਜੇਲ ਭੇਜ ਦਿੱਤਾ ਗਿਆ।



# ਵਿਧਾਇਕ ਦੇਵ ਮਾਨ ਨੇ ਭੋੜੇ ਤੋਂ ਮੱਲੇਵਾਲ ਜਾਣ ਵਾਲੀ ਸੜਕ ਦਾ ਨੀਹ ਪੱਥਰ ਰੱਖਿਆ

ਭਾਦਸੋਂ, 25 ਜਨਵਰੀ (ਭਰਪੂਰ ਸਿੰਘ ਮੱਟਰਾਂ) : ਪੰਜਾਬ ਸਰਕਾਰ ਵੱਲੋਂ ਲਗਾਤਾਰ ਪਿੰਡਾਂ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਤਹਿਤ ਨਾਭਾ ਹਲਕੇ ਦੀਆਂ ਸੜਕਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਪਿੰਡ ਭੋੜੇ ਤੋਂ ਲੈ ਕੇ ਮੱਲੇਵਾਲ ਟੀ ਪੁਆਇੰਟ ਤੱਕ ਬਣਨ ਵਾਲੀ ਸੜਕ ਦਾ ਨੀਹ ਪੱਥਰ ਰੱਖਣ ਉਪਰੰਤ ਕੀਤਾ ਉਹਨਾਂ ਦੱਸਿਆ ਕਿ ਇਸ ਸੜਕ ਦੀ ਲੰਬਾਈ ਤਕਰੀਬਨ 5 ਕਿੱਲੋਮੀਟਰ ਹੈ ਅਤੇ ਇਸ ਉਪਰ ਅੰਦਾਜ਼ਨ ਲਾਗਤ ਤਕਰੀਬਨ 90 ਲੱਖ ਰੁਪਏ ਹੈ। ਉਨ੍ਹਾਂ ਕਿਹਾ ਆਉਣ ਵਾਲੇ ਦਿਨਾਂ ਵਿੱਚ ਹਲਕਾ ਨਾਭਾ ਦੇ ਪਿੰਡ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਣਗੀਆਂ ਇਸ ਮੌਕੇ ਉਨ੍ਹਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ , ਜੇ ਈ ਅਰਵਿੰਦ ਕੁਮਾਰ , ਸੀਨੀਅਰ ਕੌਂਸਲਰ ਹਰਪ੍ਰੀਤ ਸਿੰਘ ਪ੍ਰੀਤ , ਗੁਰਪ੍ਰੀਤ ਸਿੰਘ ਮੱਲੇਵਾਲ , ਜਸਵੀਰ ਸਿੰਘ ਵਜੀਦਪੁਰ , ਸੁਖਦੀਪ ਸਿੰਘ ਖਹਿਰਾ , ਰਾਮ ਪਿਆਰਾ , ਰਣਜੀਤ ਸਿੰਘ , ਗੁਰਵਿੰਦਰ ਸਿੰਘ , ਗੁਰਪ੍ਰੀਤ ਸਿੰਘ ਲਾਡੀ , ਇੰਦਰਜੀਤ ਸਿੰਘ , ਗੁਰਵਿੰਦਰ ਸਿੰਘ ਗਾਂਧੀ , ਪਰਮਿੰਦਰ ਸਿੰਘ , ਕਰਮਜੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ ।



# ਸੜਕ ਹਾਦਸੇ 'ਚ ਦੋ ਦੀ ਮੌਤ

ਪਟਿਆਲਾ, 25 ਜਨਵਰੀ (ਵਿਨੋਦ ਸ਼ਰਮਾ) : ਥਾਣਾ ਬਨੂੜ ਪੁਲਿਸ ਕੋਲ ਸੁਖਵੀਰ ਸਿੰਘ ਪੁੱਤਰ ਮੰਗਾ ਸਿੰਘ ਵਾਸੀ ਪਿੰਡ ਉਧੇਕਰਨ ਥਾਣਾ ਸਦਰ ਮੁਕਤਸਰ ਸਾਹਿਬ ਜਿਲਾ ਮੁਕਤਸਰ ਸਾਹਿਬ ਨੇ ਕਾਰ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਭਰਾ ਜਸਵੀਰ ਸਿੰਘ ਆਪਣੀ ਰਿਸ਼ਤੇਦਾਰ ਪੰਮਾ ਕੌਰ ਨਾਲ ਮੋਟਰਸਾਈਕਲ ਪਰ ਸਵਾਰ ਹੋ ਕੇ ਤੇਪਲਾ ਰੋਡ ਨੇੜੇ ਲਵਲੀ ਢਾਬਾ ਪਾਸ ਜਾ ਰਿਹਾ ਸੀ ਤਾ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਭਰਾ ਦੇ ਮੋਟਰਸਾਇਕਲ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਭਰਾ ਜਸਵੀਰ ਸਿੰਘ ਅਤੇ ਰਿਸ਼ਤੇਦਾਰ ਪੰਮਾ ਕੌਰ ਦੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# 10 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 25 ਜਨਵਰੀ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਤਾਜ ਮੁਹੰਮਦ ਵਾਸੀ ਪਿੰਡ ਸ਼ੇਰਮਾਜਰਾ ਵਿਰੁੱਧ ਧਾਰਾ 21,61,85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਨਿਰਮਲ ਸਿੰਘ ਸਮੇਤ ਪੁਲਿਸ ਪਾਰਟੀ ਟੀ-ਪੁਆਇੰਟ ਦੁੱਧੜ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਹੈਰੋਇਨ ਵੇਚਣ ਲਈ ਡਕਾਲਾ ਰੋਡ ਨੇੜੇ ਬਿਜਲੀ ਗਰਿੱਡ ਪਾਸ ਖੜ੍ਹਾ ਹੈ, ਜੋ ਰੇਡ ਕਰਨ ਪਰ 10 ਗ੍ਰਾਮ ਹੈਰੋਇਨ ਬ੍ਰਾਮਦ ਹੋਈ।

# ਮਲੇਰਕੋਟਲਾ ਵਿਖੇ ਅੱਜ ਕੈਬਨਿਟ ਮੰਤਰੀ ਲਾਲ ਚੰਦ ਡਾ. ਜਾਕਿਰ ਹੁਸੈਨ ਸਟੇਡੀਅਮ ਵਿਖੇ ਲਹਿਰਾਉਣਗੇ ਤਿਰੰਗਾ

## ਗਣਤੰਤਰ ਦਿਵਸ, ਫੁੱਲ ਡਰੈਸ ਰਿਹਰਸਲ ਦਾ ਡੀ.ਸੀ. ਨੇ ਲਿਆ ਜਾਇਜ਼ਾ



ਮਲੇਰਕੋਟਲਾ, 25 ਜਨਵਰੀ (ਚ.ਨ.ਸ.) : 26 ਜਨਵਰੀ ਨੂੰ ਦੇਸ਼ ਦੇ 77ਵੇਂ ਗਣਤੰਤਰ ਦਿਵਸ ਮੌਕੇ ਸਥਾਨਕ ਡਾ. ਜਾਕਿਰ ਹੁਸੈਨ ਸਟੇਡੀਅਮ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਖੁਰਾਕ,ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ,ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਪੰਜਾਬ ਲਾਲ ਚੰਦ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਇਹ ਜਾਣਕਾਰੀ ਮਾਲੇਰਕੋਟਲਾ ਦੇ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਐਸ.ਐਸ.ਪੀ. ਗਗਨ ਅਜੀਤ ਸਿੰਘ ਸਮੇਤ ਇਸ ਸਮਾਗਮ ਦੀ ਫੁੱਲ ਡਰੈਸ ਰਿਹਰਸਲ ਦਾ ਜਾਇਜ਼ਾ ਲੈਣ ਉਪਰੰਤ ਦਿੱਤੀ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਲਾਲ ਚੰਦ ਇਸ ਮੌਕੇ ਕੌਮੀ ਝੰਡਾ ਲਹਿਰਾਉਣ ਉਪਰੰਤ ਪਰੇਡ ਦਾ ਨਿਰੀਖਣ ਕਰਨਗੇ ਅਤੇ ਪੰਜਾਬ ਵਾਸੀਆਂ ਦੇ ਨਾਮ ਆਪਣਾ ਸੰਦੇਸ਼ ਦੇਣਗੇ। ਇਸ ਉਪਰੰਤ ਕੈਬਨਿਟ ਮੰਤਰੀ ਸ਼ਾਨਦਾਰ ਮਾਰਚ ਪਾਸਟ ਤੋਂ ਸਲਾਮੀ ਵੀ ਲੈਣਗੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪਰੇਡ ਵਿੱਚ 10 ਟੁਕੜੀਆਂ ਹਿੱਸਾ ਲੈਣਗੀਆਂ, ਜਿਹਨਾਂ ਵਿਚੋਂ ਪੰਜਾਬ ਪੁਲਿਸ ਦੀਆਂ 03 ਟੁਕੜੀਆਂ ਸ਼ਾਮਲ ਹਨ, ਜਿਹਨਾਂ ਵਿੱਚ 01 ਟੁਕੜੀ ਪੰਜਾਬ ਪੁਲਿਸ ਪੁਰਸ਼ਾਂ ਦੀ, 01 ਟੁਕੜੀ ਮਹਿਲਾ ਪੁਲਿਸ ਦੀ, 01 ਟੁਕੜੀ ਹੋਮ ਗਾਰਡਜ਼ ਜਵਾਨ, 01 ਟੁਕੜੀ ਐਨ.ਸੀ.ਸੀ. ਵਿੰਗ, 01 ਟੁਕੜੀ ਐਸ.ਪੀ.ਸੀ. ਕੈਡਿਟ (ਮੁੰਡੇ) ਅਤੇ 01 ਐਸ.ਪੀ.ਸੀ. ਕੈਡਿਟ (ਲੜਕੀਆਂ) ਦੀ ਹੈ।

ਇਸ ਦੇ ਨਾਲ ਹੀ ਸੋਹਰਾਬ ਪਬਲਿਕ ਸਕੂਲ ਮਾਲੇਰਕੋਟਲਾ ਦੇ ਬੈਂਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਅਤੇ ਸਰਵਹਿੱਤਕਾਰੀ ਵਿੱਦਿਆ ਮੰਦਿਰ ਸਕੂਲ ਤੋਂ ਇਲਾਵਾ ਪੰਜਾਬ ਪੁਲਿਸ ਵੱਲ਼ੋਂ ਤਿਆਰ ਕੀਤਾ ਬੈਂਡ ਸ਼ਾਮਲ ਹੋਵੇਗਾ। ਪਰੇਡ ਦੀ ਅਗਵਾਈ ਪਰੇਡ ਕਮਾਂਡਰ ਡੀ.ਐਸ.ਪੀ. ਮਾਨਵਜੀਤ ਸਿੰਘ ਕਰਨਗੇ। ਉਨ੍ਹਾਂ ਦੱਸਿਆ ਕਿ ਮਾਰਚ ਪਾਸਟ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਝਾਕੀਆਂ ਕੱਢੀਆਂ ਜਾਣਗੀਆਂ ਅਤੇ ਸਕੂਲੀ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੌਕੇ ਕੈਬਨਿਟ ਮੰਤਰੀ ਆਜ਼ਾਦੀ ਘੁਲਾਟੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨਗੇ ਤੇ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਦੀ ਵੰਡ ਕਰਨਗੇ। ਇਸੇ ਦੌਰਾਨ ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਦੱਸਿਆ ਕਿ ਗਣਤੰਤਰ ਦਿਵਸ ਦੇ ਸਮਾਗਮਾਂ ਲਈ ਸੁਰੱਖਿਆ ਦੇ ਪੁਖ਼ਤਾ ਇੰਤਜਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਐਸ.ਪੀਜ਼ ਅਤੇ ਡੀ.ਐਸ.ਪੀਜ਼ ਸੁਰੱਖਿਆ ਪੱਖੋਂ ਨਿਗਰਾਨੀ ਕਰ ਰਹੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ.ਡੀ.ਐਮ.ਗੁਰਮੀਤ ਕੁਮਾਰ ਬਾਂਸਲ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ ਤੋਂ ਇਲਾਵਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ ।

# ਪੁਲਿਸ ਨੇ ਦੂਹਰੇ ਅੰਨ੍ਹੇ ਕਤਲ ਕੇਸ ਦੀ ਗੁੱਥੀ ਸੁਲਝਾਈ, ਦੋਸ਼ੀ ਕਾਬੂ

ਸੰਗਰੂਰ, 25 ਜਨਵਰੀ (ਹਰਕੰਵਲ ਸਿੰਘ ਹੈਪੀ): ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ



ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਦਿੜ੍ਹਬਾ ਏਰੀਆ ਵਿੱਚ ਹੋਇਆ ਦੂਹਰਾ ਅੰਨਾ ਕਤਲ ਕੇਸ ਟਰੇਸ ਕਰਕੇ ਸਕੇ ਭਰਾ ਵੱਲੋਂ ਆਪਣੀ ਮਾਂ ਤੇ ਭੈਣ ਦਾ ਕਤਲ ਕਰਨ ਸਬੰਧੀ ਰਚੀ ਗਈ ਸਾਜਿਸ਼ ਦਾ ਪਰਦਾਫਾਸ਼ ਕੀਤਾ ਗਿਆ ਤੇ ਦੋਸ਼ੀ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਸਥਾਨਕ ਰੈਸਟ ਹਾਊਸ ਵਿਖੇ ਜਾਣਕਾਰੀ ਦਿੰਦੇ ਹੋਏ ਪੰਜਾਬ ਦੇ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮਿਤੀ 17.01.2026 ਨੂੰ ਇਤਲਾਹ ਮਿਲੀ ਸੀ ਕਿ ਸਰਬਜੀਤ ਕੌਰ (ਉਮਰ 35 ਸਾਲ) ਵਾਸੀ ਮੋੜਾਂ, ਜੋ ਪੰਜਾਬ ਪੁਲਿਸ ਵਿੱਚ ਸੀ ਆਈ ਡੀ ਯੂਨਿਟ ਦਿੜ੍ਹਬਾ ਵਿਖੇ ਡਿਊਟੀ ਕਰਦੀ ਸੀ, ਆਪਣੀ ਕਾਰ ਨੰਬਰ ਪੀ ਬੀ 13 ਬੀ ਐੱਸ 1294 ਮਾਰਕਾ ਸਵਿਫਟ ਵਿੱਚ ਆਪਣੀ ਮਾਤਾ ਇੰਦਰਜੀਤ ਕੌਰ (ਉਮਰ 55 ਸਾਲ) ਨੂੰ ਰਿਸ਼ਤੇਦਾਰੀ ਵਿੱਚ ਪਿੰਡ ਭਾਈ ਕੀ ਪਿਸ਼ੌਰ ਛੱਡਣ ਲਈ ਘਰ ਤੋਂ ਸਵੇਰੇ ਚੱਲੀ ਸੀ, ਜਿਸਨੇ ਆਪਣੀ ਮਾਤਾ ਨੂੰ ਉੱਥੇ ਛੱਡ ਕੇ ਆਪਣੀ ਡਿਊਟੀ ਉਪਰ ਜਾਣਾ ਸੀ, ਰਸਤੇ ਵਿੱਚ ਸੂਲਰ ਘਰਾਟ ਤੋਂ ਪਿੰਡ ਛਾਹੜ ਨੂੰ ਜਾਂਦੀ ਸੜਕ ਉਪਰ ਉਸਦੀ ਗੱਡੀ ਦਾ ਐਕਸੀਡੈਂਟ ਹੋਣ ਕਾਰਨ ਕਾਰ ਨੂੰ ਅੱਗ ਲੱਗਣ ਕਾਰਨ ਦੋਵੇਂ ਮਾਵਾਂ ਧੀਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਦੇ ਕੰਕਾਲ ਕਾਰ ਵਿੱਚ ਹੀ ਪਏ ਸਨ। ਜਿਸ ਉਪਰ ਨਾ ਮਲੂਮ ਵਿਕਅਤੀਆਂ ਖਿਲਾਫ਼ ਮੁਕੱਦਮਾ ਨੰਬਰ 15 ਮਿਤੀ 17.01.2026 ਅ/ਧ 281,106,324(5) ਬੀ ਐਨ ਐਸ ਥਾਣਾ ਦਿੜ੍ਹਬਾ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਉਹਨਾਂ ਕਿਹਾ ਕਿ ਮਾਮਲਾ ਸ਼ੱਕੀ ਹੋਣ ਉਪਰ ਅਤੇ ਮੁਕੱਦਮੇ ਨੂੰ ਟਰੇਸ ਕਰਨ ਲਈ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਯੋਗ ਅਗਵਾਈ ਹੇਠ ਰੁਪਿੰਦਰ ਕੌਰ ਉਪ ਕਪਤਾਨ ਪੁਲਿਸ ਸਬ-ਡਵੀਜਨ ਦਿੜ੍ਹਬਾ ਦੀ ਨਿਗਰਾਨੀ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਸੰਗਰੂਰ ਅਤੇ ਇੰਸਪੈਕਟਰ ਕਮਲਜੀਤ ਸਿੰਘ, ਮੁੱਖ ਅਫਸਰ ਥਾਣਾ ਦਿੜ੍ਹਬਾ ਦੀਆਂ ਸਪੈਸ਼ਲ ਟੀਮਾਂ ਬਣਾ ਕੇ ਟੈਕਨੀਕਲ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਚੀਮਾ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਫਤੀਸ਼ ਦੌਰਾਨ ਮਿਤੀ 23.01.2026 ਨੂੰ ਮੁਕੱਦਮਾ ਟਰੇਸ ਕਰਕੇ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਮੋੜਾਂ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ ਤੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਗਈ, ਪੁੱਛ-ਗਿੱਛ ਦੌਰਾਨ ਦੋਸ਼ੀ ਨੇ ਮੰਨਿਆ ਕਿ ਉਸਨੇ ਮਿਤੀ 16/17.01.2026 ਦੀ ਦਰਮਿਆਨੀ ਰਾਤ ਨੂੰ ਆਪਣੀ ਭੈਣ ਸਰਬਜੀਤ ਕੌਰ ਤੇ ਮਾਤਾ ਇੰਦਰਜੀਤ ਕੌਰ ਨੂੰ ਮਾਰ ਕੇ ਕਾਰ ਵਿੱਚ ਲਾਸ਼ਾਂ ਰੱਖ ਕੇ, ਐਕਸੀਡੈਂਟ ਦਾ ਰੂਪ ਦੇ ਕੇ ਕਾਰ ਨੂੰ ਦਰੱਖ਼ਤ ਨਾਲ ਟਕਰਾ ਕੇ ਲਾਸ਼ਾਂ ਅਤੇ ਕਾਰ ਉਪਰ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਤੇ ਮੌਕੇ ਉਤੋਂ ਭੱਜ ਗਿਆ ਸੀ। ਹੁਣ ਪੁਲਿਸ ਨੇ ਮੁਕੱਦਮੇ ਵਿੱਚ ਜੁਰਮ 281,106 ਬੀ ਐਨ ਐਸ ਦਾ ਘਾਟਾ ਕਰਕੇ ਜੁਰਮ 103 ਬੀ ਐਨ ਐਸ ਦਾ ਵਾਧਾ ਕੀਤਾ ਗਿਆ, ਦੋਸ਼ੀ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾ ਰਹੀ ਹੈ, ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ, ਰੁਪਿੰਦਰ ਕੌਰ ਉਪ ਕਪਤਾਨ ਪੁਲਿਸ ਸਬ-ਡਵੀਜਨ ਦਿੜ੍ਹਬਾ, ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਸੰਗਰੂਰ, ਇੰਸਪੈਕਟਰ ਕਮਲਜੀਤ ਸਿੰਘ, ਮੁੱਖ ਅਫਸਰ ਥਾਣਾ ਦਿੜ੍ਹਬਾ ਅਤੇ ਹੋਰ ਵੀ ਹਾਜ਼ਰ ਸਨ।

# ਮਹਾਂਵੀਰ ਗਊਸ਼ਾਲਾ ਵਿਖੇ 27ਵੀਂ ਸ੍ਰੀ ਅਖੰਡ ਪਾਠਾਂ ਦੀ ਇਕੋਤਰੀ ਸਮਾਪਤੀ, 351 ਅਖੰਡ ਪਾਠਾਂ ਦੇ ਭੋਗ ਪਾਏ

ਮਲੋਟ, 25 ਜਨਵਰੀ (ਅਮਨਦੀਪ ਸਿੰਘ ਮਹਿਰਾ): ਇਲਾਕੇ ਦੀ ਪ੍ਰਸਿੱਧ



ਸ੍ਰੀ ਮਹਾਂਵੀਰ ਗਊਸ਼ਾਲਾ ਵਿਖੇ ਬੰਦਾ ਕਮੇਟੀ ਵੱਲੋਂ 27ਵੀਂ ਸ੍ਰੀ ਅਖੰਡ ਪਾਠਾਂ ਦੀ ਇਕੋਤਰੀ ਦੇ ਸਮਾਪਤੀ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਏ ਗਏ। ਇਸ ਪਾਵਨ ਅਵਸਰ 'ਤੇ 351 ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਗਈ। ਇਸ ਧਾਰਮਿਕ ਸਮਾਗਮ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ, ਸਾਬਕਾ ਵਿਧਾਇਕ ਨੱਥੂ ਰਾਮ, ਭਾਜਪਾ ਜ਼ਿਲ੍ਹਾ ਪ੍ਰਧਾਨ ਸਤਿਸ਼ ਅਸੀਜਾ, ਸੁਸ੍ਰੀ ਚੰਦ ਦੇਵਾ ਜੀ ਸਮੇਤ ਸੰਤ ਸਮਾਜ ਦੇ ਪ੍ਰਮੁੱਖ ਆਗੂਆਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਹਾਜ਼ਰ ਰਾਗੀ, ਗ੍ਰੰਥੀ, ਢਾਡੀ ਤੇ ਪ੍ਰਚਾਰਕਾਂ ਵੱਲੋਂ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਮਨੁੱਖ ਨੂੰ ਵਹਿਮਾਂ, ਭਰਮਾਂ ਅਤੇ ਪਖੰਡਾਂ ਤੋਂ ਦੂਰ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦੇ ਲੜ ਲੱਗਣਾ ਚਾਹੀਦਾ ਹੈ। ਉਨ੍ਹਾਂ ਨੇ ਗੁਰਬਾਣੀ ਨੂੰ ਜੀਵਨ ਦਾ ਮਾਰਗਦਰਸ਼ਨ ਬਣਾਉਣ ਦੀ ਅਪੀਲ ਕੀਤੀ। ਇਸ ਅਵਸਰ 'ਤੇ ਸਰਬੱਤ ਦੇ ਭਲੇ ਅਤੇ ਇਲਾਕੇ ਦੀ ਸੁੱਖ-ਸ਼ਾਂਤੀ ਲਈ ਵਿਸ਼ੇਸ਼ ਅਰਦਾਸ ਵੀ ਕੀਤੀ ਗਈ। ਸਮਾਗਮ ਦੌਰਾਨ ਕੈਬਨਿਟ ਮੰਤਰੀਆਂ ਅਤੇ ਹੋਰ ਮਹਿਮਾਨਾਂ ਵੱਲੋਂ ਸ੍ਰੀ ਮਹਾਂਵੀਰ ਗਊਸ਼ਾਲਾ ਦੁਆਰਾ ਗਊ ਵੰਸ਼ ਦੀ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਦੀ ਖੁੱਲ੍ਹ ਕੇ ਸਲਾਘਾ ਕੀਤੀ ਗਈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਗੁਰਮੀਤ ਸਿੰਘ ਖੁਡੀਆਂ, ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ ਅਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਸਤਿਸ਼ ਅਸੀਜਾ ਨੇ ਕਿਹਾ ਕਿ ਗਊਸ਼ਾਲਾ ਵੱਲੋਂ ਕੀਤੀ ਜਾ ਰਹੀ ਸੇਵਾ ਸਮਾਜ ਲਈ ਪ੍ਰੇਰਣਾਦਾਇਕ ਹੈ।

ਗਊਸ਼ਾਲਾ ਦੇ ਮੁੱਖ ਸੇਵਾਦਾਰ ਸੰਦੀਪ ਜੂਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 27ਵੀਂ ਇਕੋਤਰੀ ਦੌਰਾਨ 351 ਸ੍ਰੀ ਅਖੰਡ ਪਾਠ ਸਾਹਿਬਾਨਾਂ ਦੇ ਭੋਗ ਪਾਏ ਗਏ ਹਨ। ਉਨ੍ਹਾਂ ਨੇ ਸੰਗਤਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫਲ ਬਣਾਇਆ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ, ਜਿਸ ਵਿੱਚ ਹਜ਼ਾਰਾਂ ਸੰਗਤਾਂ ਨੇ ਪ੍ਰਸਾਦ ਛਕਿਆ। ਇਸ ਮੌਕੇ ਗਊਸ਼ਾਲਾ ਪ੍ਰਾਂਗਣ ਵਿੱਚ ਖੂਨਦਾਨ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ ਨੌਜਵਾਨਾਂ ਨੇ ਵਧ-ਚੜ੍ਹ ਕੇ ਭਾਗ ਲਿਆ। ਸਮਾਗਮ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਰਹੀਆਂ।

# ਅਮਨ ਅਰੋੜਾ ਸ੍ਰੀ ਨੀਲਕੰਠੇਸ਼ਵਰ ਸੀਤਾਸਰ ਧਾਮ ਵਿਖੇ ਹੋਏ ਨਤਮਸਤਕ



ਸੁਨਾਮ ਊਧਮ ਸਿੰਘ ਵਾਲਾ, 25 ਜਨਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸ੍ਰੀ ਨੀਲਕੰਠੇਸ਼ਵਰ ਰਾਮ ਮੰਦਰ ਸੀਤਾਸਰ ਧਾਮ ਵਿਖੇ ਚਲਾਈ ਜਾ ਰਹੀ 108 ਪਾਠਾ ਦੀ ਲੜੀ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਦਫ਼ਤਰ ਦੇ ਨਿੱਜੀ ਸਹਾਇਕ ਸੰਜੀਵ ਕਾਂਸਲ ਸੰਜੂ ਦੇ ਪਰਿਵਾਰ ਵੱਲੋਂ ਮੰਦਰ ਵਿਖੇ ਸ੍ਰੀ ਰਮਾਇਣ ਜੀ ਦੇ ਪਾਠ ਆਰੰਭ ਕਰਵਾਏ ਗਏ ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਭਗਵਾਨ ਸ੍ਰੀ ਰਾਮ ਜੀ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਗਵਾਈ ਤੇ ਕਾਂਸਲ ਪਰਿਵਾਰ ਦੀ ਖੁਸ਼ਹਾਲੀ ਤੇ ਹਲਕੇ ਦੇ ਲੋਕਾਂ ਲਈ ਪ੍ਰਾਰਥਨਾ ਕੀਤੀ ਭਗਵਾਨ ਸ੍ਰੀ ਰਾਮ ਅਤੇ ਭੋਲੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅੱਜ ਸ੍ਰੀ ਰਮਾਇਣ ਜੀ ਦੇ ਪਾਠਾ ਦੇ ਭੋਗ ਪਾਏ ਗਏ ਅਤੇ ਕਾਂਸਲ ਪਰਿਵਾਰ ਵੱਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ ਇਸ ਮੌਕੇ ਉਨ੍ਹਾਂ ਦੇ ਨਾਲ ਮੁਕੇਸ਼ ਜੁਨੇਜਾ ਰਵੀ ਕਮਲ ਗੋਇਲ ਰਾਮ ਕੁਮਾਰ ਹਰੀ ਦੇਵ ਗੋਇਲ ਸਰਜੀਵਨ ਕੁਮਾਰ ਲੱਕੀ ਘਣਸ਼ਿਆਮ ਕਾਂਸਲ ਕਾਂਸਲ ਪਰਿਵਾਰ ਦੇ ਮੈਂਬਰਾਂ ਅਤੇ ਵੱਡੀ ਗਿੱਣਤੀ ਵਿੱਚ ਪਹੁੰਚ ਕੇ ਸੰਗਤਾਂ ਨੇ ਭਗਵਾਨ ਸ੍ਰੀ ਰਾਮ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਓਵਰ ਬਰਿੱਜ ਦੀ ਅੰਤਿਮ ਐਨ.ਓ.ਸੀ. ਦੀ ਮਨਜ਼ੂਰੀ ਤੱਕ ਭੁੱਖ ਹੜਤਾਲ 'ਤੇ ਬੈਠਾਂਗਾ : ਰਿਖੀ

ਧੂਰੀ: 25 ਜਨਵਰੀ (ਰਾਜੇਸ਼ਵਰ ਪਿੰਟੂ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਧਾਨ ਸਭਾ ਹਲਕਾ ਧੂਰੀ ਦੇ ਅੰਦਰਲੇ ਰੇਲਵੇ ਫਾਟਕਾਂ 'ਤੇ ਬਣਨ ਵਾਲੇ ਰੇਲਵੇ ਓਵਰ ਬਰਿੱਜ ਦਾ ਮੁੱਦਾ ਹੁਣ ਸਿਆਸੀ ਜੰਗ ਦਾ ਅਖਾੜਾ ਬਣ ਗਿਆ ਹੈ। ਇਸ ਪ੍ਰੋਜੈਕਟ ਨੂੰ ਲੈ ਕੇ ਚੱਲ ਰਹੀ ਖਿੱਚੋਤਾਣ ਦਰਮਿਆਨ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਰਿਖੀ ਨੇ ਇੱਕ ਹੈਰਾਨੀਜਨਕ ਤੇ ਦਲੇਰਾਨਾ ਕਦਮ ਚੁੱਕਦਿਆਂ ਸ਼ਹਿਰ ਦੇ ਇਤਿਹਾਸਕ ਤ੍ਰਿਵੈਣੀ ਚੌਂਕ ਵਿੱਚ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। [illegible] ਲਈ ਇਲਾਕੇ ਦਾ ਵਿਕਾਸ ਤੇ ਲੋਕਾਂ ਦੀ ਸਹੂਲਤ ਸਿਆਸੀ ਵਫ਼ਾਦਾਰੀਆਂ ਤੋਂ ਉੱਪਰ ਹੈ। ਉਨ੍ਹਾਂ ਐਲਾਨ ਕੀਤਾ ਕਿ ਜਦੋਂ ਤੱਕ ਰੇਲਵੇ ਵਿਭਾਗ ਵੱਲੋਂ ਇਸ ਓਵਰ ਬਰਿੱਜ ਦੀ ਅੰਤਿਮ ਐਨ.ਓ.ਸੀ. ਜਾਰੀ ਨਹੀਂ ਕੀਤੀ ਜਾਂਦੀ, ਉਦੋਂ ਤੱਕ ਉਹ ਆਪਣੀ ਭੁੱਖ ਹੜਤਾਲ ਖ਼ਤਮ ਨਹੀਂ ਕਰਨਗੇ। ਰਿਖੀ ਨੇ ਕਿਹਾ ਕਿ ਧੂਰੀ ਦੇ ਲੋਕ ਲੰਬੇ ਸਮੇਂ ਤੋਂ ਫਾਟਕਾਂ ਦੀ ਸਮੱਸਿਆ ਨਾਲ ਜੂਝ ਰਹੇ ਹਨ, ਪਰ ਸਿਆਸੀ ਰੇੜਕੇ ਕਾਰਨ ਇਹ ਪ੍ਰੋਜੈਕਟ ਲਟਕ ਰਿਹਾ ਹੈ।



ਜ਼ਿਕਰਯੋਗ ਹੈ ਕਿ ਇਸ ਪੁਲ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵਿਚਾਲੇ ਤਿੱਖੀ ਬਿਆਨਬਾਜ਼ੀ ਚੱਲ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਸਿੱਧਾ ਦੋਸ਼ ਲਗਾਇਆ ਸੀ ਕਿ ਉਹ ਸਿਆਸੀ ਰੰਜਿਸ਼ ਕਾਰਨ ਇਸ ਪੁਲ ਦੀ ਅੰਤਿਮ ਮੰਨਜ਼ੂਰੀ ਰੋਕੀ ਬੈਠੇ ਹਨ। ਦੂਜੇ ਪਾਸੇ, ਰਵਨੀਤ ਬਿੱਟੂ ਨੇ ਸੋਸ਼ਲ ਮੀਡੀਆ ਰਾਹੀਂ ਲਾਈਵ ਹੋ ਕੇ ਇਸ ਮੁੱਦੇ ਨੂੰ ਇੱਕ ਨਵਾਂ ਮੋੜ ਦਿੱਤਾ ਸੀ। ਸ਼ਹਿਰ ਨਿਵਾਸੀਆਂ ਵਿੱਚ ਭਾਰੀ ਉਤਸ਼ਾਹ ਜਸਵਿੰਦਰ ਰਿਖੀ ਦੇ ਇਸ ਫੈਸਲੇ ਨੇ ਜਿੱਥੇ ਭਾਜਪਾ ਦੇ ਅੰਦਰੂਨੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ, ਉੱਥੇ ਹੀ ਆਮ ਜਨਤਾ ਵੱਲੋਂ ਇਸ ਨੂੰ "ਹਲਕੇ ਦੀ ਪਹਿਰੇਦਾਰੀ" ਵਜੋਂ ਦੇਖਿਆ ਜਾ ਰਿਹਾ ਹੈ। ਰਿਖੀ ਨੇ ਕਿਹਾ, "ਮੈਂ ਇੱਕ ਸਿਆਸੀ ਆਗੂ ਹੋਣ ਤੋਂ ਪਹਿਲਾਂ ਇਸ ਸ਼ਹਿਰ ਦਾ ਵਸਨੀਕ ਹਾਂ। [illegible] ਤੜਫਣਾ ਪੈ ਰਿਹਾ ਹੈ, ਤਾਂ ਮੈਂ ਚੁੱਪ ਨਹੀਂ ਬੈਠ ਸਕਦਾ।" ਹੁਣ ਦੇਖਣਾ ਇਹ ਹੋਵੇਗਾ ਕਿ ਕੀ ਰਿਖੀ ਦੀ ਇਹ ਭੁੱਖ ਹੜਤਾਲ ਕੇਂਦਰ ਸਰਕਾਰ ਅਤੇ ਰੇਲਵੇ ਵਿਭਾਗ ਨੂੰ ਹਰਕਤ ਵਿੱਚ ਲਿਆਉਂਦੀ ਹੈ ਜਾਂ ਫਿਰ ਇਹ ਸਿਆਸੀ ਮੂਕ-ਦਰਸ਼ਕ ਬਣੀ ਰਹੇਗੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਵਿਸ਼ਾਲ ਟਰੈਕਟਰ ਮਾਰਚ ਦਾ ਐਲਾਨ

ਧੂਰੀ, 25 ਜਨਵਰੀ (ਰਾਜੇਸ਼ਵਰ ਪਿੰਟੂ): ਸੰਯੁਕਤ ਕਿਸਾਨ ਮੋਰਚੇ ਦੇ ਸੱਦੇ



[illegible] 26 ਜਨਵਰੀ ਨੂੰ ਤਹਿਸੀਲ ਪੱਧਰ 'ਤੇ ਵਿਸ਼ਾਲ ਟਰੈਕਟਰ ਮਾਰਚ ਕੱਢਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਬਲਾਕ ਧੂਰੀ ਦੀ ਇੱਕ ਅਹਿਮ ਮੀਟਿੰਗ ਕੁਲਵਿੰਦਰ ਸਿੰਘ ਜਹਾਂਗੀਰ (ਡਕੌਂਦਾ) ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਪਿੰਡਾਂ ਦੇ ਕਿਸਾਨ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਰਣਨੀਤੀ ਉਲੀਕਦਿਆਂ ਦੱਸਿਆ [illegible] ਰਹੇ ਨਿੱਜੀਕਰਨ ਅਤੇ ਕਿਸਾਨ ਵਿਰੋਧੀ ਨੀਤੀਆਂ ਵਿਰੁੱਧ ਇੱਕ ਜ਼ੋਰਦਾਰ ਰੋਸ ਪ੍ਰਦਰਸ਼ਨ ਹੋਵੇਗਾ। ਕਿਸਾਨ ਆਗੂਆਂ ਭੁਪਿੰਦਰ ਸਿੰਘ ਭੁੱਲਰਹੇੜੀ, ਰਛਪਾਲ ਸਿੰਘ ਦੋਹਲਾ, ਅਮਰੀਕ ਸਿੰਘ ਕਾਂਝਲਾ, ਜਰਨੈਲ ਸਿੰਘ ਜਹਾਂਗੀਰ, ਗੁਰਜੀਤ ਸਿੰਘ ਭੜੀ ਮਾਨਸਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਟਰੈਕਟਰ ਮਾਰਚ 26 ਜਨਵਰੀ ਨੂੰ ਸਵੇਰੇ 11 ਵਜੇ ਨਵੀਂ ਅਨਾਜ ਮੰਡੀ ਧੂਰੀ ਤੋਂ ਆਰੰਭ ਹੋਵੇਗਾ। ਇਹ ਕਾਫ਼ਲਾ ਬੇਨੜਾ, ਲੱਡਾ, ਪੁੰਨਾਵਾਲ, ਪੇਧਨੀ ਅਤੇ ਕੱਕੜਵਾਲ ਵਰਗੇ ਪਿੰਡਾਂ ਵਿੱਚੋਂ ਗੁਜ਼ਰਦਾ ਹੋਇਆ ਮੁੜ ਬੇਨੜਾ [illegible] ਉਮਰ ਤੋਂ ਬਾਅਦ 10 ਹਜ਼ਾਰ ਰੁਪਏ ਮਾਸਿਕ ਪੈਨਸ਼ਨ ਦੇਣ ਤੇ ਹੜ੍ਹ ਪੀੜਤਾਂ ਨੂੰ ਬਣਦਾ ਮੁਆਵਜ਼ਾ ਦੇਣ ਦੀ ਮੰਗ ਵੀ ਪ੍ਰਮੁੱਖਤਾ ਨਾਲ ਉਠਾਈ ਜਾਵੇਗੀ। ਇਸ ਤੋਂ ਇਲਾਵਾ, ਪੰਜਾਬ ਸਰਕਾਰ ਵੱਲੋਂ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ ਦੇ ਫ਼ੈਸਲੇ ਵਿਰੁੱਧ ਵੀ ਤਿੱਖਾ ਰੋਸ ਪ੍ਰਗਟਾਇਆ ਜਾਵੇਗਾ।

# ਮਹਾਸ਼ਿਵਰਾਤਰੀ ਦੇ ਆਰੰਭ ਮੌਕੇ ਸੀਤਾਸਰ ਧਾਮ ਕਮੇਟੀ ਵੱਲੋਂ ਕੈਲੰਡਰ ਰਿਲੀਜ਼



ਸੁਨਾਮ ਊਧਮ ਸਿੰਘ ਵਾਲਾ, 25 ਜਨਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): [illegible] ਸ਼ਹੀਦਾਂ ਦੀ ਮਾਹੀ ਮਹੰਤ ਨੂਰ ਮਹੰਤ ਅਤੇ ਸੰਤ ਸ਼੍ਰੋਮਣੀ ਸੁਆਮੀ ਦਮੋਦਰ ਜੀ ਮਹਾਰਾਜ ਜੀ ਨੇ ਆਪਣੇ ਸ਼ੁੱਭ ਹੱਥਾਂ ਨਾਲ ਕਲੈਂਡਰ ਰਿਲੀਜ਼ ਕੀਤਾ ਇਸ ਮੌਕੇ ਮਾਹੀ ਮਹੰਤ ਅਤੇ ਨੂਰ ਮਹੰਤ ਜੀ ਨੇ ਕਿਹਾ ਕਿ ਪ੍ਰਾਚੀਨ ਮੰਦਰ ਸ੍ਰੀ ਸੀਤਾਸਰ ਧਾਮ ਵਿਖੇ ਮਹਾਂ ਸ਼ਿਵਰਾਤਰੀ ਦਾ ਪਾਵਨ ਤਿਉਹਾਰ [illegible] ਮਹੰਤ ਜੀ ਨੂੰ ਸਨਮਾਨਿਤ ਵੀ ਕੀਤਾ ਗਿਆ ਇਸ ਮੌਕੇ ਵਿਕਰਮ ਗਰਗ ਵਿੱਕੀ ਸਤੀਸ਼ ਬਾਂਸਲ ਹਰੀਦੇਵ ਗੋਇਲ ਪ੍ਰੇਮ ਸ਼ਰਮਾ ਮਨੋਜ਼ ਭਾਟਿਆ ਸੋਨੂੰ ਸ਼ਰਮਾ ਪਾਲ ਗਰਗ ਤੇ ਵੱਡੀ ਗਿੱਣਤੀ ਵਿੱਚ ਭਗਤਾ ਨੇ ਆਪਣੀ ਹਾਜ਼ਰੀ ਲਗਵਾਈ ਤੇ ਭਗਵਾਨ ਭੋਲੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਮੁਫ਼ਤ ਡਾਕਟਰੀ ਜਾਂਚ ਕੈਂਪ ਵਿੱਚ 85 ਮਰੀਜ਼ਾਂ ਦੀ ਜਾਂਚ ਕਰਕੇ ਦਿੱਤੀ ਦਵਾਈ



ਲਹਿਰਾਗਾਗਾ, 25 ਜਨਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਬੇਸਹਾਰਾ ਜੀਵ ਜੰਤੂ ਵੈਲਫੇਅਰ ਸੋਸਾਇਟੀ ਅਤੇ ਸ਼੍ਰੀ ਮਹਾਂਕਾਲੀ ਮੰਦਿਰ ਕਮੈਟੀ ਲਹਿਰਾਗਾਗਾ ਵੱਲੋਂ ਹਫ਼ਤਾਵਰ ਚੈਰੀਟੇਬਲ ਮੈਡੀਕਲ ਕੈਂਪ ਸੰਜੀਵ ਕੁਮਾਰ ਰੋਡਾ ਤੇ ਨਵਦੀਪ ਕੁਮਾਰ ਵਿੰਨੀ ਦੇ ਸਹਿਯੋਗ ਨਾਲ ਲਗਾਇਆ ਗਿਆ ਜਿਸ ਮੌਕੇ ਉਹਨਾਂ ਵੱਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ ਅਤੇ ਇਸ ਕੈਂਪ ਲਈ ਆਪਣਾ ਵਿਸ਼ੇਸ਼ ਵਿੱਤੀ ਯੋਗਦਾਨ ਵੀ ਪਾਇਆ ਗਿਆ। ਅੱਜ ਦੇ ਇਸ ਕੈਂਪ ਵਿੱਚ ਏਮਸ ਹਸਪਤਾਲ ਦਿੱਲੀ ਤੋਂ ਚਮੜੀ ਰੋਗਾਂ ਦੇ ਮਾਹਿਰ ਡਾਕਟਰ ਸੋਨਿਕਾ ਗਰਗ (ਐੱਮ.ਡੀ. ਡਰਮਾਟੋਲੋਜੀ) ਅਤੇ ਦਿਲ ਤੇ ਸ਼ੂਗਰ ਦੇ ਮਾਹਿਰ ਡਾਕਟਰ ਪ੍ਰਤੀਕ ਗਰਗ (ਐੱਮ.ਡੀ. ਮੈਡੀਸਨ) ਨੇ 85 ਮਰੀਜਾਂ ਦਾ ਚੈੱਕਅਪ ਕੀਤਾ ਅਤੇ ਹਰ ਵਾਰ ਦੀ ਤਰ੍ਹਾਂ ਸੰਸਥਾ ਵੱਲੋਂ ਦਵਾਈਆਂ ਦੇ ਲੰਗਰ ਦੇ ਚਲਦੇ ਮਰੀਜਾਂ ਨੂੰ ਸਾਰੀ ਦਵਾਈ ਬਿਲਕੁਲ ਮੁਫ਼ਤ ਦਿੱਤੀ ਗਈ।

# 26 ਜਨਵਰੀ ਨੂੰ ਲੈ ਕੇ ਪੁਲਿਸ ਵੱਲੋਂ ਫ਼ਲੈਗ ਮਾਰਚ

ਲਹਿਰਾਗਾਗਾ, 25 ਜਨਵਰੀ (ਗੁਰਦੀਪ ਸਿੰਘ): ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ ਤੇ 77ਵੇਂ ਗਣਤੰਤਰਤਾ ਦਿਵਸ 26 ਜਨਵਰੀ ਨੂੰ ਲੈ ਕੇ ਸ਼ਹਿਰ ਤੇ ਇਲਾਕੇ ਅੰਦਰ ਅਮਨ ਸ਼ਾਂਤੀ ਬਣਾਏ ਰੱਖਣ ਲਈ ਪੁਲਿਸ ਵੱਲੋਂ ਸ਼ਹਿਰ ਅੰਦਰ ਡੀਐਸਪੀ ਰਣਬੀਰ ਸਿੰਘ ਅਤੇ ਥਾਣਾ ਮੁਖੀ ਮਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਪੈਦਲ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਡੀਐਸਪੀ ਰਣਬੀਰ ਸਿੰਘ ਨੇ ਕਿਹਾ ਕਿ ਫਲੈਗ ਮਾਰਚ ਕੱਢਣ ਦਾ ਮੁੱਖ ਉਦੇਸ਼ ਜਨਤਾ ਵਿੱਚ ਅਮਨ ਸ਼ਾਂਤੀ ਦੀ ਭਾਵਨਾ ਪੈਦਾ ਕਰਕੇ ਸਮਾਜ ਵਿਰੋਧੀ ਅਨਸਰਾਂ ਨੂੰ ਸਖਤ ਸੰਦੇਸ਼ ਦੇਣਾ ਹੈ, ਕਿ ਪੁਲਿਸ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਕਿਸੇ ਵੀ ਕੀਮਤ ਤੇ ਬਖਸ਼ੇਗੀ ਨਹੀਂ, ਉਹਨਾਂ ਕਿਹਾ ਕਿ 26 ਜਨਵਰੀ ਨੂੰ ਲੈ ਕੇ ਪੁਲਿਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਕਿਸੇ ਨੂੰ ਵੀ ਸ਼ਹਿਰ ਅਤੇ ਇਲਾਕੇ ਦਾ ਮਾਹੌਲ ਖਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਉਹਨਾਂ ਦੱਸਿਆ ਕਿ ਇਲਾਕਾ ਗਵਾਂਢੀ ਸੂਬੇ ਹਰਿਆਣਾ ਦੇ ਨਾਲ ਲੱਗਦਾ



ਹੋਣ ਦੇ ਕਾਰਨ ਪੁਲਿਸ ਵੱਲੋਂ ਸਮੇਂ ਸਮੇਂ ਤੇ ਇੰਟਰਸਟੇਟ ਨਾਕੇਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਸ਼ੱਕੀ ਵਿਅਕਤੀਆਂ ਕੋਲੋਂ ਵੀ ਪੁੱਛਗਿੱਛ ਕੀਤੀ ਜਾਂਦੀ ਹੈ, ਸ਼ਹਿਰ ਅੰਦਰ ਵੀ ਪੁਲਿਸ ਵੱਲੋਂ ਹਰ ਰੋਜ਼ ਫਲੈਗ ਮਾਰਚ ਕੱਢਿਆ ਜਾਵੇਗਾ ਤਾਂ ਜੋ ਸ਼ਹਿਰ ਅੰਦਰ ਚੋਰੀ ਜਾਂ ਲੁੱਟ ਖੋਹ ਦੀ ਕੋਈ ਵਾਰਦਾਤ ਨਾ ਹੋਵੇ, ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਤੇ ਦੁਕਾਨਾਂ ਅੱਗੇ ਸੀਸੀਟੀਵੀ ਕੈਮਰੇ ਲਗਾਉਣ ਅਤੇ ਪੁਲਿਸ ਨੂੰ ਸਹਿਯੋਗ ਕਰਨ। ਸਮਾਜ ਵਿਰੋਧੀਆਂ ਅਨਸਰਾਂ ,ਨਸ਼ਾ ਸਮਗਲਰਾਂ, ਲੁੱਟ ਖੋਹ ਕਰਨ ਵਾਲਿਆਂ ਦੀ ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਲਹਿਰਾ ਪੁਲਿਸ ਵੱਲੋਂ ਪਿਛਲੇ ਸਮੇਂ ਨਸ਼ਾ ਸਮਗਲਰਾਂ ਅਤੇ ਜੂਏ,ਸੱਟੇ ਦਾ ਕੰਮ ਕਰਨ ਵਾਲਿਆਂ ਵਿਰੁੱਧ ਵੱਡੇ ਪੱਧਰ ਤੇ ਕਾਰਵਾਈ ਕੀਤੀ ਗਈ ਹੈ।

# ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੀ ਸੂਬਾ ਪੱਧਰੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਕਟੋਰੇ ਵਾਲਾ ਤੋਂ ਕਿਸਾਨਾਂ ਦਾ ਜਥਾ ਰਵਾਨਾ

ਮਲੋਟ, 25 ਜਨਵਰੀ (ਅਮਨਦੀਪ ਸਿੰਘ ਮਹਿਰਾ): ਪਿੰਡ ਕਟੋਰੇ ਵਾਲਾ ਤੋਂ ਕਿਸਾਨਾਂ ਦਾ ਇੱਕ ਜਥਾ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਵੱਲੋਂ ਸੰਗਰੂਰ ਵਿਖੇ ਕਰਵਾਈ ਜਾ ਰਹੀ ਸੂਬਾ ਪੱਧਰੀ ਵਧਵੀਂ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋਇਆ। ਇਹ ਜਥਾ ਬਲਾਕ ਪ੍ਰਧਾਨ ਸੁਰਜੀਤ ਸਿੰਘ ਔਲਖ ਤੇ ਜਗਮੀਤ ਸਿੰਘ ਜੈਲਦਾਰ ਝੋਰੜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਕਾਈ ਪ੍ਰਧਾਨ ਗੁਰਮੀਤ ਸਿੰਘ ਸੰਧੂ ਦੀ ਅਗਵਾਈ ਹੇਠ ਰਵਾਨਾ ਕੀਤਾ ਗਿਆ। ਜਾਣਕਾਰੀ ਅਨੁਸਾਰ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੀ ਇਹ ਸੂਬਾ ਪੱਧਰੀ ਵਧਵੀਂ ਮੀਟਿੰਗ ਕੌਮੀ ਪ੍ਰਧਾਨ ਸਰਦਾਰ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਗੁਰਦੁਆਰਾ ਨਾਨਕਿਆਣਾ ਸਾਹਿਬ, ਸੰਗਰੂਰ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਇਸ ਮੀਟਿੰਗ ਵਿੱਚ ਪੰਜਾਬ ਪੱਧਰ ਦੇ ਪ੍ਰਮੁੱਖ ਆਗੂ ਕਾਕਾ ਸਿੰਘ ਕੋਟੜਾ (ਜਨਰਲ ਸਕੱਤਰ ਪੰਜਾਬ), ਜਸਵੀਰ ਸਿੰਘ ਸਿੱਧੂਪੁਰ (ਸੀਨੀਅਰ ਮੀਤ ਪ੍ਰਧਾਨ ਪੰਜਾਬ) ਅਤੇ ਮਾਨ ਸਿੰਘ ਰਾਜਪੁਰਾ (ਵਿੱਤ ਸਕੱਤਰ



ਪੰਜਾਬ) ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਹਨ।

ਇਸ ਮੀਟਿੰਗ ਦੌਰਾਨ ਜਥੇਬੰਦੀ ਵੱਲੋਂ ਭਵਿੱਖ ਦੀ ਰਣਨੀਤੀ, ਕਿਸਾਨਾਂ ਦੀਆਂ ਲੰਬਿਤ ਮੰਗਾਂ ਤੇ ਆਉਣ ਵਾਲੇ ਸਮੇਂ ਵਿੱਚ ਚਲਾਏ ਜਾਣ ਵਾਲੇ ਕਿਸਾਨੀ ਸੰਘਰਸ਼ ਦੀ ਨਵੀਂ ਰੂਪ-ਰੇਖਾ ਤਿਆਰ ਕਰਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਮੀਟਿੰਗ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ, ਬਲਾਕ ਕਮੇਟੀਆਂ ਅਤੇ ਪਿੰਡ ਇਕਾਈਆਂ ਦੇ ਨੁਮਾਇੰਦੇ ਹਿੱਸਾ ਲੈ ਰਹੇ ਹਨ। ਪਿੰਡ ਕਟੋਰੇ ਵਾਲਾ ਤੋਂ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦਲਬੀਰ ਸਿੰਘ, ਅਮਰਿੰਦਰ ਸਿੰਘ, ਸੁਖਦੇਵ ਸਿੰਘ, ਨਿਸ਼ਾਨ ਸਿੰਘ ਤੇ ਜਗਮਾਲ ਸਿੰਘ ਸਮੇਤ ਹੋਰ ਕਿਸਾਨ ਵੀ ਜਥੇ ਦੇ ਨਾਲ ਰਵਾਨਾ ਹੋਏ। ਇਸ ਮੌਕੇ ਇਕਾਈ ਪ੍ਰਧਾਨ ਗੁਰਮੀਤ ਸਿੰਘ ਸੰਧੂ ਨੇ ਕਿਹਾ ਕਿ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੀ ਪਿੰਡ ਇਕਾਈ ਜਥੇਬੰਦੀ ਵੱਲੋਂ ਐਲਾਨੇ ਜਾਣ ਵਾਲੇ ਹਰ ਸੰਘਰਸ਼ੀ ਪ੍ਰੋਗਰਾਮ ਵਿੱਚ ਤਨ, ਮਨ ਤੇ ਧਨ ਨਾਲ ਹਿੱਸਾ ਲਵੇਗੀ ਤੇ ਕਿਸਾਨਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ।

# ਮਾਤਾ ਗੰਗਾ ਦੇਵੀ ਯਾਦਗਾਰੀ ਗੇਟ ਦਾ ਭੂਮੀ ਪੂਜਨ ਕੀਤਾ

ਮੂਨਕ, 25 ਜਨਵਰੀ (ਸਮਸ਼ੇਰ ਸਿੰਘ ਭੁਟਾਲ): ਸਬ ਡਵੀਜ਼ਨ ਮੂਨਕ ਦੇ ਵੱਡੇ ਇਤਿਹਾਸਕ ਪਿੰਡ ਬਲਰਾ ਵਿਖੇ ਸ੍ਰੀ ਗੁਰੂ ਤੇਗਬਹਾਦਰ ਸਿੰਘ ਸਾਹਿਬ ਜੀ, ਬਾਬਾ ਦਰਬਾਰਾ ਗਿਰ ਜੀ ਅਤੇ ਡੇਰਾ ਬਾਬਾ ਭੋਲਾ ਨਾਥ ਜੀ ਨੂੰ ਸਮਰਪਿਤ ਮਾਤਾ ਗੰਗਾ ਦੇਵੀ ਯਾਦਗਾਰੀ ਗੇਟ ਦਾ ਭੂਮੀ ਪੂਜਨ ਨੈਸ਼ਨਲ ਅਵਾਰਡੀ ਤੇ ਨਗਰ ਕੌਂਸਲ ਲਹਿਰਾਗਾਗਾ ਦੀ ਪ੍ਰਧਾਨ ਕਾਂਤਾ ਗੋਇਲ ਵਲੋਂ ਕੀਤਾ ਗਿਆ। ਪਿੰਡ ਬਲਰਾ



ਦੇ ਸਰਪੰਚ ਮਲਕੀਤ ਸਿੰਘ ਨੇ ਅਰਦਾਸ ਕਰਨ ਉਪਰੰਤ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੰਗਲਾ ਪਰਿਵਾਰ ਦੇ ਕੇਵਲ ਸਿੰਗਲਾ ਵੱਲੋਂ ਪਿੰਡ ਵਿਖੇ ਗੁਰੂ ਸ੍ਰੀ ਤੇਗ ਬਹਾਦਰ ਸਿੰਘ ਸਾਹਿਬ ਨੇੜੇ ਮੂਣਕ ਮੁੱਖ ਸੜਕ ਤੇ ਗੇਟ ਬਣਾਇਆ ਜਾਵੇਗਾ ਜਿਸ ਤੋਂ ਲੱਗਭਗ ਸਾਢੇ ਚਾਰ ਲੱਖ ਲਾਗਤ ਆਵੇਗੀ।ਇਸ ਮੌਕੇ ਮੁੱਖ ਮਹਿਮਾਨ ਕਾਂਤਾ ਗੋਇਲ ਨੇ ਕਿਹਾ ਕਿ ਆਪਣੀ ਨਾਲ ਜੁੜੇ ਰਹਿ ਕੇ ਪਿੰਡ ਦੇ ਵਿਕਾਸ ਚ ਯੋਗਦਾਨ ਪਾਉਣਾ ਆਪਣੇ ਪਿੰਡ ਦੇ ਲੋਕਾਂ ਨਾਲ ਪਿਆਰ ਤੇ ਮੋਹ ਦਰਸਾਉਂਦਾ ਹੈ। ਉਨ੍ਹਾਂ ਪਿੰਡ ਦੇ ਸਰਪੰਚ ਮਲਕੀਤ ਸਿੰਘ ਅਤੇ ਸਮੂਹ ਮੈਂਬਰਾਨ ਵਲੋਂ ਪਿੰਡ ਦੇ ਵਿਕਾਸ ਚ ਪਾਏ ਜਾਣ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।ਆਖਰ ਚ ਕੇਵਲ ਸਿੰਗਲਾ ਨੇ ਪਿੰਡ ਵਾਸੀਆਂ, ਸਰਪੰਚ ਤੇ ਸਮੂਹ ਪੰਚਾਇਤ ਵਲੋਂ ਗੇਟ ਬਣਾਉਣ ਦੀ ਸੇਵਾ ਦਾ ਮੌਕਾ ਤੇ ਧੰਨਵਾਦ ਕੀਤਾ। ਇਸ ਮੌਕੇ ਪਿੰਡ ਦੇ ਮੈਂਬਰਾਨ ਸੁਖਦੇਵ ਸਿੰਘ, ਤਰਨ ਸਿੰਘ, ਜੱਗੀ ਬਲਰਾ, ਸਿਪੀ, ਗੋਲਡੀ, ਜਸਵੀਰ ਸਿੰਘ, ਨਾਮਦੇਵ, ਹੰਸਾਂ, ਲੀਲਾ ਸਿੰਘ, ਕੁਲਵੀਰ ਸਿੰਘ ਤੇ ਚਮਕੋਰ ਸਿੰਘ ਤੋਂ ਇਲਾਵਾ ਸਤਨਾਮ ਸਿੰਘ ਜ਼ਿੱਲਾ ਪ੍ਰਿਸਦ ਮੈਂਬਰ , ਦੀਪਕ ਉਰਫ ਰਿੰਕੂ ਸਿੰਗਲਾ ਸਾਬਕਾ ਉਪ ਚੇਅਰਮੈਨ, ਸੁਖਦੇਵ ਸਿੰਘ, ਭੋਲਾ ਸਿੰਘ, ਪਰਮਿੰਦਰ ਸਿੰਘ, ਜਗਰਾਜ ਸਿੰਘ, ਦਰਸ਼ਨ ਸਿੰਘ ਸਲੇਮਗੜ, ਮਿਸਤਰੀ ਗੋਲਡੀ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

# ਰਾਸ਼ਟਰੀ ਵੋਟਰ ਦਿਵਸ ਮੌਕੇ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਜਾਗਰੂਕ

ਸ੍ਰੀ ਮੁਕਤਸਰ ਸਾਹਿਬ, 25 ਜਨਵਰੀ (ਐਚ.ਐਸ. ਕਪੂਰ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪੱਧਰੀ 16ਵਾਂ ਰਾਸ਼ਟਰੀ ਵੋਟਰ ਦਿਵਸ ਪੂਰੇ ਉਤਸ਼ਾਹ ਤੇ ਲੋਕਤੰਤਰਕ ਚੇਤਨਾ ਨਾਲ ਬਾਵਾ ਨਿਹਾਲ ਸਿੰਘ ਕਾਲਜ ਆਫ਼ ਐਜੂਕੇਸ਼ਨ ਵਿਖੇ ਮਨਾਇਆ ਗਿਆ। ਜ਼ਿਲ੍ਹਾ ਪੱਧਰੀ ਸਮਾਰੋਹ ਦੀ ਅਗਵਾਈ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਢਿੱਲੋਂ ਤੇ ਉਪ-ਮੰਡਲ ਮੈਜਿਸਟਰੇਟ ਬਲਜੀਤ ਕੌਰ ਵੱਲੋਂ ਕੀਤੀ ਗਈ। ਸਮਾਗਮ ਦਾ ਮੁੱਖ ਉਦੇਸ਼ ਨਾਗਰਿਕਾਂ ਵਿੱਚ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣਾ ਤੇ ਨੌਜਵਾਨਾਂ ਨੂੰ ਲੋਕਤੰਤਰਕ ਪ੍ਰਕਿਰਿਆ ਸਰਗਰਮੀ ਨਾਲ ਜੋੜਣਾ ਸੀ। ਇਸ ਮੌਕੇ ਵੱਖ-ਵੱਖ ਸਰਕਾਰੀ ਵਿਭਾਗਾਂ, ਵਿਦਿਆਕ ਸੰਸਥਾਵਾਂ, ਐਨ.ਜੀ.ਓਜ਼. ਤੇ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਭਰਪੂਰ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਵੋਟਰ ਜਾਗਰੂਕਤਾ ਸਬੰਧੀ ਭਾਸ਼ਣ, ਸਹੁੰ ਸਮਾਗਮ ਤੇ ਜਾਣਕਾਰੀ ਭਰਪੂਰ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਨਵੇਂ ਵੋਟਰਾਂ



ਨੂੰ ਵੋਟਰ ਆਈ.ਡੀ. ਕਾਰਡ ਸੌਂਪ ਕੇ ਉਨ੍ਹਾਂ ਨੂੰ ਲੋਕਤੰਤਰ ਦੇ ਮਜ਼ਬੂਤ ਸਤੰਭ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਉਪ ਮੰਡਲ ਮੈਜਿਸਟ੍ਰੇਟ ਬਲਜੀਤ ਕੌਰ ਨੇ ਨੌਜਵਾਨ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਨਾਮ ਵੋਟਰ ਸੂਚੀ ਵਿੱਚ ਦਰਜ ਕਰਵਾ ਕੇ ਚੋਣ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਬਲਜੀਤ ਕੌਰ ਨੂੰ ਜ਼ਿਲ੍ਹੇ ਵਿੱਚੋਂ ਉੱਤਮ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦਾ ਐਵਾਰਡ ਦਿੱਤਾ ਗਿਆ ਤੇ ਇਸ ਤੋਂ ਇਲਾਵਾ ਵਾਰਡਾਂ ਵਿੱਚੋਂ ਉੱਤਮ ਬੀ.ਐੱਲ.ਓ. ਤੇ ਮਤਦਾਨ ਸਬੰਧੀ ਕਰਵਾਏ ਗਏ ਮੁਕਾਬਲਿਆਂ ਵਿੱਚੋਂ ਜੇਤੂ ਸਕੂਲੀ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪੋਸਟਰਾਂ, ਨਾਅਰਿਆਂ ਤੇ ਰਚਨਾਤਮਕ ਪ੍ਰਸਤੁਤੀਆਂ ਰਾਹੀਂ ਵੋਟਰ ਜਾਗਰੂਕਤਾ ਦਾ ਸੰਦੇਸ਼ ਦਿੱਤਾ ਗਿਆ। ਅੰਤ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਵੱਧ ਤੋਂ ਵੱਧ ਭਾਗ ਲੈ ਕੇ ਆਪਣੀ ਲੋਕਤੰਤਰਕ ਜ਼ਿੰਮੇਵਾਰੀ ਨਿਭਾਉਣ। ਇਸ ਮੌਕੇ ਹਰਬੰਸ ਸਿੰਘ ਤਹਿਸੀਲਦਾਰ ਚੋਣਾਂ, ਸੌਰਵ ਜੈਨ ਚੋਣ ਕਾਨੂੰਗੋ, ਵੀਭੂ ਜੈਨ ਚੋਣ ਕਾਨੂੰਗੋ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਅਧਿਆਪਕ ਅਤੇ ਸਕਲਾਂ ਦੇ ਵਿਦਿਆਰਥੀ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਰਿਹਰਸਲ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰੋਗਰਾਮ ਪੇਸ਼

ਸੰਗਰੂਰ, 25 ਜਨਵਰੀ (ਹਰਕੰਵਲ ਸਿੰਘ ਹੈਪੀ): ਪੁਲਿਸ ਲਾਈਨ, ਸਟੇਡੀਅਮ ਵਿਖੇ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਸਬੰਧੀ ਜ਼ਿਲ੍ਹਾ ਪੱਧਰੀ ਸਮਾਗਮ ਬਾਬਤ ਰਿਹਰਸਲ ਕਰਵਾਈ ਗਈ। ਇਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਅਦਾ ਕੀਤੀ। ਇਸ ਮੌਕੇ ਪੰਜਾਬ ਪੁਲਿਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡਜ਼, ਐੱਨ.ਸੀ.ਸੀ. ਕੈਡਿਟਾਂ, ਪੰਜਾਬ ਪੁਲਿਸ



ਬੈਂਡ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪਾਰਚ ਪਾਸਟ ਕੀਤਾ ਗਿਆ।

ਇਸ ਤੋਂ ਬਾਅਦ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਪੰਜਾਬੀ ਸੱਭਿਆਚਾਰ ਤੇ ਦੇਸ਼ ਭਗਤੀ ਨਾਲ ਲਬਰੇਜ਼ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ। ਸਮਾਗਮ ਵਾਲੇ ਦਿਨ ਵੱਖੋ-ਵੱਖ ਸਰਕਾਰੀ ਸਕੀਮਾਂ 'ਤੇ ਆਧਾਰਿਤ ਝਾਕੀਆਂ ਵੀ ਪੇਸ਼ ਕੀਤੀਆਂ ਜਾਣਗੀਆਂ ਅਤੇ ਆਜ਼ਾਦੀ ਘੁਲਾਟੀਆਂ ਤੇ ਉਹਨਾਂ ਦੇ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਜਾਵੇਗਾ। ਰਿਹਰਸਲ ਤੋਂ ਬਾਅਦ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸਰਤਾਜ ਸਿੰਘ ਚਾਹਲ ਅਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅੰਕੁਰ ਮਹਿੰਦਰੂ ਨੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਲੋੜੀਂਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਕੂਲ ਅਧਿਆਪਕ ਅਤੇ ਕਰਮਚਾਰੀ ਹਾਜ਼ਰ ਸਨ।

# ਡਰੋਨ ਵੀ ਨਾ ਰੋਕ ਸਕੇ ਚਾਈਨਾ ਡੋਰ ਦੀ ਵਰਤੋਂ: ਬਸੰਤ ਤੋਂ ਬਾਅਦ ਵੀ ਹਸਪਤਾਲਾਂ 'ਚ ਪੁੱਜ ਰਹੇ ਨੇ ਪੀੜਤ

ਬਠਿੰਡਾ, 25 ਜਨਵਰੀ (ਦੀਪਕ ਸ਼ਰਮਾ): ਬਸੰਤ ਪੰਚਮੀ ਦਾ ਤਿਉਹਾਰ ਲੰਘ ਜਾਣ ਤੋਂ ਬਾਅਦ ਵੀ ਚਾਈਨਾ ਡੋਰ ਦਾ ਕਹਿਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਸ਼ਹਿਰ ਦੇ ਹਸਪਤਾਲਾਂ ਵਿੱਚ ਚਾਈਨਾ ਡੋਰ ਦੇ ਸ਼ਿਕਾਰ ਵਿਅਕਤੀਆਂ ਦਾ ਲਗਾਤਾਰ ਆਉਣਾ ਜਾਰੀ ਹੈ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੁਲਿਸ ਵੱਲੋਂ ਚਾਈਨਾ ਡੋਰ ਵਰਤਣ ਵਾਲਿਆਂ ਖ਼ਿਲਾਫ਼ ਸਖ਼ਤਾਈ ਕਰਨ ਦੇ ਦਾਅਵਿਆਂ ਦਾ ਜ਼ਮੀਨੀ ਪੱਧਰ 'ਤੇ ਕੋਈ ਖ਼ਾਸ ਅਸਰ ਨਹੀਂ ਹੋਇਆ। ਭਾਵੇਂ ਐਸ.ਐਸ.ਪੀ. ਡਾ. ਜਯੋਤੀ ਯਾਦਵ ਨੇ ਇਸ ਮੁਹਿੰਮ ਦੀ ਕਮਾਨ ਖ਼ੁਦ ਸੰਭਾਲੀ ਹੋਈ ਸੀ ਤੇ ਡਰੋਨਾਂ ਰਾਹੀਂ ਪਤੰਗਬਾਜ਼ਾਂ 'ਤੇ ਨਜ਼ਰ ਰੱਖੀ ਜਾ ਰਹੀ ਸੀ, ਪਰ ਇਸ ਦੇ ਬਾਵਜੂਦ ਸ਼ਹਿਰ ਵਿੱਚ ਭਾਰੀ ਮਾਤਰਾ ਵਿੱਚ ਪਾਬੰਦੀਸ਼ੁਦਾ ਪਲਾਸਟਿਕ ਡੋਰ ਦੀ ਵਰਤੋਂ ਹੋਈ, ਜੋ ਹੁਣ ਰਾਹਗੀਰਾਂ ਲਈ ਜਾਨਲੇਵਾ ਸਾਬਤ ਹੋ ਰਹੀ ਹੈ। ਤਾਜ਼ਾ ਤੇ ਗੰਭੀਰ ਮਾਮਲਾ ਸ਼ਹਿਰ ਦੀ ਬਚਨ ਕਲੋਨੀ ਤੋਂ ਸਾਹਮਣੇ ਆਇਆ ਹੈ, ਜਿੱਥੇ 14 ਸਾਲਾ ਹਰਗੁਣ ਸਿੰਘ ਪੁੱਤਰ ਸਤਨਾਮ ਸਿੰਘ ਆਪਣੀ ਐਕਟਿਵਾ 'ਤੇ ਜਾ ਰਿਹਾ ਸੀ ਕਿ ਅਚਾਨਕ ਲਟਕ ਰਹੀ ਚਾਈਨਾ ਡੋਰ ਉਸ ਦੇ ਗਲੇ ਵਿੱਚ ਫਸ ਗਈ। ਡੋਰ ਇੰਨੀ ਤੇਜ਼ ਸੀ ਕਿ ਉਸ ਦੀ ਗਰਦਨ 'ਤੇ ਡੂੰਘਾ ਕੱਟ ਲੱਗ ਗਿਆ ਅਤੇ ਉਹ ਲਹੂ-ਲੁਹਾਨ ਹੋ ਕੇ ਸੜਕ 'ਤੇ ਡਿੱਗ ਪਿਆ। ਰਾਹਗੀਰਾਂ ਨੇ ਤੁਰੰਤ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਏਮਜ਼ ਬਠਿੰਡਾ ਰੈਫ਼ਰ ਕਰ ਦਿੱਤਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਸੰਤ ਤੋਂ ਬਾਅਦ ਸ਼ਹਿਰ ਦੇ ਪੇੜਾਂ, ਬਿਜਲੀ ਦੇ ਖੰਭਿਆਂ ਅਤੇ ਇਮਾਰਤਾਂ 'ਤੇ ਲਟਕ ਰਹੀ ਡੋਰ ਨੂੰ ਹਟਾਉਣ ਲਈ ਪ੍ਰਸ਼ਾਸਨ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਸਮਾਜ ਸੇਵੀ ਸੰਦੀਪ ਪਾਠਕ ਨੇ ਪ੍ਰਸ਼ਾਸਨ 'ਤੇ ਲਾਪਰਵਾਹੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਹਰ ਸਾਲ ਅਜਿਹੇ ਹਾਦਸੇ ਵਾਪਰਦੇ ਹਨ, ਪਰ ਕੋਈ ਸਥਾਈ ਹੱਲ ਨਹੀਂ ਲੱਭਿਆ ਜਾਂਦਾ। ਸਿਵਲ ਹਸਪਤਾਲ ਦੇ ਡਾਕਟਰਾਂ ਅਨੁਸਾਰ ਪਿਛਲੇ ਤਿੰਨ ਦਿਨਾਂ ਵਿੱਚ ਇੱਕ ਦਰਜਨ ਤੋਂ ਵੱਧ ਲੋਕ ਗਰਦਨ, ਹੱਥ ਤੇ ਚਿਹਰੇ 'ਤੇ ਕੱਟ ਲੱਗਣ ਕਾਰਨ ਇਲਾਜ ਲਈ ਆ ਚੁੱਕੇ ਹਨ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਹੈ ਕਿ ਨਗਰ ਨਿਗਮ ਤੇ ਪੁਲਿਸ ਮਿਲ ਕੇ ਵਿਸ਼ੇਸ਼ ਮੁਹਿੰਮ ਚਲਾਉਣ ਤੇ ਸ਼ਹਿਰ ਵਿੱਚ ਲਟਕ ਰਹੀ ਇਸ 'ਖ਼ੂਨੀ ਡੋਰ' ਨੂੰ ਤੁਰੰਤ ਹਟਵਾਉਣ ਤਾਂ ਜੋ ਕਿਸੇ ਹੋਰ ਦੀ ਜਾਨ ਜੋਖ਼ਮ ਵਿੱਚ ਨਾ ਪਵੇ।

# ਸਰਕਾਰੀ ਰਜਿੰਦਰਾ ਕਾਲਜ ਵਿਖੇ ਮਨਾਇਆ 16ਵਾਂ ਰਾਸ਼ਟਰੀ ਵੋਟਰ ਦਿਵਸ

ਬਠਿੰਡਾ, 25 ਜਨਵਰੀ (ਜਗਸੀਰ ਭੁੱਲਰ): ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਥਾਨਕ ਸਰਕਾਰੀ ਰਜਿੰਦਰਾ ਕਾਲਜ ਵਿਖੇ 16ਵਾਂ ਰਾਸ਼ਟਰੀ ਵੋਟਰ ਦਿਵਸ (ਮੇਰਾ ਭਾਰਤ, ਮੇਰੀ ਵੋਟ) ਮਨਾਇਆ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਐਸਡੀਐਮ ਬਠਿੰਡਾ ਸ ਬਲਕਰਨ ਸਿੰਘ ਮਾਹਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਕਿਹਾ ਕਿ ਵੋਟਰ ਦਿਵਸ ਮਨਾਉਣ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਬਣਾਉਣਾ ਹੈ, ਤਾਂ ਜੋ ਉਹ ਵੱਧ ਤੋਂ ਵੱਧ ਮਾਤਰਾ ਵਿੱਚ ਲੋਕਤੰਤਰ ਪ੍ਰਕਿਰਿਆ ਵਿੱਚ ਹਿੱਸਾ ਲੈ ਕੇ ਦੇਸ਼ ਦੇ ਭਵਿੱਖ ਨੂੰ ਸਹੀ ਦਿਸ਼ਾ ਦੇ ਸਕਣ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਅਧਿਕਾਰ ਨੂੰ ਸਮਝਦਾਰੀ ਅਤੇ ਜ਼ਿੰਮੇਵਾਰੀ ਨਾਲ ਵਰਤਣ। ਇਸ ਤੋਂ ਪਹਿਲਾ ਸਮਾਗਮ ਦੌਰਾਨ ਮਿਊਜ਼ਿਕ ਟੀਚਰ ਬਲਕਰਨ ਸਿੰਘ ਵੱਲੋਂ ਵੋਟਰ ਦਿਵਸ ਨੂੰ ਲੈ ਕੇ ਗੀਤ ਪੇਸ਼ ਕੀਤਾ। ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ ਚੰਦਸਰ ਬਸਤੀ ਦੇ ਵਿਦਿਆਰਥੀਆਂ ਵਲੋਂ ਸਮਾਜਿਕ ਸੰਦੇਸ਼



ਦੇਣ ਵਾਲਾ ਨਾਟਕ ਪੇਸ਼ ਕੀਤਾ ਗਿਆ, ਜਿਸ ਨੇ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਮੌਕੇ ਸਰਕਾਰੀ ਰਾਜਿੰਦਰਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਵੋਟਰ ਦਿਵਸ ਨੂੰ ਸਮਰਪਿਤ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਜਿਸ ਰਾਹੀਂ ਲੋਕਤੰਤਰ, ਵੋਟ ਦੇ ਅਧਿਕਾਰ ਅਤੇ ਨਾਗਰਿਕ ਫ਼ਰਜ਼ਾਂ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਸੁਨੇਹਾ ਦਿੱਤਾ ਗਿਆ। ਇਸ ਮੌਕੇ ਨਵੇਂ ਵੋਟਰਾਂ ਨੂੰ ਵੋਟਰ ਆਈ.ਡੀ. ਕਾਰਡ ਸੌਂਪ ਕੇ ਉਨ੍ਹਾਂ ਨੂੰ ਲੋਕਤੰਤਰ ਦੇ ਮਜ਼ਬੂਤ ਸਤੰਭ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਵੋਟਾਂ ਦੇ ਕਾਰਜ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ। ਸਮਾਗਮ ਦੇ ਅਖੀਰ 'ਚ ਵੋਟਰ ਜਾਗਰੂਕਤਾ ਸਬੰਧੀ ਸੰਕਲਪ ਲਿਆ ਗਿਆ ਅਤੇ ਸਾਰਿਆਂ ਨੇ ਵੱਧ ਤੋਂ ਵੱਧ ਮਾਤਰਾ ਵਿੱਚ ਵੋਟਿੰਗ ਕਰਨ ਦਾ ਵਚਨ ਦਿੱਤਾ।

ਇਸ ਤੋਂ ਇਲਾਵਾ ਸਥਾਨਕ ਐੱਸ.ਐੱਸ.ਡੀ. ਗਰਲਜ਼ ਕਾਲਜ ਵਿਖੇ ਪ੍ਰਿੰਸੀਪਲ ਡਾ. ਨੀਰੂ ਗਰਗ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਨੂੰ ਬਿਹਤਰ ਲੋਕਤੰਤਰੀ ਭਵਿੱਖ ਲਈ ਜ਼ਿੰਮੇਵਾਰ ਵੋਟਰਾਂ ਵਜੋਂ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਲਈ ਰਾਸ਼ਟਰੀ ਵੋਟਰ ਦਿਵਸ (ਮੇਰਾ ਭਾਰਤ, ਮੇਰੀ ਵੋਟ) ਮਨਾਇਆ ਗਿਆ। ਇਸ ਮੌਕੇ ਤਹਿਸੀਲਦਾਰ ਚੋਣਾਂ ਤੇ ਉਨ੍ਹਾਂ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਆਦਿ ਹਾਜ਼ਰ ਸਨ।

# ਆਨਲਾਈਨ ਗੇਮਿੰਗ ਦੇ ਨਾਂ 'ਤੇ ਕਰੋੜਾਂ ਦੀ ਠੱਗੀ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼

ਬਠਿੰਡਾ, 25 ਜਨਵਰੀ (ਦੀਪਕ ਸ਼ਰਮਾ ): ਬਠਿੰਡਾ ਪੁਲਿਸ ਨੇ ਆਨਲਾਈਨ ਗੇਮਿੰਗ ਦੇ ਜਾਲ ਵਿੱਚ ਫਸਾ ਕੇ ਭੋਲੇ-ਭਾਲੇ ਲੋਕਾਂ ਨਾਲ ਕਰੋੜਾਂ ਦੀ ਠੱਗੀ ਮਾਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਦੋ ਕਾਰੋਬਾਰੀਆਂ ਸਮੇਤ ਕੁੱਲ 6 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ, ਜਿਨ੍ਹਾਂ ਵਿੱਚੋਂ ਦੋ ਮੁਲਜ਼ਮਾਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫੜੇ ਗਏ ਮੁਲਜ਼ਮਾਂ ਕੋਲੋਂ ਭਾਰੀ ਮਾਤਰਾ ਵਿੱਚ ਮੋਬਾਈਲ ਫ਼ੋਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਨ ਬਰਾਮਦ ਹੋਏ ਹਨ।ਥਾਣਾ ਕੋਤਵਾਲੀ ਦੇ ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਗਣਤੰਤਰ ਦਿਵਧੇ ਸੰਬੰਧ ਵਿੱਚ ਹੋਟਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਇੱਕ ਹੋਟਲ ਵਿੱਚੋਂ ਕਥਿਤ ਮੁਲਜਮਾਂ ਨੂੰ ਫੜ ਕੇ ਇੱਕ ਵੱਡੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ।

ਪੁਲਿਸ ਅਧਿਕਾਰੀ ਅਨੁਸਾਰ ਗਣਤੰਤਰ ਦਿਵਸ ਦੇ ਸੰਬੰਧ ਵਿੱਚ ਪੁਲਿਸ ਵੱਲੋਂ ਸ਼ੱਕੀ ਵਿਅਕਤੀਆਂ ਤੇ ਨਿਗਾਹ ਰੱਖੀ ਜਾ ਰਹੀ ਹੈ। ਇਸ ਦੌਰਾਨ ਸੂਚਨਾ ਮਿਲੀ ਕਿ ਸ਼ਹਿਰ ਦੇ ਇੱਕ ਹੋਟਲ ਵਿੱਚ ਕੁਝ ਲੋਕ ਠਹਿਰੇ ਹੋਏ ਹਨ, ਜੋ ਫਰਜ਼ੀ ਆਨਲਾਈਨ ਗੇਮਿੰਗ ਐਪਸ ਰਾਹੀਂ ਲੋਕਾਂ ਨੂੰ ਲਾਲਚ ਦੇ ਕੇ ਲੁੱਟ ਰਹੇ ਹਨ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਹੋਟਲ ਅਰਮਾਨ ਦੇ ਕਮਰਾ ਨੰਬਰ 107 ਵਿੱਚ ਛਾਪੇਮਾਰੀ ਕੀਤੀ। ਮੌਕੇ ਤੋਂ ਜਸਬੀਰ ਸਿੰਘ (ਵਾਸੀ ਖੈਰਥਲ, ਰਾਜਸਥਾਨ) ਅਤੇ ਯਹੀਆ ਖ਼ਾਨ (ਵਾਸੀ ਜ਼ਿਲ੍ਹਾ ਮੇਵਾਤ, ਰਾਜਸਥਾਨ) ਨੂੰ ਕਾਬੂ ਕੀਤਾ ਗਿਆ। ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ 13 ਮੋਬਾਈਲ ਫ਼ੋਨ ਅਤੇ ਦੋ ਕਾਰਡ ਸਵਾਈਪ ਮਸ਼ੀਨਾਂ ਬਰਾਮਦ ਹੋਈਆਂ।

ਪੁਲਿਸ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਹੈਰਾਨੀਜਨਕ ਖੁਲਾਸੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਉਹ ਗੁਰੂਗ੍ਰਾਮ (ਹਰਿਆਣਾ) ਦੀਆਂ ਕੁਝ ਕੰਪਨੀਆਂ ਦੇ ਮਾਲਕਾਂ ਨਾਲ ਮਿਲ ਕੇ ਇਹ ਕਾਰੋਬਾਰ ਚਲਾ ਰਹੇ ਸਨ। ਗਿਰੋਹ ਨੇ ਇੱਕ ਫਰਜ਼ੀ ਐਪ ਤਿਆਰ ਕੀਤੀ ਹੋਈ ਸੀ, ਜਿਸ ਵਿੱਚ 'ਯੈਨੋ ਗੇਮ' ਸਮੇਤ ਕਈ ਗੇਮਾਂ ਦੇ ਸਲਾਟ ਸਨ। ਸ਼ੁਰੂਆਤ ਵਿੱਚ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਉਨ੍ਹਾਂ ਨੂੰ 'ਆਟੋ ਮੋਡ' ਰਾਹੀਂ ਛੋਟੀਆਂ ਰਕਮਾਂ ਜਿਤਾਈਆਂ ਜਾਂਦੀਆਂ ਸਨ। ਪਰ ਜਿਵੇਂ ਹੀ ਕੋਈ ਖਿਡਾਰੀ ਵੱਡੀ ਰਕਮ ਲਗਾਉਂਦਾ, ਕੰਪਿਊਟਰ ਸੈਟਿੰਗ ਬਦਲ ਕੇ ਉਸ ਨੂੰ ਹਰਾ ਦਿੱਤਾ ਜਾਂਦਾ ਅਤੇ ਉਸ ਦੇ ਪੈਸੇ ਹੜੱਪ ਲਏ ਜਾਂਦੇ ਸਨ।

ਸਾਈਬਰ ਸੈੱਲ ਤੋਂ ਬਚਣ ਲਈ ਮੁਲਜ਼ਮਾਂ ਨੇ ਐਪ ਦਾ ਆਈ.ਪੀ. ਐਡਰੈੱਸ ਵਿਦੇਸ਼ੀ ਰੱਖਿਆ ਹੋਇਆ ਸੀ। ਠੱਗੀ ਦੀ ਰਕਮ ਨੂੰ ਲੁਕਾਉਣ ਲਈ ਵੱਖ-ਵੱਖ ਲੋਕਾਂ ਦੇ ਨਾਂ 'ਤੇ ਫਰਜ਼ੀ ਬੈਂਕ ਖਾਤੇ ਖੁੱਲ੍ਹਵਾਏ ਗਏ ਸਨ। ਇੱਕ ਵਾਰ ਵੱਡੀ ਰਕਮ ਇਕੱਠੀ ਹੋਣ 'ਤੇ ਉਹ ਐਪ ਬੰਦ ਕਰਕੇ ਨਵੀਂ ਐਪ ਲਾਂਚ ਕਰ ਦਿੰਦੇ ਸਨ। ਪੁਲਿਸ ਅਨੁਸਾਰ ਇਸ ਗਿਰੋਹ ਨੇ ਸੈਂਕੜੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ ਤੇ ਠੱਗੀ ਦੀ ਰਕਮ ਕਰੋੜਾਂ ਰੁਪਏ ਤੱਕ ਹੋ ਸਕਦੀ ਹੈ। ਗ੍ਰਿਫ਼ਤਾਰ ਮੁਲਜ਼ਮਾਂ ਨੂੰ ਰਿਮਾਂਡ 'ਤੇ ਲੈ ਕੇ ਬਾਕੀ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਲਾਲਚੀ ਗੇਮਾਂ ਤੋਂ ਬਚਣ ਅਤੇ ਸੋਸ਼ਲ ਮੀਡੀਆ 'ਤੇ ਚੱਲ ਰਹੇ ਇਸ਼ਤਿਹਾਰਾਂ ਦੇ ਜਾਲ ਵਿੱਚ ਨਾ ਫਸਣ।